
PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

26th Feb - 5th Mar 2026 • Issue No. 3119 Europe's Leading Panjabi Weekly Since 1965

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਆਸਟ੍ਰੇਲੀਆ ਵਿੱਚ ਸਾਲਾਨਾ 6ਵੇਂ ਇਜਲਾਸ ਦੌਰਾਨ ਸਿੱਖਾਂ ਦੀ ਸੁਰੱਖਿਆ ਅਤੇ ਸਿਆਸੀ ਅਵਾਜ਼ ਨੂੰ ਮਜ਼ਬੂਤ ਕਰਨ ਲਈ ਲਏ ਵੱਡੇ ਫੈਸਲੇ




ਪੂਰੀ ਖ਼ਬਰ ਅੰਦਰ ਦੇਖੋ

## ਭਾਈ ਹਵਾਰਾ ਦੇ ਪਿੰਡ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥਕ ਇਕੱਠ

✪ 1 ਮਾਰਚ ਤੱਕ ਅਲਟੀਮੇਟਮ, ਜਥੇਦਾਰ ਹਵਾਰਾ ਨੂੰ ਛੁੱਟੀ ਨਾ ਦਿੱਤੀ ਵੱਡਾ ਇਕੱਠ ਹੋਵੇਗਾ




## ਅਕਾਲੀ ਦਲ ਵਿਚ ਸ਼ਾਮਲ ਹੋਏ ਮੱਖਣ

ਨਕੋਦਰ-ਪੰਜਾਬੀ ਗਾਇਕ ਤੇ ਕੁਸ਼ਤੀ ਖਿਡਾਰੀ ਕੇ. ਐੱਸ. ਮੱਖਣ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਪਿੰਡ ਸ਼ੰਕਰ ਵਿਖੇ ਹੋਏ ਸਮਾਗਮ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਤੇ ਨਿੱਘਾ ਸਵਾਗਤ ਕੀਤਾ।



## ਵਿਸ਼ਵ ਏ ਆਈ ਮੰਚ ’ਤੇ ਪੰਜਾਬੀ ਪੁੱਤਰ ਰਣਬੀਰ ਸਿੰਘ ਦਾ ਬੋਲਬਾਲਾ

✪ 8 ਸਾਲ ਦੀ ਉਮਰ ਵਿੱਚ ਇੰਡੀਆ ਏਆਈ ਇਮਪੈਕਟ ਸਮਿਟ 2026 ਦਾ ਬਣਿਆ ਮੁੱਖ ਬੁਲਾਰਾ ✪ 3 ਸਾਲ ਦੀ ਉਮਰ ਤੋਂ ਸ਼ੁਰੂ ਹੋਇਆ ਨਾਸਾ ਅਤੇ ਐਪਲ ਤੱਕ ਦਾ ਸਫ਼ਰ

ਨਵੀਂ ਦਿੱਲੀ ਵਿਖੇ ਹੋਏ ‘ਇੰਡੀਆ ਏਆਈ ਇਮਪੈਕਟ ਸਮਿਟ 2026’ ਵਿੱਚ ਮਾਹੌਲ ਬਹੁਤ ਗੰਭੀਰ ਸੀ। ਦੁਨੀਆ ਭਰ ਦੇ ਵੱਡੇ ਟੈਕਨਾਲੋਜੀ ਮਾਹਿਰ, ਵਿਗਿਆਨੀ ਅਤੇ ਨੀਤੀ ਘੜਨ ਵਾਲੇ ਲੋਕ ਭਵਿੱਖ ਦੀ ਤਕਨਾਲੋਜੀ ’ਤੇ ਚਰਚਾ ਕਰ ਰਹੇ ਸਨ। ਪਰ ਇਸ ਵਾਰ ਸਭ ਦੀਆਂ ਨਜ਼ਰਾਂ ਇੱਕ 8 ਸਾਲ ਦੇ ਨਿੱਕੇ ਜਿਹੇ ਬੱਚੇ, ਰਣਵੀਰ ਸਿੰਘ ਸਚਦੇਵਾ ’ਤੇ ਟਿਕੀਆਂ ਹੋਈਆਂ ਸਨ।




## ਸੁਖਪਾਲ ਸਿੰਘ ਖਹਿਰਾ ਦੇ ਘਰ ਦੀ ਪਾਰਕਿੰਗ ’ਤੇ ਚੱਲਿਆ ਬੁਲਡੋਜ਼ਰ



# ਮਰੀ ਹੋਈ ਮਹਿਲਾ ਦੀ ਟਰਾਂਸਪਲਾਂਟ ਕੀਤੀ ਕੁੱਖ ਤੋਂ ਲੰਡਨ ਦੇ ਹਸਪਤਾਲ 'ਚ ਪੈਦਾ ਹੋਇਆ ਬਰਤਾਨੀਆਂ ਦਾ ਪਹਿਲਾ ਬੱਚਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਮੈਡੀਕਲ ਸਾਇੰਸ ਨੇ ਨਵਾਂ ਚਮਤਕਾਰੀ ਇਤਿਹਾਸ ਰਚਿਆ ਹੈ। ਇੱਕ ਮਰੀ ਹੋਈ ਦਾਨੀ ਮਹਿਲਾਂ ਦੀ ਟਰਾਂਸਪਲਾਂਟ ਕੀਤੀ ਕੁੱਖ ਤੋਂ 30 ਸਾਲਾ ਗ੍ਰੇਸ ਬੈਲ ਨੇ ਬੇਟੇ ਨੂੰ ਜਨਮ ਦਿੱਤਾ ਹੈ। ਰਿਪੋਰਟ ਮੁਤਾਬਿਕ ਗ੍ਰੇਸ ਬੈੱਲ ਜੋ ਕੁੱਖ ਤੋਂ ਬਿਨਾਂ ਪੈਦਾ ਹੋਈ ਸੀ, ਜਦ ਕਿ ਹੁਣ ਉਹ ਇੱਕ ਬੇਟੇ ਹਿਊਗੋ ਦੀ ਮਾਂ ਹੈ, ਜੋ 10 ਹਫ਼ਤਿਆਂ ਦਾ ਹੈ।ਬੈੱਲ ਅਤੇ ਉਸਦੇ ਸਾਥੀ ਸਟੀਵ ਪਾਵੇਲ ਜੋ ਕੈਂਟ ਤੋਂ ਨੇ ਦਾਨੀ ਅਤੇ ਉਸਦੇ ਪਰਿਵਾਰ ਦੀ "ਅਦਭੁਤ ਤੋਹਫ਼ੇ" ਧੰਨਵਾਦ ਕਰਦਿਆਂ ਆਕਸਫੋਰਡ ਅਤੇ ਲੰਡਨ ਵਿੱਚ ਮੈਡੀਕਲ ਟੀਮਾਂ ਦਾ ਧੰਨਵਾਦ ਕੀਤਾ ਹੈ। ਜਿਹਨਾਂ ਦੀ ਬਦੌਲਤ ਉਹ ਮਾਤਾ ਪਿਤਾ ਬਣ ਸਕੇ ਹਨ। ਸਰਜਨਾਂ ਨੇ ਕਿਹਾ ਕਿ ਇਹਇੱਕ ਮਾਂ ਲਈ ਖਾਸ ਪਲ ਸੀ, ਜਿਸ ਨੇ ਹੋਰ ਔਰਤਾਂ ਨੂੰ ਉਮੀਦ ਦਿੱਤੀ ਹੈ। ਹਿਊਗੋ ਦਾ ਜਨਮ ਕ੍ਰਿਸਮਸ 2025 ਤੋਂ ਠੀਕ ਪਹਿਲਾਂ ਹੋਇਆ ਸੀ, ਜਿਸਦਾ ਭਾਰ ਲਗਭਗ 7 ਪੌਂਡ ਸੀ, ਪੱਛਮੀ ਲੰਡਨ ਦੇ ਕੁਈਨ ਸ਼ਾਰਲੋਟ ਅਤੇ ਚੈਲਸੀ ਹਸਪਤਾਲ ਵਿੱਚ। ਬੈੱਲ ਯੂ ਕੇ ਵਿੱਚ ਲਗਭਗ 5,000 ਔਰਤਾਂ ਵਿੱਚੋਂ ਇੱਕ ਹੈ ਜੋ ਐਮ ਆਰ ਕੇ ਐਚ ਸਿੰਡਰੋਮ ਨਾਮਕ ਬਿਮਾਰੀ ਤੋਂ ਪ੍ਰਭਾਵਿਤ ਹੈ, ਜਿਸਦਾ ਅਰਥ ਹੈ ਕਿ ਉਹ ਬਿਨਾਂ ਬੱਚੇਦਾਨੀ ਦੇ ਪੈਦਾ ਹੋਈ, ਪਰ ਉਸਦੇ ਅੰਡਕੋਸ਼ ਆਮ ਹਨ।




# ਸਿੰਘ ਸਾਹਿਬਾਨ ਬਨਾਮ ਸ਼੍ਰੋਮਣੀ ਕਮੇਟੀ : ਕੀ ਪੰਥਕ ਸੰਸਥਾਵਾਂ ਅੰਦਰ ਸ਼ੁਰੂ ਹੋ ਗਈ ਹੈ ਵੱਡੀ ਖਾਨਾਜੰਗੀ ?

**✪ ਗਿਆਨੀ ਰਘਬੀਰ ਸਿੰਘ ਨੇ ਐੱਸਜੀਪੀਸੀ ਅਤੇ ਬਾਦਲ ਪਰਿਵਾਰ ਉੱਤੇ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ ✪ ਲੰਗਰ ਦੀਆਂ ਰੋਟੀਆਂ ਤੋਂ ਲੈ ਕੇ 328 ਸਰੂਪਾਂ ਤੱਕ, ਸਭ ਕੁਝ ਸਵਾਲਾਂ ਦੇ ਘੇਰੇ ਵਿੱਚ ✪ ਸ਼੍ਰੋਮਣੀ ਕਮੇਟੀ ਵਲੋਂ ਗਿਆਨੀ ਰਘਬੀਰ ਸਿੰਘ ਉਪਰ ਮਾਣਹਾਨੀ ਦੇ ਕੇਸ ਅਤੇ ਬਰਖ਼ਾਸਤਗੀ ਦੀ ਤਿਆਰੀ ✪ ਕੀ ਗਿਆਨੀ ਰਘਬੀਰ ਸਿੰਘ ਪੇਸ਼ ਕਰ ਸਕਣਗੇ ਦੋਸ਼ਾਂ ਦੇ ਸਬੂਤ ?**



ਸਿੱਖ ਪੰਥ ਦੀਆਂ ਸਭ ਤੋਂ ਉੱਚੀਆਂ ਅਤੇ ਪਵਿੱਤਰ ਸੰਸਥਾਵਾਂ ਵਿਚ ਇੱਕ ਵੱਡਾ ਵਿਵਾਦ ਉਭਰਿਆ ਹੈ। 18 ਫਰਵਰੀ 2026 ਨੂੰ ਜਲੰਧਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਨੇ ਪੂਰੇ ਪੰਥ ਵਿਚ ਚਰਚਾ ਛੇੜ ਦਿੱਤੀ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਆ ਗਿਆ ਸਖਤ ਨੋਟਿਸ ਅਤੇ ਗਿਆਨੀ ਰਘਬੀਰ ਸਿੰਘ ਵੱਲੋਂ ਦਿੱਤਾ ਗਿਆ ਪ੍ਰਤੀ-ਅਲਟੀਮੇਟਮ ਨੇ ਵਿਵਾਦ ਨੂੰ ਹੋਰ ਤਿੱਖਾ ਬਣਾ ਦਿੱਤਾ ਹੈ। ਇਹ ਵਿਵਾਦ ਸਿਰਫ਼ ਵਿਅਕਤੀਗਤ ਨਹੀਂ, ਬਲਕਿ ਸਿੱਖ ਪੰਥ ਦੀਆਂ ਸੰਸਥਾਵਾਂ ਦੀ ਪਾਰਦਰਸ਼ਤਾ, ਜਵਾਬਦੇਹੀ ਤੇ ਏਕਤਾ ਨਾਲ ਜੁੜਿਆ ਹੋਇਆ ਹੈ।

ਬੀਤੀ 18 ਫਰਵਰੀ 2026 ਨੂੰ ਜਲੰਧਰ ਵਿਚ ਗਿਆਨੀ ਰਘਬੀਰ ਸਿੰਘ ਨੇ ਪ੍ਰੈੱਸ ਕਾਨਫਰੰਸ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਵਿਚ ਬਾਦਲ ਪਰਿਵਾਰ ਦਾ ਰਾਜ ਚੱਲ ਰਿਹਾ ਹੈ। ਗੁਰਦੁਆਰਾ ਸਾਹਿਬਾਨ ਦੀਆਂ ਜ਼ਮੀਨਾਂ ਘੱਟ ਰੇਟ ਉੱਤੇ ਵੇਚੀਆਂ ਜਾ ਰਹੀਆਂ ਹਨ। ਖਾਸ ਤੌਰ ਉੱਤੇ ਗੁਰਦੁਆਰਾ ਅੰਬ ਸਾਹਿਬ (ਮੋਹਾਲੀ) ਦੀ ਜ਼ਮੀਨ ਦਾ ਜ਼ਿਕਰ ਕੀਤਾ ਗਿਆ। ਲੰਗਰ ਵਿਚ ਵਰਤੀਆਂ ਜਾਣ ਵਾਲੀਆਂ ਸੁੱਕੀਆਂ ਰੋਟੀਆਂ ਵੇਚ ਕੇ ਕਰੋੜਾਂ ਰੁਪਏ ਦਾ ਘਪਲਾ ਹੋ ਰਿਹਾ ਹੈ। ਅਖੰਡ ਪਾਠ ਸਾਹਿਬ ਦੀ ਆਮ ਫੀਸ 8500 ਰੁਪਏ ਹੈ, ਪਰ ਵਿਸ਼ੇਸ਼ ਥਾਵਾਂ ਉੱਤੇ 5 ਲੱਖ ਰੁਪਏ ਤੱਕ ਰਿਸ਼ਵਤ ਲੈ ਕੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ 328 ਗੁੰਮ ਹੋਏ ਸਰੂਪਾਂ ਦਾ ਮੁੱਦਾ ਉਠਾਇਆ ਅਤੇ ਐੱਸਜੀਪੀਸੀ ਤੋਂ ਸਪੱਸ਼ਟ ਜਵਾਬ ਮੰਗਿਆ। ਉਨ੍ਹਾਂ ਸਰਬੱਤ ਖਾਲਸਾ ਬੁਲਾਉਣ ਦਾ ਸੱਦਾ ਵੀ ਦਿੱਤਾ ਅਤੇ ਸਾਰੀਆਂ ਜਥੇਬੰਦੀਆਂ, ਨਿਹੰਗਾਂ, ਟਕਸਾਲਾਂ ਤੇ ਵਿਦੇਸ਼ੀ ਸਿੱਖਾਂ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਖੁਦ ਨੂੰ ਐੱਸਜੀਪੀਸੀ ਦਾ ਇੱਕ ਉਪਕਰਮੀ ਦੱਸਿਆ ਪਰ ਬਾਬਾ ਬੁੱਢਾ ਜੀ ਵਰਗੀ ਸਥਿਤੀ ਉੱਤੇ ਬੈਠੇ ਹੋਣ ਕਾਰਨ ਸੰਗਤ ਨੂੰ ਗਲਤੀਆਂ ਤੋਂ ਜਾਣੂ ਕਰਾਉਣ ਦੀ ਜ਼ਿੰਮੇਵਾਰੀ ਅਦਾ ਕੀਤੀ।

ਇਸੇ ਤਰ੍ਹਾਂ ਗਿਆਨੀ ਹਰਪ੍ਰੀਤ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ) ਨੇ ਵੀ ਐੱਸਜੀਪੀਸੀ ਉੱਤੇ ਹਮਲਾ ਬੋਲਦਿਆਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਜ਼ਮੀਨਾਂ ਦੀ ਮਾਲਕ ਨਹੀਂ, ਸਿਰਫ਼ ਕੇਅਰ ਟੇਕਰ ਹੈ। 1999 ਤੋਂ ਹੁਣ ਤੱਕ ਵੇਚੀਆਂ ਤੇ ਖਰੀਦੀਆਂ ਗਈਆਂ ਜ਼ਮੀਨਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਉੱਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਆਪਣੀ ਮੁੱਠੀ ਵਿਚ ਸਮਝਦੇ ਹਨ ਤੇ ਚੋਣ ਫੰਡ ਲਈ ਘਪਲੇ ਹੋ ਰਹੇ ਹਨ। ਅੰਬ ਸਾਹਿਬ ਵਾਲਾ ਮਾਮਲਾ ਉਠਾਉਂਦਿਆਂ ਉਨ੍ਹਾਂ ਪੁੱਛਿਆ ਸੀ ਕਿ 39 ਕਰੋੜ 43 ਲੱਖ ਰੁਪਏ ਕਿੱਥੇ ਗਏ ? ਇਹ ਵੀ ਤੱਥ ਹੈ ਕਿ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵਿਚ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਵਿਚ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਉੱਤੇ ਫਰਜ਼ੀ ਦਸਤਾਵੇਜ਼ ਬਣਾ ਕੇ ਜ਼ਮੀਨ ਵੇਚਣ ਅਤੇ ਰਕਮ ਆਪਣੇ ਖਾਤੇ ਵਿਚ ਜਮ੍ਹਾ ਕਰਨ ਦਾ ਇਲਜ਼ਾਮ ਹੈ। ਮੋਹਾਲੀ ਪੁਲਿਸ ਵੱਲੋਂ ਧੋਖਾਧੜੀ, ਫਰਜ਼ੀਵਾੜ ਅਤੇ ਸਾਜਿਸ਼ ਤਹਿਤ ਐਫਆਈਆਰ ਦਰਜ ਹੋਈ ਹੈ ਅਤੇ ਮੈਨੇਜਰ ਨੂੰ ਮੁਅੱਤਲ ਕੀਤਾ ਗਿਆ ਸੀ। ਐੱਸਜੀਪੀਸੀ ਵਲੋਂ ਇਸਦੀ ਜਾਂਚ ਕੀਤੀ ਜਾ ਰਹੀ ਹੈ।

ਦੂਜੇ ਪਾਸੇ 19 ਫਰਵਰੀ 2026 ਨੂੰ ਐਗਜ਼ੀਕਿਊਟਿਵ ਕਮੇਟੀ ਦੀ ਮੀਟਿੰਗ ਵਿਚ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਿਆਨੀ ਰਘਬੀਰ ਸਿੰਘ ਵਲੋਂ ਲਗਾਏ ਦੋਸ਼ਾਂ ਨੂੰ "ਲਿਖੀ ਹੋਈ ਸਕ੍ਰਿਪਟ" ਕਰਾਰ ਦਿੱਤਾ। ਗਿਆਨੀ ਰਘਬੀਰ ਸਿੰਘ ਨੂੰ ਆਪਣੇ ਦੋਸ਼ਾਂ ਦੇ ਲਿਖਤੀ ਸਬੂਤ 72 ਘੰਟਿਆਂ ਵਿਚ ਪੇਸ਼ ਕਰਨ ਲਈ ਨੋਟਿਸ ਦਿੱਤਾ ਗਿਆ। ਗਿਆਨੀ ਹਰਪ੍ਰੀਤ ਸਿੰਘ ਨੂੰ ਜਨਤਕ ਮੁਆਫੀ ਮੰਗਣ ਲਈ ਕਿਹਾ ਗਿਆ, ਨਾ ਕਰਨ ਤੇ ਮਾਣਹਾਨੀ ਦਾ ਕੇਸ ਦਰਜ ਕਰਨ ਦੀ ਚੇਤਾਵਨੀ ਦਿਤੀ ਗਈ। ਗਿਆਨੀ ਰਘਬੀਰ ਸਿੰਘ ਇਸ ਵੇਲੇ ਛੁੱਟੀ ਉੱਤੇ ਹਨ। ਉਨ੍ਹਾਂ ਨੇ 22 ਫਰਵਰੀ ਨੂੰ ਫੇਸਬੁੱਕ ਵੀਡੀਓ ਰਾਹੀਂ ਪ੍ਰਤੀ-ਅਲਟੀਮੇਟਮ ਦਿੱਤਾ ਅਤੇ ਧਾਮੀ ਤੋਂ 72 ਘੰਟਿਆਂ ਵਿਚ ਜਵਾਬ ਮੰਗਿਆ, ਨਾ ਮਿਲਣ ਤੇ ਸੰਗਤ ਅੱਗੇ ਸਬੂਤ ਪੇਸ਼ ਕਰਨ ਦੀ ਗੱਲ ਕੀਤੀ। ਐੱਸਜੀਪੀਸੀ ਨੇ 26 ਫਰਵਰੀ ਨੂੰ ਇੱਕ ਅਹਿਮ ਮੀਟਿੰਗ ਸੱਦੀ ਹੈ ਜਿਸ ਵਿਚ ਵੱਡਾ ਫੈਸਲਾ ਹੋ ਸਕਦਾ ਹੈ।

ਪੰਥਕ ਆਗੂਆਂ ਵਲੋਂ ਵੀ ਇਸ ਮਾਮਲੇ ਵਿਚ ਵੱਖ-ਵੱਖ ਪ੍ਰਤੀਕਿਰਿਆਵਾਂ ਆਈਆਂ ਹਨ। ਤਖ਼ਤ ਸ੍ਰੀ ਦਰਬਾਰ ਸਾਹਿਬ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਉੱਤੇ ਤਲਬ ਕਰਕੇ ਸਪੱਸ਼ਟੀਕਰਨ ਲੈਣ ਅਤੇ ਢੁੱਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਹੁਦਿਆਂ ਉੱਤੇ ਰਹਿੰਦਿਆਂ ਕਦੇ ਇਹ ਗਲਤੀਆਂ ਨਹੀਂ ਵੇਖੀਆਂ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਤਿੱਖਾ ਹਮਲਾ ਕੀਤਾ ਅਤੇ ਗਿਆਨੀ ਰਘਬੀਰ ਸਿੰਘ ਉੱਤੇ ਪੰਥ ਵਿਰੋਧੀ ਤਾਕਤਾਂ ਨਾਲ ਮਿਲਣ ਦਾ ਇਲਜ਼ਾਮ ਲਾਇਆ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਇਹਨਾਂ ਦੋਸ਼ਾਂ ਕਾਰਣ ਧਾਮੀ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ ਅਤੇ ਉਹਨਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਤੇ ਸਰਬੱਤ ਖਾਲਸਾ ਬੁਲਾਉਣ ਦੀ ਗੱਲ ਕੀਤੀ। ਐੱਸਜੀਪੀਸੀ ਅੰਤ੍ਰਿੰਗ ਕਮੇਟੀ ਵਿਚ ਵਿਰੋਧੀ ਧਿਰ ਦੇ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇ ਕੇ ਨੇ ਮੀਟਿੰਗ ਦਾ ਬਾਈਕਾਟ ਕੀਤਾ ਅਤੇ ਦੋਸ਼ਾਂ ਦੀ ਜਾਂਚ ਤੋਂ ਬਾਅਦ ਹੀ ਕਾਰਵਾਈ ਦੀ ਮੰਗ ਕੀਤੀ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਐੱਸਜੀਪੀਸੀ ਨੂੰ ਇੱਕ ਪਰਿਵਾਰ ਦੀ ਨਿੱਜੀ ਜਗੀਰ ਬਣਨ ਤੋਂ ਰੋਕਣ ਦਾ ਐਲਾਨ ਕੀਤਾ।

ਵਿਰੋਧੀ ਧਿਰਾਂ ਇਸ ਨੂੰ ਬਾਦਲ ਵਿਰੋਧੀ ਲਹਿਰ ਵਜੋਂ ਵਰਤ ਰਹੀਆਂ ਹਨ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਇਸ ਨੂੰ ਮੁੱਦਾ ਬਣਾਉਣ ਦੀ ਤਿਆਰੀ ਵਿਚ ਹਨ। ਐੱਸਜੀਪੀਸੀ ਇਸ ਨੂੰ ਰਾਜ ਸੱਤਾਧਾਰੀ ਪਾਰਟੀ (ਆਪ) ਦੀ ਸਾਜ਼ਿਸ਼ ਦੱਸ ਰਹੀ ਹੈ। ਪਰ ਇਹ ਤੱਥ ਹੈ ਕਿ ਐੱਸਜੀਪੀਸੀ ਨੂੰ ਇਹਨਾਂ ਦੋਸ਼ਾਂ ਪ੍ਰਤੀ ਨਿਰਪਖ ਜਾਂਚ ਕਰਵਾਉਣੀ ਚਾਹੀਦੀ ਹੈ। ਨਿਰਪੱਖ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇੱਕ ਨਿਰਪੱਖ ਜਾਂਚ ਕਮਿਸ਼ਨ ਬਣਾਇਆ ਜਾਵੇ ਜਿਸ ਵਿਚ ਵੱਖ-ਵੱਖ ਜਥੇਬੰਦੀਆਂ ਅਤੇ ਸੰਗਤ ਦੇ ਨੁਮਾਇੰਦੇ ਹੋਣ। ਜੇਕਰ ਦੋਸ਼ ਸਾਬਤ ਹੋਣ ਤਾਂ ਗੁਨਾਹਗਾਰਾਂ ਉੱਤੇ ਕਾਰਵਾਈ ਹੋਵੇ।

## ਪੰਥਕ ਸੰਸਥਾਵਾਂ ਵਿਚ ਵਧ ਸਕਦਾ ਹੈ ਸਰਕਾਰੀ ਦਖ਼ਲ

ਇਸ ਵਿਵਾਦ ਤੋਂ ਖਤਰੇ ਵੀ ਹਨ। ਜਦੋਂ ਪੰਥਕ ਸੰਸਥਾਵਾਂ ਆਪਸ ਵਿਚ ਲੜਦੀਆਂ ਹਨ ਤਾਂ ਸਰਕਾਰਾਂ ਨੂੰ ਦਖਲ ਦੇਣ ਦਾ ਬਹਾਨਾ ਮਿਲ ਜਾਂਦਾ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗਾ ਮਾਡਲ ਪੰਜਾਬ ਵਿਚ ਵੀ ਲਾਗੂ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ ਜੋ ਐੱਸਜੀਪੀਸੀ ਦੇ ਅਧਿਕਾਰਾਂ ਨੂੰ ਸੀਮਤ ਕਰਦੀ ਹੈ। ਇਸ ਲਈ ਪੰਥ ਨੂੰ ਏਕਤਾ ਬਣਾਉਣੀ ਚਾਹੀਦੀ ਹੈ। ਸਰਬੱਤ ਖਾਲਸਾ ਇੱਕ ਇਤਿਹਾਸਕ ਰੂਪ ਹੈ ਪਰ ਇਸ ਨੂੰ ਐੱਸਜੀਪੀਸੀ ਨਾਲ ਟਕਰਾਅ ਵਜੋਂ ਨਹੀਂ ਬਲਕਿ ਸੁਧਾਰ ਵਜੋਂ ਵਰਤਣਾ ਚਾਹੀਦਾ ਹੈ। ਯੁਵਕਾਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਸੰਸਥਾਵਾਂ ਨੂੰ ਮਜ਼ਬੂਤ ਬਣਾਇਆ ਜਾਵੇ। ਇਸ ਵੇਲੇ ਸਭ ਦੀਆਂ ਨਜ਼ਰਾਂ 26 ਫਰਵਰੀ ਵਾਲੀ ਐੱਸਜੀਪੀਸੀ ਮੀਟਿੰਗ ਉੱਤੇ ਹਨ। ਇਸ ਵਿਚ ਜੇਕਰ ਨਿਰਪੱਖ ਫੈਸਲੇ ਲਏ ਗਏ ਤਾਂ ਵਿਵਾਦ ਘਟ ਸਕਦਾ ਹੈ। ਪਰ ਜੇਕਰ ਇੱਕ ਪਾਸੜ ਫੈਸਲੇ ਹੋਏ ਤਾਂ ਵਿਵਾਦ ਹੋਰ ਵਧ ਸਕਦਾ ਹੈ। ਸੰਗਤ ਨੂੰ ਚਾਹੀਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਸੋਚੇ।

# ਅਪਰਾਧੀ ਪੈਦਾ ਨਹੀਂ ਹੁੰਦੇ, ਬਣਾਏ ਜਾਂਦੇ ਹਨ

**✪ ਯੂਏਪੀਏ ਮਾਮਲੇ ਵਿਚ ਪੰਜਾਬ-ਹਰਿਆਣਾ ਹਾਈ ਕੋਰਟ ਦਾ ਵੱਡਾ ਫੈਸਲਾ, ਮੁਲਜ਼ਮ ਨੂੰ ਮਿਲੀ ਜ਼ਮਾਨਤ**

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੈਰ-ਕਾਨੂੰਨੀ ਗਤੀਵਿਧੀਆਂ ਦੇ ਇੱਕ ਮਾਮਲੇ ਵਿਚ ਇਤਿਹਾਸਕ ਟਿੱਪਣੀ ਨਾਲ ਫੈਸਲਾ ਸੁਣਾਇਆ ਹੈ। ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਦੀਪਕ ਮਨਚੰਦਾ ਦੇ ਬੈਂਚ ਨੇ ਕਿਹਾ, "ਅਪਰਾਧੀ ਪੈਦਾ ਨਹੀਂ ਹੁੰਦੇ, ਬਣਾਏ ਜਾਂਦੇ ਹਨ ਅਤੇ ਹਰ ਵਿਅਕਤੀ ਵਿਚ ਸੁਧਾਰ ਦੀਆਂ ਅਪਾਰ ਸੰਭਾਵਨਾਵਾਂ ਹੁੰਦੀਆਂ ਹਨ।" ਅਦਾਲਤ ਨੇ ਖਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਨਾਲ ਵਟਸਐਪ ਰਾਹੀਂ ਕਥਿਤ ਸੰਪਰਕ ਅਤੇ ਖਾਲਿਸਤਾਨ ਮੂਵਮੈਂਟ ਦੇ ਪ੍ਰਚਾਰ ਦੇ ਦੋਸ਼ ਵਾਲੇ ਹਰਵਿੰਦਰ ਸਿੰਘ ਉਰਫ ਪ੍ਰਿੰਸ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ। ਉਸ ਕੋਲੋਂ ਕੋਈ ਹਥਿਆਰ ਜਾਂ ਇਤਰਾਜ਼ਯੋਗ ਸਮੱਗਰੀ ਨਹੀਂ ਬਰਾਮਦ ਹੋਈ ਅਤੇ ਉਹ ਕਿਸੇ ਹੋਰ ਕੇਸ ਵਿਚ ਵੀ ਸ਼ਾਮਲ ਨਹੀਂ। ਮੁਲਜ਼ਮ ਤਿੰਨ ਸਾਲ ਤੋਂ ਵੱਧ ਜੇਲ੍ਹ ਵਿਚ ਹੈ। 14 ਗਵਾਹਾਂ ਵਿਚੋਂ ਸਿਰਫ ਸੱਤ ਦੇ ਬਿਆਨ ਹੀ ਦਰਜ ਹੋਏ ਹਨ ਅਤੇ ਟਰਾਇਲ ਖਤਮ ਹੋਣ ਦੀ ਕੋਈ ਤਤਕਾਲੀ ਸੰਭਾਵਨਾ ਨਹੀਂ। ਅਦਾਲਤ ਨੇ ਸੰਵਿਧਾਨ ਦੀ ਧਾਰਾ 21 ਤਹਿਤ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ 'ਤੇ ਜ਼ੋਰ ਦਿੱਤਾ ਅਤੇ ਲੰਬੀ ਪ੍ਰੀ-ਟਰਾਇਲ ਹਿਰਾਸਤ ਨੂੰ ਸਜ਼ਾ ਨਾ ਮੰਨਣ ਦੀ ਗੱਲ ਕੀਤੀ। ਟਰਾਇਲ ਕੋਰਟ ਵੱਲੋਂ 2 ਅਪ੍ਰੈਲ 2024 ਨੂੰ ਜ਼ਮਾਨਤ ਇਨਕਾਰ ਵਾਲਾ ਹੁਕਮ ਰੱਦ ਕਰ ਦਿੱਤਾ ਗਿਆ।

# ਖਾਲਿਸਤਾਨੀ ਆਗੂ ਨੂੰ ਮੌਤ ਦੀ ਧਮਕੀ, ਕੈਨੇਡਾ ਪੁਲਸ ਨੇ ਜਾਰੀ ਕੀਤੀ ਚਿਤਾਵਨੀ

## ✡ ਕਾਰਨੀ ਦੀ ਭਾਰਤ ਯਾਤਰਾ ਕਾਰਣ ਕੈਨੇਡੀਅਨ ਸਿੱਖਾਂ ਵਿਚ ਫੈਲਿਆ ਰੋਸ

ਓਟਾਵਾ-ਜਿਵੇਂ ਹੀ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸ ਹ.ਫਤੇ ਵਪਾਰਕ ਗੱਲਬਾਤ ਲਈ ਭਾਰਤ ਜਾ ਰਹੇ ਹਨ, ਉਸੇ ਵੇਲੇ ਵੈਨਕੂਵਰ ਪੁਲਸ ਨੇ ਇੱਕ ਕੈਨੇਡੀਅਨ ਸਿੱਖ ਆਗੂ ਨੂੰ ਉਸਦੀ ਜਾਨ ਤੋਂ ਖ਼ਤਰਾ ਹੋਣ ਦੀ ਚਿਤਾਵਨੀ ਦਿੱਤੀ ਹੈ। ਸਿੱਖ ਫੈਡਰੇਸ਼ਨ ਆਫ ਕੈਨੇਡਾ ਦੇ ਹੈੱਡ ਮਨਿੰਦਰ ਸਿੰਘ, ਜੋ ਸਰੀ ਵਿਚ ਰਹਿੰਦੇ ਹਨ, ਉਨ੍ਹਾਂ ਕੋਲ ਬੀਤੇ ਐਤਵਾਰ ਨੂੰ ਪੁਲਸ ਵਾਲਾ ਆਇਆ ਅਤੇ ਸਿੱਧਾ ਦੱਸਿਆ ਕਿ ਤੁਹਾਡੀ ਜਾਨ ਨੂੰ ਖ਼ਤਰਾ ਹੈ। ਨਾ ਸਿਰਫ ਉਹ ਖੁਦ ਬਲਕਿ ਉਨ੍ਹਾਂ ਦੀ ਪਤਨੀ ਤੇ ਬੱਚੇ ਵੀ ਇਸ ਖ਼ਤਰੇ ਵਿਚ ਹਨ। ਇਹ ਖ਼ਬਰ ਨਾਲ ਪੂਰੇ ਕੈਨੇਡਾ ਦੇ ਸਿੱਖ ਭਾਈਚਾਰੇ ਵਿਚ ਚਰਚਾ ਛਿੜ ਗਈ ਹੈ ਕਿ ਇਸ ਧਮਕੀ ਪਿੱਛੇ ਅਸਲ ਵਿਚ ਕਿਹੜੀ ਤਾਕਤ ਹੈ ਅਤੇ ਪੁਲਸ ਵਾਲਿਆਂ ਨੇ ਇਸ ਬਾਰੇ ਕੀ ਥਿਊਰੀ ਬਣਾਈ ਹੈ।

ਸਿੰਘ ਨੇ ਇਸ ਘਟਨਾ ਦਾ ਆਡੀਓ ਰਿਕਾਰਡਿੰਗ ਤੇ ਆਫਿਸਰ ਦਾ ਵਿਜ਼ਿਟਿੰਗ ਕਾਰਡ ਵੀ ਗਲੋਬਲ ਨਿਊਜ਼ ਕੈਨੇਡਾ ਨਾਲ ਸਾਂਝਾ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪੁਲਸ ਵਾਲੇ ਨੇ ਬਿਲਕੁਲ ਸਾ.ਫ ਗੱਲ ਕੀਤੀ ਕਿ ਇੱਕ ਗੁਪਤ ਸੂਤਰਾਂ ਤੋਂ ਇਹ ਜਾਣਕਾਰੀ ਆਈ ਹੈ ਤੇ ਇਸ ਲਈ ਤੁਹਾਨੂੰ ਚਿਤਾਵਨੀ ਦੇਣੀ ਬਣਦੀ ਹੈ। ਇਸ ਤੋਂ ਪਹਿਲਾਂ ਵੀ ਮਨਿੰਦਰ ਸਿੰਘ ਨੂੰ ਧਮਕੀਆਂ ਮਿਲਦੀਆਂ ਰਹੀਆਂ ਹਨ ਪਰ ਇਸ ਵਾਰ ਫੈਮਿਲੀ ਨੂੰ ਵੀ ਖ਼ਤਰਾ ਹੈ। ਸਿੰਘ ਖੁਦ ਇੱਕ ਬੋਲਡ ਆਗੂ ਹਨ ਜੋ ਭਾਰਤ ਵਿਚ ਸਿੱਖਾਂ ਤੇ ਹੋ ਰਹੇ ਅਣਮਨੁੱਖੀ ਵਿਵਹਾਰ ਬਾਰੇ ਖੁੱਲ੍ਹ ਕੇ ਬੋਲਦੇ ਹਨ ਤੇ ਖਾਲਿਸਤਾਨ ਵਰਗੀ ਮੰਗ ਲਈ ਆਵਾਜ਼ ਉਠਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਧਮਕੀ ਉਨ੍ਹਾਂ ਦੀ ਰਾਜਨੀਤਿਕ ਗਤੀਵਿਧੀਆਂ ਕਰਕੇ ਹੀ ਆਈ ਹੈ।



ਪੁਲਸ ਵਾਲਿਆਂ ਨੇ ਇਸ ਨੂੰ ਆਪਣੀ ਰੁਟੀਨ 'ਡਿਊਟੀ ਟੂ ਵਾਰਨ' ਵਾਲੀ ਕਾਰਵਾਈ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਨੂੰ ਗੰਭੀਰ ਖ਼ਤਰਾ ਹੋਣ ਬਾਰੇ ਭਰੋਸੇਯੋਗ ਜਾਣਕਾਰੀ ਮਿਲਦੀ ਹੈ ਤਾਂ ਉਹ ਤੁਰੰਤ ਚਿਤਾਵਨੀ ਦੇ ਦਿੰਦੇ ਹਨ। ਮਨਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਚਿਤਾਵਨੀ ਬਿਲਕੁਲ ਗੰਭੀਰ ਹੈ ਤੇ ਉਹ ਆਪਣੀ ਫੈਮਿਲੀ ਦੀ ਸੁਰੱਖਿਆ ਲਈ ਚਿੰਤਤ ਹਨ।

ਪੁਲਸ ਨੇ ਇਸ ਬਾਰੇ ਕੋਈ ਖਾਸ ਨਾਮ ਜਾਂ ਤਾਕਤ ਨਹੀਂ ਲਿਆ ਪਰ ਖਾਲਿਸਤਾਨੀਆਂ ਦਾ ਮੰਨਣਾ ਹੈ ਕਿ ਪਿਛਲੀਆਂ ਘਟਨਾਵਾਂ ਤੋਂ ਲੱਗਦਾ ਹੈ ਕਿ ਇਹ ਭਾਰਤੀ ਸਰਕਾਰ ਨਾਲ ਲਿੰਕ ਰੱਖਦੀਆਂ ਧਮਕੀਆਂ ਹਨ। ਆਰਸੀਐੱਮਪੀ ਨੇ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਧਮਕੀਆਂ ਬਾਰੇ ਰਿਪੋਰਟ ਵਿਚ ਕਿਹਾ ਸੀ ਕਿ ਭਾਰਤੀ ਏਜੰਸੀਆਂ ਕੈਨੇਡਾ ਵਿਚ ਆਪਣੇ ਵਿਰੋਧੀਆਂ ਨੂੰ ਟਾਰਗੇਟ ਕਰ ਰਹੀਆਂ ਹਨ। ਖਾਸ ਕਰਕੇ ਲਾਰੈਂਸ ਬਿਸ਼ਨੋਈ ਗੈਂਗ ਵਰਗੀਆਂ ਅਪਰਾਧੀ ਗਰੋਹਾਂ ਨੂੰ ਵਰਤ ਕੇ ਉਨ੍ਹਾਂ ਤੋਂ ਕਤਲ ਕਰਵਾਉਂਦੀਆਂ ਹਨ। ਇਹ ਗੈਂਗ ਕੈਨੇਡਾ ਵਿਚ ਐਕਸਟੌਰਸ਼ਨ, ਕਤਲ ਤੇ ਹੋਰ ਗੰਭੀਰ ਜੁਰਮ ਕਰਦਾ ਹੈ।

ਮਨਿੰਦਰ ਸਿੰਘ ਨੇ ਕਿਹਾ ਕਿ ਭਾਰਤ ਆਪਣੇ ਕੈਨੇਡੀਅਨ ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਅਪਰਾਧੀ ਗੈਂਗਸ ਨੂੰ ਵਰਤਦਾ ਹੈ। ਉਹ ਕਹਿੰਦੇ ਹਨ ਕਿ ਭਾਰਤ ਲਾਰੈਂਸ ਬਿਸ਼ਨੋਈ ਤੇ ਉਸਦੇ ਕੈਨੇਡੀਅਨ ਲੈਫਟੀਨੈਂਟ ਗੋਲਡੀ ਬਰਾੜ ਵਰਗੇ ਲੋਕਾਂ ਰਾਹੀਂ ਇਹ ਸਾਰਾ ਕ੍ਰਾਈਮ ਕਰਵਾਉਂਦਾ ਹੈ। ਇਸ ਤੋਂ ਪਹਿਲਾਂ 2022 ਵਿਚ ਮਨਿੰਦਰ ਸਿੰਘ ਤੇ ਹਰਦੀਪ ਸਿੰਘ ਨਿਜਰ ਨੂੰ ਪਹਿਲੀ ਵਾਰ ਇਸ ਤਰ੍ਹਾਂ ਚਿਤਾਵਨੀ ਮਿਲੀ ਸੀ। ਫਿਰ 2023 ਵਿਚ ਨਿਜਰ ਨੂੰ ਸਰੀ ਵਿਚ ਗੁਰਦੁਆਰੇ ਤੋਂ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਆਰਸੀਐੱਮਪੀ ਤੇ ਐਫਬੀਆਈ ਨੇ ਇਸ ਵਿਚ ਭਾਰਤੀ ਇੰਟੈਲੀਜੈਂਸ ਦਾ ਹੱਥ ਦੱਸਿਆ ਸੀ। ਉਸ ਤੋਂ ਬਾਅਦ ਕੈਨੇਡਾ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਬਾਹਰ ਕੱਢਿਆ ਸੀ।

ਇਸ ਧਮਕੀ ਨੇ ਫਿਰ ਤੋਂ ਕੈਨੇਡਾ ਤੇ ਭਾਰਤ ਵਿਚਾਲੇ ਤਣਾਅ ਵਧਾ ਦਿੱਤਾ ਹੈ। ਮਨਿੰਦਰ ਸਿੰਘ ਇਸ ਘਟਨਾ ਨੂੰ ਪੀਐੱਮ ਮਾਰਕ ਕਾਰਨੀ ਦੀ ਭਾਰਤ ਯਾਤਰਾ ਨਾਲ ਜੋੜ ਰਹੇ ਹਨ। ਉਹ ਕਹਿੰਦੇ ਹਨ ਕਿ ਅਮਰੀਕਾ ਵਿਚ ਟਰੰਪ ਵੱਲੋਂ ਟੈਰਿਫ ਲਾਉਣ ਕਰਕੇ ਕੈਨੇਡਾ ਨੂੰ ਨਵੇਂ ਟ੍ਰੇਡ ਪਾਰਟਨਰ ਲੱਭਣੇ ਪੈ ਰਹੇ ਹਨ ਤੇ ਭਾਰਤ ਉਨ੍ਹਾਂ ਵਿਚੋਂ ਇੱਕ ਹੈ। ਪਰ ਇਸ ਤੋਂ ਪਹਿਲਾਂ ਭਾਰਤ ਵੱਲੋਂ ਫਾਰੇਨ ਇੰਟਰਫਿਅਰੈਂਸ, ਡਿਸਇਨਫਰਮੇਸ਼ਨ ਤੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਹੱਲ ਨਹੀਂ ਹੋਈਆਂ।

ਭਾਰਤੀ ਹਾਈ ਕਮਿਸ਼ਨਰ ਡੀਨੇਸ਼ ਪਟਨਾਇਕ ਨੇ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੈਨੇਡਾ ਦੀ ਆਪਣੀ ਸਮੱਸਿਆ ਹੈ। ਪਰ ਸਿੱਖ ਭਾਈਚਾਰਾ ਇਸ ਤੋਂ ਬਹੁਤ ਨਾਖੁਸ਼ ਹੈ ਤੇ ਕਹਿ ਰਿਹਾ ਹੈ ਕਿ ਕੈਨੇਡਾ ਸਰਕਾਰ ਨੂੰ ਆਪਣੇ ਲੋਕਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਮਨਿੰਦਰ ਸਿੰਘ ਨੇ ਇੱਕ ਇੰਟਰਵਿਊ ਵਿਚ ਕਿਹਾ ਕਿ ਉਹ ਆਪਣੀ ਰਾਜਨੀਤਿਕ ਗੱਲਬਾਤ ਤੋਂ ਪਿੱਛੇ ਨਹੀਂ ਹਟਣਗੇ ਤੇ ਖਾਲਿਸਤਾਨ ਵਰਗੀ ਮੰਗ ਲਈ ਲੜਦੇ ਰਹਿਣਗੇ।

# THE LIFE OF JIMMY CARTER

Jimmy Carter was a faithful servant leader, his life and leadership were exemplary. Many will know him as 39th president of united states. He restored trust in government and the presidency after years of scandal. Many have forgotten that he brokered the 1978 camp David accords and was awarded the 2002 Nobel peace prize. Jimmy Carter has modest up bringing in Georgia United states and he was a state senator, governor, then president, and a humanitarian. Jimmy carter is one of the greatest humanitarian to have served as president of united states. Carter leaves behind a stunning legacy of political leadership and humanitarian work on issue such as poverty, housing,



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ



disease eradication, world peace and human rights, democracy, racial justice. Jimmy carter is one of my personal hero, an uncommon man, he lived a life dedicated to common good, his leadership were unwavering, along the way he never lost sight of who he was, and remained committed to his community. Although its important for humanitarian work, even more so how can build the road itself? In the famous words of Dr manmohan Singh. I have found the greatest gift comes when we are able to improve the lives of others. Its one of the greatest truths. Like Carter there is no greater honour dedicating life to serving those living in poverty. The commitment of global justice and human dignity extended far beyond



borders. Alongside Nelson Mandela and Dr manmohan Singh he co- founded the elders a council of global leaders dedicated to world peace. Jimmy carter legacy reminds us that greatness isn't measures by applause or accolades, but by the lives we touch, the causes we champion, and quiet moments of integrity that no one sees. The significance for small consistent acts of purpose and kindness. Throughout his life he represented commitment to service to his leadership in the white house to his global humanitarian work his legacy inspires all of us May we like Carter, live not for perfection but for persistent impact.

From : LAMBARDAR DHARMVEER SINGH CLAIRE COVENTRY

# ਬੇਅਦਬੀ ਦਾ ਇਨਸਾਫ਼ ਕਰਨ ਤੋਂ ਮੁਕਰੀ ਭਗਵੰਤ ਮਾਨ ਸਰਕਾਰ

## ✪ ਇਨਸਾਫ਼ ਮੰਗਦੀ ਸਿੱਖ ਸੰਗਤ ਉੱਤੇ ਪੁਲੀਸ ਦਾ ਲਾਠੀਚਾਰਜ, 50 ਆਗੂ ਗ੍ਰਿਫ਼ਤਾਰ ✪ ਪੁਲਿਸ ਵੱਲੋਂ ਸਿੱਖਾਂ ਦੀਆਂ ਪਗੜੀਆਂ ਲਾਹੁਣ ਦੀ ਘਿਣੌਣੀ ਘਟਨਾ; ਸਮਾਣਾ 'ਚ ਆਵਾਜਾਈ ਠੱਪ ✪ ਭਗਵੰਤ ਮਾਨ 'ਤੇ ਬੇਅੰਤ ਸਿੰਘ ਵਾਲਾ ਜ਼ੁਲਮ ਵਾਲਾ ਇਲਜ਼ਾਮ

ਸਮਾਣਾ-ਧਾਰਮਿਕ ਪਾਵਨ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ 16 ਮਹੀਨਿਆਂ ਤੋਂ ਲਗਾਤਾਰ ਮੋਰਚਾ ਲਾਈ ਬੈਠੀ ਸਿੱਖ ਸੰਗਤ ਅਤੇ ਧਾਰਮਿਕ ਜਥੇਬੰਦੀਆਂ ਦੇ ਰੋਸ ਨੂੰ ਪੁਲੀਸ ਨੇ ਡੰਡਿਆਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਮੰਗਲਵਾਰ ਨੂੰ ਸਮਾਣਾ ਵਿਚ ਵੱਡੇ ਪੱਧਰ ਉਤੇ ਹੋਏ ਪੁਲੀਸ ਵੱਲੋਂ ਲਾਠੀਚਾਰਜ ਅਤੇ ਗ੍ਰਿਫਤਾਰੀਆਂ ਨੇ ਪੂਰੇ ਖੇਤਰ ਵਿਚ ਤਣਾਅ ਪੈਦਾ ਕਰ ਦਿੱਤਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿਚ ਲਗਾਏ ਗਏ ਧਰਨੇ ਦੌਰਾਨ ਪੁਲੀਸ ਵੱਲੋਂ ਕੀਤੇ ਗਏ ਸਖਤ ਸੁਰੱਖਿਆ ਪ੍ਰਬੰਧਾਂ ਦੇ ਰੋਸ ਵਜੋਂ ਸੰਗਤ ਨੇ ਆਵਾਜਾਈ ਠੱਪ ਕਰਕੇ ਸੜਕਾਂ ਉੱਤੇ ਧਰਨਾ ਦੇ ਦਿੱਤਾ। ਇਸ ਦੌਰਾਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚ ਧੱਕਾ-ਮੁੱਕੀ ਵੀ ਹੋਈ ਅਤੇ ਕਈ ਵਿਅਕਤੀਆਂ ਨੂੰ ਸੱਟਾਂ ਵੀ ਲੱਗੀਆਂ। ਭਾਨਾ ਸਿੱਧੂ ਸਮੇਤ 50 ਤੋਂ ਵੱਧ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਪਿਛਲੇ 16 ਮਹੀਨਿਆਂ ਤੋਂ ਭਾਈ ਗੁਰਜੀਤ ਸਿੰਘ ਖਾਲਸਾ ਬੀਐੱਸਐੱਨਐੱਲ ਟਾਵਰ ਉੱਤੇ ਬੈਠ ਕੇ ਸਰਕਾਰ ਤੋਂ ਬੇਅਦਬੀ ਵਿਰੋਧੀ ਸਖਤ ਕਾਨੂੰਨ ਬਣਾਉਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦੀ ਇਸ ਮੰਗ ਨੂੰ ਲੈ ਕੇ ਵੱਖ-ਵੱਖ ਧਾਰਮਿਕ ਜਥੇਬੰਦੀਆਂ ਅਤੇ ਸਿੱਖ ਸੰਗਤ ਲਗਾਤਾਰ ਸਮਰਥਨ ਦੇ ਰਹੀ ਸੀ। ਪਰ ਸਰਕਾਰ ਵੱਲੋਂ ਇਸ ਮਸਲੇ ਉੱਤੇ ਕੋਈ ਠੋਸ ਕਦਮ ਨਾ ਚੁੱਕਣ ਕਾਰਨ ਰੋਸ ਵਧਦਾ ਗਿਆ।

ਬੀਤੇ ਮੰਗਲਵਾਰ ਨੂੰ ਜਦੋਂ ਸੰਗਤ ਟਾਵਰ ਮੋਰਚਾ ਵੱਲ ਜਾ ਰਹੀ ਸੀ ਤਾਂ ਪੁਲੀਸ ਨੇ ਸੜਕਾਂ ਉੱਤੇ ਮਿੱਟੀ ਨਾਲ ਭਰੇ ਟਿੱਪਰ ਲਗਾ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਭੜਕੀ ਸੰਗਤ ਨੇ ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿਚ ਧਰਨਾ ਦੇਣ ਦਾ ਫੈਸਲਾ ਲਿਆ। ਆਗੂਆਂ ਵੱਲੋਂ ਚੌਕ ਵੱਲ ਕੂਚ ਕਰਨ 'ਤੇ ਪੁਲੀਸ ਨੇ ਲਾਠੀਚਾਰਜ ਕਰ ਦਿੱਤਾ ਅਤੇ ਧੱਕਾ-ਮੁੱਕੀ ਸ਼ੁਰੂ ਕਰ ਦਿੱਤੀ। ਇਸ ਘਟਨਾ ਵਿਚ ਕਈ ਕਿਸਾਨ ਅਤੇ ਧਰਨਾਕਾਰੀ ਜ਼ਖਮੀ ਹੋ ਗਏ। ਖਾਸ ਤੌਰ ਉੱਤੇ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੁਲੀਸ ਵਾਲਿਆਂ ਨੇ ਕਈ ਸਿੱਖ ਯੁਵਕਾਂ ਦੀਆਂ ਪਗੜੀਆਂ ਲਾਹੁਣ ਤੱਕ ਦੀ ਘਿਣੌਣੀ ਹਰਕਤ ਕੀਤੀ, ਜਿਸ ਨਾਲ ਸੰਗਤ ਵਿਚ ਭਾਰੀ ਰੋਸ ਵਿਖਾਈ ਦਿੱਤਾ।



ਇਸ ਘਟਨਾ ਤੋਂ ਬਾਅਦ ਭਵਾਨੀਗੜ੍ਹ-ਸਮਾਣਾ ਰੋਡ ਉੱਤੇ ਪੁਲੀਸ ਨੇ ਭਾਨਾ ਸਿੱਧੂ ਸਮੇਤ 50 ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਆਗੂਆਂ ਵਿਚ ਮਾਨ ਦਲ ਦੇ ਹਰਚਰਨ ਸਿੰਘ ਭਸੌੜ, ਭਾਰਤੀ ਕਿਸਾਨ ਯੂਨੀਅਨ ਆਜ਼ਾਦ ਨਾਭਾ ਦੇ ਬਲਾਕ ਪ੍ਰਧਾਨ ਵਰਿੰਦਰ ਸਿੰਘ, ਭੋਲਾ ਸਿੰਘ ਠੀਕਰੀਵਾਲਾ ਤੇ ਕਾਕਾ ਸਿੰਘ ਸਿੱਧੂ ਸ਼ਾਮਲ ਹਨ। ਥਾਣਾ ਮੁਖੀ ਇੰਸਪੈਕਟਰ ਮਾਲਵਿੰਦਰ ਸਿੰਘ ਨੇ ਕਿਹਾ ਕਿ ਇਸ ਸੜਕ ਤੋਂ ਕਿਸੇ ਵੀ ਆਗੂ ਨੂੰ ਸਮਾਣਾ ਨਹੀਂ ਜਾਣ ਦਿੱਤਾ ਜਾਵੇਗਾ।

ਕਿਸਾਨ ਆਗੂ ਤਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਮੰਗਾਂ ਸਮਾਣਾ ਪੁਲੀਸ ਨੂੰ ਦੱਸ ਦਿੱਤੀਆਂ ਹਨ ਅਤੇ ਉੱਚ ਅਧਿਕਾਰੀਆਂ ਨਾਲ ਇਸ ਬਾਰੇ ਗੱਲ ਕਰੇਗਾ। ਉਨ੍ਹਾਂ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਸਾਥੀਆਂ ਨੂੰ ਜਲਦੀ ਰਿਹਾਅ ਕੀਤਾ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਤੱਕ ਸਰਕਾਰ ਵੱਲੋਂ ਕੋਈ ਭਰੋਸਾ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਧਰਨਾ ਜਾਰੀ ਰਹੇਗਾ।

ਇਸ ਧਰਨੇ ਕਾਰਨ ਪਟਿਆਲਾ-ਹਿਸਾਰ ਰੋਡ, ਸਮਾਣਾ-ਸੰਗਰੂਰ ਰੋਡ ਅਤੇ ਸਮਾਣਾ-ਭਵਾਨੀਗੜ੍ਹ ਰੋਡ ਉੱਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ ਹੈ। ਚਾਰੋਂ ਪਾਸਿਓਂ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਵੀ ਭਾਰੀ ਪਰੇਸ਼ਾਨੀ ਝੱਲਣੀ ਪੈ ਰਹੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਭਗਵੰਤ ਮਾਨ ਸਰਕਾਰ ਸਿੱਖ ਭਾਵਨਾਵਾਂ ਅਤੇ ਧਾਰਮਿਕ ਮਸਲਿਆਂ ਤੋਂ ਬਿਲਕੁਲ ਬੇਪਰਵਾਹ ਹੈ। ਉਹ ਇਨਸਾਫ਼ ਮੰਗਣ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਲਈ ਪੁਲੀਸੀ ਤਾਕਤ ਅਤੇ ਜ਼ੁਲਮ ਦਾ ਸਹਾਰਾ ਲੈ ਰਹੀ ਹੈ।

ਇਸ ਘਟਨਾ ਤੋਂ ਬਾਅਦ ਪੂਰੇ ਪੰਜਾਬ ਵਿਚ ਸਿੱਖ ਜਥੇਬੰਦੀਆਂ ਵਿਚ ਭਾਰੀ ਗੁੱਸਾ ਵਿਖਾਈ ਦੇ ਰਿਹਾ ਹੈ। ਉਨ੍ਹਾਂ ਇਸ ਨੂੰ ਆਪਣੀ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਅਤੇ ਅਵਾਜ਼ ਖਾਮੋਸ਼ ਕਰਨ ਦੀ ਸਾਜਿਸ਼ ਆਖਿਆ ਹੈ। ਬਹੁਤ ਸਾਰੇ ਆਗੂਆਂ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਭਗਵੰਤ ਮਾਨ ਸਰਕਾਰ ਉੱਤੇ ਸਿੱਖ ਵਿਰੋਧੀ ਰਵੱਈਏ ਦਾ ਇਲਜ਼ਾਮ ਲਗਾਇਆ ਹੈ ਅਤੇ ਇਸ ਨੂੰ ਬੇਅੰਤ ਸਿੰਘ ਵਾਲੀਆਂ ਜ਼ਾਲਮਾਨਾ ਨੀਤੀਆਂ ਨਾਲ ਤੁਲਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦਿਆਂ ਉੱਤੇ ਸਰਕਾਰ ਜੇਕਰ ਅਜਿਹਾ ਵਿਵਹਾਰ ਕਰਦੀ ਰਹੀ ਤਾਂ ਵੱਡੀ ਲਹਿਰ ਉਠ ਸਕਦੀ ਹੈ।

ਇਸ ਮਾਮਲੇ ਵਿਚ ਹੋਰ ਵੀ ਵੱਡੀਆਂ ਜਥੇਬੰਦੀਆਂ ਵੱਲੋਂ ਆਉਣ ਵਾਲੇ ਸਮੇਂ ਵਿਚ ਵੱਡੇ ਰੋਸ ਪ੍ਰਦਰਸ਼ਨ ਕੀਤੇ ਜਾਣ ਦੀ ਸੰਭਾਵਨਾ ਹੈ। ਸਿੱਖ ਸੰਗਤ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦਿਆਂ ਉੱਤੇ ਉਨ੍ਹਾਂ ਦੀ ਅਵਾਜ਼ ਕਿਸੇ ਵੀ ਕੀਮਤ ਉੱਤੇ ਖਾਮੋਸ਼ ਨਹੀਂ ਕੀਤੀ ਜਾ ਸਕਦੀ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਆਪ ਸਰਕਾਰ ਸਿੱਖ ਅਵਾਮ ਨਾਲ ਡਾਇਲਾਗ ਕਰਨ ਦੀ ਬਜਾਏ ਦਮਨ ਦੀ ਰਾਹ ਚੁਣ ਰਹੀ ਹੈ। ਜੇਕਰ ਇਸ ਰਾਹ ਤੋਂ ਬਾਜ ਨਾ ਆਈ ਤਾਂ ਇਹ ਰੋਸ ਵਧਦਾ ਹੀ ਜਾਵੇਗਾ ਅਤੇ ਸਰਕਾਰ ਲਈ ਇਸ ਦਾ ਖਾਮਿਆਜ਼ਾ ਭੁਗਤਣਾ ਪੈ ਸਕਦਾ ਹੈ।

# ਅਕਾਲੀ ਦਲ ਨੂੰ ਸਮਰਥਨ ਦੇਣ ਮਗਰੋਂ 'ਆਪ' ਸਰਕਾਰ ਨੇ ਨਾਨਕਸਰੀ ਸੰਤ ਦੀ ਸੁਰੱਖਿਆ ਲਈ ਵਾਪਸ

## ✪ ਸੁਖਬੀਰ ਸਿੰਘ ਬਾਦਲ ਤੇ ਜਥੇਦਾਰ ਅਕਾਲ ਤਖ਼ਤ ਵਲੋਂ ਸਰਕਾਰ ਦੀ ਨਿੰਦਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਾਨਕਸਰ ਦੇ ਸੰਤ ਬਾਬਾ ਘਾਲਾ ਸਿੰਘ ਜੀ ਦੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਿਆ ਹੈ। ਸੁਖਬੀਰ ਬਾਦਲ ਨੇ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਦੱਸਿਆ ਕਿ ਉਨ੍ਹਾਂ ਨੇ ਹਾਲ ਹੀ ਵਿੱਚ ਨਾਨਕਸਰ ਦਾ ਦੌਰਾ ਕੀਤਾ ਸੀ, ਜਿੱਥੇ ਸੰਤ ਬਾਬਾ ਘਾਲਾ ਸਿੰਘ ਜੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਸਮਰਥਨ ਦਿੱਤਾ ਸੀ।

ਉਨ੍ਹਾਂ ਦੋਸ਼ ਲਾਇਆ ਕਿ ਇਸੇ ਗੱਲ ਤੋਂ ਖ਼ਫ਼ਾ ਹੋ ਕੇ 'ਆਪ' ਸਰਕਾਰ ਨੇ ਤੁਰੰਤ ਸੰਤਾਂ ਦੀ ਸੁਰੱਖਿਆ ਵਾਪਸ ਲੈ ਲਈ ਹੈ। ਬਾਦਲ ਨੇ ਇਸ ਕਾਰਵਾਈ ਨੂੰ ਹੈਰਾਨ ਕਰਨ ਵਾਲਾ ਦੱਸਿਆ। ਅਕਾਲੀ ਦਲ ਦੇ ਪ੍ਰਧਾਨ ਨੇ ਸਪੱਸ਼ਟ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਨਾਨਕਸਰ ਵਿਖੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਜਾਂ ਸੰਤ ਬਾਬਾ ਘਾਲਾ ਸਿੰਘ ਜੀ ਦੀ ਜਾਨ-ਮਾਲ ਨੂੰ ਕੋਈ ਨੁਕਸਾਨ ਪਹੁੰਚਦਾ ਹੈ, ਤਾਂ ਇਸ ਲਈ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਡੀ.ਜੀ.ਪੀ. ਜ਼ਿੰਮੇਵਾਰ ਹੋਣਗੇ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਸੂਬੇ ਦੀ ਮੌਜੂਦਾ ਅਮਨ ਕਾਨੂੰਨ ਦੀ ਵਿਗੜੀ ਸਥਿਤੀ ਦੇ ਚੱਲਦਿਆਂ ਸਰਕਾਰ ਦੀ ਇਹ ਕਾਰਵਾਈ ਗਲਤ ਹੈ। ਉਨ੍ਹਾਂ ਕਿਹਾ ਕਿ ਨਾਨਕਸਰ ਸੰਪਰਦਾ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ ਅਤੇ ਸੰਤ ਬਾਬਾ ਘਾਲਾ ਸਿੰਘ ਨੂੰ ਪਿਛਲੇ ਲੰਮੇ ਸਮੇਂ ਤੋਂ ਜੋ ਸੁਰੱਖਿਆ ਮਿਲੀ ਹੋਈ ਹੈ ਜਿਸ ਨੂੰ ਹਾਲ ਹੀ ਵਿਚ ਵਾਪਸ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਜੋ ਕਤਲੋਗਾਰਤ ਅੱਜ ਪੰਜਾਬ ਵਿਚ ਵਾਪਰ ਰਹੀ ਹੈ ਇਹ ਪੰਜਾਬ ਦਾ ਸੁਭਾਅ ਨਹੀਂ ਬਲਕਿ ਇੱਥੋਂ ਸਰਬੱਤ ਦੇ ਭਲੇ ਦਾ ਸਨੇਹਾ ਸਮੁੱਚੇ ਵਿਸ਼ਵ ਨੂੰ ਜਾਂਦਾ ਹੈ। ਜੇਕਰ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਦੇ ਪ੍ਰਚਾਰਕਾਂ ਨਾਲ ਸਰਕਾਰ ਲਾਗਤਬਾਜ਼ੀ ਕਰਕੇ ਕਾਰਵਾਈ ਕਰੇਗੀ ਤਾਂ ਇਹ ਬਿਲਕੁਲ ਉਚਿਤ ਨਹੀਂ ਇਸ ਉੱਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੁਰੰਤ ਪ੍ਰਭਾਵ ਨਾਲ ਸੰਤ ਬਾਬਾ ਘਾਲਾ ਸਿੰਘ ਦੀ ਸੁਰੱਖਿਆ ਮੁੜ ਬਹਾਲ ਕਰੇ।

ਦਮਦਮੀ ਟਕਸਾਲ ਨੂੰ ਵੱਡਾ ਘਾਟਾ


# ਬਾਬਾ ਠਾਕੁਰ ਸਿੰਘ ਜੀ ਦੇ ਨਜ਼ਦੀਕੀ ਰਹੇ ਭਾਈ ਅਵਤਾਰ ਸਿੰਘ ਦੀ ਹੱਤਿਆ

## ✪ ਸਿੱਖ ਜਗਤ ਵਿਚ ਸੋਗ, ਸੈਨ ਜੋਕਿਨ ਕਾਊਂਟੀ ਪੁਲਿਸ ਵੱਲੋਂ ਕਾਤਲਾਂ ਦੀ ਸਰਗਰਮੀ ਨਾਲ ਭਾਲ

ਕੈਲੀਫੋਰਨੀਆ ਦੇ ਟ੍ਰੇਸੀ ਇਲਾਕੇ ਵਿੱਚ ਸਥਿਤ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ ਵਾਪਰੀ ਇਹ ਘਟਨਾ ਬੇਹੱਦ ਮੰਦਭਾਗੀ ਅਤੇ ਹੈਰਾਨ ਕਰਨ ਵਾਲੀ ਹੈ। ਭਾਈ ਅਵਤਾਰ ਸਿੰਘ, ਜੋ ਕਿ ਲੰਮੇ ਸਮੇਂ ਤੋਂ ਦਮਦਮੀ ਟਕਸਾਲ ਨਾਲ ਜੁੜੇ ਹੋਏ ਸਨ, ਦੀ ਮੌਤ ਨੇ ਸਿੱਖ ਜਗਤ ਅਤੇ ਉਨ੍ਹਾਂ ਦੇ ਜੱਦੀ ਪਿੰਡ ਕਲਾਨੌਰ (ਗੁਰਦਾਸਪੁਰ) ਵਿੱਚ ਸੋਗ ਦੀ ਲਹਿਰ ਪੈਦਾ ਕਰ ਦਿੱਤੀ ਹੈ।

57 ਸਾਲਾ ਭਾਈ ਅਵਤਾਰ ਸਿੰਘ, ਜੋ ਕਿ ਗੁਰਦੁਆਰਾ ਨਾਨਕ ਪ੍ਰਕਾਸ਼ ਟ੍ਰੇਸੀ ਵਿਖੇ ਬਤੌਰ ਸੇਵਾਦਾਰ ਸੇਵਾ ਨਿਭਾਅ ਰਹੇ ਸਨ, ਨੂੰ ਬੀਤੇ ਦਿਨੀਂ ਦੁਪਹਿਰ (ਅਮਰੀਕੀ ਸਮੇਂ ਅਨੁਸਾਰ) ਗੁਰਦੁਆਰਾ ਕੰਪਲੈਕਸ ਦੇ ਬਾਹਰੋਂ ਅਗਵਾ ਕਰ ਲਿਆ ਗਿਆ ਸੀ। ਪੁਲਿਸ ਨੂੰ ਮਿਲੀ ਸੀਸੀਟੀਵੀ ਫੁਟੇਜ ਵਿੱਚ ਦੇਖਿਆ ਗਿਆ ਕਿ ਇੱਕ ਚਿੱਟੇ ਰੰਗ ਦੀ ਕਾਰ ਗੁਰਦੁਆਰਾ ਸਾਹਿਬ ਦੇ ਬਾਹਰ ਆ ਕੇ ਰੁਕਦੀ ਹੈ। ਗੱਡੀ ਵਿੱਚੋਂ ਤਿੰਨ ਅਣਪਛਾਤੇ ਵਿਅਕਤੀ ਬਾਹਰ ਨਿਕਲਦੇ ਹਨ, ਜਿਨ੍ਹਾਂ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ। ਫੁਟੇਜ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਅਵਤਾਰ ਸਿੰਘ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਉਨ੍ਹਾਂ ਨੂੰ ਧੱਕੇ ਨਾਲ ਜਾਂ ਜ਼ਬਰਦਸਤੀਗੱਡੀ ਵਿੱਚ ਬਿਠਾ ਕੇ ਲਿਜਾਇਆ ਗਿਆ।

ਕਈ ਦਿਨਾਂ ਦੀ ਭਾਲ ਤੋਂ ਬਾਅਦ, ਭਾਈ ਅਵਤਾਰ ਸਿੰਘ ਦੀ ਮ੍ਰਿਤਕ ਦੇਹ ਕੈਲੀਫੋਰਨੀਆ ਦੀ ਬੇਰੀਸਾ ਝੀਲ ਦੇ ਨੇੜਿਓਂ ਬਰਾਮਦ ਹੋਈ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਫੇਸਬੁੱਕ ਰਾਹੀਂ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ।



ਹੱਤਿਆ ਦੇ ਕਾਰਨ ਅਤੇ ਪੁਲਿਸ ਦੀ ਜਾਂਚ-ਅਜੇ ਤੱਕ ਹੱਤਿਆ ਦੇ ਅਸਲ ਕਾਰਨਾਂ ਦਾ ਅਧਿਕਾਰਤ ਖੁਲਾਸਾ ਨਹੀਂ ਹੋਇਆ ਹੈ, ਪਰ ਕੁਝ ਅਹਿਮ ਪਹਿਲੂ ਜਾਂਚ ਅਧੀਨ ਹਨ: ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਇਹ ਕਿਸੇ ਨਿੱਜੀ ਰੰਜਿਸ਼ ਦਾ ਨਤੀਜਾ ਹੈ ਜਾਂ ਇਸ ਪਿੱਛੇ ਕੋਈ ਵੱਡੀ ਸਾਜ਼ਿਸ਼ ਹੈ।

ਸੈਨ ਜੋਕਿਨ ਕਾਉਂਟੀ ਸ਼ੈਰਿਫ ਦੀ ਟੀਮ ਉਨ੍ਹਾਂ ਤਿੰਨ ਅਣਪਛਾਤੇ ਵਿਅਕਤੀਆਂ ਦੀ ਭਾਲ ਕਰ ਰਹੀ ਹੈ ਜੋ ਸੀਸੀਟੀਵੀ ਵਿੱਚ ਨਜ਼ਰ ਆਏ ਸਨ। ਅਜੇ ਤੱਕ ਕਿਸੇ ਖਾਸ ਵਿਅਕਤੀ ਦਾ ਨਾਮ ਜਨਤਕ ਤੌਰ 'ਤੇ ਸਾਹਮਣੇ ਨਹੀਂ ਆਇਆ, ਪਰ ਪੁਲਿਸ ਵਲੋਂ ਗੱਡੀ ਦੇ ਨੰਬਰ ਅਤੇ ਹੁਲੀਏ ਦੇ ਆਧਾਰ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।

ਭਾਈ ਅਵਤਾਰ ਸਿੰਘ ਦੇ ਪਿਤਾ ਭਾਈ ਗੁਰਦਿਆਲ ਸਿੰਘ ਸ਼ੰਕਰਪੁਰ ਅਜੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਕੋਲੋਂ ਮਿਲ ਕੇ ਵਾਪਸ ਭਾਰਤ ਪਰਤੇ ਸਨ। ਉਨ੍ਹਾਂ ਦੇ ਭਰਾ ਬਾਬਾ ਬਲਕਾਰ ਸਿੰਘ (ਮੁੱਖ ਗ੍ਰੰਥੀ) ਨੇ ਦੱਸਿਆ ਕਿ ਪਰਿਵਾਰ ਨੂੰ ਇਸ ਅਚਾਨਕ ਹੋਈ ਘਟਨਾ ਨਾਲ ਗਹਿਰਾ ਸਦਮਾ ਲੱਗਾ ਹੈ।

ਪੁਲੀਸ ਵਲੋਂ ਜਾਣਕਾਰੀ -ਭਾਈ ਅਵਤਾਰ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਸੈਨ ਜੋਕਿਨ ਕਾਉਂਟੀ ਸ਼ੈਰਿਫ ਪੈਟਰਿਕ ਵਿਦਰੋ ਅਤੇ ਪੁਲਿਸ ਵਿਭਾਗ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਬਹੁਤ ਹੀ ਹੈਰਾਨ ਕਰਨ ਵਾਲੀ ਹੈ। ਪੁਲਿਸ ਅਨੁਸਾਰ ਇਹ ਮਾਮਲਾ ਗਲਤ ਪਛਾਣ ਜਾਂ ਕਿਸੇ ਹੋਰ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਦਾ ਨਤੀਜਾ ਹੋ ਸਕਦਾ ਹੈ। ਪੁਲਿਸ ਵੱਲੋਂ ਦਿੱਤੀ ਗਈ ਮੁੱਖ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

ਸ਼ੈਰਿਫ ਪੈਟਰਿਕ ਵਿਦਰੋ ਨੇ ਮੀਡੀਆ ਨੂੰ ਦੱਸਿਆ ਕਿ ਜਾਂਚ ਤੋਂ ਲੱਗਦਾ ਹੈ ਕਿ ਭਾਈ ਅਵਤਾਰ ਸਿੰਘ ਅਸਲ ਨਿਸ਼ਾਨਾ ਨਹੀਂ ਸਨ। ਹਮਲਾਵਰ ਕਿਸੇ ਹੋਰ ਵਿਅਕਤੀ ਦੀ ਭਾਲ ਵਿੱਚ ਸਨ। ਜਦੋਂ ਭਾਈ ਅਵਤਾਰ ਸਿੰਘ ਨੇ ਉਨ੍ਹਾਂ ਦੇ ਸਵਾਲਾਂ ਦਾ ਉਹ ਜਵਾਬ ਨਹੀਂ ਦਿੱਤਾ ਜੋ ਉਹ ਚਾਹੁੰਦੇ ਸਨ (ਜਾਂ ਸ਼ਾਇਦ ਉਨ੍ਹਾਂ ਕੋਲ ਉਹ ਜਾਣਕਾਰੀ ਨਹੀਂ ਸੀ), ਤਾਂ ਹਮਲਾਵਰਾਂ ਨੇ ਉਨ੍ਹਾਂ ਨੂੰ ਜ਼ਬਰਦਸਤੀ ਗੱਡੀ ਵਿੱਚ ਸੁੱਟ ਲਿਆ ਅਤੇ ਨਾਲ ਲੈ ਗਏ।

ਪੁਲਿਸ ਦਾ ਕਹਿਣਾ ਹੈ ਕਿ "ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ।" ਹਮਲਾਵਰ ਇੱਕ ਖਾਸ ਮਕਸਦ ਨਾਲ ਆਏ ਸਨ ਅਤੇ ਕਿਸੇ ਖਾਸ ਵਿਅਕਤੀ ਨੂੰ ਲੱਭ ਰਹੇ ਸਨ। ਭਾਈ ਅਵਤਾਰ ਸਿੰਘ ਇਸ ਸਾਜ਼ਿਸ਼ ਦਾ ਸ਼ਿਕਾਰ ਗਲਤੀ ਨਾਲ ਹੋ ਗਏ। ਪੁਲਿਸ ਨੇ ਪੁਸ਼ਟੀ ਕੀਤੀ ਕਿ 17 ਫਰਵਰੀ ਨੂੰ ਦੁਪਹਿਰ ਭਾਈ ਅਵਤਾਰ ਸਿੰਘ ਨੂੰ ਉਨ੍ਹਾਂ ਦੇ ਘਰ/ਗੁਰਦੁਆਰਾ ਕੰਪਲੈਕਸ ਦੇ ਬਾਹਰੋਂ ਅਗਵਾ ਕੀਤਾ ਗਿਆ। ਉਸ ਸਮੇਂ ਉਹ ਆਪਣੇ ਛੋਟੇ ਬੱਚਿਆਂ (ਟ੍ਰਿਪਲੇਟਸ) ਨਾਲ ਸਨ। ਜਦੋਂ ਉਨ੍ਹਾਂ ਦੀ ਪਤਨੀ ਕੰਮ ਤੋਂ ਵਾਪਸ ਆਈ, ਤਾਂ ਬੱਚੇ ਇਕੱਲੇ ਸਨ ਅਤੇ ਭਾਈ ਅਵਤਾਰ ਸਿੰਘ ਗਾਇਬ ਸਨ।

ਨਾਪਾ ਕਾਉਂਟੀ ਸ਼ੈਰਿਫ ਦਫਤਰ ਨੂੰ ਭਾਈ ਅਵਤਾਰ ਸਿੰਘ ਦੀ ਲਾਸ਼ ਅਗਵਾ ਵਾਲੀ ਥਾਂ ਤੋਂ ਲਗਭਗ 2 ਘੰਟੇ ਦੀ ਦੂਰੀ 'ਤੇ, ਬੇਰੀਸਾ ਝੀਲ ਦੇ ਕੋਲ ਹਾਈਵੇਅ 128 ਦੇ ਨੇੜਿਓਂ ਮਿਲੀ। ਪੁਲਿਸ ਨੇ ਦੱਸਿਆ ਕਿ ਮੈਡੀਕਲ ਐਗਜ਼ਾਮੀਨਰ ਨੇ ਪੋਸਟਮਾਰਟਮ ਪੂਰਾ ਕਰ ਲਿਆ ਹੈ, ਪਰ ਮੌਤ ਦੇ ਅਸਲ ਕਾਰਨਾਂ ਦੀ ਰਿਪੋਰਟ ਅਜੇ ਜਨਤਕ ਨਹੀਂ ਕੀਤੀ ਗਈ। ਪੁਲਿਸ ਨੇ ਹਾਲੇ ਤੱਕ ਕਿਸੇ ਵੀ ਸ਼ੱਕੀ ਦੀ ਗ੍ਰਿਫਤਾਰੀ ਨਹੀਂ ਕੀਤੀ ਹੈ।


# ਕੀ ਟਰੰਪ ਦੀ ਜਾਨ ਖ਼ਤਰੇ ਵਿਚ ਹੈ ?

## ✪ ਮਾਰ-ਏ-ਲਾਗੋ ਰਿਜ਼ੋਰਟ ਵਿੱਚ ਹਥਿਆਰਬੰਦ ਘੁਸਪੈਠੀਆ ਹਲਾਕ

ਫਲੋਰੀਡਾ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫਲੋਰੀਡਾ ਸਥਿਤ ਨਿਵਾਸ 'ਮਾਰ-ਏ-ਲਾਗੋ' ਵਿਖੇ ਐਤਵਾਰ ਤੜਕੇ ਸੁਰੱਖਿਆ ਵਿੱਚ ਇੱਕ ਵੱਡੀ ਸੰਨ੍ਹ ਲੱਗੀ। ਇੱਕ 21 ਸਾਲਾ ਹਥਿਆਰਬੰਦ ਵਿਅਕਤੀ, ਜਿਸ ਦੀ ਪਛਾਣ ਆਸਟਿਨ ਟਕਰ ਮਾਰਟਿਨ ਵਜੋਂ ਹੋਈ ਹੈ, ਸ਼ਾਟਗਨ ਅਤੇ ਪੈਟਰੋਲ ਦੀ ਕੇਨੀ ਲੈ ਕੇ ਰਿਜ਼ੋਰਟ ਦੇ ਸੁਰੱਖਿਅਤ ਖੇਤਰ ਵਿੱਚ ਦਾਖਲ ਹੋ ਗਿਆ। ਸੀਕਰੇਟ ਸਰਵਿਸ ਦੇ ਏਜੰਟਾਂ ਨੇ ਜਵਾਬੀ ਕਾਰਵਾਈ ਕਰਦਿਆਂ ਉਸ ਨੂੰ ਮੌਕੇ 'ਤੇ ਹੀ ਮਾਰ ਦਿੱਤਾ। ਪਾਮ ਬੀਚ ਕਾਉਂਟੀ ਦੇ ਸ਼ੈਰਿਫ ਰਿਕ ਬ੍ਰੈਡਸ਼ਾ ਨੇ ਦੱਸਿਆ ਕਿ ਜਦੋਂ ਸੁਰੱਖਿਆ ਕਰਮਚਾਰੀਆਂ ਨੇ ਉਸ ਨੂੰ ਹਥਿਆਰ ਸੁੱਟਣ ਲਈ ਕਿਹਾ, ਤਾਂ ਉਸ ਨੇ ਪੈਟਰੋਲ ਦਾ ਡੱਬਾ ਤਾਂ ਸੁੱਟ ਦਿੱਤਾ, ਪਰ ਸ਼ਾਟਗਨ ਨੂੰ ਫਾਇਰਿੰਗ ਪੋਜੀਸ਼ਨ ਵਿੱਚ ਚੁੱਕ ਲਿਆ। ਖ਼ਤਰੇ ਨੂੰ ਦੇਖਦੇ ਹੋਏ ਦੋ ਸੀਕਰੇਟ ਸਰਵਿਸ ਏਜੰਟਾਂ ਅਤੇ ਇੱਕ ਸ਼ੈਰਿਫ ਡਿਪਟੀ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਘੁਸਪੈਠੀਏ ਦੀ ਮੌਤ ਹੋ ਗਈ।

### ਟਰੰਪ 'ਤੇ ਤੀਜੀ ਵਾਰ ਹਮਲੇ ਦੀ ਕੋਸ਼ਿਸ਼ ?

ਇਹ ਘਟਨਾ ਡੋਨਾਲਡ ਟਰੰਪ 'ਤੇ ਹੋਏ ਪਿਛਲੇ ਹਮਲਿਆਂ ਦੀ ਯਾਦ ਦਿਵਾਉਂਦੀ ਹੈ, ਜਿਸ ਕਾਰਨ ਇਸ ਨੂੰ ਤੀਜੀ ਸੰਭਾਵੀ ਹੱਤਿਆ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ:





13 ਜੁਲਾਈ 2024 (ਪੈਨਸਿਲਵੇਨੀਆ): ਇੱਕ ਰੈਲੀ ਦੌਰਾਨ ਥੌਮਸ ਮੈਥਿਊ ਕਰੂਕਸ ਨੇ ਗੋਲੀ ਚਲਾਈ ਸੀ, ਜੋ ਟਰੰਪ ਦੇ ਕੰਨ ਨੂੰ ਛੂਹ ਕੇ ਨਿਕਲੀ ਸੀ।

15 ਸਤੰਬਰ 2024 (ਫਲੋਰੀਡਾ): ਟਰੰਪ ਦੇ ਗੋਲਫ ਕੋਰਸ ਵਿੱਚ ਰਿਆਨ ਵੈਸਲੇ ਰਾਊਥ ਨਾਮ ਦਾ ਵਿਅਕਤੀ ਰਾਈਫਲ ਸਮੇਤ ਫੜਿਆ ਗਿਆ ਸੀ।

22 ਫਰਵਰੀ 2026 (ਮਾਰ-ਏ-ਲਾਗੋ): ਇਹ ਤਾਜ਼ਾ ਘਟਨਾ, ਜਿਸ ਵਿੱਚ ਹਥਿਆਰਬੰਦ ਵਿਅਕਤੀ ਸਿੱਧਾ ਰਿਜ਼ੋਰਟ ਦੇ ਅੰਦਰ ਪਹੁੰਚ ਗਿਆ। ਘਟਨਾ ਦੇ ਸਮੇਂ ਰਾਸ਼ਟਰਪਤੀ ਟਰੰਪ ਵਾਸ਼ਿੰਗਟਨ ਵਿੱਚ ਸਨ ਅਤੇ ਮਾਰ-ਏ-ਲਾਗੋ ਵਿੱਚ ਕੋਈ ਵੀ ਵੀਆਈਪੀ ਮੌਜੂਦ ਨਹੀਂ ਸੀ।

### ਈਰਾਨ ਨਾਲ ਤਣਾਅ ਅਤੇ ਟੈਰਿਫ ਦਾ ਕਨੈਕਸ਼ਨ

ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਸਿਖਰ 'ਤੇ ਹੈ। ਟਰੰਪ ਨੇ ਹਾਲ ਹੀ ਵਿੱਚ ਈਰਾਨ ਨੂੰ ਸਖ਼ਤ ਚੇਤਾਵਨੀ ਦਿੱਤੀ ਸੀ ਕਿ ਜੇਕਰ ਕੋਈ ਸਮਝੌਤਾ ਨਾ ਹੋਇਆ ਤਾਂ ਨਤੀਜੇ ਭਿਆਨਕ ਹੋਣਗੇ। ਇਸ ਤੋਂ ਇਲਾਵਾ, ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਦੇ ਗਲੋਬਲ ਟੈਰਿਫ ਫੈਸਲੇ ਨੂੰ ਰੱਦ ਕਰਨ ਤੋਂ ਬਾਅਦ ਦੇਸ਼ ਵਿੱਚ ਸਿਆਸੀ ਅਤੇ ਆਰਥਿਕ ਮਾਹੌਲ ਕਾਫੀ ਗਰਮ ਹੈ। ਜਾਂਚ ਏਜੰਸੀਆਂ ਇਸ ਗੱਲ ਦੀ ਜਾਂਚ ਕਰ ਰਹੀਆਂ ਹਨ ਕਿ ਕੀ ਹਮਲਾਵਰ ਦਾ ਕੋਈ ਅੰਤਰਰਾਸ਼ਟਰੀ ਸਬੰਧ ਸੀ ਜਾਂ ਇਹ ਕਿਸੇ ਮਾਨਸਿਕ ਸਥਿਤੀ ਦਾ ਨਤੀਜਾ ਸੀ।

### ਕੌਣ ਸੀ ਆਸਟਿਨ ਟਕਰ ਮਾਰਟਿਨ ?

ਮਾਰਟਿਨ ਦੇ ਪਰਿਵਾਰ ਅਨੁਸਾਰ ਉਹ ਇੱਕ ਸ਼ਾਂਤ ਸੁਭਾਅ ਦਾ ਵਿਅਕਤੀ ਸੀ ਅਤੇ ਉਸਦਾ ਪਰਿਵਾਰ ਟਰੰਪ ਦਾ ਵੱਡਾ ਸਮਰਥਕ ਰਿਹਾ ਹੈ। ਉਸਦੇ ਰਿਸ਼ਤੇਦਾਰਾਂ ਦਾ ਕਹਿਣਾ ਹੈ ਕਿ ਉਹ ਰਾਜਨੀਤੀ ਵਿੱਚ ਦਿਲਚਸਪੀ ਨਹੀਂ ਰੱਖਦਾ ਸੀ। ਹਾਲਾਂਕਿ, ਕੁਝ ਰਿਪੋਰਟਾਂ ਮੁਤਾਬਕ ਉਹ ਪਿਛਲੇ ਕੁਝ ਦਿਨਾਂ ਤੋਂ ਕੁਝ ਐਪਸਟਿਨ ਫਾਈਲਾਂ ਬਾਰੇ ਬਹੁਤ ਜ਼ਿਆਦਾ ਚਿੰਤਤ ਰਹਿੰਦਾ ਸੀ। ਭਾਵੇਂ ਟਰੰਪ ਸੁਰੱਖਿਅਤ ਹਨ, ਪਰ ਇਸ ਘਟਨਾ ਨੇ ਅਮਰੀਕੀ ਸੁਰੱਖਿਆ ਪ੍ਰਣਾਲੀ ਤੇ ਰਾਸ਼ਟਰਪਤੀ ਦੀ ਸੁਰੱਖਿਆ 'ਤੇ ਮੁੜ ਸਵਾਲ ਖੜ੍ਹੇ ਕਰ ਦਿੱਤੇ ਹਨ। ਮਾਰ-ਏ-ਲਾਗੋ ਵਰਗੇ ਉੱਚ-ਸੁਰੱਖਿਆ ਵਾਲੇ ਖੇਤਰ ਵਿੱਚ ਇੱਕ ਹਥਿਆਰਬੰਦ ਵਿਅਕਤੀ ਦਾ ਦਾਖਲ ਹੋਣਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ,ਬਾਰੇ ਬਹੁਤ ਜ਼ਿਆਦਾ ਚਿੰਤਤ ਰਹਿੰਦਾ ਸੀ।

# ਨਿੱਝਰ ਕਤਲ ਕੇਸ ਵਿਚ ਕੈਨੇਡਾ ਸਰਕਾਰ ਵਲੋਂ ਇਨਸਾਫ਼ ਨਾਲ ਸਮਝੌਤਾ ?

## ✪ ਕੌਮੀ ਸੁਰੱਖਿਆ ਦੇ ਨਾਂ ਹੇਠ ਸਬੂਤ ਗੁਪਤ ਰੱਖਣ ਦੀ ਤਿਆਰੀ ✪ ਗਲੋਬਲ ਨਿਊਜ਼ ਨੇ ਕੈਨੇਡਾ ਸਰਕਾਰ ਦੇ ਕਦਮ ਉਪਰ ਖੜ੍ਹੇ ਕੀਤੇ ਸਵਾਲ ✪ ਕੈਨੇਡਾ ਦੇ ਨਿਆਂ ਵਿਭਾਗ ਵੱਲੋਂ ਸਬੂਤ ਲੁਕਾਉਣ ਦੀ ਮੰਗ 'ਤੇ ਸਿੱਖ ਜਥੇਬੰਦੀਆਂ ਨੇ ਪ੍ਰਗਟਾਈ ਚਿੰਤਾ

ਹੁਣੇ ਜਿਹੇ ਗਲੋਬਲ ਨਿਊਜ ਦੀ ਸਨਸਨੀਖੇਜ਼ ਖਬਰ ਨੇ ਸਾਰੇ ਸਿੱਖ ਭਾਈਚਾਰੇ ਨੂੰ ਹਿਲਾ ਦਿੱਤਾ ਹੈ। ਕੈਨੇਡਾ ਦਾ ਨਿਆਂ ਵਿਭਾਗ ਹੁਣ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਵਾਲੇ ਮੁਕੱਦਮੇ ਵਿਚ ਕੁਝ ਖਾਸ ਸੰਵੇਦਨਸ਼ੀਲ ਸਬੂਤਾਂ ਨੂੰ ਗੁਪਤ ਰੱਖਣ ਲਈ ਫੈਡਰਲ ਕੋਰਟ ਵਿਚ ਅਰਜ਼ੀ ਦੇ ਚੁੱਕਾ ਹੈ। ਇਸ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਸਬੂਤਾਂ ਦਾ ਖੁਲਾਸਾ ਕਰਨ ਨਾਲ ਅੰਤਰਰਾਸ਼ਟਰੀ ਰਿਸ਼ਤੇ ਅਤੇ ਕੌਮੀ ਸੁਰੱਖਿਆ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਹ ਖਬਰ ਗਲੋਬਲ ਨਿਊਜ਼ ਨੇ 19 ਫਰਵਰੀ 2026 ਨੂੰ ਛਾਪੀ ਸੀ ਅਤੇ ਇਸ ਤੋਂ ਬਾਅਦ ਪੂਰੀ ਦੁਨੀਆਂ ਵਿਚ ਚਰਚਾ ਛਿੜ ਗਈ।

ਇਥੇ ਜ਼ਿਕਰਯੋਗ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਇੱਕ ਖਾਲਿਸਤਾਨੀ ਸਿੱਖ ਨੇਤਾ ਸਨ ਜੋ ਕੈਨੇਡਾ ਵਿਚ ਰਹਿੰਦੇ ਸਨ। ਉਹ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਨ ਅਤੇ ਖਾਲਿਸਤਾਨ ਰੈਫਰੈਂਡਮ ਵਰਗੀਆਂ ਸ਼ਾਂਤੀਪੂਰਵਕ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਸਨ। 18 ਜੂਨ 2023 ਨੂੰ ਗੁਰਦੁਆਰਾ ਤੋਂ ਬਾਹਰ ਆਪਣੇ ਟਰੱਕ ਵਿਚ ਬੈਠ ਕੇ ਜਾ ਰਹੇ ਸਨ ਤਾਂ ਉਨ੍ਹਾਂ ਉੱਤੇ ਗੋਲੀਆਂ ਚਲਾ ਕੇ ਕਤਲ ਕਰ ਦਿਤਾ। ਇਸ ਘਟਨਾ ਨੇ ਨਾ ਸਿਰਫ ਸਿੱਖ ਭਾਈਚਾਰਾ ਬਲਕਿ ਪੂਰਾ ਕੈਨੇਡਾ ਹਿਲਾ ਦਿੱਤਾ ਸੀ।

ਉਸ ਵੇਲੇ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿਚ ਕਿਹਾ ਸੀ ਕਿ ਉਨ੍ਹਾਂ ਕੋਲ ਭਰੋਸੇਯੋਗ ਜਾਣਕਾਰੀ ਹੈ ਕਿ ਭਾਰਤੀ ਏਜੰਟ ਇਸ ਕਤਲ ਵਿਚ ਸ਼ਾਮਲ ਸਨ। ਇਸ ਤੋਂ ਬਾਅਦ ਕੈਨੇਡਾ ਅਤੇ ਭਾਰਤ ਵਿਚਾਲੇ ਰਿਸ਼ਤੇ ਖਰਾਬ ਹੋ ਗਏ ਸਨ। ਕੈਨੇਡਾ ਨੇ ਭਾਰਤੀ ਡਿਪਲੋਮੈਟਾਂ ਨੂੰ ਦੇਸ਼ ਛੱਡਣ ਲਈ ਕਿਹਾ ਸੀ ਅਤੇ ਭਾਰਤ ਨੇ ਵੀ ਕੈਨੇਡੀਅਨ ਡਿਪਲੋਮੈਟਾਂ ਨੂੰ ਭੇਜ ਦਿੱਤਾ ਸੀ। ਭਾਰਤ ਨੇ ਹਮੇਸ਼ਾ ਇਸ ਇਲਜ਼ਾਮ ਤੋਂ ਇਨਕਾਰ ਕੀਤਾ ਸੀ ਅਤੇ ਕਿਹਾ ਕਿ ਕੈਨੇਡਾ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਦੇ ਸਕਿਆ।

ਫਿਰ ਮਈ 2024 ਵਿਚ ਕੈਨੇਡਾ ਪੁਲਿਸ (ਆਰ. ਸੀ. ਐੱਮ. ਪੀ.) ਨੇ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਦੇ ਨਾਮ ਹਨ - ਅਮਨਦੀਪ ਸਿੰਘ ਅਤੇ ਕਰਨਪ੍ਰੀਤ ਸਿੰਘ (ਕਥਿਤ ਨਿਸ਼ਾਨੇਬਾਜ਼), ਕਰਨ ਬਰਾੜ (ਕਥਿਤ ਗੇਟਵੇ ਡਰਾਈਵਰ) ਅਤੇ ਕਮਲਪ੍ਰੀਤ ਸਿੰਘ। ਇਨ੍ਹਾਂ ਉੱਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਲੱਗੇ ਸਨ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਨੇ ਭਾਰਤ ਵਿਚ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਮਦਦ ਨਾਲ ਇਹ ਵਾਰਦਾਤ ਕੀਤੀ ਸੀ। ਅਜੇ ਤੱਕ ਲਾਰੈਂਸ ਬਿਸ਼ਨੋਈ ਜਾਂ ਉਸ ਦੇ ਸਾਥੀ ਗੋਲਡੀ ਬਰਾੜ ਉੱਤੇ ਇਸ ਕੇਸ ਵਿਚ ਇਲਜ਼ਾਮ ਨਹੀਂ ਲੱਗੇ ਸਨ। ਇਹ ਚਾਰੇ ਮੁਲਜ਼ਮ ਹੁਣ ਬੀ.ਸੀ. ਸੁਪਰੀਮ ਕੋਰਟ ਵਿਚ ਪ੍ਰੀ-ਟ੍ਰਾਇਲ ਪੜਾਅ ਵਿਚ ਹਨ। ਟ੍ਰਾਇਲ ਸ਼ਾਇਦ ਅਗਸਤ 2026 ਤੋਂ ਪਹਿਲਾਂ ਸ਼ੁਰੂ ਨਾ ਹੋਵੇ।

ਦਸੰਬਰ 2025 ਵਿਚ ਕੈਨੇਡਾ ਦੇ ਅਟਾਰਨੀ ਜਨਰਲ ਨੇ ਫੈਡਰਲ ਕੋਰਟ ਵਿਚ ਅਰਜ਼ੀ ਦਾਇਰ ਕੀਤੀ ਸੀ। ਇਹ ਅਰਜ਼ੀ ਕੈਨੇਡਾ ਐਵੀਡੈਂਸ ਐਕਟ ਦੀ ਧਾਰਾ 38 ਤਹਿਤ ਹੈ। ਇਸ ਵਿਚ ਮੰਗ ਕੀਤੀ ਗਈ ਹੈ ਕਿ ਕੁਝ ਸਬੂਤ ਗੁਪਤ ਰੱਖੇ ਜਾਣ ਤਾਂ ਜੋ ਉਨ੍ਹਾਂ ਦਾ ਖੁਲਾਸਾ ਨਾ ਹੋਵੇ। ਅਰਜ਼ੀ ਵਿਚ ਲਿਖਿਆ ਸੀ ਕਿ ਇਹ ਜਾਣਕਾਰੀ "ਅੰਤਰਰਾਸ਼ਟਰੀ ਰਿਸ਼ਤਿਆਂ ਅਤੇ ਕੌਮੀ ਸੁਰੱਖਿਆ ਲਈ ਨੁਕਸਾਨਦਾਇਕ" ਹੋ ਸਕਦੀ ਹੈ। ਗਲੋਬਲ ਨਿਊਜ਼ ਨੇ ਰਿਪੋਰਟ ਕੀਤੀ ਕਿ 2024



ਅਤੇ 2025 ਵਿਚ ਅਟਾਰਨੀ ਜਨਰਲ ਨੂੰ ਚਾਰ ਨੋਟਿਸ ਆਏ ਸਨ ਜਿਨ੍ਹਾਂ ਵਿਚ ਇਸ ਤਰ੍ਹਾਂ ਦੀ ਸੰਵੇਦਨਸ਼ੀਲ ਜਾਣਕਾਰੀ ਬਾਰੇ ਚੇਤਾਵਨੀ ਦਿੱਤੀ ਗਈ ਸੀ।

ਅਧਿਕਾਰਤ ਤੌਰ ਤੇ ਇਹਨਾਂ ਸਬੂਤਾਂ ਬਾਰੇ ਕੋਈ ਵੀ ਡਿਟੇਲ ਨਹੀਂ ਦੱਸੀ ਗਈ। ਪਰ ਖਬਰਾਂ ਅਨੁਸਾਰ ਇਹ ਸਬੂਤ ਉਨ੍ਹਾਂ ਖੁਫੀਆ ਏਜੰਸੀਆਂ ਤੋਂ ਆਏ ਹਨ ਜੋ ਕੈਨੇਡਾ ਦੀਆਂ ਮਿੱਤਰ ਏਜੰਸੀਆਂ ਹਨ। ਖਾਸ ਤੌਰ ਤੇ ਯੂਨਾਈਟਿਡ ਕਿੰਗਡਮ ਦੀ ਖੁਫੀਆ ਏਜੰਸੀ ਨੇ ਇੰਟਰਸੈਪਟ ਕੀਤੀਆਂ ਗੱਲਬਾਤਾਂ ਸਾਂਝੀਆਂ ਕੀਤੀਆਂ ਸਨ। ਗਲੋਬਲ ਨਿਊਜ਼ ਮੁਤਾਬਕ, ਯੂਨਾਈਟਿਡ ਕਿੰਗਡਮ ਦੀਆਂ ਏਜੰਸੀਆਂ ਨੇ ਕੁਝ ਅਜਿਹੀਆਂ ਗੱਲਾਂ ਰਿਕਾਰਡ ਕੀਤੀਆਂ ਸਨ ਜਿਨ੍ਹਾਂ ਵਿੱਚ ਉੱਚ ਪੱਧਰੀ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਸੰਕੇਤ ਮਿਲਦਾ ਸੀ।

ਅਮਰੀਕੀ ਕਨੈਕਸ਼ਨ: ਅਮਰੀਕਾ ਦੀ ਐਫਬੀਆਈ ਨੇ ਵੀ ਪੰਨੂ ਕਤਲ ਦੀ ਸਾਜ਼ਿਸ਼ ਦੌਰਾਨ ਕੁਝ ਅਜਿਹੇ ਸਬੂਤ ਇਕੱਠੇ ਕੀਤੇ ਸਨ ਜੋ ਨਿੱਝਰ ਕੇਸ ਨਾਲ ਜੁੜਦੇ ਹਨ। ਇਸ ਵਿਚ ਭਾਰਤੀ ਅਧਿਕਾਰੀਆਂ ਉਪਰ ਇਸ ਕਤਲ ਦੇ ਦੋਸ਼ੀ ਲਗੇ ਸਨ। ਅਮਰੀਕਾ ਦੀ ਐਫ.ਬੀ.ਆਈ. ਨੇ ਵੀ ਇੱਕ ਹੋਰ ਕੇਸ (ਗੁਰਪਤਵੰਤ ਸਿੰਘ ਪੰਨੂੰ ਵਾਲਾ) ਵਿਚ ਇਸ ਤਰ੍ਹਾਂ ਦੀਆਂ ਗੱਲਾਂ ਸੁਣੀਆਂ ਸਨ। ਇਹ ਜਾਣਕਾਰੀ ਮਿੱਤਰ ਦੇਸ਼ਾਂ ਵਿਚਾਲੇ ਸਾਂਝੀ ਕੀਤੀ ਗਈ ਸੀ। ਇਸ ਸ਼ਰਤ ਉਪਰ ਕਿ ਇਸ ਨੂੰ ਅਦਾਲਤ ਵਿਚ ਨਾ ਵਰਤਿਆ ਜਾਵੇ, ਕਿਉਂਕਿ ਇਸ ਨਾਲ ਖੁਫੀਆ ਤਰੀਕਿਆਂ ਅਤੇ ਲੋਕਾਂ ਦੀ ਪਛਾਣ ਖੁਲ੍ਹ ਜਾਵੇਗੀ। ਕੈਨੇਡਾ ਸਰਕਾਰ ਇਨ੍ਹਾਂ 'ਵਾਇਰਟੈਪ' ਰਿਕਾਰਡਿੰਗਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਝਿਜਕ ਰਹੀ ਹੈ ਕਿਉਂਕਿ ਇਹ 'ਫਾਈਵ ਆਈਜ਼' ਖੁਫੀਆ ਗੱਠਜੋੜ ਦੇ ਨਿਯਮਾਂ ਨਾਲ ਜੁੜੇ ਹੋਏ ਹਨ।

ਕੈਨੇਡਾ ਦੇ ਕਾਨੂੰਨੀ ਮਾਹਿਰਾਂ ਨੇ ਇਸ ਬਾਰੇ ਗੱਲ ਕੀਤੀ ਹੈ। ਯੂਨੀਵਰਸਿਟੀ ਆਫ ਕੈਲਗਰੀ ਦੇ ਪ੍ਰੋਫੈਸਰ ਮਾਈਕਲ ਨੈਸਬਿਟ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਅਰਜ਼ੀਆਂ ਬਹੁਤ ਆਮ ਹਨ, ਖਾਸ ਕਰਕੇ ਟੈਰਰਿਜ਼ਮ ਅਤੇ ਖੁਫੀਆ ਕੇਸਾਂ ਵਿਚ। ਉਨ੍ਹਾਂ ਕਿਹਾ ਕਿ ਅਦਾਲਤ ਇਸ ਉੱਤੇ ਨਜ਼ਰ ਰੱਖਦੀ ਹੈ ਅਤੇ ਬਚਾਅ ਪੱਖ ਵੀ ਚੁਣੌਤੀ ਦੇ ਸਕਦਾ ਹੈ। ਇੱਕ ਹੋਰ ਮਾਹਿਰ ਲੀਆ ਵੈਸਟ ਨੇ ਕਿਹਾ ਕਿ ਇਸ ਨੂੰ ਨੈਸ਼ਨਲ ਸਿਕਿਓਰਿਟੀ ਪ੍ਰਿਵਿਲੇਜ ਕਿਹਾ ਜਾਂਦਾ ਹੈ। ਇਸ ਨਾਲ ਖੁਫੀਆ ਤਰੀਕਿਆਂ ਦੀ ਰੱਖਿਆ ਹੁੰਦੀ ਹੈ। ਪਰ ਇਹ ਵੀ ਯਕੀਨੀ ਬਣਾਇਆ ਜਾਂਦਾ ਹੈ ਕਿ ਜੋ ਸਬੂਤ ਬਚਾਅ ਵਾਲਿਆਂ ਨੂੰ ਬੇਗੁਨਾਹ ਸਾਬਤ ਕਰ ਸਕਦਾ ਹੈ ਉਹ ਲੁਕਾਇਆ ਨਾ ਜਾਵੇ।

ਪੰਥਕ ਜਥੇਬੰਦੀਆਂ ਦਾ ਪ੍ਰਤੀਕਰਮ ਬਹੁਤ ਤਿੱਖਾ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਨੇ ਕਿਹਾ, "ਕੈਨੇਡਾ ਵੱਲੋਂ ਭਾਰਤ ਦੀ ਭੂਮਿਕਾ ਵਾਲੇ ਸਬੂਤ ਲੁਕਾਉਣ ਦੀ ਕੋਸ਼ਿਸ਼ ਨਿਆਂ ਦੀ ਤੋਹੀਨ ਹੈ। ਇਹ ਨਿੱਝਰ ਪਰਿਵਾਰ ਲਈ ਨਿਆਂ ਤੋਂ ਇਨਕਾਰ ਹੈ ਅਤੇ ਪੂਰੇ ਸਿੱਖ ਭਾਈਚਾਰੇ ਲਈ ਧੋਖਾ ਹੈ। ਇਸ ਨਾਲ ਭਾਰਤੀ ਏਜੰਸੀਆਂ ਹੋਰ ਵੀ ਅਜਿਹੀਆਂ ਘਟਨਾਵਾਂ ਕਰੇਗੀ। ਨਿਆਂ ਕਦੇ ਵੀ ਅੰਤਰਰਾਸ਼ਟਰੀ ਰਿਸ਼ਤਿਆਂ ਜਾਂ ਡਿਪਲੋਮੈਸੀ ਦੇ ਨਾਮ ਤੇ ਲੁਕਾਇਆ ਨਹੀਂ ਜਾ ਸਕਦਾ।" ਡਬਲਯੂ. ਐੱਸ. ਓ. ਦੇ ਪ੍ਰਧਾਨ ਡੈਨਿਸ਼ ਸਿੰਘ ਨੇ ਕਿਹਾ ਕਿ ਕੈਨੇਡਾ ਸਰਕਾਰ ਭਾਰਤ ਨਾਲ ਰਿਸ਼ਤੇ ਸੁਧਾਰਨ ਲਈ ਇਹ ਕਦਮ ਉਠਾ ਰਹੀ ਹੈ, ਜੋ ਕਿ "ਅਸਵੀਕਾਰਯੋਗ ਤੇ ਖਤਰਨਾਕ" ਹੈ।

ਹੁਣ ਤੱਕ ਇਸ ਕੇਸ ਵਿਚ ਪ੍ਰਗਤੀ ਇਸ ਲਈ ਨਹੀਂ ਹੋਈ , ਕਿਉਂਕਿ ਕੇਸ ਅਜੇ ਪ੍ਰੀ-ਟ੍ਰਾਇਲ ਪੜਾਅ ਵਿਚ ਹੈ। ਇਸ ਉੱਤੇ ਬੈਨ ਲੱਗਾ ਹੋਇਆ ਹੈ ਯਾਨੀ ਅਦਾਲਤ ਵਿਚ ਜੋ ਵੀ ਚਰਚਾ ਹੁੰਦੀ ਹੈ ਉਸ ਨੂੰ ਛਾਪਿਆ ਨਹੀਂ ਜਾ ਸਕਦਾ। ਕਈ ਵਾਰੀ ਇਸ ਕੇਸ ਦੀ ਸੁਣਵਾਈ ਮੁਲਤਵੀ ਹੋ ਚੁੱਕੀ ਹੈ - ਉਦਾਹਰਨ ਲਈ ਅਕਤੂਬਰ 2025 ਵਿਚ ਵੀ ਅਜਿਹਾ ਹੋਇਆ। ਇਸ ਵਿਚ ਰਾਸ਼ਟਰੀ ਸੁਰੱਖਿਆ ਵਾਲੇ ਮੁੱਦੇ ਸ਼ਾਮਲ ਹਨ ਇਸ ਲਈ ਫੈਡਰਲ ਅਤੇ ਪ੍ਰਾਂਤੀ ਅਦਾਲਤਾਂ ਵਿਚਾਲੇ ਫਾਈਲਾਂ ਘੁੰਮਦੀਆਂ ਰਹਿੰਦੀਆਂ ਹਨ। ਬੀ.ਸੀ. ਪ੍ਰੋਸੀਕਿਊਸ਼ਨ ਸਰਵਿਸ ਨੇ ਕਿਹਾ ਕਿ ਉਹ ਇਸ ਫੈਡਰਲ ਕੇਸ ਬਾਰੇ ਟਿੱਪਣੀ ਨਹੀਂ ਕਰ ਸਕਦੇ ਕਿਉਂਕਿ ਇਹ ਅਜੇ ਪ੍ਰੀ-ਟ੍ਰਾਇਲ ਵਿਚ ਹੈ।ਇਸ ਦਾ ਵੱਡਾ ਕਾਰਨ ਹੈ ਨਵੀਂ ਸਰਕਾਰ ਦੀ ਨੀਤੀ। ਫਰਵਰੀ 2025 ਵਿਚ ਮਾਰਕ ਕਾਰਨੀ ਪ੍ਰਧਾਨ ਮੰਤਰੀ ਬਣੇ ਅਤੇ ਉਨ੍ਹਾਂ ਭਾਰਤ ਨਾਲ ਰਿਸ਼ਤੇ ਸੁਧਾਰਨ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਭਾਰਤ ਨਾਲ ਵਪਾਰ ਵਧਾਉਣ ਲਈ ਮਾਰਚ 2026 ਵਿਚ ਭਾਰਤ ਦਾ ਦੌਰਾ ਵੀ ਤਹਿ ਕੀਤਾ ਹੈ। ਅਮਰੀਕਾ ਵਿਚ ਟਰੰਪ ਦੀਆਂ ਟੈਰਿਫ ਵਜ੍ਹਾ ਨਾਲ ਕੈਨੇਡਾ ਆਪਣੀ ਆਰਥਿਕਤਾ ਬਚਾਉਣ ਲਈ ਭਾਰਤ ਵਰਗੇ ਦੇਸ਼ਾਂ ਨਾਲ ਨੇੜਤਾ ਵਧਾ ਰਿਹਾ ਹੈ। ਸਿੱਖ ਭਾਈਚਾਰਾ ਇਸ ਨੂੰ ਧੋਖਾ ਮੰਨਦਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਭਾਰਤ ਉੱਤੇ ਇਲਜ਼ਾਮ ਹਨ ਅਤੇ ਦੂਜੇ ਪਾਸੇ ਵਪਾਰ ਲਈ ਰਿਸ਼ਤੇ ਸੁਧਾਰੇ ਜਾ ਰਹੇ ਹਨ। ਇਸ ਲਈ ਲੋਕ ਮੰਨਦੇ ਹਨ ਕਿ ਸਰਕਾਰ ਨਿਆਂ ਤੋਂ ਵੱਧ ਡਿਪਲੋਮੈਸੀ ਅਤੇ ਵਪਾਰ ਨੂੰ ਤਰਜੀਹ ਦੇ ਰਹੀ ਹੈ।


ਕੈਨੇਡੀਅਨ ਅਖ਼ਬਾਰਾਂ ਬਾਰੇ ਗੱਲ ਕਰੀਏ ਤਾਂ ਗਲੋਬਲ ਨਿਊਜ਼ ਨੇ ਇਸ ਖਬਰ ਨੂੰ ਸਭ ਤੋਂ ਵੱਧ ਵਿਸਥਾਰ ਨਾਲ ਛਾਪਿਆ। ਉਨ੍ਹਾਂ ਦੇ ਰਿਪੋਰਟਰ ਸਟੂਅਰਟ ਬੈੱਲ ਨੇ ਲਿਖਿਆ ਕਿ ਇਹ ਅਰਜ਼ੀ ਆਮ ਹੈ ਪਰ ਇਸ ਕੇਸ ਵਿਚ ਇਸ ਨਾਲ ਸਿੱਖ ਭਾਈਚਾਰੇ ਵਿਚ ਗੁੱਸਾ ਵਧ ਰਿਹਾ ਹੈ। ਸੀ.ਟੀ.ਵੀ. ਨਿਊਜ਼ ਅਤੇ ਸੀ.ਬੀ.ਸੀ. ਨੇ ਵੀ ਇਸ ਨੂੰ ਛਾਪਿਆ ਅਤੇ ਲਿਖਿਆ ਕਿ ਇਸ ਨਾਲ ਟ੍ਰਾਇਲ ਵਿਚ ਦੇਰੀ ਹੋ ਸਕਦੀ ਹੈ। ਟੋਰਾਂਟੋ ਸਟਾਰ ਅਤੇ ਹੋਰ ਅਖ਼ਬਾਰਾਂ ਨੇ ਲਿਖਿਆ ਕਿ ਇਹ ਕਦਮ ਕੈਨੇਡਾ ਦੀਆਂ ਖੁਫੀਆ ਏਜੰਸੀਆਂ ਨੂੰ ਬਚਾਉਣ ਲਈ ਹੈ ਪਰ ਇਸ ਨਾਲ ਨਿਆਂ ਦੀ ਪਾਰਦਰਸ਼ਤਾ ਉੱਤੇ ਸਵਾਲ ਉੱਠ ਰਹੇ ਹਨ।

ਦੂਜੇ ਪਾਸੇ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕਿਹਾ, "ਅਸੀਂ ਇਸ ਤੋਂ ਚਿੰਤਤ ਨਹੀਂ ਹਾਂ। ਅਸੀਂ ਕੈਨੇਡਾ ਨਾਲ ਮਿਲ ਕੇ ਅਸਲੀ ਦੋਸ਼ੀਆਂ ਨੂੰ ਸਜ਼ਾ ਦੇਣਾ ਚਾਹੁੰਦੇ ਹਾਂ। ਜੇ ਸਾਡੇ ਅੰਦਰ ਕੋਈ ਸ਼ਾਮਲ ਹੋਇਆ ਤਾਂ ਅਸੀਂ ਖੁਦ ਕਾਰਵਾਈ ਕਰਾਂਗੇ।" ਉਨ੍ਹਾਂ ਨੇ ਕਿਹਾ ਕਿ ਅਜੇ ਤੱਕ ਕੋਈ ਠੋਸ ਸਬੂਤ ਨਹੀਂ ਦਿੱਤਾ ਗਿਆ। ਬੀ.ਬੀ.ਸੀ. ਅਤੇ ਰਾਇਟਰਜ਼ ਵਰਗੀਆਂ ਅੰਤਰਰਾਸ਼ਟਰੀ ਏਜੰਸੀਆਂ ਨੇ ਇਸ ਨੂੰ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ (ਵਿਦੇਸ਼ੀ ਰਾਜਾਂ ਵੱਲੋਂ ਵਿਦੇਸ਼ ਵਿਚ ਲੋਕਾਂ ਉੱਤੇ ਹਮਲਾ) ਦਾ ਹਿੱਸਾ ਦੱਸਿਆ ਅਤੇ ਲਿਖਿਆ ਕਿ ਚੀਨ, ਭਾਰਤ ਅਤੇ ਈਰਾਨ ਵਰਗੇ ਦੇਸ਼ ਇਸ ਤਰ੍ਹਾਂ ਕਰਦੇ ਹਨ।

ਇਸ ਤੋਂ ਇਲਾਵਾ ਇੱਕ ਰਿਪੋਰਟ ਵਿਚ ਮਾਂਟ੍ਰੀਆਲ ਇੰਸਟੀਚਿਊਟ ਫਾਰ ਗਲੋਬਲ ਸਿਕਿਓਰਿਟੀ ਨੇ ਕਿਹਾ ਕਿ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਕੈਨੇਡਾ ਲਈ ਵੱਡਾ ਖਤਰਾ ਬਣ ਰਿਹਾ ਹੈ। ਇਸ ਵਿਚ ਲਿਖਿਆ ਗਿਆ ਕਿ ਵਿਦੇਸ਼ੀ ਰਾਜ ਲੋਕਾਂ ਨੂੰ ਧਮਕਾਉਂਦੇ ਹਨ, ਨਿਗਰਾਨੀ ਕਰਦੇ ਹਨ ਅਤੇ ਕਈ ਵਾਰੀ ਹੱਤਿਆ ਵੀ ਕਰਵਾਉਂਦੇ ਹਨ। ਨਿੱਝਰ ਕੇਸ ਇਸ ਦੀ ਇੱਕ ਉਦਾਹਰਨ ਹੈ।

ਸਿੱਖ ਭਾਈਚਾਰਾ ਇਸ ਸਭ ਤੋਂ ਬਹੁਤ ਨਿਰਾਸ਼ ਹੈ। ਉਨ੍ਹਾਂ ਕਿਹਾ ਕਿ ਜੇ ਸਬੂਤ ਲੁਕਾਏ ਗਏ ਤਾਂ ਇਸ ਨਾਲ ਇਹ ਸੰਦੇਸ਼ ਜਾਵੇਗਾ ਕਿ ਵਿਦੇਸ਼ੀ ਰਾਜ ਕੈਨੇਡਾ ਵਿਚ ਆ ਕੇ ਕਤਲ ਕਰ ਸਕਦੇ ਹਨ ਅਤੇ ਫਿਰ ਸਬੂਤ ਲੁਕਾਉਣ ਵਿਚ ਸਰਕਾਰ ਮਦਦ ਕਰੇਗੀ। ਉਨ੍ਹਾਂ ਮੰਗ ਕੀਤੀ ਹੈ ਕਿ ਪੂਰਾ ਸਬੂਤ ਖੁਲਾਸਾ ਕੀਤਾ ਜਾਵੇ ਤਾਂ ਜੋ ਟ੍ਰਾਇਲ ਨਿਰਪੱਖ ਹੋਵੇ। ਇੱਕ ਪਾਸੇ ਅਮਰੀਕਾ ਵਿਚ ਪੰਨੂੰ ਕੇਸ ਵਿਚ ਭਾਰਤੀ ਅਧਿਕਾਰੀਆਂ ਦਾ ਨਾਮ ਲੈ ਕੇ ਗੁਪਤਾ ਨੇ ਗੁਨਾਹ ਕਬੂਲ ਲਿਆ ਅਤੇ ਸਬੂਤ ਖੁਲ੍ਹ ਕੇ ਸਾਹਮਣੇ ਆਏ ਹਨ, ਉਥੇ ਕੈਨੇਡਾ ਵਿਚ ਲੁਕਾਉਣ ਦੀ ਕੋਸ਼ਿਸ਼ ਚੱਲ ਰਹੀ ਹੈ।

ਨਿੱਝਰ ਕਤਲ ਕੇਸ ਸਿਰਫ਼ ਇੱਕ ਅਪਰਾਧਿਕ ਮਾਮਲਾ ਨਹੀਂ ਰਿਹਾ, ਸਗੋਂ ਇਹ ਕੈਨੇਡਾ ਦੀ ਕੌਮੀ ਸੁਰੱਖਿਆ, ਵਿਦੇਸ਼ ਨੀਤੀ ਅਤੇ ਸਿੱਖ ਭਾਈਚਾਰੇ ਦੇ ਭਰੋਸੇ ਦਾ ਇਮਤਿਹਾਨ ਬਣ ਗਿਆ ਹੈ। ਸਥਾਨਕ ਮੀਡੀਆ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਜੇਕਰ ਅਦਾਲਤ ਨੇ ਸਬੂਤ ਲੁਕਾਉਣ ਦੀ ਇਜਾਜ਼ਤ ਦਿੱਤੀ, ਤਾਂ ਦੋਸ਼ੀਆਂ (ਅਮਨਦੀਪ ਸਿੰਘ, ਕਰਨਪ੍ਰੀਤ ਸਿੰਘ ਆਦਿ) ਦੇ ਵਕੀਲ ਇਸ ਨੂੰ 'ਫੇਅਰ ਟ੍ਰਾਇਲ' (ਨਿਰਪੱਖ ਸੁਣਵਾਈ) ਦੇ ਖਿਲਾਫ ਦੱਸ ਕੇ ਕੇਸ ਕਮਜ਼ੋਰ ਕਰ ਸਕਦੇ ਹਨ। ਜੇਕਰ ਸਰਕਾਰ ਸਬੂਤਾਂ ਨੂੰ 'ਕੌਮੀ ਸੁਰੱਖਿਆ' ਦੇ ਨਾਂ ਹੇਠ ਦਬਾਉਂਦੀ ਹੈ, ਤਾਂ ਇਹ ਭਾਰਤ ਨਾਲ ਰਿਸ਼ਤੇ ਤਾਂ ਸ਼ਾਇਦ ਸੁਧਾਰ ਲਵੇ, ਪਰ ਕੈਨੇਡਾ ਦੇ ਇਨਸਾਫ਼ ਪ੍ਰਬੰਧ 'ਤੇ ਵੱਡੇ ਸਵਾਲ ਖੜ੍ਹੇ ਕਰ ਦੇਵੇਗੀ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਆਜਾਦ ਲੋਕਾਂ ਪਾਸ ਮਾਲ ਧੰਨ ਨਹੀਂ ਰਹਿੰਦਾ ਜਿਵੇਂ ਆਸ਼ਕ ਦੇ ਦਿਲ 'ਚ ਸਬਰ ਤੇ ਛਾਣਨੀ ਵਿਚ ਪਾਣੀ ਨਹੀਂ ਰਹਿੰਦਾ।

# ਪੰਜਾਬ ਦੇ ਪਾਣੀ, ਸਿਆਸੀ ਰਣਨੀਤੀ ਅਤੇ ਗੈਰ-ਰਿਪੇਰੀਅਨ ਸੂਬਿਆਂ ਦਾ ਵਿਵਾਦ

ਪੰਜਾਬ ਦੀ ਸਿਆਸਤ ਵਿੱਚ 'ਪਾਣੀਆਂ ਦਾ ਮੁੱਦਾ' ਕੋਈ ਨਵਾਂ ਨਹੀਂ ਹੈ, ਪਰ ਸਮੇਂ-ਸਮੇਂ 'ਤੇ ਇਸ ਦਾ ਮੁੜ ਭਖਣਾ ਇਹ ਸਾਬਿਤ ਕਰਦਾ ਹੈ ਕਿ ਇਹ ਸੂਬੇ ਦੀ ਆਰਥਿਕਤਾ ਅਤੇ ਭਾਵਨਾਵਾਂ ਦੀ ਰੀੜ੍ਹ ਦੀ ਹੱਡੀ ਹੈ। ਹਾਲ ਹੀ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਜਸਥਾਨ ਨੂੰ ਜਾਂਦੇ ਪਾਣੀ ਨੂੰ ਰੋਕਣ ਦਾ ਐਲਾਨ ਅਤੇ ਕੇਂਦਰ ਸਰਕਾਰ ਦੀ ਭੂਮਿਕਾ ਨੇ ਇਸ ਚਰਚਾ ਨੂੰ ਮੁੜ ਗਰਮਾ ਦਿੱਤਾ ਹੈ। ਇਹ ਕੇਵਲ ਸਿਆਸੀ ਬਿਆਨਬਾਜ਼ੀ ਨਹੀਂ, ਸਗੋਂ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਲੁੱਟ ਅਤੇ ਸੰਵਿਧਾਨਕ ਹੱਕਾਂ ਦੀ ਲੜਾਈ ਦਾ ਇੱਕ ਅਹਿਮ ਪੜਾਅ ਹੈ। ਅੰਤਰਰਾਸ਼ਟਰੀ 'ਰਿਪੇਰੀਅਨ ਕਾਨੂੰਨ' ਮੁਤਾਬਕ ਦਰਿਆਈ ਪਾਣੀਆਂ 'ਤੇ ਪਹਿਲਾ ਹੱਕ ਉਸ ਸੂਬੇ ਦਾ ਹੁੰਦਾ ਹੈ ਜਿਸ ਵਿੱਚੋਂ ਉਹ ਦਰਿਆ ਗੁਜ਼ਰਦੇ ਹਨ। ਰਾਜਸਥਾਨ ਪੰਜਾਬ ਦੇ ਦਰਿਆਵਾਂ ਲਈ ਇੱਕ 'ਗੈਰ-ਰਿਪੇਰੀਅਨ' ਰਾਜ ਹੈ, ਭਾਵ ਉੱਥੋਂ ਪੰਜਾਬ ਦਾ ਕੋਈ ਦਰਿਆ ਨਹੀਂ ਲੰਘਦਾ। ਇਸ ਦੇ ਬਾਵਜੂਦ, ਹਰੀਕੇ ਬੈਰਾਜ਼ ਤੋਂ ਇੰਦਰਾ ਗਾਂਧੀ ਕੈਨਾਲ ਰਾਹੀਂ ਸਾਲਾਨਾ 8.6 ਤੋਂ 9.7 ਐਮਏਐਫ ਪਾਣੀ ਰਾਜਸਥਾਨ ਨੂੰ ਦਿੱਤਾ ਜਾ ਰਿਹਾ ਹੈ। ਜਦੋਂ ਪੰਜਾਬ ਦਾ ਆਪਣਾ ਭੂਮੀਗਤ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਨੀਵਾਂ ਜਾ ਰਿਹਾ ਹੈ ਅਤੇ ਸੂਬੇ ਦੇ ਕਈ ਬਲਾਕ 'ਡਾਰਕ ਜ਼ੋਨ' ਬਣ ਚੁੱਕੇ ਹਨ, ਤਾਂ ਰਾਜਸਥਾਨ ਨੂੰ ਮੁਫ਼ਤ ਪਾਣੀ ਦੀ ਸਪਲਾਈ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਂਗ ਹੈ।

ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਇਹ ਸਵਾਲ ਲਗਾਤਾਰ ਉੱਠ ਰਿਹਾ ਹੈ ਕਿ ਕੇਂਦਰ ਸਰਕਾਰ ਪੰਜਾਬ ਨਾਲ ਧੋਖਾ ਕਿਉਂ ਕਰ ਰਹੀ ਹੈ ? ਇਤਿਹਾਸ ਗਵਾਹ ਹੈ ਕਿ 1981 ਦੇ ਸਮਝੌਤੇ ਅਤੇ 1986 ਦੇ ਟ੍ਰਿਬਿਊਨਲ ਰਾਹੀਂ ਕੇਂਦਰ ਨੇ ਹਮੇਸ਼ਾ ਅਜਿਹੇ ਫੈਸਲੇ ਲਏ ਜੋ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਸਨ। ਸੰਵਿਧਾਨ ਦੀ ਧਾਰਾ 262 ਕੇਂਦਰ ਨੂੰ ਅੰਤਰਰਾਜੀ ਦਰਿਆਈ ਵਿਵਾਦਾਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਦਿੰਦੀ ਹੈ, ਪਰ ਇਸ ਦਾ ਇਸਤੇਮਾਲ ਅਕਸਰ ਸਿਆਸੀ ਲਾਹੇ ਲਈ ਕੀਤਾ ਜਾਂਦਾ ਰਿਹਾ ਹੈ। ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਦੇਣ ਲਈ ਪੰਜਾਬ 'ਤੇ ਦਬਾਅ ਪਾਉਣਾ ਅਤੇ ਸੂਬੇ ਦੇ ਕਾਨੂੰਨੀ ਅਧਿਕਾਰਾਂ ਨੂੰ ਦਰਕਿਨਾਰ ਕਰਨਾ ਪੰਜਾਬ ਦੀ ਆਰਥਿਕ ਨਾਕਾਬੰਦੀ ਕਰਨ ਦੇ ਬਰਾਬਰ ਹੈ।

ਸੁਖਬੀਰ ਸਿੰਘ ਬਾਦਲ ਦਾ 'ਪਾਣੀ ਰੋਕਣ' ਦਾ ਐਲਾਨ ਪੰਜਾਬ ਦੇ ਹੱਕਾਂ ਦੀ ਗੱਲ ਕਰਦਾ ਹੈ। ਰਾਜਸਥਾਨ ਵਿੱਚ ਇਸ ਵੇਲੇ ਭਾਜਪਾ ਦੀ ਸਰਕਾਰ ਹੈ ਅਤੇ ਅਕਾਲੀ ਦਲ ਦੇ ਭਾਜਪਾ ਨਾਲ ਮੁੜ ਗੱਠਜੋੜ ਦੀਆਂ ਚਰਚਾਵਾਂ ਦਰਮਿਆਨ ਅਜਿਹਾ ਬਿਆਨ ਦੇਣਾ ਪੰਜਾਬ ਦੇ ਹਿਤ ਵਿਚ ਹੈ। ਕਾਨੂੰਨੀ ਮਾਹਿਰਾਂ ਅਨੁਸਾਰ, ਕੇਂਦਰੀ ਨੋਟੀਫਿਕੇਸ਼ਨ ਅਤੇ ਟ੍ਰਿਬਿਊਨਲ ਦੇ ਫੈਸਲੇ ਪਾਣੀ ਰੋਕਣ ਦੇ ਰਾਹ ਵਿੱਚ ਵੱਡੀ ਰੁਕਾਵਟ ਹਨ। ਪਰ ਸਵਾਲ ਇਹ ਹੈ ਕਿ ਜੇਕਰ ਪੰਜਾਬ ਕੋਲ ਵਾਧੂ ਪਾਣੀ ਹੈ ਹੀ ਨਹੀਂ, ਤਾਂ ਉਹ ਕਿਸੇ ਹੋਰ ਨੂੰ ਕਿਵੇਂ ਦੇ ਸਕਦਾ ਹੈ ?

ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ 'ਪਾਣੀਆਂ ਦੇ ਮੁੱਦੇ' 'ਤੇ ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਇੱਕ ਸਾਂਝਾ ਫਰੰਟ ਬਣਾਉਣ ਦੀ ਲੋੜ ਹੈ। ਐਸ.ਵਾਈ.ਐਲ. ਅਤੇ ਰਾਜਸਥਾਨ ਨੂੰ ਜਾਂਦੇ ਪਾਣੀ ਦੇ ਮਸਲੇ ਵੱਖਰੇ ਹੋ ਸਕਦੇ ਹਨ, ਪਰ ਇਨ੍ਹਾਂ ਦਾ ਮੂਲ ਆਧਾਰ ਇੱਕੋ ਹੈ-ਪੰਜਾਬ ਦੇ ਕੁਦਰਤੀ ਸਰੋਤਾਂ ਦੀ ਰੱਖਿਆ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀ ਬਦਲ ਰਹੀ ਭੂਗੋਲਿਕ ਅਤੇ ਜਲਵਾਯੂ ਸਥਿਤੀ ਨੂੰ ਦੇਖਦੇ ਹੋਏ ਪੁਰਾਣੇ ਸਮਝੌਤਿਆਂ 'ਤੇ ਮੁੜ ਵਿਚਾਰ ਕਰੇ। ਪੰਜਾਬ ਦਾ ਪਾਣੀ ਕੇਵਲ ਸਿੰਚਾਈ ਦਾ ਸਾਧਨ ਨਹੀਂ, ਸਗੋਂ ਇਹ ਪੰਜਾਬ ਦੀ ਜ਼ਿੰਦਗੀ ਹੈ। ਜੇਕਰ ਦਰਿਆ ਸੁੱਕ ਗਏ, ਤਾਂ ਪੰਜਾਬ ਦੀ ਕਿਸਾਨੀ ਅਤੇ ਆਰਥਿਕਤਾ ਬਰਬਾਦ ਹੋ ਜਾਵੇਗੀ। ਰਾਜਸਥਾਨ ਨੂੰ ਜਾਂਦੇ ਪਾਣੀ 'ਤੇ ਰੋਕ ਲਗਾਉਣ ਦੀ ਮੰਗ ਸਿਰਫ਼ ਸਿਆਸੀ ਬਿਆਨ ਨਹੀਂ, ਸਗੋਂ ਪੰਜਾਬ ਦੇ ਅਸਤਿਤਵ ਦੀ ਪੁਕਾਰ ਹੋਣੀ ਚਾਹੀਦੀ ਹੈ। ਕੇਂਦਰ ਨੂੰ 'ਵੱਡੇ ਭਰਾ' ਦੀ ਭੂਮਿਕਾ ਨਿਭਾਉਂਦੇ ਹੋਏ ਪੰਜਾਬ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਨੂੰ ਰੋਕਣਾ ਚਾਹੀਦਾ ਹੈ, ਨਾ ਕਿ ਇਸ ਨੂੰ ਸਿਆਸੀ ਲੜਾਈ ਦਾ ਮੈਦਾਨ ਬਣਾਉਣਾ ਚਾਹੀਦਾ ਹੈ।

## ਅਮਰੀਕਾ ਵਿੱਚ ਅਪਰਾਧਿਕ ਸੂਚੀ ਦਾ ਦਾਗ਼ ਅਤੇ ਭਾਰਤੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ

ਅਮਰੀਕਾ ਦੇ 'ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ' ਵੱਲੋਂ ਹਾਲ ਹੀ ਵਿੱਚ ਜਾਰੀ ਕੀਤੀ ਗਈ 25,000 ਖ਼ਤਰਨਾਕ ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਦੀ ਸੂਚੀ ਨੇ ਵਿਸ਼ਵ ਭਰ ਵਿੱਚ ਵਸਦੇ ਭਾਰਤੀਆਂ, ਵਿਸ਼ੇਸ਼ ਕਰਕੇ ਪੰਜਾਬੀ ਅਤੇ ਗੁਜਰਾਤੀ ਭਾਈਚਾਰੇ ਵਿੱਚ ਇੱਕ ਵੱਡੀ ਹਲਚਲ ਅਤੇ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਸੂਚੀ ਵਿੱਚ 89 ਭਾਰਤੀ ਮੂਲ ਦੇ ਵਿਅਕਤੀਆਂ ਦਾ ਨਾਮ ਸ਼ਾਮਿਲ ਹੋਣਾ ਕੇਵਲ ਅੰਕੜਿਆਂ ਦੀ ਖੇਡ ਨਹੀਂ, ਸਗੋਂ ਉਸ ਮਾਣਮੱਤੇ ਅਕਸ 'ਤੇ ਇੱਕ ਗਹਿਰੀ ਸੱਟ ਹੈ, ਜੋ ਭਾਰਤੀਆਂ ਨੇ ਦਹਾਕਿਆਂ ਦੀ ਸਖ਼ਤ ਮਿਹਨਤ ਨਾਲ ਅਮਰੀਕੀ ਧਰਤੀ 'ਤੇ ਬਣਾਇਆ ਸੀ। ਸਰਕਾਰੀ ਵੈੱਬਸਾਈਟ 'ਤੇ ਜਨਤਕ ਕੀਤੇ ਗਏ ਵੇਰਵੇ ਦੱਸਦੇ ਹਨ ਕਿ ਇਨ੍ਹਾਂ 89 ਭਾਰਤੀਆਂ ਵਿੱਚੋਂ ਦੋ ਦਰਜਨ ਤੋਂ ਵਧੇਰੇ ਅਜਿਹੇ ਹਨ ਜਿਨ੍ਹਾਂ ਦੇ ਨਾਮ ਨਾਲ 'ਸਿੰਘ' ਜਾਂ 'ਕੌਰ' ਜੁੜਿਆ ਹੋਇਆ ਹੈ। ਹਾਲਾਂਕਿ ਇਨ੍ਹਾਂ ਵਿੱਚੋਂ ਬਹੁਤੇ ਮੋਨੇ (ਗੈਰ-ਦਸਤਾਰਧਾਰੀ) ਹਨ, ਪਰ ਇਨ੍ਹਾਂ ਦੀ ਪਛਾਣ ਪੰਜਾਬੀ ਭਾਈਚਾਰੇ ਨਾਲ ਹੋਣਾ ਸਮੁੱਚੀ ਕੌਮ ਲਈ ਮੰਦਭਾਗੀ ਗੱਲ ਹੈ। ਇਸੇ ਤਰ੍ਹਾਂ ਪਟੇਲ ਅਤੇ ਹੋਰ ਗੁਜਰਾਤੀ ਮੂਲ ਦੇ ਵਿਅਕਤੀਆਂ ਦੀ ਵੱਡੀ ਗਿਣਤੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਪਰਾਧ ਦੀ ਇਸ ਕਾਲੀ ਸੂਚੀ ਵਿੱਚ ਭਾਰਤ ਦੇ ਪ੍ਰਗਤੀਸ਼ੀਲ ਸੂਬਿਆਂ ਦੇ ਲੋਕ ਵੀ ਪਿੱਛੇ ਨਹੀਂ ਹਨ। ਕਤਲ, ਡਾਕੇ, ਜਿਨਸੀ ਅਪਰਾਧ, ਨਸ਼ਾ ਤਸਕਰੀ ਅਤੇ ਵਿੱਤੀ ਧੋਖਾਧੜੀ ਵਰਗੇ ਗੰਭੀਰ ਦੋਸ਼ਾਂ ਨੇ ਇਨ੍ਹਾਂ ਵਿਅਕਤੀਆਂ ਨੂੰ ਅਮਰੀਕੀ ਸਮਾਜ ਲਈ 'ਖ਼ਤਰਾ' ਸਾਬਿਤ ਕਰ ਦਿੱਤਾ ਹੈ। ਬਾਕੀ ਹਿਸਾ ਸਫ਼ਾ 9 ਤੇ ਪੜ੍ਹੋ

**NEWS & VIEWS**

# EPSTEIN FILES AND NEED FOR HUMAN CODE OF CONDUCT (*REHT*)


Gurmukh Singh OBE

Over 3 million images and videos have been made public, linking many powerful and super-rich public figures with Jeffrey Epstein, the convicted sex offender. An extensive network of sexual exploitation and trafficking has been exposed. The files reveal how *Epstein exploited elite social, business, and political networks to create a global criminal enterprise. This indicates a failure in current ethical standards among the powerful, where social connections allowed for the evasion of justice.*

According to UN experts, the *trafficking and sexual slavery* indicted by the files, *meet the threshold of crimes against humanity, highlighting an urgent need for global standards to combat extreme misogyny and the dehumanization of women and girls.*

The sordid saga continues with daily headlines and new revelations. It is a series of events over the decades which are morally corrupt. The naming of many global figures, including British royal, ex-Prince Andrew, have shaken the average person. It is remarkable how even after a 2008 sex conviction, Epstein continued contacts with high profile people. This highlights the need for a stronger ethical framework that places objective checks and public accountability in public appointments *above social familiarity*.

Whatever their alleged involvement, the image of these rich and powerful men has suffered. Without a self-disciplining code of human conduct, we are reminded of Gurbani Pankti: ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥ II (*O sexual desire, you lead the mortals to hell [lead them astray to suffer] wandering in reincarnations* (SGGS Ang 1358)

The names of the famous include President Trump. According to sources, he has been mentioned over 38,000 times. In one 2019 email from Epstein allegedly claimed Trump knew about the girls, Trump has denied that. Ex-Prince Andrew now just Andrew Mountbatten-Windsor, continued contact with Epstein even after conviction of Epstein in 2008. Photos show him in compromising positions with women. He was arrested on 19 February 2026. Peter Mandelson, former UK politician resigned from the Labour Party and the House of Lords after files suggested he received $75,000 in payments from Epstein and allegedly shared sensitive government information. He was arrested by police on 23 February 2026 on suspicion of misconduct in public office. Emails show that Elon Musk was *inquiring about wild parties on an island owned by Epstein*. Amongst others, Bill Gates has been mentioned.

The Epstein files show that unless a code of conduct is followed in life, human nature leads one astray. More so once a certain level of affluence and fame is reached. Desire for pleasure and power has no limits and, if not controlled and disciplined, leads to misery.

That too is the central Message of Gurbani and the Sikh Code of Conduct, the Sikh Reht Maryada derived from Gurbani, the collective Wisdom of saintly beings including the Gurus and their lived experience. It is *the key to Sikh spiritual and social philosophy*.

Epstein files is a powerful reminder for the Sikhs facing their own challenges in Panjab and globally, that truthful conduct and honest living is the only solution to Sikhi survival. Living a Sikhi life as close to the Sikh Reht Maryada as possible, can gives us stable family lives, sense of Sikhi responsibility, unity and community strength. It is not numbers but quality of lived Sikhi which matters.

Guru Gobind Singh Ji made it clear that Sikhi *Reht*, the code of conduct derived from Gurbani, is more important for Him then the *Sikh* (in name only).

**Gurmukh Singh OBE**, Ret'd Principal Civil Servant (UK) sewauk2005@yahoo.co.uk

# ਈਰਾਨ ਤੇ ਹਮਲਾ ਕਰਨ ਲਈ ਯੂ ਕੇ ਦੇ ਫੌਜੀ ਠਿਕਾਣਿਆਂ ਦੀ ਵਰਤੋਂ ਕਰਨ ਦੀ ਬਰਤਾਨੀਆਂ ਸਰਕਾਰ ਨੇ ਅਮਰੀਕਾ ਨੂੰ ਕੀਤੀ ਕੋਰੀ ਨਾਂਹ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੁਝ ਸਮੇਂ ਤੋਂ ਅਮਰੀਕਾ ਅਤੇ ਬਰਤਾਨੀਆਂ ਵਿੱਚ ਕਈ ਮਾਮਲਿਆਂ ਨੂੰ ਲੈ ਕੇ ਆਪਸੀ ਵਿਰੋਧ ਰਿਹਾ ਹੈ। ਭਾਵੇਂ ਉਹ ਯੂਰਪੀਅਨ ਸੰਘ ਨਾਲ ਬਰਤਾਨੀਆਂ ਦੀ ਨੇੜਤਾ, ਯੂਕਰੇਨ ਯੁੱਧ ਜਾਂ ਹੋਰ ਕਈ ਮਾਮਲਿਆਂ 'ਚ ਬਰਤਾਨੀਆਂ ਨੇ ਅਮਰੀਕਾ ਦੀ ਹਾਂ ਵਿੱਚ ਹਾਂ ਨਹੀਂ ਮਿਲਾਈ।

ਲੇਕਨ ਹੁਣ ਈਰਾਨ ਤੇ ਅਮਰੀਕਾ ਦੇ ਸੰਭਾਵੀ ਫੌਜੀ ਹਮਲੇ ਨੂੰ ਲੈ ਕੇ ਵੀ ਬਰਤਾਨੀਆਂ ਨੇ ਆਪਣਾ ਸਟੈਂਡ ਸ਼ਪਸ਼ਟ ਕਰਦਿਆਂ ਯੂ ਕੇ ਦੇ ਫੌਜੀ ਠਿਕਾਣਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਅਮਰੀਕਾ ਨੇ ਪਹਿਲਾਂ ਮੱਧ ਪੂਰਬ ਖੇਤਰ ਵਿੱਚ ਹਮਲੇ ਕਰਨ ਲਈ ਗਲੋਸਟਰਸ਼ਾਇਰ ਵਿੱਚ ਆਰ ਏ ਐਫ ਫੇਅਰਫੋਰਡ ਅਤੇ ਹਿੰਦ ਮਹਾਸਾਗਰ ਵਿੱਚ ਯੂ ਕੇ ਦੇ ਵਿਦੇਸ਼ੀ ਖੇਤਰ ਡਿਏਗੋ ਗਾਰਸੀਆ ਦੀ ਵਰਤੋਂ ਕਰ ਚੁੱਕਾ ਹੈ।

ਲੇਕਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਰ ਕੀਰ ਸਟਾਰਮਰ ਦੇ ਚਾਗੋਸ ਟਾਪੂਆਂ ਨੂੰ ਮਾਰੀਸ਼ਸ ਨੂੰ ਸੌਂਪਣ ਅਤੇ ਇੱਕ ਸਾਂਝੇ ਯੂ ਕੇ-ਅਮਰੀਕੀ ਫੌਜੀ ਅੱਡੇ ਨੂੰ ਵਾਪਸ ਲੀਜ਼ 'ਤੇ ਦੇਣ ਦੇ ਸੌਦੇ ਦੀ ਕੀਤੀ ਗਈ ਆਲੋਚਨਾ ਇਸ ਦਾ ਕਾਰਨ ਮੰਨਿਆ ਜਾ ਰਿਹਾ ਹੈ।

ਯੂ ਕੇ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਸੰਚਾਲਨ ਮਾਮਲਿਆਂ 'ਤੇ ਟਿੱਪਣੀ ਨਹੀਂ ਕਰਦੇ। ਅਮਰੀਕਾ, ਈਰਾਨ 'ਤੇ ਪ੍ਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਦਬਾਅ ਪਾ ਰਿਹਾ ਹੈ। ਜੇਕਰ ਇਹ ਅਜਿਹਾ ਕਰਨ ਵਿੱਚ ਅਸਫਲ ਰਹਿੰਦਾ ਹੈ ਅਤੇ ਸੰਭਾਵਿਤ ਹਮਲੇ ਦੀ ਤਿਆਰੀ ਕਰਦਿਆਂ ਜੰਗੀ ਜਹਾਜ਼ ਅਤੇ ਹੋਰ ਫੌਜੀ ਸਮਾਨ ਈਰਾਨ ਵੱਲ ਭੇਜ ਦਿੱਤੇ ਹਨ।

ਯੂ ਕੇ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਇੱਕ ਰਾਜਨੀਤਿਕ ਪ੍ਰਕਿਰਿਆ ਚੱਲ ਰਹੀ ਹੈ, ਜਿਸਦਾ ਯੂ ਕੇ ਸਮਰਥਨ ਕਰਦਾ ਹੈ। ਈਰਾਨ ਨੂੰ ਕਦੇ ਵੀ ਪ੍ਰਮਾਣੂ ਹਥਿਆਰ ਵਿਕਸਤ ਨਹੀਂ ਕਰਨੇ ਚਾਹੀਦੇ ਅਤੇ ਸਾਡੀ ਮੁੱਖ ਤਰਜੀਹ ਖੇਤਰ ਵਿੱਚ ਸੁਰੱਖਿਆ ਹੈ। ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਅਤੇ ਅਮਰੀਕੀ ਰਾਸ਼ਪਟਰਪਤੀ ਡੋਨਲਡ ਟਰੰਪ ਵਿੱਚਕਾਰ ਲੰਘੇ ਮੰਗਲਵਾਰ ਨੂੰ ਫ਼ੋਨ 'ਤੇ ਗੱਬਾਤ ਹੋਈ ਹੈ, ਰਿਪੋਰਟਾਂ ਅਨੁਮਸਾਰ ਅਮਰੀਕੀ ਸਰਕਾਰ ਨੇ ਚਾਗੋਸ ਸਮਝੌਤੇ ਲਈ ਆਪਣਾ ਰਸਮੀ ਸਮਰਥਨ ਦੇ ਦਿੱਤਾ ਹੈ। ਇਸ ਮੌਕੇ ਟਰੰਪ ਦੇ ਈਰਾਨ ਨੂੰ ਉਸਦੇ ਪ੍ਰਮਾਣੂ ਪ੍ਰੋਗਰਾਮ 'ਤੇ ਦਿੱਤੀ ਚਿਤਾਵਨੀ 'ਤੇ ਚਰਚਾ ਕੀਤੀ।

# ਐਂਡਰਿਊ ਮਾਊਂਟਬੈਟਨ-ਵਿੰਡਸਰ ਦੀ ਯੂ ਕੇ ਦੇ ਵਪਾਰ ਰਾਜਦੂਤ ਵਜੋਂ ਨਿਯੁਕਤੀ ਦਸਤਾਵੇਜ਼ ਜਾਰੀ ਹੋਣਗੇ

## ਦਸਤਾਵੇਜ਼ ਜਾਰੀ ਹੋਣ ਸਬੰਧੀ ਸੰਸਦ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੰਸਦ ਮੈਂਬਰਾਂ ਨੇ ਐਂਡਰਿਊ ਮਾਊਂਟਬੈਟਨ-ਵਿੰਡਸਰ ਦੀ ਯੂ ਕੇ ਦੇ ਵਪਾਰ ਰਾਜਦੂਤ ਵਜੋਂ ਨਿਯੁਕਤੀ 'ਤੇ ਦਸਤਾਵੇਜ਼ ਜਾਰੀ ਕਰਨ ਵਾਲਾ ਮਤਾ ਸਰਬ ਸੰਮਤੀ ਨਾਲ ਬਿਨਾ ਕਿਸੇ ਵੋਟਿੰਗ ਤੋਂ ਪਾਸ ਕਰ ਦਿੱਤਾ ਹੈ।

ਲਿਬਰਲ ਡੈਮੋਕ੍ਰੇਟ ਪਾਰਟੀ ਨੇ 2001 ਵਿੱਚ ਸਾਬਕਾ ਰਾਜਕੁਮਾਰ ਦੀ ਨਿਯੁਕਤੀ ਫਾਈਲਾਂ ਜਾਰੀ ਕਰਨ ਲਈ ਇੱਕ ਅਰਲੀ ਡੇਅ ਮੋਸ਼ਨ ਲਿਆਂਦਾ ਸੀ ਜਿਸ ਵਿੱਚ ਜਾਂਚ ਨਾਲ ਸਬੰਧਤ ਫਾਈਲਾਂ ਵੀ ਸ਼ਾਮਲ ਹਨ। ਵਪਾਰ ਮੰਤਰੀ ਸਰ ਕ੍ਰਿਸ ਬ੍ਰਾਇਨਟ ਨੇ ਕਿਹਾ ਕਿ ਸਰਕਾਰ "ਜਿੰਨੀ ਜਲਦੀ ਹੋ ਸਕੇ" ਇਸ ਮਤੇ ਦੀ ਪਾਲਣਾ ਕਰੇਗੀ, ਪਰ ਉਹਨਾਂ ਨਾਲ ਹੀ ਪੁਲਿਸ ਜਾਂਚ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਾਂਚ ਕਾਰਨ ਕੁਝ ਦੇਰੀ ਹੋ ਸਕਦੀ ਹੈ।

ਸਾਬਕਾ ਰਾਜਕੁਮਾਰ ਨੂੰ ਜਨਤਕ ਅਹੁਦੇ 'ਤੇ ਕੀਤੀਆਂ ਬੇਨਿਯਮੀਆਂ ਦੇ ਸ਼ੱਕ 'ਤੇ ਗ੍ਰਿਫਤਾਰੀ ਤੋਂ ਬਾਅਦ ਪਿਛਲੇ ਹਫ਼ਤੇ ਜਾਂਚ ਅਧੀਨ ਰਿਹਾਅ ਕਰ ਦਿੱਤਾ ਸੀ। ਭਾਵੇਂ ਕਿ ਐਂਡਰਿਊ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ।

ਪੁਲਿਸ ਅਨੁਸਾਰ ਮਰਹੂਮ ਸੈਕਸ ਅਪਰਾਧੀ ਜੈਫਰੀ ਐਪਸਟਾਈਨ ਨਾਲ ਐਂਡਰਿਊ ਦੇ ਸਬੰਧਾਂ ਦੇ ਦੋਸ਼ਾਂ 'ਤੇ ਜਾਂਚ ਕਰ ਅਤੇ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਅਹੁਦੇ ਤੇ ਹੁੰਦਿਆਂ ਗੁਪਤ ਦਸਤਾਵੇਜ਼ ਸਾਂਝੇ ਹੋਏ ਸਨ। ਐਂਡਰਿਊ ਨੇ 2001 ਅਤੇ 2011 ਦੇ ਵਿਚਕਾਰ "ਅੰਤਰਰਾਸ਼ਟਰੀ ਵਪਾਰ ਅਤੇ ਨਿਵੇਸ਼ ਲਈ ਵਿਸ਼ੇਸ਼ ਪ੍ਰਤੀਨਿਧੀ" ਦੀ ਭੂਮਿਕਾ ਨਿਭਾਈ, ਜਿਸ ਨਾਲ ਉਸਨੂੰ ਦੁਨੀਆ ਭਰ ਦੇ ਸੀਨੀਅਰ ਸਰਕਾਰੀ ਅਤੇ ਵਪਾਰਕ ਸੰਪਰਕਾਂ ਤੱਕ ਵਿਸ਼ੇਸ਼ ਪਹੁੰਚ ਮਿਲੀ।

ਐਪਸਟੀਨ ਨਾਲ ਸਬੰਧਤ ਫਾਈਲਾਂ ਦੇ ਜਾਰੀ ਹੋਏ ਨਵੇਂ ਭਾਗ ਦੀਆਂ ਈਮੇਲਾਂ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਉਸਨੇ 2010 ਵਿੱਚ ਵੀਅਤਨਾਮ, ਸਿੰਗਾਪੁਰ ਅਤੇ ਚੀਨ ਦੇ ਦੌਰਿਆਂ ਦੀਆਂ ਸਰਕਾਰੀ ਰਿਪੋਰਟਾਂ ਐਪਸਟੀਨ ਨੂੰ ਭੇਜੀਆਂ ਸਨ।

ਐਂਡਰਿਊ 'ਤੇ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਉਸਨੇ ਅਫਗਾਨਿਸਤਾਨ ਵਿੱਚ ਸੋਨੇ ਅਤੇ ਯੂਰੇਨੀਅਮ ਵਿੱਚ ਨਿਵੇਸ਼ ਦੇ ਮੌਕਿਆਂ ਬਾਰੇ ਜਾਣਕਾਰੀ ਵੀ ਐਪਸਟੀਨ ਨੂੰ ਭੇਜੀ ਸੀ।

ਪਰ ਐਂਡਰਿਊ ਨੇ ਐਪਸਟੀਨ ਦੇ ਸੰਬੰਧ ਵਿੱਚ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ ਅਤੇ ਵਪਾਰ ਰਾਜਦੂਤ ਵਜੋਂ ਆਪਣੀ ਭੂਮਿਕਾ ਤੋਂ ਕਿਸੇ ਵੀ ਨਿੱਜੀ ਲਾਭ ਤੋਂ ਇਨਕਾਰ ਕੀਤਾ ਹੈ।

# ਅਮਰੀਕਾ ਵਿੱਚ ਅਪਰਾਧਿਕ ਸੂਚੀ ਦਾ ਦਾਗ਼ ਅਤੇ ਭਾਰਤੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ

8 ਸਫ਼ੇ ਦਾ ਬਾਕੀ ਹਿਸਾ

ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦੇ ਤਹਿਤ ਇਹ ਕਾਰਵਾਈ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਮ 'ਤੇ ਕੀਤੀ ਜਾ ਰਹੀ ਹੈ। ਜਦੋਂ ਕਿਸੇ ਭਾਈਚਾਰੇ ਦੇ ਵਿਅਕਤੀਆਂ ਦੀਆਂ ਤਸਵੀਰਾਂ ਅਤੇ ਅਪਰਾਧਿਕ ਵੇਰਵੇ ਜਨਤਕ ਵੈੱਬਸਾਈਟਾਂ 'ਤੇ ਆਉਂਦੇ ਹਨ, ਤਾਂ ਉਸ ਦਾ ਖ਼ਾਮਿਆਜ਼ਾ ਉੱਥੇ ਰਹਿ ਰਹੇ ਲੱਖਾਂ ਕਾਨੂੰਨ-ਪਾਲਣ ਵਾਲੇ ਅਤੇ ਮਿਹਨਤਕਸ਼ ਭਾਰਤੀਆਂ ਨੂੰ ਭੁਗਤਣਾ ਪੈਂਦਾ ਹੈ। ਹਾਲਾਂਕਿ ਕੁਝ ਵਿਸ਼ਲੇਸ਼ਕ ਇਸ ਨੂੰ ਨਸਲੀ ਵਿਤਕਰੇ ਦੀ ਐਨਕ ਨਾਲ ਵੀ ਦੇਖ ਰਹੇ ਹਨ, ਪਰ ਅਪਰਾਧਾਂ ਦੀ ਗੰਭੀਰਤਾ ਅਤੇ ਨਾਵਾਂ ਦੀ ਸੂਚੀ ਇਸ ਨੂੰ ਸਿਰਫ਼ 'ਵਿਤਕਰਾ' ਕਹਿ ਕੇ ਨਕਾਰਨ ਦੀ ਇਜਾਜ਼ਤ ਨਹੀਂ ਦਿੰਦੀ। ਪੰਜਾਬੀ ਭਾਈਚਾਰਾ ਅਮਰੀਕਾ ਵਿੱਚ ਆਪਣੀ ਦਰਿਆਦਿਲੀ, ਸੇਵਾ ਭਾਵਨਾ ਅਤੇ ਆਰਥਿਕ ਮਜ਼ਬੂਤੀ ਲਈ ਜਾਣਿਆ ਜਾਂਦਾ ਹੈ। ਪਰ ਜਦੋਂ ਬਲਬੀਰ ਸਿੰਘ (ਕਤਲ), ਅੰਮ੍ਰਿਤਪਾਲ ਸਿੰਘ (ਜਿਨਸੀ ਅਪਰਾਧ) ਜਾਂ ਹਰਪ੍ਰੀਤ ਸਿੰਘ (ਨਸ਼ਾ ਤਸਕਰੀ) ਵਰਗੇ ਨਾਮ ਸਾਹਮਣੇ ਆਉਂਦੇ ਹਨ, ਤਾਂ ਇਹ "ਪੰਜਾਬੀਅਤ" ਦੇ ਸੁਨਹਿਰੀ ਅਕਸ 'ਤੇ ਕਾਲਖ਼ ਮਲਣ ਦਾ ਕੰਮ ਕਰਦੇ ਹਨ। ਮਨੀ ਲਾਂਡਰਿੰਗ ਅਤੇ ਵਿੱਤੀ ਠੱਗੀਆਂ ਵਿੱਚ ਪੰਜਾਬੀਆਂ ਅਤੇ ਗੁਜਰਾਤੀਆਂ ਦੀ ਸ਼ਮੂਲੀਅਤ ਇਹ ਦਰਸਾਉਂਦੀ ਹੈ ਕਿ "ਸ਼ਾਰਟ-ਕੱਟ" ਰਾਹੀਂ ਅਮੀਰ ਬਣਨ ਦੀ ਲਾਲਸਾ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾ ਦਿੱਤਾ ਹੈ। ਇਹ ਸੂਚੀ ਸਾਡੇ ਲਈ ਇੱਕ ਅਲਾਰਮ ਹੈ। ਕੀ ਅਸੀਂ ਵਿਦੇਸ਼ਾਂ ਵਿੱਚ ਸਿਰਫ਼ ਪੈਸਾ ਕਮਾਉਣ ਗਏ ਹਾਂ ਜਾਂ ਆਪਣੀ ਸੰਸਕ੍ਰਿਤੀ ਅਤੇ ਕਿਰਦਾਰ ਦੀ ਨੁਮਾਇੰਦਗੀ ਕਰਨ? ਜੇਕਰ 89 ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ, ਤਾਂ ਇਹ ਸਿਰਫ਼ 89 ਪਰਿਵਾਰਾਂ ਦਾ ਨੁਕਸਾਨ ਨਹੀਂ, ਸਗੋਂ ਇਹ ਭਾਰਤ ਦੀ ਕੌਮਾਂਤਰੀ ਸਾਖ ਨੂੰ ਲੱਗਿਆ ਵੱਡਾ ਝਟਕਾ ਹੈ। ਅਮਰੀਕਾ ਵਿੱਚ ਵਸਦੇ ਭਾਰਤੀ ਭਾਈਚਾਰੇ ਨੂੰ ਹੁਣ ਇਸ ਗੰਭੀਰ ਮੁੱਦੇ 'ਤੇ ਅੰਤਰ-ਝਾਤ ਮਾਰਨ ਦੀ ਲੋੜ ਹੈ। ਅਪਰਾਧਿਕ ਬਿਰਤੀ ਵਾਲੇ ਲੋਕਾਂ ਨੂੰ ਸਮਾਜਿਕ ਤੌਰ 'ਤੇ ਨਿਖੇੜਨਾ ਪਵੇਗਾ ਤਾਂ ਜੋ ਮਿਹਨਤਕਸ਼ ਅਤੇ ਇਮਾਨਦਾਰ ਭਾਰਤੀਆਂ 'ਤੇ ਉਂਗਲ ਨਾ ਉੱਠ ਸਕੇ। ਜੇਕਰ ਸਮਾਂ ਰਹਿੰਦੇ ਸੁਧਾਰ ਨਾ ਹੋਇਆ, ਤਾਂ ਅਜਿਹੀਆਂ ਸੂਚੀਆਂ ਨਾ ਸਿਰਫ਼ ਵਧਣਗੀਆਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਿਦੇਸ਼ੀ ਧਰਤੀ 'ਤੇ ਸਨਮਾਨ ਨਾਲ ਜਿਊਣਾ ਵੀ ਦੁਭਰ ਹੋ ਜਾਵੇਗਾ।

# ਪਖੰਡੀ ਤੇ ਬਲਾਤਕਾਰੀ ਸਾਧ ਧਰਮ ਅਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ

ਭਾਰਤ ਵਿੱਚ ਜਦੋਂ ਅਧਿਆਤਮਿਕ ਗੁਰੂਆਂ 'ਤੇ ਜਿਨਸੀ ਸ਼ੋਸ਼ਣ ਵਰਗੇ ਘਿਨਾਉਣੇ ਦੋਸ਼ ਲੱਗਦੇ ਹਨ, ਤਾਂ ਇਹ ਕੇਵਲ ਇੱਕ ਕਾਨੂੰਨੀ ਮਾਮਲਾ ਨਹੀਂ ਰਹਿ ਜਾਂਦਾ, ਸਗੋਂ ਕਰੋੜਾਂ ਲੋਕਾਂ ਦੀ ਆਸਥਾ ਅਤੇ ਸਮਾਜਿਕ ਨੈਤਿਕਤਾ 'ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੰਦਾ ਹੈ। ਪ੍ਰਯਾਗਰਾਜ ਵਿੱਚ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਅਤੇ ਉਨ੍ਹਾਂ ਦੇ ਚੇਲੇ ਮੁਕੁੰਦਾਨੰਦ ਬ੍ਰਹਮਚਾਰੀ ਵਿਰੁੱਧ ਪੋਕਸੋ ਐਕਟ ਤਹਿਤ ਦਰਜ ਕੀਤੀ ਗਈ ਐਫ.ਆਈ.ਆਰ. ਨੇ ਇੱਕ ਵਾਰ ਫਿਰ ਧਾਰਮਿਕ ਚੋਲਿਆਂ ਦੇ ਪਿੱਛੇ ਛੁਪੇ ਕਾਲੇ ਸੱਚ ਨੂੰ ਚਰਚਾ ਦੇ ਕੇਂਦਰ ਵਿੱਚ ਲਿਆਂਦਾ ਹੈ।

ਦੋਸ਼ਾਂ ਦੀ ਗੰਭੀਰਤਾ ਅਤੇ ਪੋਕਸੋ ਦੀ ਸ਼ਮੂਲੀਅਤ-ਇਹ ਮਾਮਲਾ ਇਸ ਲਈ ਵਧੇਰੇ ਗੰਭੀਰ ਹੈ ਕਿਉਂਕਿ ਇਸ ਵਿੱਚ ਇੱਕ ਨਾਬਾਲਗ ਸਮੇਤ ਦੋ ਵਿਅਕਤੀਆਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਹਨ। ਪੋਕਸੋ ਐਕਟ ਵਰਗੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਹੋਣਾ ਇਹ ਸੰਕੇਤ ਦਿੰਦਾ ਹੈ ਕਿ ਅਦਾਲਤ ਨੇ ਮੁੱਢਲੇ ਤੌਰ 'ਤੇ ਇਨ੍ਹਾਂ ਦੋਸ਼ਾਂ ਵਿੱਚ ਦਮ ਦੇਖਿਆ ਹੈ। ਮਾਘ ਮੇਲੇ ਵਰਗੇ ਪਵਿੱਤਰ ਮੌਕੇ ਅਤੇ ਗੁਰੂਕੁਲ ਵਰਗੇ ਵਿੱਦਿਅਕ ਅਸਥਾਨਾਂ 'ਤੇ ਅਜਿਹੀਆਂ ਘਟਨਾਵਾਂ ਦਾ ਹੋਣਾ ਰੂਹ ਨੂੰ ਕੰਬਾਉਣ ਵਾਲਾ ਹੈ। ਜਦੋਂ ਇੱਕ ਗੁਰੂ ਆਪਣੇ ਚੇਲਿਆਂ ਦੀ ਰੱਖਿਆ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲੱਗ ਪਵੇ, ਤਾਂ ਸਮਾਜਿਕ ਤਾਣੇ-ਬਾਣੇ ਦੀਆਂ ਨੀਹਾਂ ਹਿੱਲਣੀਆਂ ਲਾਜ਼ਮੀ ਹਨ।

ਧਰਮ ਅਤੇ ਸਮਾਜ ਨੂੰ ਹੋ ਰਿਹਾ ਨੁਕਸਾਨ-ਇਹ ਸਵਾਲ ਬਿਲਕੁਲ ਜਾਇਜ਼ ਹੈ ਕਿ ਕੀ ਅਜਿਹੇ ਸਾਧ ਹਿੰਦੂ ਧਰਮ ਅਤੇ ਸਮਾਜ ਨੂੰ ਨੁਕਸਾਨ ਨਹੀਂ ਪਹੁੰਚਾ ਰਹੇ? ਬੇਸ਼ੱਕ, ਅਜਿਹੀਆਂ ਘਟਨਾਵਾਂ ਧਰਮ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਬਿਲਕੁਲ ਉਲਟ ਹਨ। ਇੱਕ ਆਮ ਸ਼ਰਧਾਲੂ ਆਪਣੀ ਸਾਰੀ ਸ਼ਰਧਾ ਅਤੇ ਵਿਸ਼ਵਾਸ ਇਨ੍ਹਾਂ ਧਾਰਮਿਕ ਆਗੂਆਂ ਦੇ ਚਰਨਾਂ ਵਿੱਚ ਅਰਪਿਤ ਕਰ ਦਿੰਦਾ ਹੈ। ਜਦੋਂ ਇਹ ਵਿਸ਼ਵਾਸ ਟੁੱਟਦਾ ਹੈ, ਤਾਂ ਮਨੁੱਖ ਦਾ ਧਰਮ ਅਤੇ ਨੈਤਿਕਤਾ ਤੋਂ ਵੀ ਮੋਹ ਭੰਗ ਹੋਣ ਲੱਗਦਾ ਹੈ। ਅਜਿਹੇ ਵਿਅਕਤੀਆਂ ਦੇ ਗਲਤ ਕੰਮਾਂ ਕਾਰਨ ਪੂਰੇ ਧਰਮ ਅਤੇ ਉਨ੍ਹਾਂ ਸੱਚੇ ਸੰਤਾਂ-ਮਹਾਤਮਾਵਾਂ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਦਾ ਹੈ, ਜੋ ਸੱਚਮੁੱਚ ਸਮਾਜ ਦੀ ਸੇਵਾ ਕਰ ਰਹੇ ਹਨ। ਗੁਰੂਕੁਲ ਵਰਗੀਆਂ ਸੰਸਥਾਵਾਂ, ਜਿੱਥੇ ਮਾਪੇ ਆਪਣੇ ਬੱਚਿਆਂ ਨੂੰ ਸੁਰੱਖਿਅਤ ਅਤੇ ਸੰਸਕਾਰੀ ਬਣਾਉਣ ਲਈ ਭੇਜਦੇ ਹਨ, ਜੇਕਰ ਉੱਥੇ ਹੀ ਨਾਬਾਲਗਾਂ ਨਾਲ ਅਜਿਹਾ ਵਿਵਹਾਰ ਹੋਵੇਗਾ, ਤਾਂ ਸਮਾਜ ਵਿੱਚ ਡਰ ਅਤੇ ਅਵਿਸ਼ਵਾਸ ਦਾ ਮਾਹੌਲ ਪੈਦਾ ਹੋਵੇਗਾ।

ਭਾਰਤ ਵਿੱਚ ਧਰਮ ਦੇ ਨਾਮ 'ਤੇ ਅੰਨ੍ਹੀ ਸ਼ਰਧਾ ਇੱਕ ਵੱਡੀ ਕਮਜ਼ੋਰੀ ਰਹੀ ਹੈ। ਅਕਸਰ ਅਪਰਾਧੀ ਬਿਰਤੀ ਵਾਲੇ ਲੋਕ ਇਸੇ ਕਮਜ਼ੋਰੀ ਦਾ ਫਾਇਦਾ ਉਠਾ ਕੇ ਧਾਰਮਿਕ ਗੱਦੀਆਂ 'ਤੇ ਕਾਬਜ਼ ਹੋ ਜਾਂਦੇ ਹਨ। ਸਵਾਮੀ ਰਾਮਭਦਰਚਾਰੀਆ ਦੇ ਚੇਲੇ ਆਸ਼ੂਤੋਸ਼ ਬ੍ਰਹਮਚਾਰੀ ਦੁਆਰਾ ਇਸ ਮਾਮਲੇ ਨੂੰ ਅਦਾਲਤ ਤੱਕ ਲਿਜਾਣਾ ਇੱਕ ਹਿੰਮਤ ਵਾਲਾ ਕਦਮ ਹੈ। ਇਹ ਦਰਸਾਉਂਦਾ ਹੈ ਕਿ ਹੁਣ ਧਾਰਮਿਕ ਖੇਤਰ ਦੇ ਅੰਦਰੋਂ ਹੀ ਅਪਰਾਧ ਵਿਰੁੱਧ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਕਾਨੂੰਨ ਨੂੰ ਆਪਣਾ ਕੰਮ ਨਿਰਪੱਖਤਾ ਨਾਲ ਕਰਨਾ ਚਾਹੀਦਾ ਹੈ। ਜੇਕਰ ਦੋਸ਼ ਸਹੀ ਪਾਏ ਜਾਂਦੇ ਹਨ, ਤਾਂ ਦੋਸ਼ੀਆਂ ਨੂੰ ਅਜਿਹੀ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਜੋ ਭਵਿੱਖ ਵਿੱਚ ਕਿਸੇ ਵੀ ਧਾਰਮਿਕ ਆਗੂ ਲਈ ਸਬਕ ਬਣੇ। ਧਰਮ ਕਿਸੇ ਨੂੰ ਅਪਰਾਧ ਕਰਨ ਦਾ ਲਾਇਸੈਂਸ ਨਹੀਂ ਦਿੰਦਾ। ਸਮਾਜ ਨੂੰ ਵੀ ਚਾਹੀਦਾ ਹੈ ਕਿ ਉਹ 'ਗੁਰੂ' ਅਤੇ 'ਧਰਮ' ਦੇ ਨਾਮ 'ਤੇ ਹੋ ਰਹੀਆਂ ਅਜਿਹੀਆਂ ਅਨੈਤਿਕ ਗਤੀਵਿਧੀਆਂ ਪ੍ਰਤੀ ਸੁਚੇਤ ਹੋਵੇ। ਅਧਿਆਤਮ ਦਾ ਰਸਤਾ ਸੱਚ ਅਤੇ ਪਵਿੱਤਰਤਾ ਦਾ ਹੈ, ਨਾ ਕਿ ਸ਼ੋਸ਼ਣ ਅਤੇ ਅਪਰਾਧ ਦਾ। ਅਜਿਹੇ "ਸਾਧਾਂ" ਨੂੰ ਬੇਨਕਾਬ ਕਰਨਾ ਹੀ ਧਰਮ ਦੀ ਅਸਲ ਸੇਵਾ ਹੈ।

-ਰਜਿੰਦਰ ਸਿੰਘ ਪੁਰੇਵਾਲ

# ਸੁਖਪਾਲ ਖਹਿਰਾ ਦੇ ਘਰ ਦੀ ਪਾਰਕਿੰਗ 'ਤੇ ਚੱਲਿਆ ਬੁਲਡੋਜ਼ਰ

## ✪ ਪੰਜਾਬ ਕਾਂਗਰਸ ਵਲੋਂ ਖਹਿਰਾ ਦੇ ਘਰ ਬਾਹਰ ਕਾਰ ਪਾਰਕਿੰਗ ਦੀ ਦੀਵਾਰ ਢਾਹੁਣ ਦੀ ਨਿਖੇਧੀ





ਕਪੂਰਥਲਾ-ਪਿੰਡ ਰਾਮਗੜ੍ਹ ਵਿਖੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਦੇ ਬਾਹਰ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਦਿਆਂ ਕਥਿਤ ਗੈਰ-ਕਾਨੂੰਨੀ ਉਸਾਰੀ (ਗੇਟ ਦੇ ਥੰਮ੍ਹ ਅਤੇ ਹੋਰ ਹਿੱਸੇ) ਨੂੰ ਢਾਹ ਦਿੱਤਾ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਕਾਨੂੰਨੀ ਪ੍ਰਕਿਰਿਆ ਤਹਿਤ ਕੀਤੀ ਗਈ ਹੈ। ਵਿਧਾਇਕ ਖਹਿਰਾ ਨੇ ਇਸ ਨੂੰ "ਰਾਜਨੀਤਕ ਬਦਲਾਖੋਰੀ" ਕਰਾਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਬਿਨਾਂ ਕਿਸੇ ਨੋਟਿਸ ਜਾਂ ਸੁਣਵਾਈ ਦੇ ਇਹ ਕਾਰਵਾਈ ਕੀਤੀ ਗਈ ਹੈ।

ਵਿਰੋਧ ਵਜੋਂ ਖਹਿਰਾ ਖੁਦ ਜੇਸੀਬੀ ਮਸ਼ੀਨ ਅੱਗੇ ਧਰਨੇ 'ਤੇ ਬੈਠ ਗਏ। ਮੌਕੇ 'ਤੇ ਹਾਲਾਤ ਬੇਹੱਦ ਤਣਾਅਪੂਰਨ ਹੋ ਗਏ, ਜਿਸ ਕਾਰਨ ਐਸ.ਐਸ.ਪੀ. ਗੌਰਵ ਤੂਰਾ ਦੀ ਅਗਵਾਈ ਹੇਠ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਅਤੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ। ਖਹਿਰਾ ਦੀ ਅਪੀਲ 'ਤੇ ਵੱਡੀ ਗਿਣਤੀ ਵਿੱਚ ਸਮਰਥਕ ਉੱਥੇ ਪਹੁੰਚ ਗਏ ਅਤੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਹ ਕਾਰਵਾਈ ਅਜਿਹੇ ਸਮੇਂ ਹੋਈ ਹੈ ਜਦੋਂ ਸੁਖਪਾਲ ਖਹਿਰਾ ਲਗਾਤਾਰ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸਰਕਾਰ 'ਤੇ ਹਮਲਾਵਰ ਹਨ। ਹਾਲ ਹੀ ਵਿੱਚ ਉਨ੍ਹਾਂ ਨੇ ਪੇਂਡੂ ਵਿਕਾਸ ਫੰਡਾਂ ਦੀ ਕਥਿਤ ਦੁਰਵਰਤੋਂ ਸਬੰਧੀ ਕੇਂਦਰ ਸਰਕਾਰ ਨੂੰ ਜਾਂਚ ਲਈ ਪੱਤਰ ਵੀ ਲਿਖਿਆ ਸੀ।

### ਪੰਜਾਬ ਕਾਂਗਰਸ ਵਲੋਂ ਨਿਖੇਧੀ

ਪੰਜਾਬ ਕਾਂਗਰਸ ਦੇ ਆਗੂਆਂ ਨੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਰਾਮਗੜ੍ਹ ਪਿੰਡ ਵਿਚ ਸਥਿਤ ਘਰ ਦੇ ਬਾਹਰ ਕਾਰ ਪਾਰਕਿੰਗ ਦੀ ਦੀਵਾਰ ਢਾਹੇ ਜਾਣ ਦੀ ਨਿਖੇਧੀ ਕੀਤੀ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ, ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਸਪੀਕਰ ਰਾਣਾ ਕੇ.ਪੀ ਸਿੰਘ, ਸਾਬਕਾ ਮੰਤਰੀ ਪਰਗਟ ਸਿੰਘ ਅਤੇ ਕਈ ਹੋਰ ਆਗੂਆਂ ਵਲੋਂ 'ਆਪ' ਦੀ ਸਰਕਾਰ ਨੂੰ ਸਿਆਸੀ ਬਦਲਾਖੋਰੀ ਤਹਿਤ ਤਾਕਤ ਦੀ ਦੁਰਵਰਤੋਂ ਕਰਨ ਵਿਰੁੱਧ ਚਿਤਾਵਨੀ ਦਿੱਤੀ ਹੈ। ਕਾਂਗਰਸੀ ਆਗੂਆਂ ਨੇ ਅਜਿਹੇ ਅਧਿਕਾਰੀਆਂ ਨੂੰ ਵੀ ਚਿਤਾਵਨੀ ਦਿੱਤੀ ਹੈ ਕਿ ਉਹ 'ਆਪ' ਸਰਕਾਰ ਦੀ ਗੈਰਕਾਨੂੰਨੀ ਤੇ ਗੈਰ-ਨਿਆਇਕ ਇਸ਼ਾਰੇ 'ਤੇ ਕੰਮ ਨਾ ਕਰਨ, ਜਿਸ ਦੀ ਸੱਤਾ ਤੋਂ ਬਾਹਰ ਜਾਣ ਦੀ ਤਿਆਰੀ ਚੱਲ ਰਹੀ ਹੈ।

## -ਮਸਲਾ 160 ਸਾਲ ਪਹਿਲਾਂ ਲੁੱਟੇ ਗਏ ਸ਼ਾਹੀ ਗਹਿਣਿਆਂ ਦਾ -

# ਮਹਾਰਾਜਾ ਸ਼ੇਰ ਸਿੰਘ ਦੇ ਵਾਰਸ ਬ੍ਰਿਟੇਨ ਅਦਾਲਤਾਂ ਵਿਚ ਲੜਨਗੇ ਕਾਨੂੰਨੀ ਲੜਾਈ





ਅੰਮ੍ਰਿਤਸਰ-ਇੱਕ ਵਾਰ ਫਿਰ ਸਿੱਖ ਇਤਿਹਾਸ ਦੇ ਇੱਕ ਅਣਸੁਲਝੇ ਅਧਿਆਏ ਨੂੰ ਖੋਲ੍ਹਣ ਅਤੇ ਲੁੱਟੀਆਂ ਗਈਆਂ ਸ਼ਾਹੀ ਦੌਲਤਾਂ ਵਾਪਸ ਲੈਣ ਲਈ ਆਸ਼ਾਵਾਦੀ ਲੜਾਈ ਸ਼ੁਰੂ ਹੋਣ ਜਾ ਰਹੀ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਸ਼ੇਰ ਸਿੰਘ ਦੀਆਂ ਰਾਣੀਆਂ ਤੋਂ ਅੰਗਰੇਜ਼ਾਂ ਵੱਲੋਂ ਲੁੱਟੇ ਗਏ ਸ਼ਾਹੀ ਗਹਿਣਿਆਂ ਅਤੇ ਹੋਰ ਕੀਮਤੀ ਖਜ਼ਾਨੇ ਦੀ ਵਾਪਸੀ ਲਈ ਉਨ੍ਹਾਂ ਦੇ ਮੌਜੂਦਾ ਵਾਰਸ ਹੁਣ ਯੂਨਾਈਟਿਡ ਕਿੰਗਡਮ ਦੀਆਂ ਅਦਾਲਤਾਂ ਵਿੱਚ ਪੂਰੀ ਤਾਕਤ ਨਾਲ ਕਾਨੂੰਨੀ ਲੜਾਈ ਲੜਨਗੇ। ਇਸ ਲੜਾਈ ਵਿੱਚ ਉਹ ਭਾਰਤ ਸਰਕਾਰ ਦਾ ਵੀ ਪੂਰਾ ਸਹਿਯੋਗ ਲੈਣਗੇ।

ਸਾਜਿਸ਼ੀ ਢੰਗ ਨਾਲ ਸਿੱਖ ਰਾਜ ਖਤਮ ਕਰਨ ਤੋਂ ਬਾਅਦ ਅੰਗਰੇਜ਼ ਸ਼ਾਸਕਾਂ ਦਾ ਮੁੱਖ ਟੀਚਾ ਸਿੱਖ ਸ਼ਾਹੀ ਪਰਿਵਾਰ ਦੀ ਸ਼ਕਤੀ ਅਤੇ ਪ੍ਰਭਾਵ ਨੂੰ ਤੋੜਨਾ ਸੀ। ਖਾਸ ਤੌਰ ਤੇ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦ ਕੌਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਸਾਲ 1849 ਵਿੱਚ ਦੂਜੀ ਐਂਗਲੋ-ਸਿੱਖ ਜੰਗ ਤੋਂ ਬਾਅਦ ਲਾਰਡ ਡਲਹੌਜੀ ਨੇ ਸਿੱਖ ਰਾਜ ਨੂੰ ਖਤਮ ਕਰਕੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕਰ ਲਿਆ ਸੀ। ਉਸ ਤੋਂ ਬਾਅਦ ਲਾਹੌਰ ਸ਼ਾਹੀ ਕਿਲ੍ਹੇ ਅਤੇ ਰਾਣੀਆਂ ਦੀਆਂ ਹਵੇਲੀਆਂ ਵਿੱਚ ਤਲਾਸ਼ੀਆਂ ਲਈ ਗਈਆਂ ਸਨ। ਡਾ. ਜੌਨ ਸਪੈਂਸਰ ਲੌਗਿਨ ਨੂੰ ਖਾਸ ਤੌਰ ਤੇ ਇੰਗਲੈਂਡ ਤੋਂ ਬੁਲਾ ਕੇ ਤੋਸ਼ਾਖਾਨਿਆਂ ਦਾ ਇੰਚਾਰਜ ਬਣਾਇਆ ਗਿਆ ਸੀ।

ਰਾਣੀ ਧਰਮ ਕੌਰ ਰੰਧਾਵੀ (ਮਹਾਰਾਜਾ ਸ਼ੇਰ ਸਿੰਘ ਦੀ ਰਾਣੀ) ਦੀ ਹਵੇਲੀ ਵਿੱਚ ਤੋਸ਼ਾਖਾਨਾ ਖੋਲ੍ਹ ਕੇ ਸਾਰੇ ਗਹਿਣੇ ਚਾਰ ਮੇਜ਼ਾਂ ਉੱਤੇ ਰੱਖ ਕੇ ਤੁਲਵਾਏ ਗਏ। ਉਨ੍ਹਾਂ ਦਾ ਸ਼ੁੱਧ ਵਜ਼ਨ 20 ਕਿਲੋਗ੍ਰਾਮ ਤੋਂ ਵੀ ਵੱਧ ਸੀ। ਉਸ ਵੇਲੇ ਰਾਣੀਆਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਰਾਜ ਦੀ ਸਥਿਤੀ ਆਮ ਹੋਣ ਤੋਂ ਬਾਅਦ ਸਾਰਾ ਸਾਮਾਨ ਵਾਪਸ ਕਰ ਦਿੱਤਾ ਜਾਵੇਗਾ, ਪਰ ਇਹ ਵਾਅਦਾ ਕਦੇ ਪੂਰਾ ਨਾ ਹੋਇਆ।

ਰਾਣੀ ਧਰਮ ਕੌਰ ਨੇ ਵੱਡੀ ਜੱਦੋ-ਜਹਿਦ ਤੋਂ ਬਾਅਦ 13 ਅਪ੍ਰੈਲ 1870 ਨੂੰ ਲਾਹੌਰ ਦੇ ਡਿਪਟੀ ਕਮਿਸ਼ਨਰ ਤੋਂ ਗਹਿਣਿਆਂ ਅਤੇ ਸਾਮਾਨ ਦੀ ਰਸੀਦ ਲੈ ਲਈ ਸੀ। ਉਨ੍ਹਾਂ ਦਾ ਇਰਾਦਾ ਇੰਗਲੈਂਡ ਜਾ ਕੇ ਲੀਗਲ ਲੜਾਈ ਲੜਨਾ ਸੀ, ਪਰ ਉਸ ਤੋਂ ਪਹਿਲਾਂ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।

ਇਸ ਤੋਂ ਬਾਅਦ ਰਾਣੀ ਧਰਮ ਕੌਰ ਦੇ ਵਾਰਸ ਕੰਵਰ ਕਰਵਿੰਦਰ ਪਾਲ ਸਿੰਘ, ਕੰਵਰ ਮੀਤਪਾਲ ਸਿੰਘ, ਸਾਬਕਾ ਏਅਰ ਮਾਰਸ਼ਲ ਕੰਵਰ ਦਲਿੰਦਰਜੀਤ ਸਿੰਘ ਅਤੇ ਕੰਵਰ ਦਵਿੰਦਰਪਾਲ ਸਿੰਘ ਨੇ 21 ਮਾਰਚ 2001 ਨੂੰ ਤਤਕਾਲੀ ਬ੍ਰਿਟਿਸ਼ ਰਾਣੀ ਐਲਿਜ਼ਾਬੈਥ-2 ਨੂੰ ਪੱਤਰ ਲਿਖ ਕੇ ਰਾਣੀ ਧਰਮ ਕੌਰ ਦੇ ਸ਼ਾਹੀ ਗਹਿਣਿਆਂ ਸਮੇਤ ਕੋਹੇਨੂਰ ਹੀਰਾ, ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਸਿੰਘਾਸਨ, ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ, ਮਹਾਰਾਜਾ ਖੜਕ ਸਿੰਘ ਦਾ ਦੋ-ਧਾਰੀ ਸੁਨਹਿਰੀ ਖੰਡਾ ਅਤੇ ਮਹਾਰਾਜਾ ਸ਼ੇਰ ਸਿੰਘ ਦੀ ਹੀਰੇ ਨਾਲ ਜੜੀ ਪੇਟੀ ਵਾਪਸ ਕਰਨ ਦੀ ਮੰਗ ਕੀਤੀ। ਰਾਣੀ ਐਲਿਜ਼ਾਬੈਥ-2 ਨੇ 5 ਅਪ੍ਰੈਲ 2001 ਨੂੰ ਜਵਾਬੀ ਪੱਤਰ ਵਿੱਚ ਭਰੋਸਾ ਦਿੱਤਾ ਸੀ ਕਿ ਵਿਦੇਸ਼ ਮੰਤਰਾਲਾ ਇਸ ਮਾਮਲੇ ਉੱਤੇ ਗੱਲਬਾਤ ਕਰਕੇ ਢੁੱਕਵੀਂ ਕਾਰਵਾਈ ਕਰੇਗਾ।

ਪਰ 23 ਸਾਲ ਬੀਤਣ ਤੋਂ ਬਾਅਦ ਵੀ ਕੋਈ ਠੋਸ ਕਦਮ ਨਾ ਉਠਾਏ ਜਾਣ ਕਾਰਨ ਵਾਰਸਾਂ ਨੇ ਹੁਣ ਯੂ.ਕੇ. ਦੀਆਂ ਅਦਾਲਤਾਂ ਵਿੱਚ ਪੂਰੀ ਤਾਕਤ ਨਾਲ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਇਸ ਲੜਾਈ ਵਿੱਚ ਭਾਰਤ ਸਰਕਾਰ ਦਾ ਵੀ ਸਹਿਯੋਗ ਲਿਆ ਜਾਵੇਗਾ।

## ਮੋਗੇ ਵਿਖੇ ਦਿਨ-ਦਿਹਾੜੇ ਬੱਸ ਲੁੱਟੀ

### ◯ ਕੰਡਕਟਰ ਦੀ ਬੇਰਹਿਮੀ ਨਾਲ ਕੁੱਟਮਾਰ



ਮੋਗਾ-ਬਰਨਾਲਾ ਨੈਸ਼ਨਲ ਹਾਈਵੇਅ 'ਤੇ ਪਿੰਡ ਡਾਲਾ ਦੇ ਨੇੜੇ ਸੋਮਵਾਰ ਦੁਪਹਿਰ ਨੂੰ ਬੇਖ਼ੌਫ਼ ਬਦਮਾਸ਼ਾਂ ਵੱਲੋਂ ਸਵਾਰੀਆਂ ਨਾਲ ਭਰੀ ਪੀ.ਆਰ.ਟੀ.ਸੀ. ਬੱਸ ਨੂੰ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਵਾਰਦਾਤ ਸੋਮਵਾਰ ਦੁਪਹਿਰ ਦੌਰਾਨ ਵਾਪਰੀ, ਜਦੋਂ ਬੱਸ ਮੋਗਾ ਤੋਂ ਸੰਗਰੂਰ ਜਾ ਰਹੀ ਸੀ। ਸਕਾਰਪੀਓ ਸਵਾਰ ਬਦਮਾਸ਼ਾਂ ਨੇ ਸਵਾਰੀ ਬਿਠਾਉਣ ਦੇ ਬਹਾਨੇ ਬੱਸ ਨੂੰ ਰੁਕਵਾਇਆ। ਬੱਸ ਰੁਕਦੇ ਹੀ ਹਮਲਾਵਰਾਂ ਨੇ ਕੰਡਕਟਰ ਸੁਰਜੀਤ ਸਿੰਘ 'ਤੇ ਹਮਲਾ ਕਰ ਦਿੱਤਾ। ਬੇਰਹਿਮੀ ਨਾਲ ਕੀਤੀ ਕੁੱਟਮਾਰ ਕਾਰਨ ਕੰਡਕਟਰ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਦੀ ਪੱਗ ਉਤਰ ਗਈ। ਬਦਮਾਸ਼ ਕੰਡਕਟਰ ਕੋਲੋਂ ਨਕਦੀ ਵਾਲਾ ਬੈਗ ਖੋਹ ਕੇ ਫ਼ਰਾਰ ਹੋ ਗਏ। ਹਾਲਾਂਕਿ, ਬੱਸ ਵਿੱਚ ਸਵਾਰ 50 ਦੇ ਕਰੀਬ ਸਵਾਰੀਆਂ ਦਾ ਸਾਮਾਨ ਸੁਰੱਖਿਅਤ ਰਿਹਾ।

ਸਵਾਰੀਆਂ ਨੇ ਦੋਸ਼ ਲਾਇਆ ਕਿ ਸੂਚਨਾ ਦੇਣ ਦੇ ਇੱਕ ਘੰਟੇ ਬਾਅਦ ਵੀ ਪੁਲਿਸ ਮੌਕੇ 'ਤੇ ਨਹੀਂ ਪਹੁੰਚੀ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਗਿਆ। ਥਾਣਾ ਇੰਚਾਰਜ ਗੁਰਵਿੰਦਰ ਸਿੰਘ ਅਨੁਸਾਰ ਮੁਲਜ਼ਮਾਂ ਦੀ ਪਛਾਣ ਕਰ ਲਈ ਗਈ ਹੈ। ਪੁਲਿਸ ਵੱਲੋਂ ਛਾਪੇਮਾਰੀ ਜਾਰੀ ਹੈ, ਪਰ ਫਿਲਹਾਲ ਮੁਲਜ਼ਮ ਆਪਣੇ ਘਰਾਂ ਤੋਂ ਫ਼ਰਾਰ ਹਨ।

# "ਵਾਅਦਿਆਂ ਦੀ ਰਾਜਨੀਤੀ ਕਦੋਂ ਖ਼ਤਮ ਹੋਵੇਗੀ?" - ਇੰਟਰਨੈਸ਼ਨਲ ਪੰਥਕ ਦਲ ਯੂ ਕੇ ਵੱਲੋਂ ਐਸਜੀਪੀਸੀ ਪ੍ਰਧਾਨ ਧਾਮੀ ਨੂੰ ਸਿੱਧੀ ਚੁਣੌਤੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਟਰਨੈਸ਼ਨਲ ਪੰਥਕ ਦਲ ਯੂ ਕੇ ਨੇ ਸਿੱਖ ਪੰਥ ਦੀ ਮੌਜੂਦਾ ਸਥਿਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਉਠਾਉਂਦੇ ਹੋਏ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੁੱਛਿਆ ਕਿ ਸੰਸਾਰ ਭਰ ਦੀ ਸੰਗਤ ਨੂੰ ਦੱਸੋ ਕਿ ਜਿਹੜੇ ਐਲਾਨ ਹੋਏ, ਉਹਨਾਂ ਤੇ ਅਮਲ ਕਿੱਥੇ ਹੈ?**


ਇੰਟਰਨੈਸ਼ਨਲ ਪੰਥਕ ਦਲ ਯੂ ਕੇ ਦੇ ਆਗੂ

ਦਲ ਦੇ ਪ੍ਰਧਾਨ ਰਘਵੀਰ ਸਿੰਘ, ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ ਭਾਈ ਪਰਮਜੀਤ ਸਿੰਘ ਢਾਡੀ, ਜਨ ਸਕੱਤਰ ਅਤੇ ਮੁੱਖ ਬੁਲਾਰਾ ਭਾਈ ਕਪਤਾਨ ਸਿੰਘ, ਸੀਨੀਅਰ ਮੀਤ ਪ੍ਰਧਾਨ ਭਾਈ ਰਘਬੀਰ ਸਿੰਘ ਬੀਹਾ ਅਤੇ ਭਾਈ ਰਘਬੀਰ ਸਿੰਘ ਮਾਲੜੀ ਵੱਲੋਂ ਸਾਂਝੇ ਤੌਰ 'ਤੇ ਜਾਰੀ ਬਿਆਨ 'ਚ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਨੇ 11 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ, ਦਿੱਲੀ ਵਿੱਚ ਵੱਡੇ ਮੁਜ਼ਾਹਰੇ ਦੀ ਤਾਰੀਖ਼ ਵੀ ਰੱਖੀ ਜੋ ਬਾਅਦ 'ਚ ਰੱਦ ਕਰ ਦਿੱਤੀ ਗਈ। 2 ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਸੰਦੇਸ਼ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜ ਸਿੰਘ ਸਾਹਿਬਾਨਾਂ ਦੇ ਆਦੇਸ਼ਾਂ ਨੂੰ ਲਾਗੂ ਕਰਵਾਉਣਾ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਧਾਨ ਦੀ ਨੈਤਿਕ ਜ਼ਿੰਮੇਵਾਰੀ ਸੀ। ਲੇਕਨ ਹੁਕਮਨਾਮਿਆਂ ਨੂੰ ਹੀ ਅਧੂਰਾ ਛੱਡ ਦਿੱਤਾ ਗਿਆ। ਉਕਤ ਆਗੂਆਂ ਨੇ ਇਹ ਵੀ ਕਿਹਾ ਕਿ ਕਮੇਟੀ ਵੱਲੋਂ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਲਈ ਨਵੀਂ ਪ੍ਰਣਾਲੀ ਲਿਆਉਣ ਦਾ ਐਲਾਨ ਕੀਤਾ ਗਿਆ ਸੀ। ਪਰ ਅਜੇ ਤੱਕ ਕੁਝ ਵੀ ਸਾਹਮਣੇ ਨਹੀਂ ਆਇਆ।

ਇਸ ਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਨੂੰ 72 ਘੰਟਿਆਂ ਦਾ ਅਲਟੀਮੇਟਮ ਦੇਣ ਦੇ ਮਾਮਲੇ 'ਤੇ ਵੀ ਦਲ ਨੇ ਸਪਸ਼ਟਤਾ ਮੰਗੀ ਹੈ। ਉਹਨਾਂ ਪੰਜਾਬ ਸਰਕਾਰ ਵੱਲੋਂ "ਸਬੂਤਾਂ ਦੇ ਕਾਲੇ ਬੈਗ" ਖੋਲ੍ਹੇ ਜਾਣ ਦੇ ਬਿਆਨਾਂ ਬਾਰੇ ਵੀ ਸੰਗਤਾਂ ਨੂੰ ਸਬੂਤਾਂ ਸਮੇਤ ਜਾਣੂ ਕਰਵਾਇਆ ਜਾਵੇ। ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਬਾਦਲ ਪਰਿਵਾਰ ਅਤੇ ਅਕਾਲੀ ਆਗੂਆਂ ਦੇ ਰਿਸ਼ਤੇਦਾਰਾਂ ਨੂੰ ਕਥਿਤ ਤੌਰ 'ਤੇ ਘੱਟ ਕੀਮਤਾਂ ਤੇ ਦੇਣ ਬਾਰੇ ਵੀ ਸੁਪਸ਼ਟ ਕਰਨ ਲਈ ਕਿਹਾ ਗਿਆ ਹੈ।

ਇਸ ਦੇ ਨਾਲ ਹੀ ਇੰਟਰਨੈਸ਼ਨਲ ਪੰਥਕ ਦਲ ਯੂ ਕੇ ਨੇ ਬੰਦੀ ਸਿੰਘਾਂ ਸਬੰਧੀ ਕਮੇਟੀ ਦੀ ਰਿਪੋਰਟ ਤੁਰੰਤ ਜਨਤਕ ਕਰਨ, ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਦੇ ਠੇਕਿਆਂ ਦੀ ਪੂਰੀ ਜਾਣਕਾਰੀ ਸਾਹਮਣੇ ਲਿਆਉਣ, "ਕਾਲੇ ਬੈਗਾਂ" ਵਿੱਚ ਮੌਜੂਦ ਸਬੂਤ ਪੰਥ ਅੱਗੇ ਰੱਖੇ ਜਾਣ, ਸੁਤੰਤਰ ਜਾਂਚ ਕਮੇਟੀ ਬਣਾਉਣ, ਜਥੇਦਾਰ ਨਿਯੁਕਤੀ ਲਈ ਪੰਥਕ ਸਰਵਸੰਮਤੀ ਪ੍ਰਣਾਲੀ ਲਾਗੂ ਕਰਨ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦ ਕਰਵਾਏ ਜਾਣ ਦੀ ਵੀ ਮੰਗ ਕੀਤੀ ਹੈ।


# ਬੈਲਵੀਡੀਅਰ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਹਾਦਸੇ 'ਚ ਸਿੱਖ ਬੀਬੀ ਗੰਭੀਰ ਜਖ਼ਮੀ



ਗੁਰਦੁਆਰਾ ਗੁਰੂ ਨਾਨਕ ਦਰਬਾਰ ਈਰਥ ਅਤੇ ਬੈਲਵੀਡੀਅਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹਲਕੇ ਈਰਥ ਅਤੇ ਬੈਲਵੀਡੀਅਰ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਬਾਹਰ ਵਪਾਰੇ ਸੜਕ ਹਾਦਸੇ ਵਿੱਚ 73 ਸਾਲਾ ਸਿੱਖ ਬੀਬੀ ਗੰਭੀਰ ਰੂਪ ਵਿੱਚ ਜਖ਼ਮੀ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲੋਅਰ ਰੋਡ ਸਥਿਤ ਗੁਰਦੁਆਰਾ ਸਾਹਿਬ ਤੋਂ ਬੀਬੀ ਵਾਪਿਸ ਘਰ ਜਾ ਰਹੀ ਸੀ ਜਦੋਂ ਇਹ ਹਾਦਸਾ ਹੋਇਆ। ਕਾਰ ਚਾਲਕ ਮੌਕੇ ਤੇ ਹੀ ਰੁਕ ਗਿਆ ਅਤੇ ਪੁਲਿਸ ਜਾਂਚ ਵਿੱਚ ਸਹਿਯੋਗ ਕਰ ਰਿਹਾ ਹੈ। ਘਟਨਾਂ ਸਬੰਧੀ ਪੁਲਿਸ ਨੇ ਮੌਕੇ ਦੇ ਗਵਾਹਾਂ ਨੂੰ ਅੱਗੇ ਆਉਣ ਦੀ ਬੇਨਤੀ ਕੀਤੀ ਹੈ। ਇਸ ਸਬੰਧੀ ਕੌਂਸਲਰ ਬਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਭਾਵੇਂ ਹਾਦਸੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗਿਆ, ਪਰ ਸਿੱਖ ਬੀਬੀ ਦੀ ਹਾਲਤ ਅਜੇ ਗੰਭੀਰ ਬਣੀ ਹੋਈ ਹੈ, ਉਸ ਦਾ ਸਥਾਨਿਕ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਜਾਂਚ ਅਧਿਕਾਰੀ ਸਰਜੈਂਟ ਰੌਬ ਗਰੂਮਬ੍ਰਿਜ ਨੇ ਕਿਹਾ ਕਿ ਸੀ ਸੀ ਟੀ ਵੀ ਕੈਮਰਿਆਂ ਦੀਆਂ ਵੀਡੀਓ ਰਾਹੀਂ ਜਾਂਚ ਕੀਤੀ ਜਾ ਰਹੀ ਹੈ ਕਿ ਹਾਦਸਾ ਕਿਸ ਤਰ੍ਹਾਂ ਹੋਇਆ ਹੈ।

# ਭਾਰਤੀ ਮੂਲ ਦੀਆਂ ਮਹਿਲਾਵਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਗੁਰਵਿੰਦਰ ਸਿੰਘ ਜਿਣਸੀ ਹਮਲਿਆਂ 'ਚ ਦੋਸ਼ੀ ਕਰਾਰ


ਗੁਰਵਿੰਦਰ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੱਛਮੀ ਲੰਡਨ ਦੇ ਬਲਾਤਕਾਰੀ 37 ਸਾਲਾ ਗੁਰਵਿੰਦਰ ਸਿੰਘ ਵਾਸੀ ਨੌਰਥਹਾਲਟ ਨੂੰ ਲੰਡਨ ਦੀ ਸਾਊਥਵਰਕ ਅਦਲਾਤ ਵਿੱਚ ਬਲਾਤਕਾਰ, ਬਲਤਕਾਰ ਦੀ ਕੋਸ਼ਿਸ਼, ਜਿਣਸੀ ਹਮਲੇ ਦੇ ਮਾਮਲਿਆਂ 'ਚ ਦੋਸ਼ੀ ਕਰਾਰ ਦਿੱਤਾ ਹੈ। ਮੈਟਰੋਪੁਲੀਟਨ ਪੁਲਿਸ ਨੇ ਕਿਹਾ ਕਿ ਗੁਰਵਿੰਦਰ ਨੌਕਰੀ ਦੀ ਤਲਾਸ਼ ਕਰਨ ਵਾਲੀਆਂ ਭਾਰਤੀ ਮਹਿਲਾਵਾਂ ਨੂੰ ਨਿਸ਼ਾਨਾ ਬਣਾਉਂਦਾ ਸੀ ਅਤੇ ਖੁਦ ਨੂੰ ਮਹਿਲਾ ਮੈਨੇਜ਼ਰ ਦੱਸ ਕੇ ਵਟਸਐਪ ਰਾਹੀਂ ਗੱਲਬਾਤ ਕਰਕੇ ਮਹਿਲਾਵਾਂ ਦਾ ਭਰੋਸਾ ਜਿੱਤਦਾ ਸੀ। ਉਸ ਨੇ ਇੱਕ ਮਹਿਲਾ ਨੂੰ 21 ਜੂਨ 2025 ਨੂੰ ਲੰਡਨ ਦੇ ਪੈਡਿੰਗਟਨ ਟਰੇਨ ਸ਼ਟੇਸ਼ਨ ਤੇ ਇੱਕ ਖਿਡਾਰੀ ਦੀ ਦੇਖਭਾਲ ਕਰਨ ਲਈ ਬੁਲਾਇਆ। ਉਸ ਨੂੰ ਨੇੜਲੇ ਹੋਟਲ ਦੇ ਇੱਕ ਕਮਰੇ ਵਿੱਚ ਲੈ ਜਾ ਕੇ ਜਬਰਜਨਾਹ ਕੀਤਾ। ਮਹਿਲਾ ਇੱਕ ਟੈਕਸੀ ਅਤੇ ਦੋ ਹੋਰ ਲੋਕਾਂ ਦੀ ਮਦਦ ਨਾਲ ਬਚ ਕੇ ਨਿਕਲੀ। ਹਮਲਾਵਰ ਨੇ ਪੀੜਤਾ ਨੂੰ ਫੋਨ ਕਰਕੇ ਧਮਕੀ ਦਿੱਤੀ ਕਿ ਉਸ ਨੇ ਸਾਰੀ ਵੀਡੀਓ ਰਿਕਾਰਡ ਕਰ ਲਈ ਹੈ, ਜੇ ਕਿਸੇ ਨੂੰ ਦੱਸਿਆ ਤਾਂ ਵਾਇਰਲ ਕਰ ਦਿੱਤੀ ਜਾਵੇਗੀ। ਅਗਲੇ ਦਿਨ ਮਹਿਲਾ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਤਾਂ ਪੁਲਿਸ ਨੇ ਉਸੇ ਹੋਟਲ ਤੋਂ 11 ਅਗਸਤ ਨੂੰ ਗ੍ਰਿਫਤਾਰ ਕਰ ਲਿਆ ਅਤੇ ਤਲਾਸ਼ੀ ਦੌਰਾਨ ਉਸ ਦੇ ਘਰ 'ਚੋਂ 9 ਡਿਵਾਇਸ ਮਿਲੇ। ਜਾਂਚ ਦੌਰਾਨ ਪਤਾ ਲੱਗਾ ਕਿ ਦਸੰਬਰ 2024 ਤੋਂ ਅਗਸਤ 2025 ਤੱਕ ਗੁਰਵਿੰਦਰ ਨੇ ਉਸੇ ਹੋਟਲ ਦੇ ਕਮਰੇ 100 ਤੋਂ ਵੱਧ ਵਾਰ ਬੁੱਕ ਕੀਤੇ ਸਨ। ਉਸ ਨੇ ਬਹੁਤ ਸਾਰੀਆਂ ਮਹਿਲਾਵਾਂ ਨੂੰ ਕੰਮ ਦੀ ਭਾਲ ਵਿੱਚ ਮਦਦ ਕਰਨ ਬਾਰੇ ਗੱਲਬਾਤ ਕੀਤੀ। ਪੁਲਿਸ ਨੇ ਸਾਊਥਾਲ ਅਤੇ ਹੇਜ਼ ਵਿੱਚ ਰਹਿੰਦੀਆਂ ਭਾਰਤੀ ਮੂਲ ਦੀਆਂ ਮਹਿਲਾਵਾਂ ਨੂੰ ਜਾਂਚ ਵਿੱਚ ਸਹਿਯੋਗ ਦੇਣ ਲਈ ਕਿਹਾ ਹੈ, ਪੁਲਿਸ ਦਾ ਮੰਨਣਾ ਹੈ ਕਿ ਦੋਸ਼ੀ ਵੱਲੋਂ ਇੱਕ ਖਾਸ ਭਾਈਚਾਰੇ ਦੀਆਂ ਮਹਿਲਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

# ਬਾਬਾ ਫੌਜਾ ਸਿੰਘ ਦੀ ਯਾਦ ਵਿੱਚ ਲੰਡਨ ਬਾਰੋ ਆਫ ਰੈਡਬਿਰਜ਼ ਕੌਂਸਲ ਨੇ ਲਾਇਆ ਰੁੱਖ


ਬਾਬਾ ਫੌਜਾ ਸਿੰਘ ਦੀ ਯਾਦ ਵਿੱਚ ਰੁੱਖ ਲਗਾਉਣ ਮੌਕੇ ਡਿਪਟੀ ਮੇਅਰ, ਐਮ ਪੀ ਅਠਵਾਲ, ਬੇਟੀ ਜਸਵਿੰਦਰ ਕੌਰ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਾਬਾ ਫੌਜਾ ਸਿੰਘ ਨੇ ਜਿੰਦਗੀ ਦਾ ਵੱਡਾ ਹਿੱਸਾ ਲੰਡਨ ਦੇ ਇਲਾਕੇ ਇਲਫੋਰਡ ਵਿੱਚ ਗੁਜ਼ਾਰਿਆ। ਜਿੱਥੇ ਉਹਨਾਂ ਦੀ ਯਾਦ ਵਿੱਚ ਰੈਡਬ੍ਰਿਜ਼ ਕੌਂਸਲ ਵੱਲੋਂ ਰੈਡਬ੍ਰਿਜ਼ ਰੀਕਰੀਸ਼ਨ ਗਰਾਊਂਡ ਵਿੱਚ ਰੁੱਖ ਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਫੌਜਾ ਸਿੰਘ ਦੇ ਕੋਚ ਹਰਮੰਦਰ ਸਿੰਘ ਨੇ ਦੱਸਿਆ ਕਿ ਇਸ ਮੌਕੇ ਡਿਪਟੀ ਮੇਅਰ ਕੌਂਸਲਰ ਜੋਅ ਹੇਹੀਰ, ਸੰਸਦ ਮੈਂਬਰ ਜਸਬੀਰ ਸਿੰਘ ਜਸ ਅਟਵਾਲ, ਫੌਜਾ ਸਿੰਘ ਦੀ ਬੇਟੀ ਜਸਵਿੰਦਰ ਕੌਰ, ਕੋਚ ਹਰਮੰਦਰ ਸਿੰਘ, ਕੌਂਸਲਰ ਕੈਮ ਰਾਏ, ਮਨਜੀਤ ਸਿੰਘ ਅਤੇ ਹੋਰ ਸਖਸ਼ੀਅਤਾਂ ਦੀ ਹਾਜ਼ਰੀ ਵਿੱਚ ਯਾਦਗਰੀ ਰੁੱਖ ਲਗਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਬਾਬਾ ਫੌਜਾ ਸਿੰਘ ਨੇ ਮੈਰਾਥਨ ਦੌੜਾਂ ਵਿੱਚ ਇਤਿਹਾਸ ਰਚਿਆ ਹੈ, ਸਾਨੂੰ ਮਾਣ ਹੈ ਕਿ ਉਹਨਾਂ ਨੇ ਇਸ ਦੀ ਸ਼ੁਰੂਆਤ ਇਲਫੋਰਡ ਤੋਂ ਕੀਤੀ ਸੀ, ਜਿੰਦਗੀ ਦਾ ਲੰਮਾਂ ਹਿੱਸਾ ਇਥੇ ਰਹੇ। ਹਰਮੰਦਰ ਸਿੰਘ ਨੇ ਦੱਸਿਆ ਕਿ ਬਾਬਾ ਫੌਜਾ ਸਿੰਘ ਇਸੇ ਗਰਾਊਂਡ ਵਿੱਚ ਦੌੜਦੇ ਰਹੇ ਸਨ। ਉਹਨਾਂ ਦਾ ਰੈਡਬ੍ਰਿਜ਼ ਕੌਂਸਲ ਵੱਲੋਂ ਫਰੀਮੈਨ ਦੇ ਖਿਤਾਬ ਅਤੇ ਮਹਾਰਾਣੀ ਵੱਲੋਂ ਬੀ ਈ ਐਮ ਦੇ ਖਿਤਾਬ ਨਾਲ ਨਿਵਾਜ਼ਿਆ ਗਿਆ ਸੀ। ਉਹ ਸਿੱਖਸ ਇੰਨ ਸਿਟੀ ਕਲੱਬ ਦੇ ਮੁੱਢਲੇ ਮੈਂਬਰ ਸਨ ਜਿਹਨਾਂ ਨੂੰ ਹੋਰਨਾਂ ਲਈ ਪ੍ਰੇਰਣਾ ਸਰੋਤ ਬਣੇ, ਲੰਡਨ ਓਲੰਪਿਕ ਮਿਸ਼ਾਲ ਲੈ ਕੇ ਦੌੜਨ ਸਮੇਤ ਕਈ ਇਤਿਹਾਸਕ ਪਲਾਂ ਦੇ ਗਵਾਹ ਬਣੇ।

# ਵਰਲਡ ਸਿੱਖ ਪਾਰਲੀਮੈਂਟ ਦਾ ਸਾਲਾਨਾ 6ਵਾਂ ਇਜਲਾਸ ਆਸਟ੍ਰੇਲੀਆ 'ਚ ਸਫਲਤਾ ਪੂਰਵਕ ਸੰਪੰਨ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਸੁਰੱਖਿਆ ਅਤੇ ਸਿਆਸੀ ਅਵਾਜ਼ ਨੂੰ ਮਜ਼ਬੂਤ ਕਰਨ ਲਈ ਲਏ ਵੱਡੇ ਫੈਸਲੇ




ਵਰਲਡ ਸਿੱਖ ਪਾਰਲੀਮੈਂਟ ਦੇ 6ਵੇਂ ਸਾਲਾਨਾ ਇਜਲਾਸ ਦੀਆਂ ਤਸਵੀਰਾਂ

ਸਿਡਨੀ ਆਸਟਰੇਲੀਆ (ਪੰਜਾਬ ਟਾਈਮਜ਼) – ਵਰਲਡ ਸਿੱਖ ਪਾਰਲੀਮੈਂਟ ਦਾ 2025–26 ਦਾ 6ਵਾਂ ਇਤਿਹਾਸਕ ਇਜਲਾਸ ਆਸਟ੍ਰੇਲੀਆ ਵਿਖੇ ਸਫਲਤਾ ਪੂਰਵਕ ਸੰਪੰਨ ਹੋਇਆ। ਇਸ ਇਕੱਤਰਤਾ ਵਿੱਚ ਆਸਟ੍ਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ 125 ਤੋਂ ਵੱਧ ਡੈਲੀਗੇਟਾਂ ਅਤੇ 25 ਤੋਂ ਵੱਧ ਪੰਥਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਇਸ ਇਜਲਾਸ ਦੀ ਸਭ ਤੋਂ ਵੱਡੀ ਪ੍ਰਾਪਤੀ ਔਰਤਾਂ ਅਤੇ ਨੌਜਵਾਨਾਂ ਦੀ ਭਾਰੀ ਸ਼ਮੂਲੀਅਤ ਰਹੀ, ਜਿਸ ਰਾਹੀਂ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਸਿੱਖਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਕੇ ਕੌਮ ਦੀ ਬੁਲੰਦ ਆਵਾਜ਼ ਬਣਾਉਣ ਦਾ ਸਫਲ ਯਤਨ ਕੀਤਾ ਗਿਆ।

ਇਹ ਇਜਲਾਸ 29 ਅਪ੍ਰੈਲ ਦੇ ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ, 1984 ਤੋਂ ਪਹਿਲਾਂ ਅਤੇ ਬਾਅਦ ਦੇ ਸਮੂਹ ਸ਼ਹੀਦਾਂ, ਭਾਰਤ ਤੋਂ ਆਜ਼ਾਦੀ ਪ੍ਰਾਪਤੀ ਦੀ ਲੜਾਈ ਲੜਨ ਵਾਲੇ ਯੋਧਿਆਂ ਅਤੇ ਸਰਕਾਰੀ ਅੱਤਵਾਦ ਦਾ ਸ਼ਿਕਾਰ ਹੋਏ ਪੰਜਾਬ ਦੇ ਵਸਨੀਕਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਇਜਲਾਸ ਦੌਰਾਨ ਸਿੱਖਾਂ ਦੇ ਆਜ਼ਾਦ ਘਰ ਖਾਲਿਸਤਾਨ ਪ੍ਰਤੀ ਵਚਨਬੱਧਤਾ ਦੁਹਰਾਈ ਗਈ, ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਜਾਰੀ ਰੱਖਣ ਦਾ ਪ੍ਰਣ ਕੀਤਾ ਗਿਆ ਅਤੇ ਸੰਗਤਾਂ ਨੂੰ ਅਮਰੀਕਾ ਦੇ ਸੀਐਟਲ ਵਿੱਚ ਹੋਣ ਜਾ ਰਹੀਆਂ ਰੈਫਰੰਡਮ ਵੋਟਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੱਤਾ ਗਿਆ।

ਇਜਲਾਸ ਦੀ ਕਾਰਵਾਈ ਦੌਰਾਨ ਭਾਈ ਕੁਲਦੀਪ ਸਿੰਘ ਬ੍ਰਿਸਬੇਨ ਨੇ ਸਪੀਕਰ ਵਜੋਂ ਅਤੇ ਭਾਈ ਮਨਪ੍ਰੀਤ ਸਿੰਘ ਨੇ ਸਟੇਜ ਸਕੱਤਰ ਵਜੋਂ ਸੇਵਾ ਨਿਭਾਈ। ਇਸ ਮੌਕੇ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਵਿਸ਼ੇਸ਼ ਸੰਦੇਸ਼ ਵੀ ਭਾਈ ਹਿੰਮਤ ਸਿੰਘ ਵੱਲੋਂ ਪੜ੍ਹ ਕੇ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਨਿਊ ਸਾਊਥ ਵੇਲਜ਼ ਨੈਸ਼ਨਲਜ਼ ਪਾਰਟੀ ਦੇ ਨੇਤਾ ਅਤੇ ਕੋਫਸ ਹਾਰਬਰ ਤੋਂ ਮੈਂਬਰ, ਗੁਰਮੇਸ਼ ਸਿੰਘ ਨੇ ਵੀ ਸੈਸ਼ਨ ਵਿੱਚ ਹਿੱਸਾ ਲਿਆ।

ਇਸ ਇਜਲਾਸ ਦੌਰਾਨ ਕਈ ਅਹਿਮ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਆਸਟ੍ਰੇਲੀਆ ਵਿੱਚ ਸਿੱਖਾਂ ਦੀ ਸਿਆਸੀ ਤਾਕਤ ਵਧਾਉਣ ਲਈ 'ਸਿੱਖ ਵੋਟ ਆਸਟ੍ਰੇਲੀਆ' ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ ਕਲੱਸਟਰ ਵੋਟਿੰਗ ਰਾਹੀਂ ਸਿੱਖਾਂ ਦੇ 5 ਅਹਿਮ ਮਸਲਿਆਂ 'ਤੇ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ। ਭਾਰਤੀ ਦਖਲਅੰਦਾਜ਼ੀ ਅਤੇ ਟਰਾਂਸ-ਨੈਸ਼ਨਲ ਰਿਪਰੈਸ਼ਨ ਬਾਰੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਲਈ ਇੱਕ ਵਿਸ਼ੇਸ਼ ਰਿਪੋਰਟ ਤਿਆਰ ਕਰਕੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ, ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਅਦਾਰਿਆਂ ਨੂੰ ਸੌਂਪਣ ਦਾ ਮਤਾ ਵੀ ਪਾਸ ਹੋਇਆ। ਇਸਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ 'ਤੇ ਕਾਨੂੰਨੀ ਮਦਦ ਲਈ ਇੱਕ 'ਗਲੋਬਲ ਸਿੱਖ ਲੀਗਲ ਆਬਜ਼ਰਵੇਟਰੀ', 'ਰੈਪਿਡ ਰਿਸਪਾਂਸ ਟੀਮ' ਅਤੇ 'ਟਰਾਂਸਨੈਸ਼ਨਲ ਸਿੱਖ ਲੀਗਲ ਟਾਸਕ ਫੋਰਸ' ਬਣਾਉਣ ਦੇ ਨਾਲ-ਨਾਲ ਸਿੱਖ ਕਾਰਕੁਨਾਂ ਦੀ ਸੁਰੱਖਿਆ ਲਈ ਵਿਸ਼ੇਸ਼ ਸਿਖਲਾਈ ਦੇਣ ਦਾ ਫੈਸਲਾ ਕੀਤਾ ਗਿਆ।

ਨੌਜਵਾਨਾਂ ਨੂੰ ਲੀਡਰਸ਼ਿਪ ਵਿੱਚ ਅੱਗੇ ਲਿਆਉਣ ਲਈ ਅਮਰੀਕਾ ਅਤੇ ਕੈਨੇਡਾ ਦੀ ਤਰਜ਼ 'ਤੇ ਆਸਟ੍ਰੇਲੀਆ ਵਿੱਚ ਵੀ ਅਕਾਦਮਿਕ ਪ੍ਰੋਗਰਾਮ, ਸਕਾਲਰਸ਼ਿਪ ਅਤੇ ਫੈਲੋਸ਼ਿਪ ਸ਼ੁਰੂ ਕੀਤੀਆਂ ਜਾਣਗੀਆਂ। ਨੌਜਵਾਨਾਂ ਲਈ ਅੰਤਰਰਾਸ਼ਟਰੀ ਕਾਨੂੰਨ, ਗਵਰਨੈਂਸ, ਮੀਡੀਆ ਲਿਟਰੇਸੀ, ਪਬਲਿਕ ਸਪੀਕਿੰਗ ਅਤੇ ਕਮਿਊਨਿਟੀ ਮਸਲਿਆਂ ਦੇ ਹੱਲ ਬਾਰੇ ਲੜੀਵਾਰ ਵਰਕਸ਼ਾਪਾਂ ਲਗਾਈਆਂ ਜਾਣਗੀਆਂ। ਪੰਜਾਬੀ ਅਤੇ ਸਿੱਖ ਧਾਰਮਿਕ ਸਿੱਖਿਆ ਨੂੰ ਸਟੇਟ ਅਤੇ ਨੈਸ਼ਨਲ ਸਿਲੇਬਸ ਦਾ ਹਿੱਸਾ ਬਣਾਉਣ ਅਤੇ ਗੈਰ-ਸਿੱਖਾਂ ਨੂੰ ਸਿੱਖ ਪਛਾਣ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਕਿਤਾਬਚੇ ਵੰਡਣ ਦਾ ਟੀਚਾ ਵੀ ਮਿਥਿਆ ਗਿਆ।

ਮੁੱਖ ਸੈਸ਼ਨ ਤੋਂ ਬਾਅਦ ਕ੍ਰੇਗੀਬਰਨ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨਾਲ ਦੋ ਘੰਟੇ ਦਾ ਵਿਸ਼ੇਸ਼ ਸਵਾਲ-ਜਵਾਬ ਸੈਸ਼ਨ ਹੋਇਆ। ਐਤਵਾਰ ਨੂੰ ਵਰਲਡ ਸਿੱਖ ਪਾਰਲੀਮੈਂਟ ਦੇ ਡੈਲੀਗੇਟਾਂ ਨੇ ਕ੍ਰੇਗੀਬਰਨ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਸਨਮੁੱਖ ਹੋ ਕੇ ਆਪਣੇ ਵਿਚਾਰ ਸਾਂਝੇ ਕੀਤੇ। ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕ੍ਰੇਗੀਬਰਨ ਗੁਰਦੁਆਰਾ, ਮੀਰੀ-ਪੀਰੀ ਗੁਰਦੁਆਰਾ, ਟਾਰਨੇਟ ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਸਿਡਨੀ, ਮੈਲਬਰਨ, ਬ੍ਰਿਸਬੇਨ, ਪਰਥ ਤੇ ਐਡੀਲੇਡ ਦੇ ਤਮਾਮ ਗੁਰੂ-ਘਰਾਂ ਤੋਂ ਪਹੁੰਚੇ ਨੁਮਾਇੰਦਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ (ਅਮਰੀਕਾ), ਜਨਰਲ ਸਕੱਤਰ ਮਨਪ੍ਰੀਤ ਸਿੰਘ, ਲੀਗਲ ਕੌਂਸਲ ਪ੍ਰਭ ਸਿੰਘ, ਸੰਤੋਖ ਸਿੰਘ, ਬਲਵਿੰਦਰ ਸਿੰਘ ਚੱਠਾ, ਦਲਜੀਤ ਸਿੰਘ ਸਟਾਕਟਨ, ਮਨਬੀਰ ਸਿੰਘ ਸੰਧੂ, ਜਤਿੰਦਰ ਸਿੰਘ ਸਿਡਨੀ, ਨਵਤੇਜ ਸਿੰਘ ਐਡੀਲੇਡ, ਬੀਬੀ ਜਸਕੀਰਤ ਕੌਰ, ਅੰਮ੍ਰਿਤਪ੍ਰੀਤ ਕੌਰ, ਪਾਹੁਲਪ੍ਰੀਤ ਕੌਰ, ਸਿਮਰਪ੍ਰੀਤ ਕੌਰ, ਪ੍ਰਭਜੋਤ ਕੌਰ, ਗੁਰਵਿੰਦਰ ਸਿੰਘ, ਸ਼ਾਮ ਸਿੰਘ ਅਤੇ ਹਿੰਮਤ ਸਿੰਘ (ਆਸਟ੍ਰੇਲੀਆ) ਸਮੇਤ ਕਈ ਪ੍ਰਮੁੱਖ ਬੁਲਾਰਿਆਂ ਨੇ ਸ਼ਿਰਕਤ ਕੀਤੀ।

## ਪਾਠਕਾਂ ਦੀ ਜਾਣਕਾਰੀ ਲਈ

ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਥੇਦਾਰ ਮਹਿੰਦਰ ਸਿੰਘ ਖਹਿਰਾ ਯੂ ਕੇ ਦਾ ਲੇਖ "ਸ਼ੇਰ-ਏ-ਪੰਜਾਬ ਰਣਜੀਤ ਸਿੰਘ ਜੇ ਸਾਜਿਸ਼ੀ ਡੋਗਰਿਆਂ ਤੇ ਬ੍ਰਾਹਮਣਾਂ 'ਤੇ ਇਤਬਾਰ ਨਾ ਕਰਦਾ ਤਾਂ ਅੱਜ ਵੀ ਪੰਜਾਬ ਉਤੇ ਖ਼ਾਲਸਾ ਰਾਜ ਦੇ ਝੰਡੇ ਝੂਲਦੇ ਹੋਣੇ ਸੀ" ਕਿਸੇ ਵਜਾਹ ਕਰਕੇ ਇਸ ਹਫ਼ਤੇ ਦੇ ਅੰਕ ਵਿੱਚ ਨਹੀਂ ਛਪ ਰਿਹਾ । ਅਗਲੇ ਹਫ਼ਤੇ ਇਸ ਲੇਖ ਦਾ ਅਗਲਾ ਭਾਗ ਛਾਪਿਆ ਜਾਵੇਗਾ ।

ਧੰਨਵਾਦ ਸਹਿਤ,
ਸੰਪਾਦਕ ਪੰਜਾਬ ਟਾਈਮਜ਼

# ਅੰਤਰਰਸ਼ਟਰੀ ਮਾਤ-ਭਾਸ਼ਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ



ਵਾਲਸਾਲ -(ਨਿਰਮਲ ਸਿੰਘ ਕੰਧਾਲਵੀ)-ਦਿਨ ਐਤਵਾਰ 22 ਫ਼ਰਵਰੀ 2026 ਨੂੰ ਵਾਲਸਾਲ (ਯੂ.ਕੇ) ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਚ 'ਪੰਜਾਬੀ ਐਜੁਕੇਸ਼ਨ ਐਂਡ ਟੀਚਰ ਟਰੇਨਿੰਗ (ਪੈਟ, ਯੂ.ਕੇ.) ਅਤੇ ਪ੍ਰਗਤੀਸ਼ੀਲ ਲਿਖਾਰੀ ਸਭਾ (ਯੂ.ਕੇ.) ਵਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਅੰਤਰਰਸ਼ਟਰੀ ਮਾਤ-ਭਾਸ਼ਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਬੱਚੇ, ਉਨ੍ਹਾਂ ਦੇ ਮਾਪੇ ਅਤੇ ਸੰਗਤ ਨੇ ਹਾਜ਼ਰੀ ਭਰੀ। ਬੱਚਿਆਂ ਨੇ ਮਾਂ-ਬੋਲੀ ਨਾਲ ਸਬੰਧਤ ਕਵਿਤਾਵਾਂ ਪੜ੍ਹੀਆਂ ਅਤੇ ਭਾਸ਼ਨ ਦਿਤੇ। ਚਾਰ ਰੋਲ ਮਾਡਲਾਂ ਜਿਨ੍ਹਾਂ ਵਿਚ, ਬੈਰਿਸਟਰ, ਜੇਲ੍ਹ ਗਵਰਨਰ, ਪੁਲਿਸ ਅਫ਼ਸਰ ਅਤੇ ਫ਼ਾਰਮਾਸਿਸਟ ਸ਼ਾਮਲ ਸਨ, ਨੇ ਸੰਬੋਧਨ ਕਰ ਕੇ ਦੱਸਿਆ ਕਿ ਆਪਣੀ ਨੌਕਰੀ ਦੌਰਾਨ ਉਹ ਕਿਵੇਂ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਹਨ। ਰੋਲ ਮਾਡਲ ਪੇਸ਼ ਕਰਨ ਦਾ ਇਹੀ ਮਕਸਦ ਸੀ ਕਿ ਬੱਚਿਆਂ ਤੇ ਮਾਪਿਆਂ ਨੂੰ ਦੱਸਿਆ ਜਾਵੇ ਕਿ ਪੰਜਾਬੀ ਭਾਸ਼ਾ ਸਿੱਖਣ ਦੇ ਬਹੁਤ ਫ਼ਾਇਦੇ ਹਨ। ਸੰਗਤਾਂ ਨੂੰ ਜਾਣਕਾਰੀ ਦਿਤੀ ਗਈ ਕਿ ਯੂਨੀਵਰਸਿਟੀ ਵਿਚ ਦਾਖ਼ਲਾ ਲੈਣ ਵੇਲੇ ਪੰਜਾਬੀ ਭਾਸ਼ਾ ਦੇ 'ਏ' ਲੈਵਲ ਨੂੰ ਵੀ ਉਹੋ ਦਰਜਾ ਮਿਲਦਾ ਹੈ ਜੋ ਬਾਕੀ ਵਿਸ਼ਿਆਂ ਨੂੰ ਮਿਲਦਾ ਹੈ। ਗੁਰਜੀਤ ਸਿੰਘ ਗਿੱਲ ਹੋਰੀਂ ਇਸ ਦੇਸ਼ ਵਿਚ ਪੰਜਾਬੀ ਭਾਸ਼ਾ ਲਈ 'ਪੈਟ' ਵਲੋਂ ਕੀਤੇ ਜਾਂਦੇ ਕਾਰਜਾਂ ਬਾਰੇ ਵੇਰਵੇ ਨਾਲ ਦੱਸਿਆ। ਨਿਰਮਲ ਸਿੰਘ ਕੰਧਾਲਵੀ ਹੋਰੀਂ ਦੱਸਿਆ ਕਿ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਸਾਰੀ ਦੁਨੀਆਂ ਵਿਚ ਕਿਉਂ ਮਨਾਇਆ ਜਾਂਦਾ ਹੈ। ਯੂ.ਐਨ.ਓ. ਦਾ ਇਸ ਵਿਚ ਕੀ ਰੋਲ ਹੈ ਆਦਿ। ਬੀਬੀ ਸ਼ਰਨਜੀਤ ਕੌਰ ਢੇਸੀ ਨੇ ਆਪਣੀ ਲਾਹੌਰ ਫੇਰੀ, ਜਿੱਥੇ ਤਿੰਨ ਦਿਨਾਂ ਪੰਜਾਬੀ ਕਾਨਫ਼ਰੰਸ ਦਸੰਬਰ 2025 'ਚ ਆਯੋਜਿਤ ਕੀਤੀ ਗਈ ਸੀ, ਬਾਰੇ ਦੱਸਿਆ। ਡਾ. ਜਗਤ ਸਿੰਘ ਨਾਗਰਾ ਅਤੇ ਡਾ. ਮੁਹਿੰਦਰ ਸਿੰਘ ਗਿੱਲ, ਹੋਰੀਂ ਵੀ ਆਪਣੇ ਵਿਚਾਰ ਰੱਖੇ। ਸਟੇਜ ਸਕੱਤਰ ਸ੍ਰ. ਪਰਮਿੰਦਰ ਸਿੰਘ ਹੋਰੀਂ ਆਈ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਪ੍ਰੋਗਰਾਮ ਦੇ ਅੰਤ 'ਤੇ ਜਨਰਲ ਸਕੱਤਰ ਸ੍ਰ. ਪਰਮਜੀਤ ਸਿੰਘ ਹੋਰੀਂ ਆਈ ਹੋਈ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸਿੱਖ ਚੈਨਲ ਵਲੋਂ ਸਾਰੇ ਪ੍ਰੋਗਰਾਮ ਦੀ ਰਿਕਾਰਡਿੰਗ ਕੀਤੀ ਗਈ। ਪ੍ਰਬੰਧਕਾਂ ਵਲੋਂ ਸਿੱਖ ਚੈਨਲ ਦਾ ਵੀ ਧੰਨਵਾਦ ਕੀਤਾ ਗਿਆ।

# ਵੈਸਟ ਬ੍ਰੋਮਿਚ ਗੁਰਦੁਆਰੇ ਦੇ ਬਾਹਰ ਕੱਚਾ ਮਾਸ ਸੁੱਟਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀ ਨੂੰ ਨਸਲਵਾਦੀ ਹਮਲੇ ਲਈ 8 ਮਹੀਨੇ ਮੁਲਤਵੀ ਜੇਲ੍ਹ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੈਸਟ ਬ੍ਰੋਮਿਚ ਸ਼ਹਿਰ ਦੀ ਵਿਕਟੋਰੀਆ ਸਟਰੀਟ ਸਥਿਤ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ ਸਾਹਮਣੇ ਬਾਹਰ ਵਾਲੇ ਪਾਸੇ ਕੱਚਾ ਮਾਸ ਸੁੱਟਣ ਵਾਲੇ ਗੈਰ-ਕਾਨੂੰਨੀ 42 ਸਾਲਾ ਪ੍ਰਵਾਸੀ ਟੋਮਾਸਜ਼ ਬਰੂਚ ਨੂੰ 8 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ ਜੋ ਦੋ ਸਾਲ ਲਈ ਮੁਲਤਵੀ ਹੋਣ ਕਰਕੇ ਤੁਰੰਤ ਜੇਲ੍ਹ ਜਾਣ ਤੋਂ ਬਚ ਗਿਆ ਹੈ।***

ਵੁਲਵਰਹੈਂਪਟਨ ਮੈਜਿਸਟ੍ਰੇਟ ਅਦਾਲਤ ਨੇ ਸੁਣਿਆ ਕਿ ਟੋਮਾਸਜ਼ ਬਰੂਚ ਨੇ ਪਿਛਲੇ ਸਾਲ 22 ਦਸੰਬਰ ਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਕੱਚਾ ਸੂਰ ਦਾ ਮਾਸ ਸੁੱਟਿਆ ਸੀ, ਜਿਸ ਨੂੰ 'ਨਸਲਵਾਦੀ' ਹਮਲੇ ਵਜੋਂ ਵੇਖਿਆ ਗਿਆ। ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ ਸੀ, ਜਿਸ ਕਾਰਨ ਦੋਸ਼ੀ ਤੱਕ ਪੁਲਿਸ ਤੇਜ਼ੀ ਨਾਲ ਪਹੁੰਚ ਗਈ।

ਅਦਾਲਤ ਨੂੰ ਵਕੀਲ ਕੈਥਲੀਨ ਪ੍ਰਾਈਸ ਨੇ ਦੱਸਿਆ ਕਿ "ਇਹ ਜਾਣਬੁੱਝ ਕੇ ਕੀਤਾ ਗਿਆ ਨਸਲਵਾਦੀ ਅਪਰਾਧ ਹੈ। ਗੁਰਦੁਆਰਿਆਂ ਦੇ ਅੰਦਰ ਮਾਸ ਖਾਣ ਦੀ ਸਖ਼ਤ ਮਨਾਹੀ ਹੈ। ਦਲਵਿੰਦਰ ਸਿੰਘ ਕੰਗ ਨੇ ਅਦਾਲਤ ਵਿੱਚ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਮਾਸ ਵਰਜਿਤ ਹੈ। ਇਸ ਤਰ੍ਹਾਂ ਗੁਰਦੁਆਰੇ ਦੇ ਬਾਹਰ ਮਾਸ ਸੁੱਟਣਾ ਸਾਡੇ ਧਰਮ ਅਤੇ ਭਾਈਚਾਰੇ ਦੇ ਮੈਂਬਰਾਂ ਲਈ ਬਹੁਤ ਹੀ ਅਪਮਾਨਜਨਕ ਹੈ।

ਉਹਨਾਂ ਕਿਹਾ ਕਿ ਉਸਨੇ ਸਾਨੂੰ ਮੁਸਲਮਾਨ ਸਮਝ ਲਿਆ ਸੀ ਅਤੇ ਅਸਲ ਵਿੱਚ ਸਿੱਖ ਧਰਮ ਦੀ ਬਜਾਏ ਇਸਲਾਮ ਧਰਮ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਫਿਰ ਵੀ ਮੇਰਾ ਮੰਨਣਾ ਹੈ ਕਿ ਦੋਸ਼ੀ ਨੇ ਗੁਰਦੁਆਰੇ, ਸਾਡੇ ਭਾਈਚਾਰੇ ਅਤੇ ਧਰਮ ਨੂੰ ਪੱਖਪਾਤ ਦੇ ਅਧਾਰ 'ਤੇ ਨਿਸ਼ਾਨਾ ਬਣਾਇਆ ਹੈ। ਜਿਸ ਕਾਰਨ ਭਾਈਚਾਰੇ ਵਿੱਚ ਚਿੰਤਾ, ਗੁੱਸਾ, ਦੁੱਖ ਅਤੇ ਪਰੇਸ਼ਾਨੀ ਪੈਦਾ ਹੋਈ।

ਸਜ਼ਾ ਸੁਣਾਉਂਦੇ ਹੋਏ, ਜ਼ਿਲ੍ਹਾ ਜੱਜ ਮਾਈਕਲ ਵ੍ਹੀਲਰ ਨੇ ਕਿਹਾ ਕਿ ਬਰੂਚ ਨੇ 'ਸਪੱਸ਼ਟ ਤੌਰ 'ਤੇ ਇੱਕ ਧਾਰਮਿਕ ਸਮੂਹ ਨੂੰ ਨਿਸ਼ਾਨਾ ਬਣਾਇਆ' ਅਤੇ ਉਹਨਾਂ ਲਈ 'ਦੁੱਖ ਜਾਂ ਚਿੰਤਾ' ਦਾ ਕਾਰਨ ਬਣਾਇਆ। ਘਟਨਾ ਕਾਰਨ ਸਿੱਖ ਭਾਈਚਾਰੇ ਨੂੰ ਗੰਭੀਰ ਪਰੇਸ਼ਾਨੀ ਹੋਈ।

ਜ਼ਿਲ੍ਹਾ ਜੱਜ ਵ੍ਹੀਲਰ ਨੇ ਅੱਠ ਮਹੀਨੇ ਕੈਦ ਦੀ ਸਜ਼ਾ ਦੋ ਦੋ ਸਾਲਾਂ ਲਈ ਮੁਅੱਤਲ ਕਰਨ ਤੋਂ ਇਲਾਵਾ 15 ਦਿਨਾਂ ਦਾ ਪੁਨਰਵਾਸ ਅਤੇ 150 ਘੰਟੇ ਬਿਨਾਂ ਤਨਖਾਹ ਸਮਾਜ ਸੇਵਾ ਕਰਨ ਦੇ ਹੁਕਮ ਦਿੱਤੇ। ।ਦੋਸ਼ੀ ਨੂੰ ਪੰਜ ਸਾਲ ਗੁਰਦੁਆਰਾ ਸਾਹਿਬ ਦੇ 500 ਮੀਟਰ ਦੇ ਘੇਰੇ ਅੰਦਰ ਜਾਣ ਤੇ ਵੀ ਪਾਬੰਦੀ ਲਗਾਈ ਗਈ। ਬਰੂਚ ਨੂੰ ਗੁਰਦੁਆਰੇ ਨੂੰ 1,000 ਪੌਂਡ ਮੁਆਵਜ਼ਾ, 187 ਪੌਂਡ ਪੀੜਤ ਸਰਚਾਰਜ ਅਤੇ 85 ਪੌਂਡ ਖਰਚਾ ਵੀ ਅਦਾ ਕਰਨ ਦੇ ਹੁਕਮ ਦਿੱਤੇ।

ਜ਼ਿਲ੍ਹਾ ਜੱਜ ਵ੍ਹੀਲਰ ਨੇ ਅੱਗੇ ਕਿਹਾ ਕਿ ਜੇ ਪਿਛਲੇ ਪੰਜ ਹਫ਼ਤੇ ਜੇਲ੍ਹ ਵਿੱਚ ਨਾ ਬਿਤਾਏ ਹੁੰਦੇ, ਤਾਂ ਉਸ ਨੂੰ ਤੁਰੰਤ ਜੇਲ੍ਹ ਦੀ ਸਜ਼ਾ ਹੁੰਦੀ, ਨਾ ਕਿ ਮੁਅੱਤਲ ਸਜ਼ਾ।

### ਸੈਪਸਿਸ ਨਾਮ ਦੀ ਗੰਭੀਰ ਬਿਮਾਰੀ ਤੋਂ ਬਚੀ ਮਨਜੀਤ ਕੌਰ ਸੰਘਾ ਹੁਣ ਲੋਕਾਂ ਨੂੰ ਜਾਗਰੂਕ ਕਰੇਗੀ

## ਸੈਪਸਿਸ ਦੇ ਫੈਲਾਅ ਨੂੰ ਰੋਕਣ ਲਈ ਮਨਜੀਤ ਦੇ ਦੋਵੇਂ ਹੱਥ ਅਤੇ ਗੋਡਿਆਂ ਤੋਂ ਹੇਠਾਂ ਲੱਤਾਂ ਕੱਟਣੀਆਂ ਪਈਆਂ

### ਯੂ ਕੇ ਵਿੱਚ ਸੈਪਸਿਸ ਸਬੰਧੀ 50000 ਮੌਤਾਂ ਹਰ ਸਾਲ ਹੁੰਦੀਆਂ ਹਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੀ ਭਾਰਤੀ ਮੂਲ ਦੀ ਔਰਤ ਮਨਜੀਤ ਕੌਰ ਸੰਘਾ ਇਸ ਹਫ਼ਤੇ ਹਸਪਤਾਲ ਤੋਂ ਸੈਪਸਿਸ ਨਾਮ ਦੀ ਭਿਆਨਕ ਬਿਮਾਰੀ ਤੋਂ ਚਮਤਕਾਰੀ ਢੰਗ ਨਾਲ ਸਿਹਤਯਾਬ ਹੋ ਕੇ ਘਰ ਪਰਤੀ ਹੈ ਅਤੇ ਹੁਣ ਹੋਰ ਲੋਕਾਂ ਨੂੰ ਸੈਪਸਿਸ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਦੀ ਇੱਛਾ ਰੱਖਦੀ ਹੈ।**

**56 ਸਾਲਾ ਮਨਜੀਤ ਕੌਰ ਸੰਘਾ ਦੇ ਪਿਛਲੇ ਸਾਲ ਜੁਲਾਈ ਵਿੱਚ ਸੈਪਸਿਸ ਦੇ ਸੰਕਰਮਣ ਤੋਂ ਬਾਅਦ ਉਸਦੇ ਸਾਰੇ ਅੰਗ ਕੱਟ ਦਿੱਤੇ ਗਏ ਸਨ, ਡਾਕਟਰਾਂ ਦਾ ਮੰਨਣਾ ਹੈ ਕਿ ਇਹ ਪਾਲਤੂ ਕੁੱਤੇ ਦੇ ਇੱਕ ਛੋਟੇ ਜਿਹੇ ਕੱਟ ਜਾਂ ਸਕ੍ਰੈਚ 'ਤੇ ਚੱਟਣ ਕਾਰਨ ਹੋ ਸਕਦਾ ਹੈ।ਬਰਮਿੰਘਮ ਦੇ ਹਸਪਤਾਲ ਵਿੱਚ ਛੁੱਟੀ ਮਿਲਣ ਤੋਂ ਬਾਅਦ ਉਸਦੀ ਅਤੇ ਪਤੀ ਕਮਲਜੀਤ ਸੰਘਾ ਦੀ ਜ਼ਿੰਦਗੀ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਇੱਕ ਗੋ ਫੰਡ ਮੀ ਔਨਲਾਈਨ ਫੰਡਰੇਜ਼ਰ ਸਥਾਪਤ ਕੀਤਾ ਗਿਆ ਹੈ।**

**ਮਨਜੀਤ ਨੇ ਬੀਬੀਸੀ ਨੂੰ ਦੱਸਿਆ ਕਿ ਥੋੜ੍ਹੇ ਸਮੇਂ ਵਿੱਚ ਆਪਣੇ ਅੰਗ ਅਤੇ ਆਪਣੇ ਹੱਥ ਗੁਆਉਣਾ ਇੱਕ ਬਹੁਤ ਵੱਡੀ ਗੱਲ ਹੈ। ਇਹ ਬਹੁਤ ਗੰਭੀਰ ਹੈ ਅਤੇ ਇਸਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ। ਜਿਵੇਂ-ਜਿਵੇਂ ਉਹ ਠੀਕ ਹੋ ਰਹੀ ਹੈ ਅਤੇ ਆਪਣੀ ਜ਼ਿੰਦਗੀ ਦੁਬ-ਾਰਾ ਸ਼ੁਰੂ ਕਰ ਰਹੀ ਹੈ, ਉਹ ਹੁਣ ਦੂਜਿਆਂ ਨੂੰ ਸੈਪਸਿਸ ਦੇ ਖ਼ਤਰੇ ਬਾਰੇ ਚੇਤਾਵਨੀ ਦੇਣਾ ਚਾਹੁੰਦੀ ਹੈ, ਕਿ "ਇਹ ਕਿਸੇ ਨਾਲ ਵੀ ਹੋ ਸਕਦਾ ਹੈ।"**

**ਸਾਬਕਾ ਫਾਰਮੇਸੀ ਕਰਮਚਾਰੀ ਸੰਘਾ ਨੇ ਦੱਸਿਆ ਕਿ ਉਹ ਪਿਛਲੇ ਸਾਲ ਜੁਲਾਈ ਵਿੱਚ ਇੱਕ ਸ਼ਾਮ ਨੂੰ ਕੰਮ ਤੋਂ ਘਰ ਵਾਪਸ ਆਈ ਸੀ ਅਤੇ ਬਿਮਾਰ ਮਹਿਸੂਸ ਕਰ ਰਹੀ ਸੀ ਅਤੇ ਅਗਲੀ ਸਵੇਰ ਤੱਕ ਉਹ ਬੇਹੋਸ਼ ਹੋ ਗਈ। ਉਸਦੇ ਹੱਥ ਅਤੇ ਪੈਰ ਬਰਫ਼ ਵਾਂਗ ਠੰਡੇ ਸਨ, ਉਸਦੇ ਬੁੱਲ੍ਹ ਜਾਮਨੀ ਹੋ ਗਏ ਅਤੇ ਉਸਨੂੰ ਸਾਹ ਲੈਣ ਵਿੱਚ ਵੀ ਮੁਸ਼ਕਲ ਆਉਣ ਲੱਗੀ।**



**ਇੰਟੈਂਸਿਵ ਕੇਅਰ ਵਿੱਚ ਮਨਜੀਤ ਦਾ ਦਿਲ ਛੇ ਵਾਰ ਬੰਦ ਹੋਇਆ ਅਤੇ ਸਰਜਨਾਂ ਨੇ ਬਿਮਾਰੀ ਦੇ ਫੈਲਣ ਕਾਰਨ ਉਸਦੇ ਦੋਵੇਂ ਪੈਰ ਗੋਡੇ ਦੇ ਹੇਠਾਂ ਅਤੇ ਨਾਲ ਹੀ ਉਸਦੇ ਦੋਵੇਂ ਹੱਥਕੱਟ ਦਿੱਤੇ।ਡਾਕਟਰਾਂ ਨੇ ਉਸਨੂੰ ਇਨਡਿਊਸਡ ਕੋਮਾ ਵਿੱਚ ਪਾ ਦਿੱਤਾ, ਲਾਈਫ ਸਪੋਰਟ ਅਤੇ ਡਾਇਲਸਿਸ 'ਤੇ ਸੀ ਕਿਉਂਕਿ ਡਾਕਟਰਾਂ ਨੇ ਉਸਨੂੰ ਸੈਪਟਿਕ ਪਾਇਆ। ਇੱਕ ਦੁਰਲੱਭ ਅਤੇ ਜਾਨਲੇਵਾ ਸਥਿਤੀ ਜਿਸ ਕਾਰਨ ਪੂਰੇ ਸਰੀਰ ਵਿੱਚ ਖੂਨ ਜੰਮ ਜਾਂਦਾ ਹੈ। ਇਸ ਕਾਰਨ ਬਚਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹੁੰਦੀਆਂ ਹਨ। ਕਮਲਜੀਤ ਸਿੰਘ ਸੰਘਾ ਨੇ ਕਿਹਾ ਕਿ ਮਨਜੀਤ ਦਾ ਬਚ ਜਾਣਾ ਚਮਤਕਾਰੀ ਹੈ, ਉਹ ਦਲੇਰੀ ਨਾਲ ਬਿਮਾਰੀ ਨਾਲ ਲੜੀ ਹੈ।**

**ਸੈਪਸਿਸ ਇੱਕ ਦੁਰਲੱਭ ਗੰਭੀਰ ਬੀਮਾਰੀ ਹੈ, ਜੋ ਉਦੋਂ ਵਾਪਰਦੀ ਹੈ ਜਦੋਂ ਸਰੀਰ ਦਾ ਇਮਿਊਨ ਸਿਸਟਮ ਹੀ ਬਿਮਾਰੀ ਅਤੇ ਲਾਗ ਨਾਲ ਲੜਨ ਦੀ ਬਜਾਏ ਸਰੀਰ ਦੇ ਆਪਣੇ ਟਿਸ਼ੂਆਂ ਅਤੇ ਅੰਗਾਂ 'ਤੇ ਹਮਲਾ ਕਰ ਦਿੰਦਾ ਹੈ।ਯੂ ਕੇ ਦੀ ਨੈਸ਼ਨਲ ਹੈਲਥ ਸਰਵਿਸ ਦੇ ਅਨੁਸਾਰ, ਇਸਦੇ ਲੱਛਣਾਂ ਨੂੰ ਪਛਾਣਨਾ ਔਖਾ ਹੋ ਸਕਦਾ ਹੈ ਅਤੇ ਇਸ ਵਿੱਚ ਪੀੜਤ ਥੁਥਲਾ ਕੇ ਬੋਲਣਾ, ਬਹੁਤ ਜ਼ਿਆਦਾ ਕੰਬਣਾ ਜਾਂ ਮਾਸਪੇਸ਼ੀਆਂ ਵਿੱਚ ਦਰਦ, ਸਾਹ ਚੜ੍ਹਨਾ ਅਤੇ ਚਮੜੀ ਦਾ ਰੰਗ ਬਦਲਣਾ ਵਰਗੇ ਲੱਛਣ ਦਿਖਾਈ ਦਿੰਦੇ ਹਨ।**

## ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ



ਵੱਖ ਵੱਖ ਰਾਜਾਂ ਦੇ ਲੋਕ ਪੇਸ਼ਕਾਰੀ ਕਰਦੇ ਹੋਏ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਵਿਕਰਮ ਦੋਰਾਇਸਵਾਮੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ। ਜਿਸ ਵਿੱਚ ਭੋਜਪੁਰੀ ਵਿੱਚ ਕਵਿਤਾਵਾਂ, ਸੰਸਕ੍ਰਿਤ ਵਿੱਚ ਸ਼ਲੋਕ, ਹਿਮਾਚਲ ਪ੍ਰਦੇਸ਼ ਦੇ ਸੰਗੀਤਕ ਪੇਸ਼ਕਾਰੀ ਅਤੇ ਅਸਾਮ ਦੇ ਬਿਹੂ ਲੋਕ ਨਾਚ ਪੇਸ਼ ਕੀਤੇ ਗਏ।

ਸੰਯੁਕਤ ਰਾਸ਼ਟਰ (ਯੂ.ਐਨ.) ਦੁਆਰਾ ਮਾਨਤਾ ਪ੍ਰਾਪਤ ਭਾਸ਼ਾਈ ਦਿਵਸ ਮੌਕੇ ਭਾਰਤ ਦੇ ਹਾਈ ਕਮਿਸ਼ਨ ਦਾ ਇਕੱਠ ਅਰੁਣਾਚਲ ਪ੍ਰਦੇਸ਼, ਅਸਾਮ, ਬਿਹਾਰ, ਹਿਮਾਚਲ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ, ਰਾਜਸਥਾਨ, ਤ੍ਰਿਪੁਰਾ ਅਤੇ ਉੱਤਰ ਪ੍ਰਦੇਸ਼ ਦੇ ਸਥਾਪਨਾ ਦਿਵਸਾਂ ਦੇ ਜਸ਼ਨਾਂ ਵਾਂਗ ਸੀ, ਜੋ ਕਿ ਯੂ ਕੇ ਵਿੱਚ ਭਾਰਤ ਦੇ ਸਾਰੇ ਹਿੱਸਿਆਂ ਦੀ ਨੁਮਾਇੰਦਗੀ ਕਰਨ ਵਾਲੇ ਡਾਇਸਪੋਰਾ ਨੂੰ ਪ੍ਰਦਰਸ਼ਿਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ। ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਕਿਹਾ ਕਿ ਭਾਰਤ ਨੂੰ ਅਦਭੁਤ ਬਣਾਉਣ ਵਾਲੀ ਸਭ ਤੋਂ ਵੱਡੀ ਚੀਜ਼ ਇਸਦੇ ਰਾਜਾਂ ਵਿੱਚ ਵਿਭਿੰਨਤਾ ਦਾ ਸੰਸਥਾਗਤਕਰਨ ਹੈ। ਜਦੋਂ ਅਸੀਂ ਇਹ ਸਭ ਮਿਲ ਕੇ ਮਨਾਉਂਦੇ ਹਾਂ, ਇਸ ਵਿੱਚ ਸਾਡਾ ਰਾਸ਼ਟਰੀ ਗੀਤ 'ਵੰਦੇ ਮਾਤਰਮ' ਵੀ ਸ਼ਾਮਲ ਹੈ। ਭਾਰਤ ਦੇ ਹਰ ਹਿੱਸੇ ਵਿੱਚ ਇਹ ਜਸ਼ਨ ਮਨਾਇਆ ਜਾਂਦਾ ਹੈ।

ਭਾਰਤ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਹੈ ਜਿੱਥੇ ਸਾਡੀਆਂ ਪਰੰਪਰਾਵਾਂ, ਸਾਡੀਆਂ ਸੱਭਿਆਚਾਰਾਂ, ਸਾਡੇ ਧਰਮ ਇਸਦਾ ਹਿੱਸਾ ਨਾ ਹੋਣ, ਇਥੋਂ ਤੱਕ ਕਿ ਪਿੰਡਾਂ ਤੱਕ ਅਸੀਂ ਮਨਾਉਂਦੇ ਹਾਂ।ਭਾਰਤੀ ਵਿਦਿਆ ਭਵਨ ਯੂ ਕੇ ਦੇ ਡਾਇਰੈਕਟਰ,ਡਾ. ਐਮ. ਐਨ. ਨੰਦਕੁਮਾਰਾ ਨੇ ਆਪਣੀ ਮਾਤ ਭਾਸ਼ਾ, ਕੰਨੜ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ, ਅਤੇ ਨੌਜਵਾਨ ਪੀੜ੍ਹੀਆਂ ਦੇ ਆਪਣੀਆਂ ਜੜ੍ਹਾਂ ਅਤੇ ਭਾਸ਼ਾ ਨਾਲ ਜੁੜੇ ਰਹਿਣ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਸੰਸਕ੍ਰਿਤ ਸ਼ਲੋਕ ਵੀ ਪੜ੍ਹੇ।

ਯੂ ਕੇ-ਅਧਾਰਤ ਗਮਭਾਨਾ ਸਮਾਜਿਕ ਪਹਿਲਕਦਮੀ ਦੀ ਸਹਿ-ਸੰਸਥਾਪਕ, ਸੁਪ੍ਰੀਆ ਦੇਸ਼ਪਾਂਡੇ ਨੇ ਮਹਾਰਾਸ਼ਟਰੀ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਲਈ ਮੁਫ਼ਤ ਮਰਾਠੀ ਭਾਸ਼ਾ ਦੀਆਂ ਕਲਾਸਾਂ ਅਤੇ ਮੁਫ਼ਤ ਮਰਾਠੀ ਲਾਇਬ੍ਰੇਰੀ ਦੀ ਪੇਸ਼ਕਸ਼ ਕਰਨ ਵਾਲੇ ਆਪਣੇ ਕੰਮ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਵਿੱਚ ਭਾਈਚਾਰਕ ਆਗੂ, ਪੇਸ਼ੇਵਰ ਅਤੇ ਵੱਖ-ਵੱਖ ਰਾਜਾਂ ਦੇ ਵਿਦਿਆਰਥੀਆਂ ਨੇ ਰਵਾਇਤੀ ਪਹਿਰਾਵੇ ਵਿੱਚ ਸ਼ਾਮਲ ਹੋਏ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਬਰਤਾਨੀਆ ਵਿੱਚ ਲੋਹ ਟੋਪ ਮੋਰਚੇ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਉੱਘੇ ਸਿੱਖ ਆਗੂ ਸ: ਬਾਬੂ ਸਿੰਘ ਮਾਂਗਟ ਅਕਾਲ ਚਲਾਣਾ ਕਰ ਗਏ

# ਸਵਰਗਵਾਸੀ ਸ: ਬਾਬੂ ਸਿੰਘ ਮਾਂਗਟ ਜੀ ਨੂੰ

# ਹਾਰਦਿਕ ਸ਼ਰਧਾਂਜ਼ਲੀ

## ਸਵਰਗੀ ਸ: ਬਾਬੂ ਸਿੰਘ ਮਾਂਗਟ, ਕਵੈਂਟਰੀ

ਦਰਗਹਿ ਚੱਲੇ, ਪਰ ਪਿੱਛੇ ਸਿੱਖ ਭਾਈਚਾਰੇ ਲਈ ਕੀਤੇ ਕੰਮ ਯਾਦਾਂ ਲਈ ਛੱਡੇ। 1973 ਦੀ ਮੋਟਰ ਸਾਈਕਲ ਹੈਲਮਟ ਮੁਹਿੰਮ ਵਿੱਚ ਸਵਰਗੀ ਸ: ਬਲਦੇਵ ਸਿੰਘ ਚਾਹਲ ਨਾਲ ਜੁੜੇ, ਤੋੜ ਤੱਕ ਸਾਥ ਦਿੱਤਾ। ਉਨ੍ਹਾਂ ਦੇ ਅਚਾਨਕ ਦਿਹਾਂਤ 'ਤੇ ਬੜੇ ਰੋਏ, ਸਾਡੇ ਨਾਲ ਪਰਿਵਾਰ ਭੀ ਬੜਾ ਜੁੜਿਆ। ਮਾਂਗਟ ਹੋਰੀਂ ਹਰ ਸਿੱਖ ਸੰਘਰਸ਼ ਵਿੱਚ ਭਾਗੀ ਰਹਿੰਦੇ ਸਨ, ਹਰ ਥਾਂ ਹਾਜ਼ਰੀ ਦਿੰਦੇ ਸਨ। ਬੇਟੀਆਂ ਨੇ ਬੜੀ ਸੇਵਾ ਕੀਤੀ, ਸਾਥ ਦਿੱਤਾ, ਬੇਟੀਆਂ ਦੇ ਪੱਖੋਂ ਬੜੇ ਖੁਸ਼ਕਿਸਮਤ ਸਨ। ਬੱਚੇ ਬੜੇ ਉੱਚ ਅਹੁਦਿਆਂ 'ਤੇ ਹਨ, ਮੈਨੂੰ ਮਾਣ ਹੋ ਰਿਹਾ ਹੈ, ਇਹ ਅੱਖਰ ਉਨ੍ਹਾਂ ਨੂੰ ਸਮਰਪਣ ਕਰਦਿਆਂ। ਕੁਝ ਵਰ੍ਹੇ ਪਹਿਲਾਂ ਧਰਮ-ਪਤਨੀ ਤਾਂ ਵਿਛੜ ਗਏ ਸਨ, ਬੜੇ ਨਿੱਘੇ ਸੁਭਾਅ ਦੇ ਸਨ। ਬੇਟੀ ਹਰਿੰਦਰ ਕੌਰ ਨਾਲ ਗੱਲ ਕਰਕੇ ਬੜਾ ਧਰਵਾਸ ਮਿਲਿਆ। ਸਵ: ਬਾਬੂ ਸਿੰਘ ਮਾਂਗਟ, ਭਾਈਚਾਰੇ ਦੀ ਜਾਣੀ ਪਛਾਣੀ ਸ਼ਖ਼ਸੀਅਤ ਸਨ, ਅੱਜ ਸਮਕਾਲੀ ਤਾਂ ਰਹੇ ਨਹੀਂ ਪਰ ਉਨ੍ਹਾਂ ਦੇ ਕੀਤੇ ਕੰਮ ਚੇਤੇ ਰਹਿਣਗੇ। ਮੇਰੀਆਂ ਇਹ ਸਤਰਾਂ ਨਾਲ ਮੈਂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋ ਕੇ ਫਰਜੀ ਹਾਂ। ਅਰਦਾਸੀ ਹਾਂ ਕਿ ਪ੍ਰਮਾਤਮਾ ਉਨ੍ਹਾਂ ਨੂੰ ਚਰਨੀਂ ਲਾਵੇ ਅਤੇ ਪਰਿਵਾਰ ਨੂੰ ਭਾਣੇ ਵਿੱਚ ਰਹਿਣ ਦਾ ਬੱਲ ਬਖ਼ਸ਼ੇ, ਹਰ ਦਮ ਸੁੱਖ, ਖੁਸ਼ੀ ਤੇ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਸਾਡੇ ਨਾਲ ਸੰਪਰਕ ਰੱਖਣ। ਦਾਤਾ ਮਿਹਰ ਕਰੇ।

-ਬਲਵਿੰਦਰ ਕੌਰ ਚਾਹਲ ਤੇ ਪਰਿਵਾਰ

**ਅੰਤਿਮ ਸੰਸਕਾਰ - ਵੀਰਵਾਰ 26 ਫਰਵਰੀ 2026 ਨੂੰ ਹੋਣਗੇ**

**ਅੰਤਿਮ ਦਰਸ਼ਨ - 11:30 - 12:10**
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਹਾਰਨਲ ਲੇਨ, ਕਵੈਂਟਰੀ CV1 fFB
**ਅੰਤਿਮ ਸੰਸਕਾਰ** - 12:45 Canley Crematorium, Cannon Hill Chapel, Cannon Hill Road, Canley, CV4 7DF
**ਸ੍ਰੀ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ** - 14:30 ਵਜੇ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਕਵੈਂਟਰੀ
Harnall Lane W, Coventry V1 4FB

15th April 1931 - 17th February 2026



ਸਵਰਗੀ ਸ: ਬਾਬੂ ਸਿੰਘ ਮਾਂਗਟ



ਮੋਟਰ ਸਾਈਕਲ ਦੀ ਸਵਾਰੀ ਦੌਰਾਨ ਲੋਹ ਟੋਪ (ਹੈਲਮਟ) ਪਹਿਨਣ ਦਾ ਵਿਰੋਧ ਕਰਨ ਸਮੇਂ ਲੱਗੇ ਮੋਰਚੇ ਦੌਰਾਨ ਸ: ਬਾਬੂ ਸਿੰਘ ਮਾਂਗਟ (ਗੋਲ ਦਾਇਰੇ 'ਚ) ਆਪਣੇ ਸਾਥੀ ਮੋਟਰ ਸਾਈਕਲ ਸਵਾਰਾਂ ਦੇ ਨਾਲ

THURSDAY 26TH FEBRUARY 2026

**Darshan at Gurdwara | 11:30 to 12:10**
Gurdwara Guru Nanak Parkash
71 Harnall Lane W, Coventry, CV1 4FB

**Funeral Service | 12:45**
Canley Crematorium, Cannon Hill Chapel
Cannon Hill Road, Canley, CV4 7DF

**Shri Sehaj Paath Bhog | 14:30**
Gurdwara Guru Nanak Parkash
71 Harnall Lane W, Coventry, CV1 4FB

**View live funeral service by accessing the link**
Link: https://watch.obitus.com/
Username: zoxa7766
Password: 945991

**ਦੁਖੀ ਹਿਰਦੇ: ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ:**

Babu Singh Mangat has left behind his 4 daughters
Harinder Kaur Gill w/o Gurinderjit Singh Gill,
Satinder Kaur Uppal w/o Nirmal Singh Uppal,
Ravinder Kronig w/o Walter Kronig
Surinder Kaur Sandhu w/o Ravinder Singh Sandhu
He is sadly missed by his 10 grand children and 6 great-grand children

**ਵਧੇਰੇ ਜਾਣਕਾਰੀ ਲਈ ਸੰਪਰਕ: ਹਰਿੰਦਰ ਕੌਰ ਗਿੱਲ (ਬੇਟੀ) - 07743 357042**

# ਮਹਾਰਾਜਾ ਚਾਰਲਸ ਦੇ ਭਰਾ ਐਂਡਰਿਊ ਨੂੰ ਲੰਡਨ ਪੁਲਿਸ ਨੇ ਕੀਤਾ ਗ੍ਰਿਫਤਾਰ ਅਤੇ ਰਿਹਾਅ ਜਾਂਚ ਵਿੱਚ ਸਾਡਾ ਪੂਰਾ ਅਤੇ ਦਿਲੋਂ ਸਮਰਥਨ ਅਤੇ ਸਹਿਯੋਗ ਹੋਵੇਗਾ – ਮਹਾਰਾਜਾ ਚਾਰਲਸ

**ਲੰਡਨ: (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਪੁਲਿਸ ਨੇ ਅੱਜ ਵੀਰਵਾਰ ਨੂੰ ਮਹਾਰਾਜਾ ਚਾਰਲਸ ਤੀਜੇ ਦੇ ਛੋਟੇ ਭਰਾ ਐਂਡਰਿਊ ਮਾਊਂਟਬੈਟਨ-ਵਿੰਡਸਰ ਨੂੰ ਜਿਣਸੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਸਬੰਧਾਂ ਦੇ ਦੋਸ਼ਾਂ ਤੋਂ ਬਾਅਦ ਜਨਤਕ ਦਫਤਰ ਵਿੱਚ ਦੁਰਵਿਵਹਾਰ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਹੈ।ਲੰਡਨ ਦੀ ਥੇਮਸ ਵੈਲੀ ਪੁਲਿਸ ਨੇ ਕਿਹਾ ਕਿ ਉਹ ਬਰਕਸ਼ਾਇਰ ਅਤੇ ਨੌਰਫੋਕ ਵਿੱਚ ਸਾਬਕਾ ਰਾਜਕੁਮਾਰ ਦੀਆਂ ਰਿਹਾਇਸ਼ੀ ਜਾਇਦਾਦਾਂ ਦੀ ਤਲਾਸ਼ੀ ਲੈ ਰਹੇ ਹਨ।ਭਾਵੇਂ ਕਿ ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਵਿਅਕਤੀ ਦਾ ਨਾਮ ਨਹੀਂ ਜਨਤਕ ਨਹੀਂ ਕੀਤਾ ਪਰ ਮਹਾਰਾਜਾ ਚਾਰਲਸ ਦੇ ਬਿਆਨ ਤੋਂ ਬਾਅਦ ਸਥਿਤੀ ਸਪੱਸ਼ਟ ਹੋ ਗਈ ਹੈ। ਪਰ ਉਹਨਾਂ ਨੂੰ ਬਾਅਦ ਵਿੱਚ ਰਿਹਾਅ ਕਰ ਦਿੱਤਾ।**

ਥੇਮਸ ਵੈਲੀ ਪੁਲਿਸ ਦੇ ਸਹਾਇਕ ਚੀਫ ਕਾਂਸਟੇਬਲ ਓਲੀਵਰ ਰਾਈਟ ਨੇ ਕਿਹਾ ਕਿ ਇੱਕ ਡੂੰਘਾਈ ਨਾਲ ਮੁਲਾਂਕਣ ਤੋਂ ਬਾਅਦ, ਅਸੀਂ ਹੁਣ ਜਨਤਕ ਦਫਤਰ ਵਿੱਚ ਦੁਰਵਿਵਹਾਰ ਦੇ ਦੋਸ਼ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਉਹਨਾਂ ਕਿਹਾ ਕਿ ਇਸ ਕਥਿਤ ਅਪਰਾਧ ਦੀ ਜਾਂਚ ਲਈ ਸਹਿਯੋਗੀ ਏਜੰਸੀਆਂ ਨਾਲ ਕੰਮ ਕਰਦੇ ਹੋਏ ਇਮਾਨਦਾਰੀ ਅਤੇ ਨਿਰਪੱਖਤਾ ਦੀ ਰੱਖਿਆ ਕਰਨਾ ਯਕੀਨੀ ਬਣਾਇਆ ਜਾਵੇਗਾ।ਅਸੀਂ ਇਸ ਮਾਮਲੇ ਵਿੱਚ ਮਹੱਤਵਪੂਰਨ ਜਨਤਕ ਹਿੱਤ ਨੂੰ ਸਮਝਦੇ ਹਾਂ, ਅਤੇ ਅਸੀਂ ਢੁਕਵੇਂ ਸਮੇਂ 'ਤੇ ਹੋਰ ਜਾਣਕਾਰੀ ਸਾਂਝੀ ਕਰਾਂਗੇ।

ਯੂ ਕੇ ਦੇ ਕਾਨੂੰਨ ਵਿੱਚ ਕਿਸੇ ਵੀ ਵਿਅਕਤੀ ਦੀ ਗ੍ਰਿਫਤਾਰੀ ਲਈ ਪੁਲਿਸ ਕੋਲ ਕਿਸੇ ਅਪਰਾਧ ਦੇ ਵਾਪਰਨ ਦੇ ਸ਼ੱਕ ਲਈ ਵਾਜਬ ਆਧਾਰ ਹੋਣਾ ਲਾਜ਼ਮੀ ਹੁੰਦਾ ਹੈ। ਇੱਕ ਦਹਾਕੇ ਪਹਿਲਾਂ ਤਤਕਾਲੀ ਸਰਕਾਰ ਦੇ ਵਪਾਰ ਵਿਭਾਗ ਵਿੱਚ ਸਾਬਕਾ ਵਪਾਰ ਰਾਜਦੂਤ ਵਜੋਂ ਐਂਡਰਿਊ ਦੇ ਸਮੇਂ ਦੌਰਾਨ ਲਗਾਏ ਗਏ ਦੋਸ਼ਾਂ ਬਾਰੇ ਪੁੱਛੇ ਜਾਣ 'ਤੇ, ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਸੀ ਕਿ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ।

ਜਿਸ ਕੋਲ ਕੋਈ ਜਾਣਕਾਰੀ ਹੈ ਉਸਨੂੰ ਗਵਾਹੀ ਦੇਣੀ ਚਾਹੀਦੀ ਹੈ। ਇਸ ਲਈ ਭਾਵੇਂ ਐਂਡਰਿਊ ਹੋਵੇ ਜਾਂ ਕੋਈ ਹੋਰ ਜਿਸ ਕੋਲ ਵੀ ਸੰਬੰਧਿਤ ਜਾਣਕਾਰੀ ਹੈ, ਉਸਨੂੰ ਅੱਗੇ ਆਉਣਾ ਚਾਹੀਦਾ ਹੈ। ਸਟਾਰਮਰ ਨੇ ਕਿਹਾ ਕਿ ਇਸ ਖਾਸ ਮਾਮਲੇ ਵਿੱਚ, ਅਸੀਂ ਐਪਸਟਾਈਨ ਬਾਰੇ ਗੱਲ ਕਰ ਰਹੇ ਹਾਂ, ਪਰ ਹੋਰ ਵੀ ਬਹੁਤ ਸਾਰੇ ਮਾਮਲੇ ਹਨ।



ਐਂਡਰਿਊ ਮਾਊਂਟਬੈਟਨ-ਵਿੰਡਸਰ

ਉਹਨਾਂ ਕਿਹਾ ਕਿ ਜਿਸ ਕਿਸੇ ਕੋਲ ਵੀ ਔਰਤਾਂ ਅਤੇ ਕੁੜੀਆਂ ਵਿਰੁੱਧ ਹਿੰਸਾ ਦੇ ਸਬੰਧਤ ਕੋਈ ਵੀ ਜਾਣਕਾਰੀ ਹੈ, ਉਸਦਾ ਫਰਜ਼ ਬਣਦਾ ਹੈ ਕਿ ਉਹ ਅੱਗੇ ਆਵੇ, ਭਾਵੇਂ ਉਹ ਕੋਈ ਵੀ ਹੋਵੇ।ਸਾਡੇ ਸਿਸਟਮ ਦੇ ਮੁੱਖ ਸਿਧਾਂਤਾਂ ਵਿੱਚੋਂ ਇੱਕ ਇਹ ਹੈ ਕਿ ਕਾਨੂੰਨ ਦੇ ਅਧੀਨ ਹਰ ਕੋਈ ਬਰਾਬਰ ਹੈ, ਅਤੇ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ। ਇਹ ਗ੍ਰਿਫਤਾਰੀ ਪਿਛਲੇ ਕੁਝ ਹਫ਼ਤਿਆਂ ਵਿੱਚ ਹੈਰਾਨ ਕਰਨ ਵਾਲੇ ਦੋਸ਼ਾਂ ਦੀ ਇੱਕ ਲੜੀ ਤੋਂ ਬਾਅਦ ਹੋਈ ਹੈ ਕਿਉਂਕਿ ਅਮਰੀਕੀ ਕਾਂਗਰਸ ਦੁਆਰਾ ਐਪਸਟਾਈਨ ਫਾਈਲਾਂ ਜਾਰੀ ਕੀਤੀਆਂ ਗਈਆਂ ਸਨ, ਜਿਸ ਵਿੱਚ ਬਕਿੰਘਮ ਪੈਲੇਸ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਇਹ ਐਂਡਰਿਊ ਮਾਊਂਟਬੈਟਨ-ਵਿੰਡਸਰ ਦੇ ਚਾਲ-ਚਲਣ ਦੀ ਪੁਲਿਸ ਜਾਂਚ ਦਾ ਸਮਰਥਨ ਕਰਨ ਲਈ "ਤਿਆਰ" ਹੈ।

ਮਹਾਰਾਜਾ ਚਾਰਲਸ ਨੇ ਅੱਜ ਐਂਡਰਿਊ ਦੀ ਗ੍ਰਿਫਤਾਰੀ ਤੋਂ ਬਾਅਦ 'ਡੂੰਘੀ ਚਿੰਤਾ' ਪ੍ਰਗਟ ਕਰਦਿਆਂ ਕਿਹਾ ਕਿ ਕਾਨੂੰਨ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੈਂ ਐਂਡਰਿਊ ਮਾਊਂਟਬੈਟਨ-ਵਿੰਡਸਰ ਬਾਰੇ ਖ਼ਬਰਾਂ ਅਤੇ ਜਨਤਕ ਅਹੁਦੇ 'ਤੇ ਦੁਰਵਿਵਹਾਰ ਦੇ ਸ਼ੱਕ ਬਾਰੇ ਚਿੰਤਤ ਹਾਂ। ਨਿਰਪੱਖ ਅਤੇ ਸਹੀ ਪ੍ਰਕਿਰਿਆ ਦੁਆਰਾ ਇਸ ਮੁੱਦੇ ਦੀ ਢੁਕਵੇਂ ਢੰਗ ਨਾਲ ਅਤੇ ਢੁਕਵੇਂ ਅਧਿਕਾਰੀਆਂ ਦੁਆਰਾ ਜਾਂਚ ਕੀਤੀ ਜਾ ਰਹੀ ਹੈ। ਇਸ ਵਿੱਚ ਸਾਡਾ ਪੂਰਾ ਅਤੇ ਪੂਰੇ ਦਿਲੋਂ ਸਮਰਥਨ ਅਤੇ ਸਹਿਯੋਗ ਹੋਵੇਗਾ।

ਮਹਾਰਾਜਾ ਨੇ ਕਿਹਾ ਕਿ ਮੈਂ ਸਪੱਸ਼ਟ ਤੌਰ 'ਤੇ ਕਹਿੰਦਾ ਹਾਂ ਕਿ ਕਾਨੂੰਨ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। ਜਿਵੇਂ ਕਿ ਇਹ ਪ੍ਰਕਿਰਿਆ ਜਾਰੀ ਹੈ, ਮੇਰੇ ਲਈ ਇਸ ਮਾਮਲੇ 'ਤੇ ਹੋਰ ਟਿੱਪਣੀ ਕਰਨਾ ਸਹੀ ਨਹੀਂ ਹੋਵੇਗਾ। ਇਸ ਦੌਰਾਨ, ਮੈਂ ਅਤੇ ਮੇਰਾ ਪਰਿਵਾਰ ਤੁਹਾਡੇ ਸਾਰਿਆਂ ਲਈ ਆਪਣੇ ਫਰਜ਼ ਅਤੇ ਸੇਵਾ ਵਿੱਚ ਹਾਜ਼ਰ ਰਹਾਂਗੇ।

# ਭਾਰਤੀ ਮੂਲ ਦੀ ਸਾਬਕਾ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੂੰ ਅਪਮਾਨਜਨਕ ਈਮੇਲਾਂ ਭੇਜਣ ਵਾਲੇ ਨੇ ਗਲਤੀ ਕਬੂਲੀ



ਐਮ ਪੀ ਸੁਏਲਾ ਬ੍ਰੇਵਰਮੈਨ ਅਤੇ ਜਗਜੀਵਨ ਰਾਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੀ ਸਾਬਕਾ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੂੰ ਅਪਮਾਨਜਨਕ ਈਮੇਲਾਂ ਭੇਜਣ ਵਾਲੇ ਸੋਲੀਹੁਲ ਦੇ 65 ਸਾਲਾ ਕਾਰੋਬਾਰੀ ਜਗਜੀਵਨ ਰਾਮ ਨੇ ਗਲਤੀ ਕਬੂਲ ਲਈ ਹੈ। ਅਪਮਾਨਜਨਕ ਈਮੇਲ ਭੇਜਣ ਤੋਂ ਬਾਅਦ ਜਗਜੀਵਨ ਰਾਮ ਨੇ ਕਿਹਾ ਕਿ ਮੇਰਾ ਕਰੀਅਰ ਖਤਮ ਹੋ ਗਿਆ।

ਜਗਜੀਵਨ ਰਾਮ ਨੇ ਕਿਹਾ ਕਿ ਉਸਨੂੰ ਦੋ ਵਾਰ ਸਾਬਕਾ ਗ੍ਰਹਿ ਮੰਤਰੀ ਨੂੰ ਭੇਜੇ ਗਏ ਸੁਨੇਹਿਆਂ ਦੀ ਸਮੱਗਰੀ ਯਾਦ ਨਹੀਂ ਹੈ ਜਗਜੀਵਨ ਰਾਮ ਨੇ ਬਰਮਿੰਘਮ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਆਪਣੀ ਗਲਤੀ ਦੀ ਮੁਆਫੀ ਵੀ ਮੰਗੀ ਹੈ। ਸੋਲੀਹੁਲ ਦੇ ਵਾਲ-ਸਾਲ ਕਾਮਨ ਦੇ ਵੇਸਟ ਲੇਨ ਤੇ ਰਹਿਣ ਵਾਲੇ ਜਗਜੀਵਨ ਰਾਮ ਨੇ 10 ਜੂਨ, 2024 ਅਤੇ ਦੂਜਿ 28 ਜੂਨ 2024 ਨੂੰ ਈਮੇਲਾਂ ਭੇਜੀਆਂ ਸਨ। 2022 ਅਤੇ 2023 ਵਿੱਚ ਦੋ ਵਾਰ ਗ੍ਰਹਿ ਮੰਤਰੀ ਰਹਿ ਚੁੱਕੀ ਸੁਏਲਾ ਬ੍ਰੇਵਰਮੈਨ ਉਸ ਸਮੇਂ ਕੰਜ਼ਰਵੇਟਿਵ ਸੰਸਦ ਮੈਂਬਰ ਸੀ। ਜਦ ਕਿ ਹੁਣ ਹੈਂਪਸ਼ਾਇਰ ਦੇ ਫਰੇਹੈਮ ਅਤੇ ਵਾਟਰਲੂਵਿਲ ਹਲਕੇ ਤੋਂ ਰਿਫਾਰਮ ਯੂ ਕੇ ਦੀ ਨੁਮਾਇੰਦਗੀ ਕਰਦੀ ਹੈ।

ਦੋਵਾਂ ਦੋਸ਼ਾਂ ਵਿੱਚ ਕਿਹਾ ਗਿਆ ਕਿ ਈਮੇਲਾਂ ਪ੍ਰੇਸ਼ਾਨ ਕਰਨ ਵਾਲੀਆਂ ਅਸ਼ਲੀਲ ਜਾਂ ਘੋਰ ਅਪਮਾਨਜਨਕ ਸਨ। ਸੁਣਵਾਈ ਵਿੱਚ ਸਹੀ ਸਮੱਗਰੀ ਦਾ ਖੁਲਾਸਾ ਨਹੀਂ ਕੀਤਾ ਗਿਆ। ਜ਼ਿਲ੍ਹਾ ਜੱਜ ਡੇਵਿਡ ਵੇਨ ਨੇ ਇਸਨੂੰ ਇੱਕ 'ਅਸਾਧਾਰਨ ਮਾਮਲਾ' ਦੱਸਿਆ। ਜਗਜੀਵਨ ਰਾਮ

ਪਿਛਲੇ 20 ਸਾਲਾਂ ਵਿੱਚ ਕਈ ਕਾਰੋਬਾਰਾਂ ਦਾ ਡਾਇਰੈਕਟਰ ਰਿਹਾ ਹੈ। ਉਸਨੇ ਕਿਹਾ ਕਿ ਯੂ ਕੇ ਅਤੇ ਦੁਨੀਆ ਭਰ ਵਿੱਚ ਉਸ ਨੇ ਹਜ਼ਾਰਾਂ ਨੌਕਰੀਆਂ ਪੈਦਾ ਕੀਤੀਆਂ, ਪਰ ਇਸ ਗਲਤੀ ਨਾਲ 'ਉਸ ਦਾ ਕਰੀਅਰ ਚਲਾ ਗਿਆ'। ਜੱਜ ਵੇਨ ਨੇ ਪ੍ਰੋਬੇਸ਼ਨ ਰਿਪੋਰਟ ਪੂਰੀ ਹੋਣ ਤੱਕ 22 ਅਪ੍ਰੈਲ ਤੱਕ ਜਗਜੀਵਨ ਰਾਮ ਨੂੰ ਸ਼੍ਰੀਮਤੀ ਬ੍ਰੇਵਰਮੈਨ ਨਾਲ ਸੰਪਰਕ ਨਾ ਕਰਨ ਦੀਆਂ ਸ਼ਰਤਾਂ ਨਾਲ ਜ਼ਮਾਨਤ ਦੇ ਦਿੱਤੀ ਹੈ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# “ਗਲੋਬਲ ਵਾਤਾਵਰਣ ਪੁਰਸਕਾਰ 2026” ਦੀ ਮੇਜ਼ਬਾਨੀ ਭਾਰਤ ਕਰੇਗਾ- ਪ੍ਰਿੰਸ ਵਿਲੀਅਮ

## *ਭਾਰਤ 'ਜਲਵਾਯੂ ਅਤੇ ਕੁਦਰਤ ਲਈ ਮਹੱਤਵਪੂਰਨ ਸ਼ਕਤੀ' ਹੈ
## *ਪ੍ਰਿੰਸ ਵਿਲੀਅਮ ਅਤੇ ਕੇਟ ਮਿਡਲਟਨ ਨਵੰਬਰ 2026 ਵਿੱਚ ਭਾਰਤ ਜਾਣਗੇ


ਪ੍ਰਿੰਸ ਵਿਲੀਅਮ ਅਤੇ ਕੇਟ ਮਿਡਲਟਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਜਾਰੀ ਕੀਤੇ ਗਏ ਇੱਕ ਵੀਡੀਓ ਸੰਦੇਸ਼ ਵਿੱਚ ਬਰਤਾਨੀਆ ਦੇ ਰਾਜ ਕੁਮਾਰ ਪ੍ਰਿੰਸ ਵਿਲੀਅਮ ਨੇ ਮਸ਼ਹੂਰ ਗਲੋਬਲ ਵਾਤਾਵਰਣ ਪੁਰਸਕਾਰ (ਅਰਥਸ਼ਾਟ) ਇਨਾਮ ਦੇ ਅਗਲੇ ਮੇਜ਼ਬਾਨ ਦਾ ਖੁਲਾਸਾ ਕਰਦਿਆਂ ਐਲਾਨ ਕੀਤਾ ਕਿ ਗਲੋਬਲ ਵਾਤਾਵਰਣ ਪੁਰਸਕਾਰ ਨਵੰਬਰ ਵਿੱਚ ਮੁੰਬਈ ਵਿੱਚ ਹੋਣਗੇ, ਜਿਸ ਨਾਲ ਇਹ ਪ੍ਰੋਗਰਾਮ ਪਹਿਲੀ ਵਾਰ ਭਾਰਤ ਵਿੱਚ ਹੋਵੇਗਾ।**

ਇਹ ਐਲਾਨ ਮੁੰਬਈ ਜਲਵਾਯੂ ਹਫ਼ਤੇ ਦੇ ਉਦਘਾਟਨ ਦੌਰਾਨ ਕੀਤਾ ਗਿਆ ਅਤੇ ਪੁਰਸਕਾਰ ਸਮਾਰੋਹ ਵਿੱਚ ਦੁਨੀਆ ਭਰ ਦੇ ਵਾਤਾਵਰਣ ਨੇਤਾ, ਪਰਉਪਕਾਰੀ ਅਤੇ ਨਿਵੇਸ਼ਕ ਇਕੱਠੇ ਹੋਣਗੇ। ਪ੍ਰਿੰਸ ਆਫ਼ ਵੇਲਜ਼ 43 ਸਾਲਾ ਵਿਲੀਅਮ ਨੇ ਵੀਡੀਓ ਸੰਦੇਸ਼ ਰਾਹੀਂ ਦੱਖਣੀ-ਏਸ਼ੀਆਈ ਉਪ-ਮਹਾਂਦੀਪ ਦੀ ਜਲਵਾਯੂ ਅਗਵਾਈ ਲਈ ਭਾਰਤ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਕਿ ਰੀਓ ਵਿੱਚ ਵਾਤਾਵਰਣ ਪੁਰਸਕਾਰ ਨੇ ਇੱਕ ਸ਼ਾਨਦਾਰ ਗਤੀ ਬਣਾਈ। ਮੈਨੂੰ ਇਹ ਦੱਸ ਕੇ ਖੁਸ਼ੀ ਹੋ ਰਹੀ ਹੈ ਕਿ ਅਸੀਂ ਅੱਗੇ ਕਿੱਥੇ ਜਾ ਰਹੇ ਹਾਂ।

ਭਾਰਤ ਨੂੰ "ਗਲੋਬਲ ਟੈਕਨਾਲੋਜੀ ਨੇਤਾ" ਦੱਸਦੇ ਹੋਏ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਇਹ "ਦੁਨੀਆ ਦੀ 8% ਜੈਵ ਵਿਭਿੰਨਤਾ ਦਾ" ਦਾ ਘਰ ਹੈ ਅਤੇ "ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਹੈ ਜਿਸ ਵਿੱਚ ਨੌਜਵਾਨਾਂ ਦੀ ਸਭ ਤੋਂ ਵੱਡੀ ਆਬਾਦੀ ਹੈ।" ਸਾਨੂੰ ਭਵਿੱਖ ਵੱਲ ਦੇਖਣਾ ਜਾਰੀ ਰੱਖਣਾ ਚਾਹੀਦਾ ਹੈ, ਇਸੇ ਲਈ ਮੈਨੂੰ ਖੁਸ਼ੀ ਹੈ ਕਿ ਮੁੰਬਈ “ਦ ਅਰਥਸ਼ਾਟ ਪ੍ਰਾਈਜ਼ 2026” ਦੀ ਮੇਜ਼ਬਾਨੀ ਕਰੇਗਾ। ਪ੍ਰਿੰਸ ਵਿਲੀਅਮ ਨੇ ਕਿਹਾ ਕਿ ਭਾਰਤ ਜਲਵਾਯੂ ਅਤੇ ਕੁਦਰਤ ਲਈ ਦੁਨੀਆ ਦੀਆਂ ਸਭ ਤੋਂ ਮਹੱਤਵਪੂਰਨ ਸ਼ਕਤੀਆਂ ਵਿੱਚੋਂ ਇੱਕ ਹੈ।

ਭਾਰਤ ਹਰ ਪੈਮਾਨੇ 'ਤੇ ਸਫਲ ਹੋ ਰਿਹਾ ਹੈ, ਉਸ ਵਿੱਚ ਹਰ ਜਗ੍ਹਾ ਤਰੱਕੀ ਨੂੰ ਪ੍ਰੇਰਿਤ ਕਰਨ ਦੀ ਸ਼ਕਤੀ ਹੁੰਦੀ ਹੈ। ਇਕੱਠੇ ਮਿਲ ਕੇ ਅਸੀਂ ਆਪਣੀ ਸਭ ਤੋਂ ਵੱਡੀ ਚੁਣੌਤੀ ਦਾ ਸਾਹਮਣਾ ਕਰਨ ਲਈ 2030 ਤੱਕ ਆਪਣੇ ਗ੍ਰਹਿ ਦੀ ਮੁਰੰਮਤ ਅਤੇ ਬਹਾਲੀ ਲਈ ਉੱਠ ਸਕਦੇ ਹਾਂ।

ਇਸ ਤੋਂ ਇਲਾਵਾ, ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਧਰਤੀ 'ਤੇ ਕਿਸੇ ਵੀ ਹੋਰ ਦੇਸ਼ ਨਾਲੋਂ ਵਧੇਰੇ "ਅਰਥਸ਼ਾਟ ਪ੍ਰਾਈਜ਼ ਫਾਈਨਲਿਸਟ ਅਤੇ ਜੇਤੂਆਂ" ਦਾ ਘਰ ਹੈ। ਅਸੀਂ ਭਾਰਤ ਜਾ ਰਹੇ ਹਾਂ।

ਪ੍ਰਿੰਸ ਵਿਲੀਅਮ ਵੱਲੋਂ 2020 ਵਿੱਚ ਸਥਾਪਿਤ ਕੀਤੇ ਅਰਥਸ਼ਾਟ ਇਨਾਮ ਹਰ ਸਾਲ ਪੰਜ ਸ਼੍ਰੇਣੀਆਂ ਵਿੱਚ ਜੇਤੂਆਂ ਨੂੰ 10 ਲੱਖ ਡਾਲਰ ਦਾ ਇਨਾਮ ਦਿੰਦਾ ਹੈ। ਇਹਨਾਂ ਸ਼੍ਰੇਣੀਆਂ ਵਿੱਚ ਕੁਦਰਤ ਦੀ ਰੱਖਿਆ ਅਤੇ ਬਹਾਲੀ, ਹਵਾ ਨੂੰ ਸਾਫ਼ ਕਰਨਾ, ਸਮੁੰਦਰਾਂ ਨੂੰ ਮੁੜ ਸੁਰਜੀਤ ਕਰਨਾ, ਕੂੜਾ-ਮੁਕਤ ਦੁਨੀਆ ਦਾ ਨਿਰਮਾਣ ਕਰਨਾ ਅਤੇ ਜਲਵਾਯੂ ਨੂੰ ਠੀਕ ਕਰਨਾ ਵਰਗੇ ਵਿਸ਼ੇ ਸ਼ਾਮਲ ਹਨ।

ਜਿਕਰਯੋਗ ਹੈ ਕਿ ਪ੍ਰਿੰਸ ਵਿਲੀਅਮ ਅਤੇ ਰਾਜਕੁਮਾਰੀ ਕੇਟ 2016 ਵਿੱਚ ਭਾਰਤ ਗਏ ਸਨ, ਅਤੇ ਹੁਣ ਲੱਗਭੱਗ ਇੱਕ ਦਹਾਕੇ ਬਾਅਦ ਮੁੜ ਭਾਰਤ ਜਾਣਗੇ।

# ਸਾਊਥਾਲ ਦੀ ਮੈਥੋਡਿਸਟ ਚਰਚ ਵਿੱਚ ਅੱਗ ਲੱਗਣ ਨਾਲ ਭਾਰੀ ਨੁਕਸਾਨ


ਸਾਊਥਾਲ ਦੀ ਚਰਚ ਵਿੱਚ ਲੱਗੀ ਅੱਗ ਦਾ ਦ੍ਰਿਸ਼

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿੱਚ ਕਿੰਗਜ਼ ਹਾਲ ਮੈਥੋਡਿਸਟ ਚਰਚ ਦੀ ਇਮਾਰਤ ਨੂੰ ਬੀਤੀ ਕੱਲ੍ਹ ਰਾਤ ਅੱਗ ਲੱਗਣ ਕਾਰਨ ਭਾਰੀ ਨੁਕ-ਸਾਨ ਹੋਇਆ ਹੈ। ਪਰ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਪ੍ਰਾਪਤ ਜਾਣਕਾਰੀ ਅਨੁਸਾਰ ਐਮਰਜੈਂਸੀ ਸੇਵਾਵਾਂ ਨੂੰ ਸ਼ਾਮੀ 9.30 ਵਜੇ ਦੇ ਕਰੀਬ ਲੋਕਾਂ ਵੱਲੋਂ ਅੱਗ ਲੱਗਣ ਬਾਰੇ ਸੂਚਨਾ ਦਿੱਤੀ ਗਈ, ਲੱਗਭੱਗ 20 ਤੋਂ ਵੱਧ ਕਾਲਾਂ ਐਮਰਜੈਂਸੀ ਸੇਵਾਵਾਂ ਨੂੰ ਪ੍ਰਾਪਤ ਹੋਈਆਂ। ਲੰਡਨ ਫਾਇਰ ਬ੍ਰਿਗੇਡ ਨੇ ਸਾਊਥਾਲ, ਈਲਿੰਗ, ਹੈਸਟਨ ਅਤੇ ਇਸ ਤੋਂ ਬਾਹਰ ਦੇ ਸਟੇਸ਼ਨਾਂ ਤੋਂ ਆਏ 10 ਫਾਇਰ ਇੰਜਣ ਅਤੇ 70 ਅਮਲੇ ਦੇ ਮੈਬਰਾਂ ਨੇ ਸਾਊਥ ਰੋਡ 'ਤੇ ਲੱਗੀ ਤੇ ਕਾਬੂ ਪਾਉਣ ਲਈ ਕਰੜੀ ਮੁਸ਼ੱਕਤ ਕੀਤੀ। ਅੱਗ ਨੇ ਜ਼ਿਆਦਾਤਰ ਜ਼ਮੀਨੀ ਮੰਜ਼ਿਲ, ਦੂਜੀ ਮੰਜ਼ਿਲ ਅਤੇ ਛੱਤ ਨੂੰ ਬੁਰੀ ਤਰ੍ਹਾਂ ਸਾੜ ਦਿੱਤਾ ਹੈ। ਦੋ ਟਰਨਟੇਬਲ ਪੌੜੀਆਂ ਦੀ ਵਰਤੋਂ ਕਰਕੇ ਅੱਗ ਬੁਝਾਊ ਅਮਲੇ ਨੇ ਉੱਪਰੋਂ ਸੜ ਰਹੀ ਇਮਾਰਤ ਤੇ ਪਾਣੀ ਸੁੱਟਿਆ। ਲੋਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਦੀ ਅਪੀਲ ਕਰਦਿਆਂ ਪਾਰਕ ਰੋਡ ਅਤੇ ਹਾਈ ਸਟਰੀਟ ਦੇ ਵਿਚਕਾਰ ਦੋਵਾਂ ਦਿਸ਼ਾਵਾਂ ਵਿੱਚ ਸਾਊਥ ਰੋਡ ਬੰਦ ਕਰਨੀ ਪਈ। ਫਾਇਰਫਾਈਟਰਜ਼ ਨੇ ਸਵੇਰੇ 12.30 ਵਜੇ ਦੇ ਕਰੀਬ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਦੇ ਕਾਰਨ ਦੀ ਫਿਲਹਾਲ ਜਾਂਚ ਕੀਤੀ ਜਾ ਰਹੀ ਹੈ।**


# ਯੂ ਕੇ ਪੜ੍ਹਨ ਆਏ ਪ੍ਰਦੀਪ ਸਿੰਘ ਦੇ ਮਾਪਿਆਂ ਵੱਲੋਂ ਅਪੀਲ ਤਿੰਨ ਸਾਲਾਂ ਤੋਂ ਪ੍ਰਦੀਪ ਦਾ ਪਰਿਵਾਰ ਨਾਲ ਕੋਈ ਸੰਪਰਕ ਨਹੀਂ



ਡਰਬੀ (ਪੰਜਾਬ ਟਾਈਮਜ਼) - ਪੰਜਾਬ ਤੋਂ ਯੂ ਕੇ ਦੇ ਬਰਮਿੰਘਮ ਵਿਖੇ ਤਿੰਨ ਸਾਲ ਪਹਿਲਾਂ ਪੜ੍ਹਾਈ ਵਾਸਤੇ ਆਏ ਪ੍ਰਦੀਪ ਸਿੰਘ ਨਾਲ ਉਸ ਦੇ ਪੰਜਾਬ ਵਿੱਚ ਰਹਿ ਰਹੇ ਪਰਿਵਾਰ ਦਾ ਕੋਈ ਸੰਪਰਕ ਨਹੀਂ ਹੋ ਰਿਹਾ। ਇਸ ਲਈ ਪਰਿਵਾਰ ਨੇ ਪੰਜਾਬ ਟਾਈਮਜ਼ ਰਾਹੀਂ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਨੂੰ ਆਪਣੇ ਬੱਚੇ ਨਾਲ ਸੰਪਰਕ ਕਰਨ ਵਿੱਚ ਮਦਦ ਕੀਤੀ ਜਾਵੇ।

ਉਹਨਾਂ ਦੱਸਿਆ ਕਿ, ਮੈਂ ਅਵਤਾਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਲਹਿਰਾਗਾਗਾ ਜ਼ਿਲ੍ਹਾ ਸੰਗਰੂਰ (ਪੰਜਾਬ) ਭਾਰਤ ਦਾ ਰਹਿਣ ਵਾਲਾ ਹਾਂ। ਅਸੀਂ ਆਪਣੇ ਪੁੱਤਰ ਪ੍ਰਦੀਪ ਸਿੰਘ ਨੂੰ 16 ਅਕਤੂਬਰ 2020 ਨੂੰ ਇੰਗਲੈਂਡ (ਬਰਮਿੰਘਮ) ਵਿਖੇ ਪੜ੍ਹਨ ਲਈ ਭੇਜਿਆ ਸੀ। 20 ਜਨਵਰੀ 2023 ਤੱਕ ਪ੍ਰਦੀਪ ਸਿੰਘ ਪਰਿਵਾਰ ਦੇ ਨਾਲ ਫੋਨ ਤੇ ਗੱਲਬਾਤ ਕਰਦਾ ਰਿਹਾ ਪਰ ਉਸ ਤੋਂ ਬਾਅਦ ਸਾਡੇ ਨਾਲ ਫੋਨ ਤੇ ਉਸ ਦੀ ਕੋਈ ਗੱਲਬਾਤ ਨਹੀਂ ਹੋਈ। ਸੋ ਸਾਡੀ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਤੇ ਚੈਰੀਟੇਬਲ ਟਰੱਸਟ ਤੇ ਸੁਸਾਇਟੀਆਂ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਸਾਡੇ ਬੱਚੇ ਦੀ ਭਾਲ ਕਰਨ ਵਿੱਚ ਪਰਿਵਾਰ ਦੀ ਮਦਦ ਕਰੋ ਜੀ। ਸਾਨੂੰ ਲਗਦਾ ਹੈ ਕਿ ਪ੍ਰਦੀਪ ਸਿੰਘ ਦੇ ਕੋਲ ਸ਼ਾਇਦ ਕਾਨੂੰਨੀ ਤੌਰ ਤੇ ਪੇਪਰ ਨਾ ਬਣੇ ਹੋਣ ਤੇ ਉਹ ਗੈਰ-ਕਾਨੂੰਨੀ ਤੌਰ ਤੇ ਇਥੇ ਰਹਿ ਰਿਹਾ ਹੋਵੇ ਸੋ ਕਿਰਪਾ ਕਰਕੇ ਸਾਣੇ ਬੱਚੇ ਦੀ ਭਾਲ ਕਰਨ ਵਿੱਚ ਸਾਡੀ ਸਹਾਇਤਾ ਕੀਤੀ ਜਾਵੇ ਅਤੇ ਉਸ ਨੂੰ ਡਿਪੋਰਟ ਹੋਣ ਤੋਂ ਬਚਾਇਆ ਜਾਵੇ। ਸਾਡੀ ਆਪ ਸਭ ਨੂੰ ਬੇਨਤੀ ਹੈ ਕਿ ਸਾਰਾ ਪਰਿਵਾਰ ਚਿੰਤਾ ਵਿੱਚ ਹੈ, ਜੇ ਕਿਸੇ ਨਾਲ ਉਸ ਦਾ ਸੰਪਰਕ ਹੈ ਜਾਂ ਕੋਈ ਉਸ ਬਾਰੇ ਜਾਣਦਾ ਹੈ ਤਾਂ ਕਿਰਪਾ ਕਰਕੇ ਸਾਡੇ ਨਾਲ ਬੱਚੇ ਦੀ ਇਸ ਨੰਬਰ 00 91+9465205413 ’ਤੇ ਗੱਲਬਾਤ ਕਾਰਵਾਈ ਜਾਵੇ ਜੀ। ਆਪ ਜੀ ਦਾ ਧੰਨਵਾਦ ਹੋਵੇਗਾ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਲਾਰਡ ਮੰਡਲਸਨ ਗ੍ਰਿਫ਼ਤਾਰੀ ਮਗਰੋਂ ਜ਼ਮਾਨਤ ’ਤੇ ਰਿਹਾਅ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੀ ਰਾਜਨੀਤੀ ਵਿੱਚ ਉਸ ਵੇਲੇ ਹਲਚਲ ਮਚ ਗਈ ਜਦੋਂ ਸਾਬਕਾ ਕੈਬਨਿਟ ਮੰਤਰੀ ਅਤੇ ਅਮਰੀਕਾ ਵਿੱਚ ਬ੍ਰਿਟਿਸ਼ ਰਾਜਦੂਤ ਰਹੇ ਲਾਰਡ ਪੀਟਰ ਮੰਡਲਸਨ ਨੂੰ ਸਰਕਾਰੀ ਅਹੁਦੇ ਦੀ ਗਲਤ ਵਰਤੋਂ ਕਰਨ ਦੇ ਸ਼ੱਕ ਹੇਠ ਮੈਟਰੋਪੋਲਿਟਨ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ 72 ਸਾਲਾ ਮੰਡਲਸਨ ਨੂੰ ਸੋਮਵਾਰ ਨੂੰ ਉੱਤਰੀ ਲੰਡਨ ਦੇ ਕੈਮਡਨ ਇਲਾਕੇ ਵਿਚਲੇ ਉਨ੍ਹਾਂ ਦੇ ਨਿਵਾਸ ਤੋਂ ਸਾਦੇ ਕੱਪੜਿਆਂ ਵਿੱਚ ਮੌਜੂਦ ਅਧਿਕਾਰੀਆਂ ਨੇ ਹਿਰਾਸਤ ਵਿੱਚ ਲਿਆ ਅਤੇ ਪੁੱਛਗਿੱਛ ਲਈ ਪੁਲਿਸ ਸਟੇਸ਼ਨ ਲਿਆਂਦਾ ਗਿਆ, ਜਿੱਥੇ ਕਈ ਘੰਟਿਆਂ ਦੀ ਪੁੱਛਗਿੱਛ ਮਗਰੋਂ ਹੋਰ ਜਾਂਚ ਤੱਕ ਉਨ੍ਹਾਂ ਨੂੰ ਜ਼ਮਾਨਤ ’ਤੇ ਛੱਡ ਦਿੱਤਾ ਗਿਆ। ਜਾਂਚ ਇਸ ਗੱਲ ਨੂੰ ਲੈ ਕੇ ਕੀਤੀ ਜਾ ਰਹੀ ਹੈ ਕਿ ਮੰਤਰੀ ਰਹਿੰਦੇ ਹੋਏ ਉਨ੍ਹਾਂ ਨੇ ਮਾਰਕੀਟ ’ਤੇ ਅਸਰ ਪਾਉਣ ਵਾਲੀ ਸੰਵੇਦਨਸ਼ੀਲ ਸਰਕਾਰੀ ਜਾਣਕਾਰੀ ਮਰਹੂਮ ਜੈਫ਼ਰੀ ਐਪਸਟਿਨ ਨਾਲ ਸਾਂਝੀ ਕੀਤੀ ਸੀ ਜਾਂ ਨਹੀਂ। ਪੁਲਿਸ ਨੇ ਇਸ ਤੋਂ ਪਹਿਲਾਂ ਵਿਲਟਸ਼ਾਇਰ ਅਤੇ ਕੈਮਡਨ ਵਿੱਚ ਦੋ ਥਾਵਾਂ ’ਤੇ ਤਲਾਸ਼ੀ ਕਾਰਵਾਈ ਵੀ ਕੀਤੀ ਸੀ। ਮਾਮਲਾ ਉਸ ਵੇਲੇ ਚਰਚਾ ਵਿੱਚ ਆਇਆ ਜਦੋਂ ਅਮਰੀਕੀ ਨਿਆਂ ਵਿਭਾਗ ਵੱਲੋਂ ਜਾਰੀ ਦਸਤਾਵੇਜ਼ਾਂ ਵਿੱਚ ਮੰਡਲਸਨ ਅਤੇ ਐਪਸਟਿਨ ਦਰਮਿਆਨ ਈਮੇਲ ਸੰਪਰਕ ਸਾਹਮਣੇ ਆਏ, ਜਿਨ੍ਹਾਂ ਵਿੱਚ ਸਰਕਾਰੀ ਨੀਤੀਆਂ, ਸੰਪਤੀ ਵਿਕਰੀ ਯੋਜਨਾ, ਬੈਂਕਰਾਂ ਦੇ ਬੋਨਸ ਟੈਕਸ ਅਤੇ ਯੂਰਪੀ ਆਰਥਿਕ ਮਦਦ ਪੈਕੇਜ ਨਾਲ ਸੰਬੰਧਤ ਗੱਲਬਾਤ ਦਾ ਜ਼ਿਕਰ ਮਿਲਿਆ। ਮੰਡਲਸਨ ਦੇ ਨਜ਼ਦੀਕੀ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੋਈ ਅਪਰਾਧਕ ਕੰਮ



ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਵਿੱਤੀ ਲਾਭ ਲਈ ਜਾਣਕਾਰੀ ਦਿੱਤੀ ਗਈ। ਯਾਦ ਰਹੇ ਕਿ ਉਨ੍ਹਾਂ ਨੂੰ ਫ਼ਰਵਰੀ ਵਿੱਚ ਅਮਰੀਕਾ ਲਈ ਬ੍ਰਿਟਿਸ਼ ਰਾਜਦੂਤ ਨਿਯੁਕਤ ਕੀਤਾ ਗਿਆ ਸੀ ਪਰ ਸਤੰਬਰ ਵਿੱਚ ਡਾਊਨਿੰਗ ਸਟ੍ਰੀਟ ਨੇ ਐਪਸਟਿਨ ਨਾਲ ਉਨ੍ਹਾਂ ਦੇ ਸੰਬੰਧਾਂ ਬਾਰੇ ਨਵੀਂ ਜਾਣਕਾਰੀ ਸਾਹਮਣੇ ਆਉਣ ਮਗਰੋਂ ਅਹੁਦੇ ਤੋਂ ਹਟਾ ਦਿੱਤਾ ਸੀ। ਬ੍ਰਿਟਿਸ਼ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਨਿਯੁਕਤੀ ਪ੍ਰਕਿਰਿਆ ਨਾਲ ਜੁੜੇ ਦਸਤਾਵੇਜ਼ ਮਾਰਚ ਦੇ ਸ਼ੁਰੂ ਵਿੱਚ ਜਾਰੀ ਕੀਤੇ ਜਾਣਗੇ, ਹਾਲਾਂਕਿ ਪੁਲਿਸ ਜਾਂਚ ਕਾਰਨ ਕੁਝ ਜਾਣਕਾਰੀ ਰੋਕੀ ਵੀ ਜਾ ਸਕਦੀ ਹੈ। ਇਸ ਘਟਨਾ ਨੇ ਰਾਜਨੀਤਿਕ ਮਾਹੌਲ ਨੂੰ ਗਰਮਾ ਦਿੱਤਾ ਹੈ ਅਤੇ ਕੰਜ਼ਰਵੇਟਿਵ ਆਗੂ ਕੇਮੀ ਬੈਡਨੋਕ ਨੇ ਇਸਨੂੰ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੀ ਸਰਕਾਰ ਲਈ ਵੱਡਾ ਝਟਕਾ ਦੱਸਦਿਆਂ ਸਰਕਾਰ ਦੀ ਭਰੋਸੇਯੋਗਤਾ ’ਤੇ ਸਵਾਲ ਚੁੱਕੇ ਹਨ। ਦੂਜੇ ਪਾਸੇ ਐਪਸਟਿਨ ਮਾਮਲੇ ਨਾਲ ਜੁੜੀਆਂ ਪੀੜਤਾਂ ਦੇ ਪਰਿਵਾਰਾਂ ਨੇ ਬ੍ਰਿਟਿਸ਼ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਪੂਰੀ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ ਹੈ। ਅਮਰੀਕੀ ਕਾਂਗਰਸ ਦੇ ਕੁਝ ਨੇਤਾਵਾਂ ਵੱਲੋਂ ਵੀ ਮੰਡਲਸਨ ਨੂੰ ਜਾਂਚ ਵਿੱਚ ਸਹਿਯੋਗ ਦੇਣ ਲਈ ਕਿਹਾ ਗਿਆ ਹੈ। ਲੇਬਰ ਪਾਰਟੀ ਵਿੱਚ 1980 ਦੇ ਦਹਾਕੇ ਤੋਂ ਪ੍ਰਭਾਵਸ਼ਾਲੀ ਰਹੇ ਮੰਡਲਸਨ ਨਿਊ ਲੇਬਰ ਅੰਦੋਲਨ ਦੇ ਮੁੱਖ ਰਣਨੀਤਿਕਾਰਾਂ ਵਿੱਚ ਸ਼ਾਮਲ ਰਹੇ ਹਨ ਅਤੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ 1997 ਦੀ ਇਤਿਹਾਸਕ ਚੋਣ ਜਿੱਤ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ। ਮਾਮਲੇ ਦੀ ਜਾਂਚ ਜਾਰੀ ਹੋਣ ਕਾਰਨ ਆਉਣ ਵਾਲੇ ਦਿਨਾਂ ਵਿੱਚ ਹੋਰ ਰਾਜਨੀਤਿਕ ਅਤੇ ਕਾਨੂੰਨੀ ਪੱਖ ਸਾਹਮਣੇ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਮਨੁੱਖੀ ਅਧਿਕਾਰ ਕਮਿਸ਼ਨ ਦੀ ਸਰਗਰਮੀ ਨਾਲ ਪ੍ਰਵਾਸੀ ਪੰਜਾਬੀਆਂ ਵਿੱਚ ਵਧਿਆ ਭਰੋਸਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ) -ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਸ ਜਤਿੰਦਰ ਸਿੰਘ ਦੀ ਅਗਵਾਈ ਹੇਠ ਮਨੁੱਖੀ ਅਧਿਕਾਰਾਂ ਦੀ ਰੱਖਿਆ, ਆਮ ਲੋਕਾਂ ਦੀ ਸੁਣਵਾਈ ਅਤੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਦੇਸ਼-ਵਿਦੇਸ਼ ਵਿੱਚ ਵੱਡੇ ਪੱਧਰ ‘ਤੇ ਸ਼ਲਾਘਾ ਹੋ ਰਹੀ ਹੈ। ਵਿਦੇਸ਼ਾਂ ਵਿੱਚ ਵੱਸਦੇ ਪ੍ਰਵਾਸੀ ਪੰਜਾਬੀਆਂ ਵੱਲੋਂ ਵੀ ਕਮਿਸ਼ਨ ਦੀ ਕਾਰਗੁਜ਼ਾਰੀ ਨੂੰ ਲੋਕ ਭਲਾਈ ਲਈ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ ਜਾ ਰਿਹਾ ਹੈ।

ਪ੍ਰਵਾਸੀ ਭਾਈਚਾਰੇ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਪਿਛਲੇ ਸਮਿਆਂ ਦੌਰਾਨ ਪੰਜਾਬ ਆਉਣ ਵੇਲੇ ਕਈ ਪਰਿਵਾਰਾਂ ਨੂੰ ਪੁਲਿਸ ਪਰੇਸ਼ਾਨੀ, ਜ਼ਮੀਨੀ ਵਿਵਾਦਾਂ, ਪ੍ਰਸ਼ਾਸਕੀ ਅਣਗਹਿਲੀ ਅਤੇ ਸਰਕਾਰੀ ਦਫ਼ਤਰਾਂ ਵਿੱਚ ਸੁਣਵਾਈ ਨਾ ਹੋਣ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ ‘ਤੇ ਤੁਰੰਤ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਨਾਲ ਪੀੜਤ ਪਰਿਵਾਰਾਂ ਨੂੰ ਰਾਹਤ ਮਿਲਣੀ ਸ਼ੁਰੂ ਹੋਈ ਹੈ।



ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਸ ਜਤਿੰਦਰ ਸਿੰਘ।

ਇੰਗਲੈਂਡ, ਕਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੇ ਕਿਹਾ ਕਿ ਚੇਅਰਮੈਨ ਜਤਿੰਦਰ ਸਿੰਘ ਵੱਲੋਂ ਮਨੁੱਖੀ ਅਧਿਕਾਰਾਂ ਦੇ ਅਧਾਰ ‘ਤੇ ਲੋਕਾਂ ਦੀਆਂ ਅਰਜ਼ੀਆਂ ਦੀ ਸੁਣਵਾਈ ਕਰਨਾ ਅਤੇ ਸੰਬੰਧਤ ਅਧਿਕਾਰੀਆਂ ਨੂੰ ਜਵਾਬਦੇਹ ਬਣਾਉਣਾ ਸ਼ਲਾਘਾਯੋਗ ਕਦਮ ਹੈ। ਕਈ ਅਜਿਹੇ ਮਾਮਲੇ ਜਿਨ੍ਹਾਂ ਵਿੱਚ ਲੰਬੇ ਸਮੇਂ ਤੱਕ ਕੋਈ ਕਾਰਵਾਈ ਨਹੀਂ ਹੋਈ ਸੀ, ਉਨ੍ਹਾਂ ਵਿੱਚ ਕਮਿਸ਼ਨ ਦੀ ਦਖ਼ਲਅੰਦਾਜ਼ੀ ਨਾਲ ਨਿਆਂ ਮਿਲਣ ਦੀ ਪ੍ਰਕਿਰਿਆ ਅੱਗੇ ਵਧੀ ਹੈ।

ਪ੍ਰਵਾਸੀ ਪੰਜਾਬੀਆਂ ਦਾ ਕਹਿਣਾ ਹੈ ਕਿ ਕਮਿਸ਼ਨ ਦੀ ਸਰਗਰਮ ਭੂਮਿਕਾ ਨਾਲ ਹੁਣ ਵਿਦੇਸ਼ਾਂ ਵਿੱਚ ਰਹਿੰਦੇ ਲੋਕਾਂ ਨੂੰ ਇਹ ਨਵੀਂ ਆਸ ਬੱਝੀ ਹੈ ਕਿ ਉਹ ਬਿਨਾਂ ਕਿਸੇ ਡਰ ਆਪਣੇ ਵਤਨ ਪੰਜਾਬ ਆ ਸਕਣਗੇ ਅਤੇ ਜੇਕਰ ਕਿਸੇ ਤਰ੍ਹਾਂ ਦਾ ਅਨਿਆਇ ਜਾਂ ਤੰਗ-ਪਰੇਸ਼ਾਨੀ ਹੋਵੇ ਤਾਂ ਮਨੁੱਖੀ ਅਧਿਕਾਰ ਕਮਿਸ਼ਨ ਉਨ੍ਹਾਂ ਦੀ ਆਵਾਜ਼ ਬਣੇਗਾ।

ਉਨ੍ਹਾਂ ਕਿਹਾ ਕਿ ਲੋਕ ਭਲਾਈ, ਨਿਆਂ ਪ੍ਰਣਾਲੀ ਦੀ ਮਜ਼ਬੂਤੀ ਅਤੇ ਸਰਕਾਰੀ ਅਧਿਕਾਰੀਆਂ ਦੀ ਜਵਾਬਦੇਹੀ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਇਹ ਉਪਰਾਲੇ ਪੰਜਾਬ ਵਿੱਚ ਕਾਨੂੰਨ ਦੇ ਰਾਜ ਨੂੰ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਸਾਬਤ ਹੋ ਰਹੇ ਹਨ। ਪ੍ਰਵਾਸੀ ਭਾਈਚਾਰੇ ਨੇ ਉਮੀਦ ਜਤਾਈ ਕਿ ਮਨੁੱਖੀ ਅਧਿਕਾਰ ਕਮਿਸ਼ਨ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪੀੜਤ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਆਪਣੀ ਸਰਗਰਮ ਭੂਮਿਕਾ ਨਿਭਾਉਂਦਾ ਰਹੇਗਾ।

# ਪੰਜਾਬੀ ਐਜੂਕੇਸ਼ਨ ਐਂਡ ਟੀਚਰ ਟਰੇਨਿੰਗ (ਪੈੱਟ, ਯੂ.ਕੇ.) ਅਤੇ ਕਵੈਂਟਰੀ (ਯੂ.ਕੇ) ਦੇ ‘ਸੇਵਾ ਸਕੂਲ’ ਵਲੋਂ ਇਕ ਟਰੇਨਿੰਗ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ



ਪੰਜਾਬੀ ਐਜੂਕੇਸ਼ਨ ਐਂਡ ਟੀਚਰ ਟਰੇਨਿੰਗ (ਪੈੱਟ, ਯੂ.ਕੇ.) ਅਤੇ ਕਵੈਂਟਰੀ (ਯੂ.ਕੇ) ਦੇ ‘ਸੇਵਾ ਸਕੂਲ’ ਵਲੋਂ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਸਨਿੱਚਰਵਾਰ 21 ਫ਼ਰਵਰੀ 2026 ਨੂੰ ਇਕ ਟਰੇਨਿੰਗ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਯੂ. ਕੇ. ਦੇ 12 ਸ਼ਹਿਰਾਂ ‘ਚੋਂ 75 ਅਧਿਆਪਕਾਂ ਨੇ ਹਿੱਸਾ ਲਿਆ। ਡਾ.ਜਗਤ ਸਿੰਘ ਨਾਗਰਾ ਨੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜ੍ਹਾਉਣ ਸਬੰਧੀ ਬਹੁਤ ਬਹੁਮੁੱਲੀ ਜਾਣਕਾਰੀ ਅਧਿਆਪਕਾਂ ਨੂੰ ਦਿਤੀ ਤੇ ਆਪਣੀਆਂ ਲਿਖੀਆਂ ਹੋਈ ਕਿਤਾਬਾਂ ਨੂੰ ਪੜ੍ਹਾਉਣ ਦੀ ਵਿਧੀ ਬਾਰੇ ਦੱਸਿਆ। ਗੁਰਜੀਤ ਸਿੰਘ ਗਿੱਲ ਹੋਰੀਂ ਸਪਲੀਮੈਂਟਰੀ ਸਕੂਲਾਂ ‘ਚ ਲਾਗੂ ਕਰਨ ਯੋਗ ਪਾਲਿਸੀਆਂ ਬਾਰੇ ਚਾਨਣਾ ਪਾਇਆ। ਏ.ਕਿਊ.ਏ. (ਐਗਜ਼ਾਮ ਬੋਰਡ) ਤੋਂ ਭਾਸ਼ਾਵਾਂ ਦੀ ਮੈਨੇਜਰ ਮਿਸ ਕਲੋਈ ਬਰੋਜ਼ ਨੇ ਪਿਛਲੇ ਸਾਲ ਦੇ ਬੱਚਿਆਂ ਵਲੋਂ ਦਿਤੇ ਗਏ ਇਮਤਿਹਾਨਾਂ ਬਾਰੇ ਦੱਸਿਆ ਕਿ ਕੀ ਕੀ ਕਮੀਆਂ ਸਨ ਤੇ ਕੀ ਕੀ ਪ੍ਰਾਪਤੀਆਂ ਸਨ। ਜਿੱਥੇ ਕਮੀਆਂ ਹਨ ਉਨ੍ਹਾਂ ਵਿਚ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ ਤੇ ਪ੍ਰਾਪਤੀਆਂ ‘ਚ ਹੋਰ ਵਾਧਾ ਕਿਵੇਂ ਕੀਤਾ ਜਾ ਸਕਦਾ ਹੈ। ਨਿਰਮਲ ਸਿੰਘ ਕੰਧਾਲਵੀ ਹੋਰੀਂ ਦੱਸਿਆ ਕਿ ਪੰਜਾਬੀ ਭਾਸ਼ਾ ਵਿਚ ਯੋਗਤਾਵਾਂ ਪ੍ਰਾਪਤ ਕਰਨ ਦੇ ਕੀ ਫ਼ਾਇਦੇ ਹਨ ਤੇ ਪੰਜਾਬੀ ਦਾ ਭਾਸ਼ਾ ਦਾ ਕੀ ਭਵਿੱਖ ਹੈ। ਇਸ ਟਰੇਨਿੰਗ ਸੈਸ਼ਨ ਨੂੰ ਸਕੂਲ ਦੀ ਪ੍ਰਿੰਸੀਪਲ ਮਿਸਿਜ਼ ਸੰਘੇੜਾ ਵਲੋਂ ਪੂਰਨ ਸਹਿਯੋਗ ਦਿਤਾ ਗਿਆ।

# ਵਿਸ਼ਵ ਏਆਈ ਮੰਚ 'ਤੇ ਪੰਜਾਬੀ ਪੁੱਤਰ ਰਣਬੀਰ ਸਿੰਘ ਦਾ ਬੋਲਬਾਲਾ

## ✪ 8 ਸਾਲ ਦੀ ਉਮਰ ਵਿੱਚ ਇੰਡੀਆ ਏਆਈ ਇਮਪੈਕਟ ਸਮਿਟ 2026 ਦਾ ਬਣਿਆ ਮੁੱਖ ਬੁਲਾਰਾਜ਼ ✪ 3 ਸਾਲ ਦੀ ਉਮਰ ਤੋਂ ਸ਼ੁਰੂ ਹੋਇਆ ਨਾਸਾ ਅਤੇ ਐਪਲ ਤੱਕ ਦਾ ਸਫ਼ਰ ✪ ਗੁਰਮਤਿ, ਭਾਰਤੀ ਫਲਸਫੇ ਅਤੇ ਏਆਈ ਵਿਚਕਾਰ ਬਣਾਇਆ ਪੁਲ

ਕਵਰ ਸਟੋਰੀ




ਨਵੀਂ ਦਿੱਲੀ ਵਿਖੇ ਹੋਏ 'ਇੰਡੀਆ ਏਆਈ ਇਮਪੈਕਟ ਸਮਿਟ 2026' ਵਿੱਚ ਮਾਹੌਲ ਬਹੁਤ ਗੰਭੀਰ ਸੀ। ਦੁਨੀਆ ਭਰ ਦੇ ਵੱਡੇ ਟੈਕਨਾਲੋਜੀ ਮਾਹਿਰ, ਵਿਗਿਆਨੀ ਅਤੇ ਨੀਤੀ ਘੜਨ ਵਾਲੇ ਲੋਕ ਭਵਿੱਖ ਦੀ ਤਕਨਾਲੋਜੀ 'ਤੇ ਚਰਚਾ ਕਰ ਰਹੇ ਸਨ। ਪਰ ਇਸ ਵਾਰ ਸਭ ਦੀਆਂ ਨਜ਼ਰਾਂ ਇੱਕ 8 ਸਾਲ ਦੇ ਨਿੱਕੇ ਜਿਹੇ ਬੱਚੇ, ਰਣਵੀਰ ਸਿੰਘ ਸਚਦੇਵਾ 'ਤੇ ਟਿਕੀਆਂ ਹੋਈਆਂ ਸਨ। ਸਿਰ 'ਤੇ ਛੋਟੀ ਜਿਹੀ ਪੱਗ, ਅੱਖਾਂ 'ਤੇ ਚਸ਼ਮਾ ਅਤੇ ਫਾਰਮਲ ਸੂਟ ਪਹਿਨੇ ਜਦੋਂ ਰਣਵੀਰ ਸਿੰਘ ਸਚਦੇਵਾ ਸਟੇਜ 'ਤੇ ਚੜ੍ਹਿਆ, ਤਾਂ ਪੂਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਉਹ ਇਸ ਗਲੋਬਲ ਸਮਿਟ ਦਾ ਸਭ ਤੋਂ ਘੱਟ ਉਮਰ ਦਾ ਮੁੱਖ ਬੁਲਾਰਾ ਬਣ ਕੇ ਇਤਿਹਾਸ ਰਚ ਰਿਹਾ ਸੀ।

ਰਣਵੀਰ ਨੇ ਆਪਣੇ 20 ਮਿੰਟ ਲੰਬੇ ਭਾਸ਼ਣ ਵਿੱਚ ਸਭ ਨੂੰ ਹੈਰਾਨ ਕਰ ਦਿੱਤਾ। ਉਸ ਨੇ ਸਿਰਫ਼ ਤਕਨਾਲੋਜੀ ਦੀ ਗੱਲ ਨਹੀਂ ਕੀਤੀ, ਸਗੋਂ ਏਆਈ ਨੂੰ ਪ੍ਰਾਚੀਨ ਭਾਰਤੀ ਦਰਸ਼ਨ, ਵੇਦਾਂ, ਉਪਨਿਸ਼ਦਾਂ ਅਤੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨਾਲ ਜੋੜਿਆ। ਉਸ ਨੇ ਕਿਹਾ ਕਿ ਏਆਈ ਸਿਰਫ਼ ਇੱਕ ਨਿਰਜੀਵ ਮਸ਼ੀਨ ਨਹੀਂ ਹੈ, ਸਗੋਂ ਇਹ ਮਨੁੱਖੀ ਭਲਾਈ ਦਾ ਇੱਕ ਜ਼ਰੀਆ ਹੋਣੀ ਚਾਹੀਦੀ ਹੈ। ਉਸ ਦੇ ਇਸ ਵਿਲੱਖਣ ਰਾਹ-ਜਿੱਥੇ ਇੱਕ ਪਾਸੇ ਆਧੁਨਿਕ ਤਕਨਾਲੋਜੀ ਹੈ ਅਤੇ ਦੂਜੇ ਪਾਸੇ ਅਮੀਰ ਸੱਭਿਆਚਾਰਕ ਵਿਰਾਸਤ ਨੇ ਗੂਗਲ ਦੇ ਸੀਈਓ ਸੁੰਦਰ ਪਿਚਾਈ ਅਤੇ ਓਪਨਏਆਈ ਦੇ ਸੈਮ ਆਲਟਮੈਨ ਨੂੰ ਵੀ ਤਾਰੀਫ਼ ਕਰਨ ਲਈ ਮਜਬੂਰ ਕਰ ਦਿੱਤਾ।

ਰਣਵੀਰ ਸਿੰਘ ਸਚਦੇਵਾ ਦੀਆਂ ਪ੍ਰਾਪਤੀਆਂ ਕੇਵਲ ਇੱਕ ਬੱਚੇ ਦੀ ਸਫਲਤਾ ਨਹੀਂ, ਸਗੋਂ ਤਕਨਾਲੋਜੀ ਦੀ ਦੁਨੀਆ ਵਿੱਚ ਇੱਕ ਇਨਕਲਾਬ ਵਾਂਗ ਹਨ। 8 ਸਾਲ ਦੀ ਨਿੱਕੀ ਉਮਰ ਵਿੱਚ ਉਸ ਨੇ ਅਜਿਹੇ ਮੀਲ ਪੱਥਰ ਗੱਡੇ ਹਨ ਜੋ ਵੱਡੇ-ਵੱਡੇ ਵਿਗਿਆਨੀਆਂ ਲਈ ਵੀ ਸੁਪਨਾ ਹੁੰਦੇ ਹਨ।

ਰਣਵੀਰ ਸਿੰਘ ਸਚਦੇਵਾ ਦਾ ਜਨਮ 2017 ਵਿੱਚ ਨੋਇਡਾ ਵਿੱਚ ਹੋਇਆ ਸੀ। ਉਸ ਦੀ ਪ੍ਰਤਿਭਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿੱਥੇ ਬੱਚੇ ਖਿਡੌਣਿਆਂ ਨਾਲ ਖੇਡਦੇ ਹਨ, ਉੱਥੇ ਰਣਵੀਰ 3 ਸਾਲ ਦੀ ਉਮਰ ਵਿੱਚ ਕੋਡਿੰਗ ਸਿੱਖ ਰਿਹਾ ਸੀ। ਉਸ ਨੇ ਐਪਲ ਦੀ 'ਸਵਿਫਟ' ਭਾਸ਼ਾ ਵਿੱਚ ਪ੍ਰੋਗਰਾਮ ਬਣਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਸਵਿਫਟ ਪ੍ਰੋਗਰਾਮਰ ਬਣ ਗਿਆ ਸੀ।

ਉਸ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਮੋੜ 20 ਅਪ੍ਰੈਲ 2023 ਨੂੰ ਆਇਆ ਸੀ, ਜਦੋਂ ਉਹ ਦਿੱਲੀ ਵਿੱਚ ਐਪਲ ਦੇ ਪਹਿਲੇ ਸਟੋਰ ਦੇ ਉਦਘਾਟਨ ਮੌਕੇ ਟਿਮ ਕੁੱਕ ਨੂੰ ਮਿਲਿਆ ਸੀ। ਰਣਵੀਰ ਸਿੰਘ ਨੇ ਟਿਮ ਕੁੱਕ ਨੂੰ ਆਪਣੀ ਬਣਾਈ ਹੋਈ ਐਪ ਦਿਖਾਈ, ਜਿਸ ਤੋਂ ਪ੍ਰਭਾਵਿਤ ਹੋ ਕੇ ਕੁੱਕ ਨੇ ਉਸ ਨੂੰ ਕੈਲੀਫੋਰਨੀਆ ਵਿੱਚ ਹੋਣ ਵਾਲੀ 'ਵਰਲਡਵਾਈਡ ਡਿਵੈਲਪਰ ਕਾਨਫਰੰਸ' ਲਈ ਨਿੱਜੀ ਸੱਦਾ ਦਿੱਤਾ ਸੀ। ਉਹ ਐਪਲ ਦੀ ਡਿਵੈਲਪਰ ਕਮਿਊਨਿਟੀ ਦਾ ਸਭ ਤੋਂ ਨਿੱਕੀ ਉਮਰ ਦਾ ਸਰਗਰਮ ਮੈਂਬਰ ਬਣਿਆ ਸੀ। ਇੰਨਾ ਹੀ ਨਹੀਂ, ਰਣਵੀਰ ਅੱਜ 8 ਸਾਲ ਦੀ ਉਮਰ ਵਿੱਚ ਦੁਨੀਆ ਦੀ ਨਾਮਵਰ ਹਾਰਵਰਡ ਯੂਨੀਵਰਸਿਟੀ ਤੋਂ ਮਸ਼ੀਨ ਲਰਨਿੰਗ ਦਾ ਆਨਲਾਈਨ ਕੋਰਸ ਕਰ ਰਿਹਾ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਮਿਸਾਲ ਹੈ।

### ਨਾਸਾ ਵੱਲੋਂ ਮਾਨਤਾ ਅਤੇ ਸਪੇਸ ਟੈਕਨਾਲੋਜੀ

4 ਸਾਲ ਦੀ ਉਮਰ ਵਿੱਚ, ਜਿੱਥੇ ਬੱਚੇ ਕਾਗਜ਼ ਦੇ ਜਹਾਜ਼ ਬਣਾਉਂਦੇ ਹਨ, ਰਣਵੀਰ ਨੇ ਮੰਗਲ ਗ੍ਰਹਿ ਲਈ ਇੱਕ ਪ੍ਰੋਟੋਟਾਈਪ ਰਾਕੇਟ ਤਿਆਰ ਕੀਤਾ। ਉਸ ਦੇ ਇਸ ਰਾਕੇਟ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ ਏਆਈ ਅਧਾਰਿਤ ਸਵੈ-ਨੈਵੀਗੇਸ਼ਨ ਸਿਸਟਮ ਲੱਗਾ ਹੋਇਆ ਸੀ।

ਨਾਸਾ ਦੀ ਜੈੱਟ ਪ੍ਰੋਪਲਸ਼ਨ ਲੈਬਾਰਟਰੀ ਨੇ ਉਸ ਦੇ ਇਸ ਮਾਡਲ ਦੀ ਸਮੀਖਿਆ ਕੀਤੀ ਅਤੇ ਉਸ ਦੀ ਵਿਗਿਆਨਕ ਸੋਚ ਨੂੰ ਮਾਨਤਾ ਦਿੱਤੀ ਸੀ।

ਸਾਲ 2024-2025 ਉਸ ਲਈ ਬਹੁਤ ਵਧੀਆ ਰਿਹਾ ਸੀ, ਜਦੋਂ ਉਸ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਹਿੱਸਾ ਲਿਆ ਸੀ ਅਤੇ ਸੈਕਟਰੀ ਜਨਰਲ ਐਂਟੋਨੀਓ ਗੁਟੇਰੇਸ ਨਾਲ ਮੁਲਾਕਾਤ ਕੀਤੀ ਸੀ। ਗੁਟੇਰੇਸ ਨੇ ਉਸ ਨੂੰ ਇੱਕ ਬਿਹਤਰ ਦੁਨੀਆ ਬਣਾਉਣ ਲਈ ਸ਼ਾਬਾਸ਼ੀ ਦਿੱਤੀ ਸੀ। ਜਿਨੇਵਾ ਵਿੱਚ 'ਏਆਈ ਫਾਰ ਗੁੱਡ' ਸਮਿਟ ਦੌਰਾਨ ਉਸ ਨੇ 'ਏਆਈ ਦੇ ਗੌਡਫਾਦਰ' ਕਹੇ ਜਾਣ ਵਾਲੇ ਜੈਫਰੀ ਹਿੰਟਨ ਨਾਲ ਮੰਚ ਸਾਂਝਾ ਕੀਤਾ ਸੀ। ਉਸ ਨੂੰ ਇੰਟਰਨੈਸ਼ਨਲ ਟੈਲੀਕਮਿਊਨੀਕੇਸ਼ਨ ਯੂਨੀਅਨ ਦਾ ਯੂਥ ਅੰਬੈਸਡਰ ਨਿਯੁਕਤ ਕੀਤਾ ਗਿਆ ਸੀ।

### ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਮੰਚ 'ਤੇ ਪਹਿਚਾਣ

- ਰਣਵੀਰ ਨੇ ਕੌਮਾਂਤਰੀ ਪੱਧਰ 'ਤੇ ਭਾਰਤ ਤੇ ਸਿੱਖ ਪੰਥ ਦਾ ਮਾਣ ਵਧਾਇਆ ਸੀ।
- ਹਾਰਵਰਡ ਯੂਨੀਵਰਸਿਟੀ: ਉਹ 8 ਸਾਲ ਦੀ ਉਮਰ ਵਿੱਚ ਦੁਨੀਆ ਦੀ ਸਭ ਤੋਂ ਮਸ਼ਹੂਰ ਹਾਰਵਰਡ ਯੂਨੀਵਰਸਿਟੀ ਤੋਂ ਮਸ਼ੀਨ ਲਰਨਿੰਗ ਦਾ ਕੋਰਸ ਕਰ ਰਿਹਾ ਹੈ।
- 2023 ਵਿੱਚ ਉਸ ਨੇ ਆਈਆਈਟੀ ਦਿੱਲੀ ਤੋਂ ਰੋਬੋਟਿਕਸ ਅਤੇ ਏਆਈ ਵਿੱਚ ਸਰਟੀਫਿਕੇਟ ਪ੍ਰਾਪਤ ਕੀਤਾ ਸੀ, ਉਹ ਇਹ ਸਨਮਾਨ ਪਾਉਣ ਵਾਲਾ ਸਭ ਤੋਂ ਨਿੱਕਾ ਵਿਅਕਤੀ ਹੈ।'
- ਉਸ ਕੋਲ ਗੂਗਲ ਵੱਲੋਂ 'ਰਿਸਪੌਂਸੀਬਲ ਏਆਈ' ਵਿੱਚ ਵਿਸ਼ੇਸ਼ ਸਰਟੀਫਿਕੇਟ ਹੈ।
- ਰਣਵੀਰ ਨੇ ਇੱਕ ਕਿਤਾਬ ਲਿਖੀ ਹੈ ਜਿਸਦਾ ਨਾਮ ਹੈ "ਆਰ ਯੂ ਬਾਰਨ ਵਿਦ ਏਆਈ ?"। ਇਹ ਕਿਤਾਬ ਦੁਨੀਆ ਭਰ ਦੇ ਬੱਚਿਆਂ ਨੂੰ ਏਆਈ ਬਾਰੇ ਸਹੀ ਅਤੇ ਨੈਤਿਕ ਜਾਣਕਾਰੀ ਦਿੰਦੀ ਹੈ।
- ਉਸ ਨੇ ਖੁਦ ਦਾ ਇੱਕ ਚੈਟਬੋਟ ਵਿਕਸਿਤ ਕੀਤਾ ਹੈ ਜੋ ਬੱਚਿਆਂ ਨੂੰ ਖੇਡ-ਖੇਡ ਵਿੱਚ ਤਕਨਾਲੋਜੀ ਅਤੇ ਕੋਡਿੰਗ ਸਿਖਾਉਂਦਾ ਹੈ।
- ਰਣਵੀਰ ਨੇ ਇੱਕ ਅਜਿਹਾ ਏਆਈ ਟੂਲ ਬਣਾਇਆ ਹੈ ਜੋ ਮੌਸਮ ਅਤੇ ਫਸਲਾਂ ਦੀਆਂ ਬਿਮਾਰੀਆਂ ਬਾਰੇ ਸਹੀ ਜਾਣਕਾਰੀ ਦਿੰਦਾ ਹੈ, ਤਾਂ ਜੋ ਕਿਸਾਨਾਂ ਦੀ ਮਦਦ ਹੋ ਸਕੇ।
- 6 ਸਾਲ ਦੀ ਉਮਰ ਵਿੱਚ ਉਸ ਨੇ ਟੈਕਨਾਲੋਜੀ ਅਤੇ ਨਵੀਨਤਾ 'ਤੇ ਆਪਣਾ ਪਹਿਲਾ ਟੈਡਐਕਸ ਭਾਸ਼ਣ ਦਿੱਤਾ।
- ਉਸ ਨੇ ਇਸ ਕੌਮਾਂਤਰੀ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤ ਕੇ ਆਪਣੀ ਬਹੁਪੱਖੀ ਪ੍ਰਤਿਭਾ ਦਾ ਸਬੂਤ ਦਿੱਤਾ।
- ਰਣਵੀਰ ਦੀਆਂ ਇਹ ਪ੍ਰਾਪਤੀਆਂ ਸਿਰਫ਼ ਰਿਕਾਰਡ ਨਹੀਂ ਹਨ, ਸਗੋਂ ਇਹ ਦਰਸਾਉਂਦੀਆਂ ਹਨ ਕਿ ਉਹ ਆਉਣ ਵਾਲੇ ਸਮੇਂ ਵਿੱਚ ਭਾਰਤ ਨੂੰ ਵਿਸ਼ਵ ਦੀ ਟੈਕ-ਸੁਪਰਪਾਵਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਅਮਰੀਕਾ ਵਿੱਚ ਭਾਰਤੀ ਵਸਤਾਂ 'ਤੇ 10% ਵਾਧੂ ਟੈਰਿਫ ਲਾਗੂ, ਵਪਾਰੀਆਂ ਵਿੱਚ ਦੁਚਿੱਤੀ

## ✪ ਅਮਰੀਕੀ ਬਾਜ਼ਾਰ ਵਿੱਚ ਭਾਰਤੀ ਉਤਪਾਦ ਮਹਿੰਗੇ ਹੋਣਗੇ

ਨਿਊਯਾਰਕ-ਅਮਰੀਕਾ ਵਿੱਚ ਭਾਰਤ ਤੋਂ ਬਰਾਮਦ ਹੋਣ ਵਾਲੀਆਂ ਵਸਤੂਆਂ 'ਤੇ 10 ਫ਼ੀਸਦ ਵਾਧੂ ਟੈਰਿਫ (ਟੈਕਸ) ਲਾਗੂ ਹੋ ਗਿਆ ਹੈ। ਰਾਸ਼ਟਰਪਤੀ ਟਰੰਪ ਦੇ ਨਵੇਂ ਕਾਰਜਕਾਰੀ ਆਦੇਸ਼ ਤੋਂ ਬਾਅਦ ਇਹ ਫੈਸਲਾ ਅਮਲ ਵਿੱਚ ਆਇਆ ਹੈ।10% ਵਾਧੂ ਟੈਕਸ ਟੈਰਿਫ ਅਗਲੇ 150 ਦਿਨਾਂ ਲਈ ਲਾਗੂ ਰਹੇਗਾ। ਇਹ ਟੈਕਸ ਮੌਜੂਦਾ 'ਮੋਸਟ ਫੇਵਰਡ ਨੇਸ਼ਨ' ਟੈਕਸ ਤੋਂ ਇਲਾਵਾ ਹੋਵੇਗਾ। ਉਦਾਹਰਨ: ਜੇਕਰ ਕਿਸੇ ਚੀਜ਼ 'ਤੇ ਪਹਿਲਾਂ 5% ਟੈਕਸ ਸੀ, ਤਾਂ ਹੁਣ 10% ਵਾਧੂ ਲੱਗਣ ਨਾਲ ਕੁੱਲ ਟੈਕਸ 15% ਹੋ ਜਾਵੇਗਾ। ਹਾਲਾਂਕਿ ਰਾਸ਼ਟਰਪਤੀ ਟਰੰਪ ਨੇ ਇਸ ਟੈਕਸ ਨੂੰ ਵਧਾ ਕੇ 15 ਫ਼ੀਸਦ ਕਰਨ ਦਾ ਐਲਾਨ ਕੀਤਾ ਸੀ, ਪਰ ਅਜੇ ਤੱਕ ਇਸ ਸਬੰਧੀ ਕੋਈ ਰਸਮੀ ਨੋਟੀਫਿਕੇਸ਼ਨ ਜਾਰੀ ਨਹੀਂ ਹੋਈ। ਇਸ ਕਾਰਨ ਭਾਰਤੀ ਬਰਾਮਦਕਾਰਾਂ ਵਿੱਚ ਭਾਰੀ ਦੁਚਿੱਤੀ ਬਣੀ ਹੋਈ ਹੈ।

ਇਸ ਤੋਂ ਪਹਿਲਾਂ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਸਰਕਾਰ ਦੇ ਵਿਆਪਕ ਟੈਰਿਫਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਸੀ, ਜਿਸ ਤੋਂ ਬਾਅਦ ਹੁਣ ਨਵੇਂ ਕਾਰਜਕਾਰੀ ਹੁਕਮਾਂ ਰਾਹੀਂ ਇਹ ਟੈਕਸ ਲਗਾਇਆ ਗਿਆ ਹੈ ਫੈਡਰੇਸ਼ਨ ਆਫ ਇੰਡੀਅਨ ਐਕਸਪੋਰਟ ਆਰਗੇਨਾਈਜ਼ੇਸ਼ਨ ਦੇ ਡਾਇਰੈਕਟਰ ਅਜੇ ਸਹਾਏ ਅਨੁਸਾਰ, ਫਿਲਹਾਲ ਸਿਰਫ਼ 10% ਵਾਧੂ ਟੈਕਸ ਦਾ ਹੀ ਰਸਮੀ ਹੁਕਮ ਹੈ। ਇਸ ਫੈਸਲੇ ਨਾਲ ਅਮਰੀਕੀ ਬਾਜ਼ਾਰ ਵਿੱਚ ਭਾਰਤੀ ਉਤਪਾਦ ਮਹਿੰਗੇ ਹੋ ਜਾਣਗੇ, ਜਿਸ ਦਾ ਸਿੱਧਾ ਅਸਰ ਭਾਰਤੀ ਵਪਾਰੀਆਂ ਅਤੇ ਅਰਥਚਾਰੇ 'ਤੇ ਪੈ ਸਕਦਾ ਹੈ।

# ਹੜ੍ਹਾਂ ਨੇ ਖੋਹਿਆ ਸੀ ਕਿਰਤੀ ਸਿੱਖ ਦਾ ਘਰ, ਸਿੱਖ ਸੇਵਕ ਸੁਸਾਇਟੀ ਨੇ ਬਣਾ ਕੇ ਦਿੱਤਾ ਨਵਾਂ ਆਸਰਾ

## ✪ ਦੋ ਕਮਰੇ, ਰਸੋਈ ਸਮੇਤ ਬਣੇਗਾ ਘਰ, ਦਸਵੰਧ ਨਾਲ ਚੱਲਦੀ ਸਿੱਖ ਸੇਵਕ ਸੁਸਾਇਟੀ ਵਲੋਂ ਕਾਰ ਸੇਵਾ ਜਾਰੀ

ਜਲੰਧਰ-ਮਿਹਨਤਕਸ਼ ਜੀਵਨ ਅਤੇ ਹੜ੍ਹਾਂ ਦੇ ਸੰਕਟ ਦੌਰਾਨ ਪੀੜਤਾਂ ਦੀ ਉਮੀਦ ਦੀ ਕਿਰਨ ਬਣ ਕੇ ਉੱਭਰੀ ਹੈ ਇੱਕ ਸਾਖੀ, ਜੋ ਸਿੱਖੀ ਦੇ ਸੇਵਾ-ਸਿਮਰਨ ਦੇ ਸਿਧਾਂਤਾਂ ਨੂੰ ਜੀਵੰਤ ਕਰਦੀ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਸਰਹਦ ਕੋਲ ਵਸਦੇ ਪਿੰਡ ਚੌਤਰਾ ਵਿੱਚ ਰਹਿਣ ਵਾਲੇ ਰਛਪਾਲ ਸਿੰਘ, ਜੋ ਇੱਕ ਆਮ ਕਿਰਤੀ ਅਤੇ ਰੇਹੜੀ ਉੱਤੇ ਸਬਜ਼ੀ ਵੇਚ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ, ਨੇ ਹੜ੍ਹਾਂ ਦੌਰਾਨ ਬੇਰਹਿਮ ਕੁਦਰਤੀ ਮਾਰ ਸਹਿਣੀ ਪਈ। ਬੀਤੇ ਸਮੇਂ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਉਨ੍ਹਾਂ ਦਾ ਘਰ ਤਬਾਹ ਹੋ ਗਿਆ ਸੀ। ਇਸ ਮੁਸੀਬਤ ਨੇ ਉਨ੍ਹਾਂ ਦੇ ਪਰਿਵਾਰ ਨੂੰ ਬੇਘਰ ਕਰ ਦਿੱਤਾ ਸੀ ਅਤੇ ਜੀਵਨ ਨੂੰ ਹੋਰ ਵੀ ਕਠਿਨ ਬਣਾ ਦਿੱਤਾ ਸੀ।

ਰਛਪਾਲ ਸਿੰਘ ਦੇ ਪਰਿਵਾਰ ਵਿੱਚ ਤਿੰਨ ਧੀਆਂ ਅਤੇ ਇੱਕ ਪੁੱਤਰ ਹੈ। ਵੱਡੀ ਧੀ ਕਾਲਜ ਵਿੱਚ ਪੜ੍ਹ ਰਹੀ ਹੈ ਵੱਡੀ ਦੀ ਦਾ ਸੁਪਨਾ ਪੁਲੀਸ ਅਫ਼ਸਰ ਬਣਨਾ ਹੈ ਅਤੇ ਪਰਿਵਾਰ ਦੇ ਇੱਕੋ-ਇੱਕ ਕਮਾਉਣ ਵਾਲੇ ਮੈਂਬਰ ਵਜੋਂ ਰਛਪਾਲ ਸਿੰਘ ਰੋਜ਼ਾਨਾ ਸਵੇਰੇ ਤੋਂ ਸ਼ਾਮ ਤੱਕ ਰੇਹੜੀ ਉੱਤੇ ਸਬਜ਼ੀ ਵੇਚਦੇ ਹਨ। ਉਨ੍ਹਾਂ ਦੀ ਮਿਹਨਤ ਅਤੇ ਲਗਨ ਵਾਲੀ ਜ਼ਿੰਦਗੀ ਵਿੱਚ ਹੜ੍ਹਾਂ ਨੇ ਇੱਕ ਵੱਡਾ ਝਟਕਾ ਮਾਰਿਆ ਸੀ। ਘਰ ਦੇ ਤਬਾਹ ਹੋਣ ਤੋਂ ਬਾਅਦ ਪੂਰਾ ਪਰਿਵਾਰ



ਮੁਸੀਬਤਾਂ ਵਿੱਚ ਘਿਰ ਗਿਆ ਸੀ ਅਤੇ ਨਵੇਂ ਆਸਰੇ ਦੀ ਲੋੜ ਸੀ।

ਇਸ ਮੁਸ਼ਕਲ ਘੜੀ ਵਿੱਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਰਛਪਾਲ ਸਿੰਘ ਦੀ ਬਾਂਹ ਫੜੀ ਹੈ। ਸਿੱਖ ਸੇਵਕ ਸੁਸਾਇਟੀ ਸੰਗਤੀ ਅਦਾਰਾ ਹੈ, ਜੋ ਦਸਵੰਧ ਪ੍ਰਥਾ ਅਤੇ ਸੰਗਤ ਦੇ ਯੋਗਦਾਨ ਨਾਲ ਚੱਲਦਾ ਹੈ, ਗਰੀਬ ਅਤੇ ਕਿਰਤੀ ਸਿੱਖਾਂ ਦੀ ਮਦਦ ਲਈ ਹਮੇਸ਼ਾ ਅੱਗੇ ਰਹਿੰਦਾ ਹੈ। ਸਿਖ ਸੇਵਕ ਸੁਸਾਇਟੀ ਦੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਉਹ ਰਛਪਾਲ ਸਿੰਘ ਨੂੰ ਇੱਕ ਨਵਾਂ ਮਕਾਨ ਬਣਾ ਕੇ ਦੇ ਰਹੇ ਹਨ। ਇਸ ਮਕਾਨ ਵਿੱਚ ਦੋ ਕਮਰੇ, ਇੱਕ ਰਸੋਈ ਅਤੇ ਵਾਸ਼ਰੂਮ ਸ਼ਾਮਲ ਹੋਣਗੇ, ਜਿਸ ਨਾਲ ਪਰਿਵਾਰ ਨੂੰ ਸੁਰੱਖਿਅਤ ਅਤੇ ਸੁਖਾਲਾ ਰਹਿਣ ਦਾ ਆਸਰਾ ਮਿਲੇਗਾ। ਇਥੇ ਕਾਰ ਸੇਵਾ ਦੋ ਮਹੀਨੇ ਤੋਂ ਜਾਰੀ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਕਿਹਾ, "ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਕੋਈ ਐਨਜੀਓ ਨਹੀਂ, ਸਗੋਂ ਸੰਗਤ ਦੇ ਪੈਸੇ ਅਤੇ ਦਸਵੰਧ ਨਾਲ ਚੱਲਣ ਵਾਲਾ ਸੇਵਾਦਾਰ ਅਦਾਰਾ ਹੈ। ਅਸੀਂ ਦਲਿਤਾਂ, ਗਰੀਬਾਂ ਅਤੇ ਕਿਰਤੀ ਸਿੱਖਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਹਾਂ। ਹੜ੍ਹਾਂ ਤੋਂ ਬਾਅਦ ਅਸੀਂ ਤਿੰਨ ਪਰਿਵਾਰਾਂ ਨੂੰ ਨਵੇਂ ਮਕਾਨ ਬਣਾ ਕੇ ਦੇ ਰਹੇ ਹਾਂ ਅਤੇ ਇਹ ਸੇਵਾ ਜਾਰੀ ਰਹੇਗੀ।

ਉਨ੍ਹਾਂ ਦਸਿਆ ਕਿ ਸੁਸਾਇਟੀ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਆਪਕ ਸੇਵਾ ਕੀਤੀ ਹੈ। ਕਿਸਾਨਾਂ ਨੂੰ ਬੀਜ ਅਤੇ ਖਾਦ ਮੁਹੱਈਆ ਕਰਵਾਈ ਗਈ, ਪੀੜਤ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਗਏ ਅਤੇ ਮੱਛਰਮਾਰ ਦਵਾਈਆਂ ਦਾ ਛਿੜਕਾਅ ਵੀ ਕੀਤਾ ਗਿਆ ਤਾਂ ਜੋ ਬਿਮਾਰੀਆਂ ਤੋਂ ਬਚਾਅ ਹੋ ਸਕੇ। ਇਹ ਸਾਰੀਆਂ ਸੇਵਾਵਾਂ ਸਿੱਖੀ ਦੇ ਮੁੱਢਲੇ ਸਿਧਾਂਤਾਂ - ਸੇਵਾ, ਸਿਮਰਨ ਅਤੇ ਸਮਾਨਤਾ - ਨੂੰ ਅਮਲੀ ਰੂਪ ਦਿੰਦੀਆਂ ਹਨ।

ਉਨ੍ਹਾਂ ਕਿਹਾ ਕਿ ਰਛਪਾਲ ਸਿੰਘ ਵਰਗੇ ਮਿਹਨਤਕਸ਼ ਲੋਕਾਂ ਲਈ ਇਹ ਮਦਦ ਨਾ ਸਿਰਫ਼ ਇੱਕ ਛੱਤ ਹੈ, ਸਗੋਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵੀ ਹੈ। ਉਨ੍ਹਾਂ ਦੀ ਵੱਡੀ ਧੀ ਦੀ ਪੜ੍ਹਾਈ ਜਾਰੀ ਰਹੇਗੀ ਅਤੇ ਪਰਿਵਾਰ ਵਿੱਚ ਉਮੀਦ ਦੀ ਨਵੀਂ ਕਿਰਨ ਜਾਗ ਰਹੀ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਇਹ ਉਦਾਹਰਣ ਪੰਜਾਬ ਵਿੱਚ ਹੋਰ ਵੀ ਬਹੁਤ ਸਾਰੇ ਪਰਿਵਾਰਾਂ ਲਈ ਮਿਸਾਲ ਬਣ ਰਹੀ ਹੈ।

ਪਰਮਿੰਦਰ ਪਾਲ ਸਿੰਘ ਨੇ ਅਪੀਲ ਕੀਤੀ ਕਿ ਸੰਗਤ ਵਧ ਚੜ੍ਹ ਕੇ ਦਸਵੰਧ ਦੇ ਕੇ ਅਜਿਹੀਆਂ ਸੇਵਾਵਾਂ ਨੂੰ ਹੋਰ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖੀ ਵਿੱਚ ਮਾਨਵਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ ਅਤੇ ਇਸ ਨੂੰ ਜਾਰੀ ਰੱਖਣ ਲਈ ਸਾਰਿਆਂ ਦਾ ਸਹਿਯੋਗ ਜ਼ਰੂਰੀ ਹੈ। ਇਸ ਸੇਵਾ ਮੁਹਿੰਮ ਵਿਚ ਪ੍ਰੋਫੈਸਰ ਬਲਵਿੰਦਰ ਪਾਲ ਸਿੰਘ,ਸੰਦੀਪ ਸਿੰਘ ਚਾਵਲਾ, ਠੇਕੇਦਾਰ ਹਰਦੇਵ ਸਿੰਘ, ਸਾਹਿਬ ਸਿੰਘ ਆਰਟਿਸਟ ਸ਼ਾਮਲ ਸਨ।

### -ਮਾਮਲਾ ਰਾਹੁਲ ਗਾਂਧੀ ਨੂੰ ਗੋਲੀ ਮਾਰਨ ਦੀ ਧਮਕੀ ਦਾ-

# ਕਾਂਗਰਸ ਦਾ ਭਾਜਪਾ-ਆਰ.ਐਸ.ਐਸ 'ਤੇ ਵੱਡਾ ਹਮਲਾ, ਮੁਲਜ਼ਮ ਗ੍ਰਿਫ਼ਤਾਰ





ਨਵੀਂ ਦਿੱਲੀ/ਕੋਟਾ-ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ 25 ਹੋਰ ਸੰਸਦ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਕਾਂਗਰਸ ਬੁਲਾਰੇ ਪਵਨ ਖੇੜਾ ਨੇ ਇੱਕ ਵੀਡੀਓ ਸਾਂਝੀ ਕਰਦਿਆਂ ਇਸ ਨੂੰ ਭਾਜਪਾ ਅਤੇ ਆਰ.ਐਸ.ਐਸ. ਦੀ ਇੱਕ 'ਸੋਚੀ-ਸਮਝੀ ਸਾਜ਼ਿਸ਼' ਕਰਾਰ ਦਿੱਤਾ ਹੈ। ਵੀਡੀਓ ਵਿੱਚ ਖ਼ੁਦ ਨੂੰ ਕਰਣੀ ਸੈਨਾ ਦਾ ਮੈਂਬਰ ਦੱਸਣ ਵਾਲੇ ਸ਼ਖ਼ਸ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸਪੀਕਰ ਓਮ ਬਿਰਲਾ ਦਾ ਅਪਮਾਨ ਕੀਤਾ ਹੈ। ਉਸ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਜਿਹਾ ਦੁਬਾਰਾ ਹੋਇਆ ਤਾਂ ਉਹ ਰਾਹੁਲ ਗਾਂਧੀ ਦੇ ਘਰ ਵੜ ਕੇ ਗੋਲੀ ਮਾਰ ਦੇਵੇਗਾ। ਕਾਂਗਰਸੀ ਆਗੂ ਪਵਨ ਖੇੜਾ ਅਨੁਸਾਰ, ਭਾਜਪਾ ਆਗੂਆਂ ਵੱਲੋਂ ਰਾਹੁਲ ਗਾਂਧੀ ਨੂੰ 'ਦੇਸ਼ ਦੀ ਸੁਰੱਖਿਆ ਲਈ ਖ਼ਤਰਾ' ਦੱਸਣਾ ਹਿੰਸਾ ਨੂੰ ਜਾਇਜ਼ ਠਹਿਰਾਉਣ ਦੀ ਇੱਕ ਕੋਸ਼ਿਸ਼ ਹੈ। ਰਾਜਸਥਾਨ ਪੁਲਿਸ ਨੇ ਕਾਰਵਾਈ ਕਰਦਿਆਂ ਧਮਕੀ ਦੇਣ ਵਾਲੇ ਵਿਅਕਤੀ, ਜਿਸ ਦੀ ਪਛਾਣ ਰਾਜ ਅਮੇਰਾ ਵਜੋਂ ਹੋਈ ਹੈ, ਨੂੰ ਕੋਟਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਦੂਜੇ ਪਾਸੇ, ਕਰਣੀ ਸੈਨਾ ਅਤੇ ਭਾਜਪਾ ਦੋਵਾਂ ਨੇ ਹੀ ਇਸ ਵਿਅਕਤੀ ਨਾਲ ਕਿਸੇ ਵੀ ਤਰ੍ਹਾਂ ਦਾ ਸਬੰਧ ਹੋਣ ਤੋਂ ਸਾਫ਼ ਇਨਕਾਰ ਕੀਤਾ ਹੈ।

## ਕੈਨੇਡਾ ਵਿਚ ਪੰਜਾਬੀ ਟਰੱਕ ਡਰਾਈਵਰ ਕਰੋੜਾਂ ਦੇ ਨਸ਼ੇ ਸਮੇਤ ਕੀਤਾ ਕਾਬੂ



ਓਂਟਾਰੀਓ-ਕੈਨੇਡਾ ਵਿੱਚ ਪੰਜਾਬੀ ਮੂਲ ਦੇ ਇੱਕ 29 ਸਾਲਾ ਟਰੱਕ ਡਰਾਈਵਰ ਨੂੰ ਅਮਰੀਕਾ ਤੋਂ ਲਗਭਗ 266.4 ਕਿਲੋ ਮੈਥਾਮਫੇਟਾਮਾਈਨ ਦੀ ਤਸਕਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ।

ਮੁਲਜ਼ਮ ਦੀ ਪਛਾਣ ਓਂਟਾਰੀਓ ਦੇ ਵੁੱਡਸਟੌਕ ਵਸਨੀਕ ਕੁਲਬੀਰ ਸਿੰਘ ਵਜੋਂ ਹੋਈ ਹੈ। 4 ਫਰਵਰੀ ਨੂੰ ਬਲੂ ਵਾਟਰ ਬ੍ਰਿਜ ਪੋਰਟ ਰਾਹੀਂ ਟਰੱਕ ਦੀ ਚੈਕਿੰਗ ਦੌਰਾਨ ਡਿਟੈਕਟਰ ਡੌਗ ਨੇ ਟ੍ਰੇਲਰ ਵਿੱਚੋਂ 16 ਡਫਲ ਬੈਗਾਂ ਵਿੱਚ ਲੁਕਾਈ ਖੇਪ ਬਰਾਮਦ ਕੀਤੀ। ਇਸ ਸਾਲ ਦੱਖਣੀ ਓਂਟਾਰੀਓ ਵਿੱਚ ਪੁਲਿਸ ਨੇ ਕੁੱਲ 616.5 ਕਿਲੋ ਮੈਥ ਜ਼ਬਤ ਕੀਤੀ ਸੀ। ਨਵੰਬਰ 2025 ਵਿੱਚ ਵੀ ਇੱਕ ਹੋਰ ਇੰਡੋ-ਕੈਨੇਡੀਅਨ ਡਰਾਈਵਰ ਸਤਨਾਮ ਸਿੰਘ ਨੂੰ 314 ਕਿਲੋ ਮੈਥ ਸਮੇਤ ਫੜਿਆ ਗਿਆ ਸੀ।

# ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਵੱਡਾ ਮੋੜ

## ✪ ਰੇਕੀ ਕਰਨ ਵਾਲਾ ਗੈਂਗਸਟਰ 'ਬੌਬੀ ਕਬੂਤਰ' ਦਿੱਲੀ ਪੁਲਿਸ ਵਲੋਂ ਗ੍ਰਿਫ਼ਤਾਰ




ਨਵੀਂ ਦਿੱਲੀ-ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਕੇਸ ਵਿੱਚ ਵੱਡਾ ਖੁਲਾਸਾ ਕਰਦਿਆਂ ਗੈਂਗਸਟਰ ਬੌਬੀ ਕਬੂਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਧਿਕਾਰੀਆਂ ਮੁਤਾਬਕ ਬੌਬੀ ਨੇ ਹੱਤਿਆ ਤੋਂ ਪਹਿਲਾਂ ਮੂਸੇਵਾਲਾ ਦੀ ਰੇਕੀ ਕੀਤੀ ਸੀ। ਉਹ ਯਮੁਨਾ ਪਾਰ ਗੈਂਗ ਦੇ ਲੀਡਰ ਹਾਸ਼ਿਮ ਉਰਫ ਬਾਬਾ ਦਾ ਨਜ਼ਦੀਕੀ ਸਾਥੀ ਸੀ ਅਤੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਵੀ ਜੁੜਿਆ ਹੋਇਆ ਸੀ। ਹਾਸ਼ਿਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਿਛਲੇ ਸੱਤ ਸਾਲਾਂ ਤੋਂ ਬੌਬੀ ਫਰਾਰ ਸੀ। ਇਸ ਦੌਰਾਨ ਉਸ ਨੇ ਹਾਸ਼ਿਮ ਦੇ ਨਿਰਦੇਸ਼ਾਂ 'ਤੇ ਸਾਬਿਰ ਨਾਲ ਮਿਲ ਕੇ 16 ਹੱਤਿਆਵਾਂ ਨੂੰ ਅੰਜਾਮ ਦਿੱਤਾ ਸੀ। ਉਹ ਮਕੋਕਾ ਦੇ ਤਿੰਨ ਵੱਖਰੇ ਮਾਮਲਿਆਂ ਵਿੱਚ ਵਾਂਟੇਡ ਸੀ। ਸੂਤਰਾਂ ਅਨੁਸਾਰ ਬੌਬੀ ਨੇ ਕਿਸੇ ਸ਼ਰਤ 'ਤੇ ਸਪੈਸ਼ਲ ਸੈੱਲ ਅੱਗੇ ਸਮਰਪਣ ਕੀਤਾ, ਜਿਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਗ੍ਰਿਫ਼ਤਾਰੀ ਨੂੰ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

# ਕਰਤਾਰਪੁਰ ਕਾਰੀਡੋਰ ਦੀ ਮੁਰੰਮਤ ਦੇ ਕੰਮ ਵਿੱਚ ਆਵੇਗੀ ਤੇਜ਼ੀ

## ✪ ਪ੍ਰਬੰਧਕੀ ਕੌਂਸਲ ਨੇ ਹੜ੍ਹ ਪ੍ਰਭਾਵਿਤ ਹਿੱਸਿਆਂ ਦੇ ਨਵੀਨੀਕਰਨ ਲਈ ਲਿਆ ਅਹਿਮ ਫੈਸਲਾ ✪ ਸ਼ਰਧਾਲੂਆਂ ਦੀ ਸਹੂਲਤ ਲਈ ਪਾਕਿ ਸਰਕਾਰ ਦੀ ਵਚਨਬੱਧਤਾ: ਸਿੱਖ ਅਸਥਾਨਾਂ ਦੀ ਸੰਭਾਲ ਲਈ ਬਣਾਈ ਗਈ ਰਣਨੀਤੀ

ਇਸਲਾਮਾਬਾਦ/ਨਰੋਵਾਲ-ਕਰਤਾਰਪੁਰ ਸਾਹਿਬ ਗੁਰਦੁਆਰਾ ਕੰਪਲੈਕਸ ਅਤੇ ਕਾਰੀਡੋਰ ਦੀ ਮੁਰੰਮਤ ਨੂੰ ਲੈ ਕੇ ਇੱਕ ਵੱਡਾ ਫੈਸਲਾ ਲਿਆ ਗਿਆ ਹੈ। ਅਧਿਕਾਰਤ ਪ੍ਰਬੰਧਕੀ ਕੌਂਸਲ ਨੇ ਪਿਛਲੇ ਸਾਲ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰਨ ਅਤੇ ਨਵੀਨੀਕਰਨ ਦੇ ਕੰਮਾਂ ਵਿੱਚ ਤੇਜ਼ੀ ਲਿਆਉਣ ਦਾ ਸੰਕਲਪ ਲਿਆ ਹੈ।



### ਮੀਟਿੰਗ ਵਿੱਚ ਲਏ ਗਏ ਅਹਿਮ ਫੈਸਲੇ

ਧਾਰਮਿਕ ਮਾਮਲਿਆਂ ਦੇ ਮੰਤਰਾਲੇ ਦੇ ਸਕੱਤਰ ਸਾਜਿਦ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ ਅੱਠਵੀਂ ਮੀਟਿੰਗ ਦੌਰਾਨ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਗੰਭੀਰਤਾ ਨਾਲ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਇਹ ਤੈਅ ਕੀਤਾ ਗਿਆ ਕਿ ਗੁਰਦੁਆਰਾ ਦਰਬਾਰ ਸਾਹਿਬ ਅਤੇ ਕਾਰੀਡੋਰ ਦੇ ਪ੍ਰਭਾਵਿਤ ਹਿੱਸਿਆਂ ਦੀ ਮੁਰੰਮਤ ਤੁਰੰਤ ਆਧਾਰ 'ਤੇ ਸ਼ੁਰੂ ਕੀਤੀ ਜਾਵੇਗੀ। ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਹਰ ਦੋ ਹਫਤਿਆਂ ਬਾਅਦ ਸਮੀਖਿਆ ਮੀਟਿੰਗ ਕੀਤੀ ਜਾਵੇਗੀ।

ਪ੍ਰਬੰਧਕੀ ਕੌਂਸਲ ਨੇ ਹੜ੍ਹਾਂ ਨੂੰ ਭਾਰਤ ਦੀ "ਜਲ ਹਮਲਾਵਰਤਾ" ਨਾਲ ਜੋੜਦਿਆਂ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਚਰਚਾ ਕੀਤੀ।

ਸਾਜਿਦ ਚੌਹਾਨ ਨੇ ਕਿਹਾ ਕਿ ਕਰਤਾਰਪੁਰ ਕਾਰੀਡੋਰ ਸਿਰਫ਼ ਇੱਕ ਰਸਤਾ ਨਹੀਂ, ਸਗੋਂ ਅੰਤਰ-ਧਰਮ ਸਦਭਾਵਨਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦਾ ਪ੍ਰਤੀਕ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਸਿੱਖ ਸ਼ਰਧਾਲੂਆਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਦੇਣ ਲਈ ਵਚਨਬੱਧ ਹੈ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਭਰੋਸਾ ਦਿਵਾਇਆ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਮਿਲ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕਰਨਾ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸੇਵਾਵਾਂ ਦੇਣਾ ਸਾਡੀ ਪਹਿਲ ਹੈ।

ਇਸ ਮੀਟਿੰਗ ਵਿੱਚ ਗ੍ਰਹਿ, ਵਿਦੇਸ਼, ਵਿੱਤ ਅਤੇ ਰੱਖਿਆ ਮੰਤਰਾਲਿਆਂ ਦੇ ਉੱਚ ਅਧਿਕਾਰੀਆਂ ਨੇ ਵੀ ਹਿੱਸਾ ਲਿਆ, ਜੋ ਇਸ ਪ੍ਰੋਜੈਕਟ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

### ਇਤਿਹਾਸਕ ਅਤੇ ਭੂਗੋਲਿਕ ਮਹੱਤਤਾ

ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਨਰੋਵਾਲ ਜ਼ਿਲ੍ਹੇ ਵਿੱਚ ਰਾਵੀ ਦਰਿਆ ਦੇ ਕੰਢੇ ਸਥਿਤ ਹੈ। ਇਹ ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਮਹਿਜ਼ 4 ਕਿਲੋਮੀਟਰ ਦੀ ਦੂਰੀ 'ਤੇ ਹੈ।

ਇਹ ਸਥਾਨ ਸਿੱਖ ਇਤਿਹਾਸ ਵਿੱਚ ਬੇਹੱਦ ਖ਼ਾਸ ਹੈ ਕਿਉਂਕਿ ਇੱਥੇ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅੰਤਿਮ 18 ਸਾਲ ਖੇਤੀ ਕਰਦਿਆਂ ਅਤੇ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਉਪਦੇਸ਼ ਦਿੰਦਿਆਂ ਬਿਤਾਏ ਸਨ। ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਜੋਤੀ-ਜੋਤਿ ਸਮਾਏ ਸਨ।

# ਬਠਿੰਡਾ ਦੀਆਂ ਕਿਸਾਨ ਬੀਬੀਆਂ ਨੇ ਮੱਖੀ ਪਾਲਣ ਨੂੰ ਬਣਾਇਆ ਲਾਹੇਵੰਦ ਧੰਦਾ

ਖਾਸ ਖਬਰ

## ✪ ਸਿਰਫ਼ ਸ਼ਹਿਦ ਹੀ ਨਹੀਂ, ਹੁਣ ਬਰਫੀ ਤੇ ਲੱਡੂ ਵੀ! ਸ਼ਹਿਦ ਦੀ ਪ੍ਰੋਸੈਸਿੰਗ ਅਤੇ ਨਵੀਂ ਤਕਨੀਕ ਨਾਲ ਮੰਡੀਕਰਨ ਵਿਚ ਗੱਡੇ ਝੰਡੇ

ਪੰਜਾਬ ਵਿੱਚ ਮੱਖੀ ਪਾਲਣ ਦੇ ਧੰਦੇ ਨੂੰ ਅਪਨਾ ਕੇ ਕਿਸਾਨ ਬੀਬੀਆਂ ਨੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਮਿਸਾਲ ਕਾਇਮ ਕੀਤੀ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈਕਾ ਅਤੇ ਭਗਤਾ ਬਲਾਕ ਦੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਔਰਤਾਂ ਨੇ 'ਏਕ ਓਂਕਾਰ ਸੈਲਫ ਹੈਲਪ ਗਰੁੱਪ' ਬਣਾ ਕੇ ਇਸ ਕਿੱਤੇ ਨੂੰ ਨਵਾਂ ਰੂਪ ਦਿੱਤਾ ਹੈ। ਇਹ ਗਰੁੱਪ 'ਆਜੀਵਿਕਾ ਹਨੀ', 'ਕੌਰ ਹਨੀ' ਅਤੇ 'ਕੁਦਰਤ ਹਨੀ' ਬ੍ਰਾਂਡਾਂ ਹੇਠ ਵੱਖ-ਵੱਖ ਫੁੱਲਾਂ ਤੋਂ ਬਣੇ ਸ਼ਹਿਦ ਅਤੇ ਉਸ ਤੋਂ ਬਣੇ ਉਤਪਾਦ ਵੇਚ ਰਿਹਾ ਹੈ। ਇਨ੍ਹਾਂ ਬੀਬੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਔਰਤਾਂ ਪੁਰਸ਼ਾਂ ਤੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਰਹਿੰਦੀਆਂ। ਇਸ ਧੰਦੇ ਨਾਲ ਉਹ ਨਾ ਸਿਰਫ਼ ਆਪਣੀ ਆਰਥਿਕ ਹਾਲਤ ਸੁਧਾਰ ਰਹੀਆਂ ਹਨ ਸਗੋਂ ਪਰਿਵਾਰ ਅਤੇ ਸਮਾਜ ਵਿੱਚ ਵੀ ਆਪਣੀ ਭੂਮਿਕਾ ਮਜ਼ਬੂਤ ਕਰ ਰਹੀਆਂ ਹਨ।

### ਗਰੁੱਪ ਦੀ ਸਫਲਤਾ ਦੀ ਕਹਾਣੀ ਅਤੇ ਵਿਕਾਸ ਦਾ ਸਫਰ

ਇਸ ਗਰੁੱਪ ਨੇ 2020 ਵਿੱਚ ਮਾਨ ਮੱਖੀ ਫਾਰਮ, ਪਿੰਡ ਤੁੰਗਵਾਲੀ ਵਿਖੇ ਲੱਗੇ ਜਾਗਰੂਕਤਾ ਕੈਂਪ ਤੋਂ ਪ੍ਰੇਰਨਾ ਲੈ ਕੇ ਸ਼ੁਰੂਆਤ ਕੀਤੀ ਸੀ। ਸ਼ੁਰੂ ਵਿੱਚ ਸਿਰਫ਼ 5 ਮੈਂਬਰਾਂ ਨੇ 50 ਬਕਸਿਆਂ ਨਾਲ ਕੰਮ ਸ਼ੁਰੂ ਕੀਤਾ ਸੀ ਪਰ ਅੱਜ ਇਸ ਗਰੁੱਪ ਕੋਲ 2500 ਮਧੂ ਮੱਖੀਆਂ ਦੇ ਬਕਸੇ ਹਨ। ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਰਾਜ ਦਿਹਾਤੀ ਮਿਸ਼ਨ ਵੱਲੋਂ ਮਿਲੀ ਵਿੱਤੀ ਸਹਾਇਤਾ ਨੇ ਇਸ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ। ਪੰਜਾਬ ਐਗਰੋ ਵੱਲੋਂ ਸਬਸਿਡੀ 'ਤੇ 10 ਲੱਖ ਰੁਪਏ ਦਾ ਪ੍ਰੋਜੈਕਟ ਮਿਲਣ ਨਾਲ ਸ਼ਹਿਦ ਦੀ ਪ੍ਰੋਸੈਸਿੰਗ ਅਤੇ ਪੈਕਿੰਗ ਦੀ ਸਹੂਲਤ ਵਧੀ ਹੈ। ਗਰੁੱਪ ਵਿੱਚ ਹੁਣ 200 ਮੈਂਬਰ ਹਨ ਜੋ ਸਾਲ ਭਰ ਵੱਖ-ਵੱਖ ਫੁੱਲਾਂ ਜਿਵੇਂ ਬੇਰੀ, ਸਰ੍ਹੋਂ, ਸਫੇਦਾ, ਟਾਹਲੀ, ਲੀਚੀ, ਕਿੱਕਰ, ਅਜਵੈਨ, ਧਨੀਆ ਅਤੇ ਬਰਸੀਮ ਤੋਂ ਸ਼ਹਿਦ ਬਣਾਉਂਦੀਆਂ ਹਨ। ਮੱਖੀਆਂ ਨੂੰ ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪ੍ਰਵਾਸ ਲਈ ਲਿਜਾਇਆ ਜਾਂਦਾ ਹੈ ਤਾਂ ਜੋ ਸਾਲ ਭਰ ਵੱਖ-ਵੱਖ ਕਿਸਮਾਂ ਦਾ ਸ਼ਹਿਦ ਮਿਲ ਸਕੇ। ਇਸ ਧੰਦੇ ਨਾਲ 5-6 ਕਾਮਿਆਂ ਨੂੰ ਵੀ ਰੁਜ਼ਗਾਰ ਮਿਲ ਰਿਹਾ ਹੈ।

### ਵਿਭਿੰਨ ਉਤਪਾਦ ਅਤੇ ਮੰਡੀਕਰਨ ਦੀਆਂ ਰਣਨੀਤੀਆਂ

ਗਰੁੱਪ ਨੇ ਸਿਰਫ਼ ਸਾਦਾ ਸ਼ਹਿਦ ਹੀ ਨਹੀਂ ਵੇਚਣਾ ਸਿੱਖਿਆ ਸਗੋਂ ਵੈਲਿਊ ਐਡਿਡ ਉਤਪਾਦ ਵੀ ਤਿਆਰ ਕੀਤੇ ਹਨ ਜਿਨ੍ਹਾਂ ਦੀ ਮਾਰਕੀਟ ਵਿੱਚ ਚੰਗੀ ਮੰਗ ਹੈ। ਲਸਣ ਵਾਲਾ ਸ਼ਹਿਦ ਜੋ ਦਿਲ ਦੀਆਂ ਬਿਮਾਰੀਆਂ ਲਈ ਫਾਇਦੇਮੰਦ ਹੈ, ਲਸਣ-ਸ਼ਹਿਦ ਦਾ ਅਰਕ, ਪੋਲਨ ਗ੍ਰੈਨ (ਸਰ੍ਹੋਂ ਅਤੇ ਪਿਆਜ਼ ਵਾਲੀਆਂ ਕਿਸਮਾਂ ਜੋ ਪ੍ਰੋਟੀਨ ਨਾਲ ਭਰਪੂਰ ਹਨ), ਡ੍ਰਾਈ





ਫਰੂਟ ਵਾਲਾ ਸ਼ਹਿਦ, ਸ਼ਹਿਦ ਦੀ ਬਰਫੀ ਅਤੇ ਨਾਰੀਅਲ ਲੱਡੂ ਵਰਗੇ ਉਤਪਾਦ ਬਣਾਏ ਜਾ ਰਹੇ ਹਨ। ਮੰਡੀਕਰਨ ਲਈ ਆਜੀਵਿਕਾ, ਕੁਦਰਤ ਅਤੇ ਕੌਰ ਹਨੀ ਬ੍ਰਾਂਡਾਂ ਹੇਠ ਖੁਦ ਪ੍ਰੋਸੈਸਿੰਗ ਅਤੇ ਪੈਕਿੰਗ ਕੀਤੀ ਜਾਂਦੀ ਹੈ। ਵਿਕਰੀ ਭਗਤਾ-ਬਰਨਾਲਾ ਰੋਡ 'ਤੇ ਪਿੰਡ ਦਿਆਲਪੁਰਾ ਭਾਈਕਾ ਵਿਖੇ ਬਣੇ ਵਿਕਰੀ ਕੇਂਦਰ ਤੋਂ ਤੋਂ ਇਲਾਵਾ ਵੱਖ-ਵੱਖ ਪ੍ਰਦਰਸ਼ਨੀਆਂ ਤੇ ਮੇਲਿਆਂ ਵਿੱਚ ਵੀ ਕੀਤੀ ਜਾਂਦੀ ਹੈ।

### ਚੁਣੌਤੀਆਂ ਅਤੇ ਹੋਰਨਾਂ ਲਈ ਪ੍ਰੇਰਨਾ

ਇਸ ਧੰਦੇ ਵਿੱਚ ਕੁਝ ਚੁਣੌਤੀਆਂ ਵੀ ਹਨ ਜਿਵੇਂ ਕਿ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਸਰ੍ਹੋਂ ਦਾ ਸ਼ਹਿਦ ਜੋ ਘੱਟ ਤਾਪਮਾਨ 'ਤੇ ਜੰਮ ਜਾਂਦਾ ਹੈ, ਉਸ ਨੂੰ ਮਿਲਾਵਟੀ ਸਮਝ ਲਿਆ ਜਾਂਦਾ ਹੈ। ਇਸ ਸਮੱਸਿਆ ਨੂੰ ਦੂਰ ਕਰਨ ਲਈ ਗਰੁੱਪ ਮੰਡੀਕਰਨ ਵਿੰਗ ਅਤੇ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਰ ਰਿਹਾ ਹੈ ਤਾਂ ਜੋ ਨਵੀਆਂ ਤਕਨੀਕਾਂ ਅਪਣਾਈਆਂ ਜਾਣ। ਪੰਜਾਬ ਵਿੱਚ ਮੱਖੀ ਪਾਲਣ ਨਾਲ ਜੁੜੀਆਂ ਔਰਤਾਂ ਦੀ ਗਿਣਤੀ ਵਧ ਰਹੀ ਹੈ ਅਤੇ ਕਈ ਸੈਲਫ ਹੈਲਪ ਗਰੁੱਪ ਸਫਲਤਾ ਨਾਲ ਕੰਮ ਕਰ ਰਹੇ ਹਨ। ਬਠਿੰਡਾ ਦੀ ਇਹ ਗਰੁੱਪ ਹੋਰਨਾਂ ਲਈ ਚਾਨਣ ਮੁਨਾਰਾ ਬਣ ਰਹੀ ਹੈ। ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ ਨੇ ਵੀ ਇਨ੍ਹਾਂ ਬੀਬੀਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਤਕਨੀਕੀ ਸਿੱਖਿਆ, ਸਬਸਿਡੀ ਅਤੇ ਮੰਡੀਕਰਨ ਵਿੱਚ ਪੂਰਾ ਸਹਿਯੋਗ ਮਿਲ ਰਿਹਾ ਹੈ। ਅੱਜ ਦੇ ਵਧ ਰਹੇ ਖਰਚਿਆਂ ਦੇ ਸਮੇਂ ਵਿੱਚ ਕਿਸਾਨ ਬੀਬੀਆਂ ਨੂੰ ਅਜਿਹੇ ਗਰੁੱਪ ਬਣਾ ਕੇ ਖੇਤੀ ਨਾਲ ਜੁੜੇ ਧੰਦੇ ਅਪਣਾਉਣੇ ਚਾਹੀਦੇ ਹਨ ਤਾਂ ਜੋ ਆਰਥਿਕ ਤੌਰ 'ਤੇ ਮਜ਼ਬੂਤ ਹੋ ਸਕਣ।

# ਕੈਨੇਡਾ ਇਮੀਗ੍ਰੇਸ਼ਨ ਵਿਚ ਹੋਈਆਂ ਨਵੀਆਂ ਤਬਦੀਲੀਆਂ

**✪ ਐਕਸਪ੍ਰੈੱਸ ਐਂਟਰੀ ਵਿਚ ਨਵੀਆਂ ਕੈਟੇਗਰੀਆਂ ਦਾ ਐਲਾਨ, ਪਰ ਡਰਾਈਵਰਾਂ ਤੇ ਕੁੱਕਾਂ ਨੂੰ ਲੱਗਿਆ ਝਟਕਾ ✪ ਕੈਨੇਡਾ ਨੇ ਫ਼ੌਜੀਆਂ ਅਤੇ ਸੀਨੀਅਰ ਮੈਨੇਜਰਾਂ ਲਈ ਖੋਲ੍ਹੇ ਪੀ.ਆਰ. ਦੇ ਦਰਵਾਜੇ ✪ 2800 ਭਾਰਤੀ ਕੱਢੇ ਬਾਹਰ, 6500 ਹੋਰ ਨਿਸ਼ਾਨੇ 'ਤੇ ✪ ਐਕਸਪ੍ਰੈੱਸ ਐਂਟਰੀ ਵਿਚ ਹੁਣ 6 ਮਹੀਨੇ ਨਹੀਂ, 1 ਸਾਲ ਦਾ ਤਜਰਬਾ ਜ਼ਰੂਰੀ**




## ਕੈਨੇਡਾ ਵਿੱਚ ਵੀਜ਼ਾ ਪ੍ਰੋਸੈਸਿੰਗ ਵਿੱਚ ਤੇਜ਼ੀ

ਕੈਨੇਡਾ ਵਿੱਚ ਵੀਜ਼ਾ ਪ੍ਰੋਸੈਸਿੰਗ ਵਿੱਚ ਤੇਜ਼ੀ ਆਈ ਹੈ। ਇਮੀਗ੍ਰੇਸ਼ਨ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤੀਆਂ ਲਈ ਵਿਜ਼ਿਟਰ ਵੀਜ਼ਾ ਹੁਣ 78 ਦਿਨਾਂ ਵਿੱਚ ਜਾਰੀ ਹੋ ਰਿਹਾ ਹੈ, ਜਦਕਿ ਪਾਕਿਸਤਾਨੀਆਂ ਲਈ 58 ਦਿਨ ਲੱਗ ਰਹੇ ਹਨ। ਦਸੰਬਰ ਵਿੱਚ ਇਹ ਸਮਾਂ 90 ਦਿਨਾਂ ਤੋਂ ਵੱਧ ਸੀ। ਕੈਨੇਡਾ ਵਿੱਚ ਮੌਜੂਦ ਵਿਅਕਤੀਆਂ ਲਈ ਵਿਜ਼ਿਟਰ ਵੀਜ਼ਾ 21 ਦਿਨਾਂ ਵਿੱਚ ਪ੍ਰੋਸੈੱਸ ਹੋ ਰਿਹਾ ਹੈ। ਸਟੱਡੀ ਵੀਜ਼ਾ ਭਾਰਤੀ ਵਿਦਿਆਰਥੀਆਂ ਲਈ ਚਾਰ ਹਫਤਿਆਂ ਵਿੱਚ ਅਤੇ ਵਰਕ ਪਰਮਿਟ ਅੱਠ ਹਫਤਿਆਂ ਵਿੱਚ ਪ੍ਰੋਸੈੱਸ ਹੋ ਰਿਹਾ ਹੈ। ਪਾਕਿਸਤਾਨੀਆਂ ਲਈ ਇਹ ਸਮਾਂ ਕ੍ਰਮਵਾਰ ਸੱਤ ਅਤੇ 30 ਹਫਤੇ ਹੈ। ਹਾਲਾਂਕਿ ਸੁਪਰ ਵੀਜ਼ਾ ਲਈ ਭਾਰਤੀਆਂ ਨੂੰ 213 ਦਿਨਾਂ ਦੀ ਉਡੀਕ ਕਰਨੀ ਪੈ ਰਹੀ ਹੈ। ਪੀਆਰ ਅਤੇ ਨਾਗਰਿਕਤਾ ਵਿੱਚ ਵੀ ਦੇਰੀ ਹੈ: ਸੀਈਸੀ ਅਧੀਨ ਅਰਜ਼ੀਆਂ 34,200 ਹਨ, ਨਾਗਰਿਕਤਾ ਲਈ 14 ਮਹੀਨੇ ਅਤੇ ਫੈਮਿਲੀ ਸਪੌਂਸਰਸ਼ਿਪ ਲਈ 15 ਮਹੀਨੇ ਲੱਗ ਰਹੇ ਹਨ। ਪਾਸਪੋਰਟ ਸੇਵਾਵਾਂ ਵਿੱਚ ਤੇਜ਼ੀ ਹੈ, ਨਵਾਂ ਪਾਸਪੋਰਟ 10-20 ਦਿਨਾਂ ਵਿੱਚ ਬਣ ਰਿਹਾ ਹੈ। ਇਨ੍ਹਾਂ ਬਦਲਾਵਾਂ ਨਾਲ ਕੈਨੇਡਾ ਨੇ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਵਧੇਰੇ ਤਰਜੀਹੀ ਅਤੇ ਸਖ਼ਤ ਬਣਾਇਆ ਹੈ।

ਟੋਰਾਂਟੋ-ਕੈਨੇਡਾ ਨੇ ਬੀਤੇ ਦਿਨੀਂ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਕਈ ਵੱਡੇ ਬਦਲਾਅ ਕੀਤੇ ਹਨ। ਇਨ੍ਹਾਂ ਬਦਲਾਵਾਂ ਵਿੱਚ ਐਕਸਪ੍ਰੈੱਸ ਐਂਟਰੀ ਸਿਸਟਮ ਵਿੱਚ ਨਵੀਆਂ ਕੈਟੇਗਰੀਆਂ ਸ਼ਾਮਿਲ ਕਰਨਾ, ਵਿਦੇਸ਼ੀ ਫੌਜੀ ਮਾਹਿਰਾਂ ਲਈ ਖਾਸ ਰਸਤਾ ਖੋਲ੍ਹਣਾ, ਭਾਰਤੀ ਨਾਗਰਿਕਾਂ ਦੀ ਵੱਡੀ ਗਿਣਤੀ ਵਿੱਚ ਡਿਪੋਰਟੇਸ਼ਨ ਅਤੇ ਵੀਜ਼ਾ ਪ੍ਰੋਸੈਸਿੰਗ ਵਿੱਚ ਤੇਜ਼ੀ ਆਉਣ ਵਰਗੇ ਮੁੱਦੇ ਸ਼ਾਮਿਲ ਹਨ। ਇਹ ਬਦਲਾਅ ਨਾ ਸਿਰਫ਼ ਕੈਨੇਡਾ ਦੀ ਆਰਥਿਕ ਅਤੇ ਰੱਖਿਆ ਲੋੜਾਂ ਨੂੰ ਪੂਰਾ ਕਰਨ ਲਈ ਹਨ, ਸਗੋਂ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਵੀ ਸਖ਼ਤ ਕਦਮ ਉਠਾਏ ਜਾ ਰਹੇ ਹਨ। ਖਾਸ ਕਰਕੇ ਪੰਜਾਬੀ ਭਾਈਚਾਰੇ ਲਈ ਇਹ ਖ਼ਬਰਾਂ ਮਹੱਤਵਪੂਰਨ ਹਨ, ਕਿਉਂਕਿ ਭਾਰਤੀਆਂ ਵਿੱਚ ਪੰਜਾਬੀਆਂ ਦੀ ਗਿਣਤੀ ਵੱਡੀ ਹੈ ਜੋ ਕੈਨੇਡਾ ਵਿੱਚ ਵਸਣ ਦੇ ਚਾਹਵਾਨ ਹਨ।

ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਬੀਤੇ ਦਿਨੀਂ ਟੋਰਾਂਟੋ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਐਲਾਨ ਕੀਤਾ ਕਿ ਐਕਸਪ੍ਰੈੱਸ ਐਂਟਰੀ ਸਿਸਟਮ ਵਿੱਚ ਕੈਨੇਡੀਅਨ ਐਕਸਪੀਰੀਐਂਸ ਕਲਾਸ ਰਾਹੀਂ ਪੱਕੀ ਇਮੀਗ੍ਰੇਸ਼ਨ ਲਈ ਤਿੰਨ ਨਵੀਆਂ ਕੈਟੇਗਰੀਆਂ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਹੁਣ ਐਕਸਪ੍ਰੈੱਸ ਐਂਟਰੀ ਵਿੱਚ ਪ੍ਰੋਫਾਈਲ ਬਣਾਉਣ ਵਾਸਤੇ ਕੁੱਲ ਦਸ ਕੈਟੇਗਰੀਆਂ ਹੋ ਗਈਆਂ ਹਨ। ਇਨ੍ਹਾਂ ਨਵੀਆਂ ਕੈਟੇਗਰੀਆਂ ਵਿੱਚ ਸੀਨੀਅਰ ਮੈਨੇਜਰ ਪੱਧਰ ਦੇ ਕੰਮ ਦਾ ਤਜਰਬਾ ਰੱਖਣ ਵਾਲੇ ਯੋਗ ਵਿਦੇਸ਼ੀ ਨਾਗਰਿਕਾਂ ਨੂੰ ਪਹਿਲ ਦੇ ਆਧਾਰ 'ਤੇ ਪੱਕੇ ਹੋਣ ਦਾ ਮੌਕਾ ਮਿਲੇਗਾ। ਇਸ ਵਿੱਚ ਸਿਹਤ, ਸਿੱਖਿਆ, ਯੂਨੀਵਰਸਿਟੀ ਪ੍ਰੋਫੈਸਰ, ਲੈਕਚਰਾਰ, ਪਾਇਲਟ, ਜਹਾਜ਼ਾਂ ਦੇ ਮਕੈਨਿਕ, ਵਿੱਤੀ ਸੇਵਾਵਾਂ, ਖੋਜ, ਸੰਚਾਰ, ਪ੍ਰਸਾਰਨ, ਵਪਾਰ, ਮਕਾਨ ਉਸਾਰੀ, ਆਵਾਜਾਈ, ਟਰੱਕ ਤੇ ਬੱਸ ਦੇ ਮਕੈਨਿਕ, ਡਾਕਟਰ, ਉਤਪਾਦਨ ਅਤੇ ਜਨਤਕ ਸਹੂਲਤਾਂ (ਬਿਜਲੀ, ਪਾਣੀ ਖੇਤਰ) ਵਰਗੇ ਕਿੱਤੇ ਸ਼ਾਮਿਲ ਹਨ। ਇਨ੍ਹਾਂ ਕਿੱਤਿਆਂ ਵਿੱਚ ਅਪਲਾਈ ਕਰਨ ਲਈ ਅਰਜ਼ੀਕਰਤਾ ਨੂੰ ਪ੍ਰੋਫਾਈਲ ਬਣਾਉਣ ਦੀ ਤਰੀਕ ਤੋਂ ਪਹਿਲਾਂ ਤਿੰਨ ਸਾਲ ਪਿੱਛੇ ਤੱਕ ਕੈਨੇਡਾ ਵਿੱਚ ਘੱਟੋ-ਘੱਟ ਇੱਕ ਸਾਲ ਦਾ ਕੰਮ ਦਾ ਤਜਰਬਾ ਹੋਣਾ ਜ਼ਰੂਰੀ ਹੈ। ਵਰਨਣਯੋਗ ਹੈ ਕਿ ਪਹਿਲਾਂ ਇਹ ਤਜਰਬਾ ਸਿਰਫ਼ ਛੇ ਮਹੀਨੇ ਦਾ ਸੀ, ਜਿਸ ਨੂੰ ਵਧਾ ਕੇ ਇੱਕ ਸਾਲ ਕੀਤਾ ਗਿਆ ਹੈ। ਇਸ ਬਦਲਾਅ ਨਾਲ ਕੈਨੇਡਾ ਵਿੱਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਵਿਦੇਸ਼ੀ ਨੌਜਵਾਨਾਂ ਨੂੰ ਪੱਕੀ ਰੇਜ਼ੀਡੈਂਸੀ (ਪੀਆਰ) ਪ੍ਰਾਪਤ ਕਰਨ ਵਿੱਚ ਆਸਾਨੀ ਹੋਵੇਗੀ, ਖਾਸ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਵਾਲੀ ਹੈ।

ਇਸ ਤੋਂ ਇਲਾਵਾ, ਕੈਨੇਡਾ ਨੇ ਆਪਣੇ ਰੱਖਿਆ ਪ੍ਰਬੰਧਾਂ ਵਿੱਚ ਮਾਹਿਰਾਂ ਦੀ ਲੋੜ ਨੂੰ ਵੇਖਦੇ ਹੋਏ ਵਿਦੇਸ਼ੀ ਫੌਜੀਆਂ ਲਈ ਇੱਕ ਨਵਾਂ ਰਸਤਾ ਖੋਲ੍ਹਿਆ ਹੈ। ਇਸ ਅਨੁਸਾਰ, ਕੈਨੇਡਾ ਦੀ ਫੌਜ ਵਿੱਚ ਕੰਮ ਦਾ ਤਜਰਬਾ ਹਾਸਿਲ ਕਰਨ ਵਾਲੇ ਸਕਿੱਲਡ ਫੌਜੀਆਂ ਨੂੰ ਐਕਸਪ੍ਰੈੱਸ ਐਂਟਰੀ ਰਾਹੀਂ ਪੱਕੀ ਇਮੀਗ੍ਰੇਸ਼ਨ ਦਾ ਮੌਕਾ ਮਿਲੇਗਾ। ਇਸ ਵਿੱਚ ਨੈਸ਼ਨਲ ਆਕੂਪੇਸ਼ਨਲ ਕਲਾਸੀਫਿਕੇਸ਼ਨ (ਐਨਓਸੀ) ਦੇ ਕੋਡ 40142, 42102 ਅਤੇ 43204 ਸ਼ਾਮਿਲ ਹਨ। ਅਪਲਾਈ ਕਰਨ ਲਈ ਅਰਜ਼ੀਕਰਤਾ ਕੋਲ ਕੈਨੇਡਾ ਵਿੱਚ ਇੱਕ ਸਾਲ ਦੇ ਤਜਰਬੇ ਤੋਂ ਇਲਾਵਾ, ਆਪਣੇ ਦੇਸ਼ ਦੀ ਫੌਜ ਵਿੱਚ ਦਸ ਸਾਲਾਂ ਦਾ ਤਜਰਬਾ, ਕੈਨੇਡੀਅਨ ਫੌਜ ਤੋਂ ਤਿੰਨ ਸਾਲਾਂ ਦੀ ਫੁੱਲ ਟਾਈਮ ਜੌਬ ਆਫਰ ਅਤੇ ਕਾਲਜ ਜਾਂ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਵੀ ਜ਼ਰੂਰੀ ਹੈ। ਮੰਤਰੀ ਡਿਆਬ ਨੇ ਕਿਹਾ ਕਿ ਇਹ ਬਦਲਾਅ ਕੈਨੇਡਾ ਦੀ ਰੋਜ਼ਗਾਰ ਮਾਰਕਿਟ ਦੀਆਂ ਲੋੜਾਂ ਅਨੁਸਾਰ ਕੀਤੇ ਗਏ ਹਨ ਅਤੇ ਐਕਸਪ੍ਰੈੱਸ ਐਂਟਰੀ ਦੇ ਡਰਾਅ ਜਾਰੀ ਰਹਿਣਗੇ। ਸਰਕਾਰ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਵਿਦੇਸ਼ੀ ਫੌਜੀਆਂ ਨੂੰ ਵੀ ਉਸੇ ਸਖ਼ਤ ਸੁਰੱਖਿਆ ਜਾਂਚ ਅਤੇ ਫੌਜੀ ਮਾਪਦੰਡਾਂ ਵਿੱਚੋਂ ਲੰਘਣਾ ਪਵੇਗਾ ਜੋ ਕੈਨੇਡੀਅਨ ਨਾਗਰਿਕਾਂ ਲਈ ਲਾਜ਼ਮੀ ਹਨ। ਹਾਲਾਂਕਿ ਇਨ੍ਹਾਂ ਨਵੀਆਂ ਕੈਟੇਗਰੀਆਂ ਨਾਲ ਕਈ ਵਿਦੇਸ਼ੀ ਨਾਗਰਿਕਾਂ ਨੂੰ ਫਾਇਦਾ ਹੋਵੇਗਾ, ਪਰ ਕੁਝ ਕਿੱਤਿਆਂ ਨੂੰ ਇਸ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਖਾਸ ਕਰਕੇ ਕੁੱਕ, ਖੇਤੀਬਾੜੀ ਕਾਮੇ ਅਤੇ ਡਰਾਈਵਰ ਵਰਗੇ ਕਿੱਤੇ ਐਕਸਪ੍ਰੈੱਸ ਐਂਟਰੀ ਵਿੱਚ ਨਹੀਂ ਰੱਖੇ ਗਏ ਹਨ। ਬੀਤੇ ਸਮੇਂ ਵਿੱਚ ਇਨ੍ਹਾਂ ਕਿੱਤਿਆਂ ਵਿੱਚ ਪ੍ਰਮੁੱਖਤਾ ਨਾਲ ਭਾਰਤੀ ਨਾਗਰਿਕਾਂ, ਖਾਸ ਕਰਕੇ ਪੰਜਾਬੀਆਂ ਨੇ ਵਰਕ ਪਰਮਿਟ ਲੈ ਕੇ ਪੱਕੇ ਹੋਣ ਦੀ ਕੋਸ਼ਿਸ਼ ਕੀਤੀ ਹੈ। ਪਰ ਇਸ ਦੌਰਾਨ ਏਜੰਟਾਂ ਅਤੇ ਕਾਰੋਬਾਰੀਆਂ ਵੱਲੋਂ ਮਿਲੀਭੁਗਤ ਨਾਲ ਜੌਬ ਲੈਟਰ ਵੇਚਣ ਵਰਗੀਆਂ ਸ਼ਿਕਾਇਤਾਂ ਸਰਕਾਰ ਤੱਕ ਪਹੁੰਚੀਆਂ ਹਨ, ਜਿਸ ਕਾਰਨ ਇਨ੍ਹਾਂ ਕਿੱਤਿਆਂ ਨੂੰ ਬਾਹਰ ਰੱਖਿਆ ਗਿਆ ਹੈ।

ਜੇਕਰ ਪੰਜਾਬੀ ਨੌਜਵਾਨਾਂ ਕੋਲ ਸੀਨੀਅਰ ਮੈਨੇਜਮੈਂਟ, ਸਿਹਤ, ਸਿੱਖਿਆ ਜਾਂ ਤਕਨੀਕੀ ਖੇਤਰਾਂ ਵਿੱਚ ਤਜਰਬਾ ਹੈ, ਤਾਂ ਉਨ੍ਹਾਂ ਨੂੰ ਵੱਡਾ ਫਾਇਦਾ ਮਿਲ ਸਕਦਾ ਹੈ। ਖਾਸ ਕਰਕੇ ਫੌਜੀ ਬੈਕਗ੍ਰਾਊਂਡ ਵਾਲੇ ਪੰਜਾਬੀਆਂ ਲਈ ਇਹ ਨਵਾਂ ਰਸਤਾ ਇੱਕ ਵੱਡੀ ਮੌਕਾ ਹੋ ਸਕਦਾ ਹੈ, ਕਿਉਂਕਿ ਭਾਰਤੀ ਫੌਜ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਜਵਾਨ ਸੇਵਾ ਨਿਭਾਉਂਦੇ ਹਨ। ਪਰ ਇਸ ਲਈ ਉਨ੍ਹਾਂ ਨੂੰ ਕੈਨੇਡੀਅਨ ਫੌਜ ਵੱਲੋਂ ਜੌਬ ਆਫਰ ਅਤੇ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।

## ਕੈਨੇਡਾ ਕਿੰਨੇ ਪੰਜਾਬੀ ਕਰ ਰਿਹਾ ਡਿਪੋਰਟ



ਇਸ ਨਾਲ ਜੁੜਿਆ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ ਭਾਰਤੀ ਨਾਗਰਿਕਾਂ ਦੀ ਡਿਪੋਰਟੇਸ਼ਨ। ਕੈਨੇਡਾ ਨੇ ਬੀਤੇ ਸਾਲ 2025 ਵਿੱਚ ਪਹਿਲੇ ਦਸ ਮਹੀਨਿਆਂ ਵਿੱਚ 2,800 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਅੰਕੜਿਆਂ ਅਨੁਸਾਰ, ਪਿਛਲੇ ਸਾਲ ਕੁੱਲ 18,785 ਵਿਦੇਸ਼ੀ ਨਾਗਰਿਕਾਂ ਨੂੰ ਕੱਢਿਆ ਗਿਆ ਸੀ, ਜਿਨ੍ਹਾਂ ਵਿੱਚ ਭਾਰਤੀਆਂ ਦੀ ਗਿਣਤੀ ਦੂਜੇ ਨੰਬਰ 'ਤੇ ਹੈ। ਹੁਣ ਵੀ 30 ਹਜ਼ਾਰ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲੇ ਜਾਣ ਦੀ ਪ੍ਰਕਿਰਿਆ ਚੱਲ ਰਹੀ ਹੈ, ਜਿਨ੍ਹਾਂ ਵਿੱਚੋਂ 6,500 ਤੋਂ ਵੱਧ ਭਾਰਤੀ ਹਨ। ਸਰਕਾਰ ਅਨੁਸਾਰ, ਡਿਪੋਰਟ ਕੀਤੇ ਗਏ ਲੋਕਾਂ ਵਿੱਚ ਕਈ ਅਪਰਾਧਿਕ ਮਾਮਲੇ ਵਾਲੇ ਸਨ, ਪਰ ਜ਼ਿਆਦਾਤਰ ਉਹ ਸਨ ਜਿਨ੍ਹਾਂ ਨੇ ਰੈਫਿਊਜੀ ਕਲੇਮ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਸੀ। ਕੈਨੇਡਾ ਵਿੱਚ ਡਿਪੋਰਟੇਸ਼ਨ ਲਈ ਤਿੰਨ ਤਰ੍ਹਾਂ ਦੇ ਆਰਡਰ ਵਰਤੇ ਜਾਂਦੇ ਹਨ: ਡਿਪਾਰਚਰ ਆਰਡਰ (30 ਦਿਨਾਂ ਵਿੱਚ ਖੁਦ ਛੱਡਣਾ), ਐਕਸਕਲੂਜ਼ਨ ਆਰਡਰ (ਇੱਕ ਸਾਲ ਲਈ ਪਾਬੰਦੀ) ਅਤੇ ਡਿਪੋਰਟੇਸ਼ਨ ਆਰਡਰ (ਤੁਰੰਤ ਵਾਪਸੀ ਅਤੇ ਪੱਕਾ ਬੈਨ)। ਇਹ ਕਾਰਵਾਈ ਕੈਨੇਡਾ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਦਰਸਾਉਂਦੀ ਹੈ। ਬਹੁਤੇ ਭਾਰਤੀ, ਖਾਸ ਕਰਕੇ ਪੰਜਾਬੀ, ਏਜੰਟਾਂ ਦੇ ਝਾਂਸੇ ਵਿੱਚ ਆ ਕੇ ਗੈਰ-ਕਾਨੂੰਨੀ ਤਰੀਕੇ ਅਪਣਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਡਿਪੋਰਟੇਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪੰਜਾਬੀਆਂ ਨੂੰ ਸਿਰਫ਼ ਕਾਨੂੰਨੀ ਰਸਤੇ ਅਪਣਾਉਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਫਾਇਦਾ ਹੋ ਸਕੇ ਨਾ ਕਿ ਨੁਕਸਾਨ।

# ਸਾਵਧਾਨ ਪੰਜਾਬੀਓ ! ਤੁਹਾਡੀ ਪਸੰਦੀਦਾ ਮਹਿੰਗੀ ਸ਼ਰਾਬ ਵਿਚ ਹੋ ਸਕਦਾ ਹੈ 'ਜ਼ਹਿਰ'

## ✪ ਪੰਜਾਬ ਵਿਚ ਸ਼ਰਾਬ ਮਾਫ਼ੀਆ ਅੱਗੇ ਬੇਵੱਸ ਹੋਈ ਆਪ ਸਰਕਾਰ ✪ ਜਾਣੋ 2023 ਤੋਂ ਹੁਣ ਤੱਕ ਹੋਈਆਂ ਮੌਤਾਂ ਅਤੇ ਗ੍ਰਿ.ਫਤਾਰੀਆਂ ਦਾ ਪੂਰਾ ਸੱਚ ✪ ਲੁਧਿਆਣਾ ਵਿਚ ਫੜਿਆ ਗਿਆ ਰੀਫਿਲਿੰਗ ਰੈਕੇਟ; ਬ੍ਰਾਂਡ ਵਿਦੇਸ਼ੀ ਪਰ ਮਾਲ ਨਕਲੀ

**ਖਾਸ ਰਿਪੋਟ**

ਪੰਜਾਬ ਵਿੱਚ ਨਕਲੀ ਅਤੇ ਮਿਲਾਵਟੀ ਸ਼ਰਾਬ ਦੀ ਵਿਕਰੀ ਇੱਕ ਅਜਿਹੀ ਸਮੱਸਿਆ ਬਣ ਗਈ ਹੈ ਜੋ ਨਾ ਸਿਰ.ਫ ਲੋਕਾਂ ਦੀ ਜਾਨ ਲੈ ਰਹੀ ਹੈ ਬਲਕਿ ਸਰਕਾਰੀ ਵਿਵਸਥਾ ਦੀ ਨਾਕਾਮੀ ਨੂੰ ਵੀ ਉਜਾਗਰ ਕਰ ਰਹੀ ਹੈ। ਹਾਲ ਹੀ ਵਿੱਚ ਲੁਧਿਆਣਾ ਵਿੱਚ ਆਬਕਾਰੀ ਅਤੇ ਕਰ ਵਿਭਾਗ ਨੇ ਇੱਕ ਵੱਡੇ ਰੈਕੇਟ ਨੂੰ ਪਰਦਾਫਾਸ਼ ਕੀਤਾ ਹੈ ਜਿੱਥੇ ਮਹਿੰਗੇ ਬ੍ਰਾਂਡਾਂ ਦੀਆਂ ਬੋਤਲਾਂ ਵਿੱਚ ਸਸਤੀ ਸ਼ਰਾਬ ਭਰ ਕੇ ਵੇਚੀ ਜਾ ਰਹੀ ਸੀ। ਇਸ ਘਟਨਾ ਨੇ ਇੱਕ ਵਾਰ ਫਿਰ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਪੰਜਾਬ ਵਿੱਚ ਠੇਕਿਆਂ ਉੱਤੇ ਨਕਲੀ ਸ਼ਰਾਬ ਕਿਉਂ ਵਿਕ ਰਹੀ ਹੈ ?

ਨਕਲੀ ਸ਼ਰਾਬ ਦੀ ਵਿਕਰੀ ਲਾਭ ਅਤੇ ਲਾਲਚ ਦਾ ਖੇਡ-ਪੰਜਾਬ ਵਿੱਚ ਨਕਲੀ ਸ਼ਰਾਬ ਦੀ ਵਿਕਰੀ ਦੇ ਪਿੱਛੇ ਮੁੱਖ ਕਾਰਨ ਲਾਭ ਅਤੇ ਲਾਲਚ ਹੈ। ਸਰਕਾਰੀ ਨੀਤੀਆਂ ਅਨੁਸਾਰ ਲਾਇਸੰਸ ਵਾਲੀ ਸ਼ਰਾਬ ਉੱਤੇ ਉੱਚ ਟੈਕਸ ਲੱਗਦੇ ਹਨ ਜਿਸ ਕਾਰਨ ਇਸ ਦੀ ਕੀਮਤ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਜਾਂਦੀ ਹੈ। ਇਸ ਲਈ ਗੈਰ-ਕਾਨੂੰਨੀ ਵਪਾਰੀ ਸਸਤੀ ਸ਼ਰਾਬ ਨੂੰ ਮਹਿੰਗੇ ਬ੍ਰਾਂਡਾਂ ਦੀਆਂ ਬੋਤਲਾਂ ਵਿੱਚ ਭਰ ਕੇ ਵੇਚਦੇ ਹਨ। ਇਹ ਨਾ ਸਿਰ.ਫ ਲਾਭ ਵਧਾਉਂਦਾ ਹੈ ਬਲਕਿ ਖਪਤਕਾਰਾਂ ਨੂੰ ਧੋਖਾ ਵੀ ਦਿੰਦਾ ਹੈ। ਆਬਕਾਰੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਪੰਜਾਬ ਵਿੱਚ ਅਜਿਹੇ ਰੈਕੇਟ ਵੱਡੇ ਪੱਧਰ ਉੱਤੇ ਚੱਲ ਰਹੇ ਹਨ ਜਿੱਥੇ ਇੰਡਸਟਰੀਅਲ ਮਿਥਾਨੌਲ ਨੂੰ ਸ਼ਰਾਬ ਵਿੱਚ ਮਿਲਾ ਕੇ ਜ਼ਹਿਰੀਲਾ ਬਣਾਇਆ ਜਾਂਦਾ ਹੈ। ਇਹ ਮਿਥਾਨੌਲ ਆਸਾਨੀ ਨਾਲ ਉਪਲਬਧ ਹੁੰਦਾ ਹੈ ਅਤੇ ਇਸ ਨੂੰ ਰੋਕਣ ਲਈ ਕੋਈ ਪ੍ਰਭਾਵੀ ਵਿਵਸਥਾ ਨਹੀਂ ਹੈ।

ਹਾਲ ਹੀ ਵਿੱਚ ਲੁਧਿਆਣਾ ਵਿੱਚ ਵਾਪਰੀ ਘਟਨਾ ਇਸ ਦੀ ਤਾਜ਼ਾ ਮਿਸਾਲ ਹੈ। ਆਬਕਾਰੀ ਅਤੇ ਕਰ ਵਿਭਾਗ ਨੇ ਇੱਕ ਖੁਫੀਆ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਇੱਥੇ ਮਹਿੰਗੀਆਂ ਸ਼ਰਾਬ ਦੀਆਂ ਬੋਤਲਾਂ ਵਿੱਚ ਸਸਤੀ ਸ਼ਰਾਬ ਦੀ ਰੀਫਿਲਿੰਗ ਕਰਨ ਵਾਲੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਜਾਣਕਾਰੀ ਅਨੁਸਾਰ ਇਹ ਛਾਪੇਮਾਰੀ ਈ ਆਈ ਅਮਨਦੀਪ ਸਿੰਘ, ਈ ਆਈ ਨਵਦੀਪ ਸਿੰਘ ਅਤੇ ਈ ਆਈ ਅਮਿਤ ਗੋਇਲ ਵੱਲੋਂ ਆਬਕਾਰੀ ਪੁਲੀਸ ਸਟਾਫ ਅਤੇ ਪੁਲੀਸ ਸਟਾਫ ਪੀ ਐੱਸ ਮੋਤੀ ਨਗਰ ਲੁਧਿਆਣਾ ਦੇ ਨਾਲ ਮਿਲ ਕੇ ਕੀਤੀ ਗਈ। ਕਾਰਵਾਈ ਦੌਰਾਨ ਚੰਡੀਗੜ੍ਹ ਰੋਡ 'ਤੇ ਸਥਿਤ ਹੋਟਲ ਰੀਗਲ ਬਲੂ ਦੀ ਪਾਰਕਿੰਗ ਵਿੱਚ ਬੋਤਲਾਂ ਭਰ ਰਹੇ ਲਵਲੇਸ਼ ਵਰਮਾ ਨਾਮ ਵਿਅਕਤੀ ਨੂੰ ਕਾਬੂ ਕੀਤਾ ਗਿਆ। ਪੁੱਛਗਿੱਛ ਤੋਂ ਬਾਅਦ ਮੁਲਜ਼ਮ ਨੇ ਖੁਲਾਸਾ ਕੀਤਾ ਕਿ ਉਸ ਕੋਲ ਸਿਵਲ ਲਾਈਨ ਇਲਾਕੇ, ਕੁੰਦਨ ਪੁਰੀ ਸਥਿਤ ਉਸਦੀ ਰਿਹਾਇਸ਼ 'ਤੇ ਰੀਫਿਲਿੰਗ ਲਈ ਹੋਰ ਖਾਲੀ ਬੋਤਲਾਂ ਉਪਲਬਧ ਹਨ ਅਤੇ ਨਤੀਜੇ ਵਜੋਂ ਉਸਦੀ ਰਿਹਾਇਸ਼ 'ਤੇ ਛਾਪੇਮਾਰੀ ਕੀਤੀ ਗਈ, ਜਿਸ ਨਾਲ ਬੀ.ਆਈ.ਓ. ਬ੍ਰਾਂਡਾਂ ਅਤੇ ਸਸਤੇ ਬ੍ਰਾਂਡਾਂ ਦੀਆਂ ਖਾਲੀ ਬੋਤਲਾਂ ਸਮੇਤ ਢੱਕਣ ਬਰਾਮਦ ਹੋਏ।

ਕਾਰਵਾਈ ਦੌਰਾਨ ਅਧਿਕਾਰੀਆਂ ਨੇ ਰੀਫਿਲ ਕੀਤੀਆਂ ਮਹਿੰਗੇ ਬ੍ਰਾਂਡਾਂ ਦੀਆਂ 51 ਬੋਤਲਾਂ ਬਰਾਮਦ ਕੀਤੀਆਂ ਹਨ, ਜਿੰਨ੍ਹਾ ਵਿੱਚ ਗਲੈਨਫਿਡਿਚ 12 ਸਾਲ - 13 ਬੋਤਲਾਂ, ਗੋਲਡ ਲੇਬਲ - 6 ਬੋਤਲਾਂ, ਮੰਕੀ ਸ਼ੋਲਡਰ - 1 ਬੋਤਲ, ਜੌਨੀ ਵਾਕਰ 18 ਸਾਲ - 6 ਬੋਤਲਾਂ, ਮੈਕਾਲਨ - 6 ਬੋਤਲਾਂ, ਸਿੰਗਲਟਨ - 1 ਬੋਤਲ, ਬਲੈਕ ਲੇਬਲ - 6 ਬੋਤਲਾਂ, ਚਿਵਾਸ ਰੀਗਲ 18 ਸਾਲ - 12 ਬੋਤਲਾਂ। ਇਸ ਦੌਰਾਨ ਕਈ ਵੱਡੇ ਬ੍ਰੈਂਡਾਂ ਦੀਆਂ 80 ਖਾਲੀ ਬੋਤਲਾਂ ਵੀ ਬਰਾਮਦ ਕੀਤੀਆਂ ਗਈਆਂ ਹਨ, ਜਿੰਨ੍ਹਾਂ ਵਿੱਚ ਮਾਸਟਰ ਬਲੈਂਡਰਜ਼ ਸਿਗਨੇਚਰ ਪ੍ਰੀਮੀਅਰ - 39 ਬੋਤਲਾਂ, ਰਾਇਲ ਸਟੈਗ - 14 ਬੋਤਲਾਂ, ਦਿ ਸਿੰਗਲਟਨ - 4 ਬੋਤਲਾਂ, ਸਿਰੋਕ ਵੋਡਕਾ - 6 ਬੋਤਲਾਂ, ਐਬਸੋਲਿਊਟ ਵੋਡਕਾ - 6 ਬੋਤਲਾਂ, ਦਿ ਮੈਕਾਲਨ 12 ਸਾਲ - 2 ਬੋਤਲਾਂ, ਦਿ ਮੈਕਾਲਨ ਕੁਐਸਟ 1 ਲੀਟਰ - 1 ਬੋਤਲ, ਚਿਵਾਸ ਰੀਗਲ - 4 ਬੋਤਲਾਂ, ਦਿ ਗਲੈਨਲਿਵਿਟ 18 ਸਾਲ - 1 ਬੋਤਲ, ਜੇਮਸਨ - 1 ਬੋਤਲ, ਗਲੈਨਫਿਡਿਚ 15 ਸਾਲ - 1 ਬੋਤਲ, ਐਕਸ.ਆਰ. 21 ਸਾਲ - 1 ਬੋਤਲ ਸ਼ਮਲ ਹੈ। ਇਸ ਸਬੰਧੀ ਵਿਭਾਗ ਵੱਲੋਂ ਪੁਲੀਸ ਸਟੇਸ਼ਨ ਮੋਤੀ ਨਗਰ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਆਬਕਾਰੀ ਅਤੇ ਕਰ ਕਮਿਸ਼ਨਰ ਜਿਤੇਂਦਰ ਜੋਰਵਾਲ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਲਈ ਜ਼ੀਰੋ ਟੋਲਰੈਂਸ ਹੈ।

ਇਹ ਘਟਨਾ ਨਕਲੀ ਸ਼ਰਾਬ ਦੇ ਵਪਾਰ ਨੂੰ ਉਜਾਗਰ ਕਰਦੀ ਹੈ ਜਿੱਥੇ ਵਪਾਰੀ ਮਹਿੰਗੇ ਬ੍ਰਾਂਡਾਂ ਜਿਵੇਂ ਗਲੈਨਫਿਡਿਚ, ਜੌਨੀ ਵਾਕਰ ਅਤੇ ਚਿਵਾਸ ਰੀਗਲ ਦੇ ਨਾਮ ਨਕਲੀ ਸ਼ਰਾਬ ਵੇਚਦੇ ਹਨ। ਖਪਤਕਾਰਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿਉਂਕਿ ਅਜਿਹੀ ਸ਼ਰਾਬ ਨਾ ਸਿਰ.ਫ ਸਿਹਤ ਲਈ ਖਤਰਨਾਕ ਹੈ ਬਲਕਿ ਜਾਨਲੇਵਾ ਵੀ ਹੋ ਸਕਦੀ ਹੈ। ਪੰਜਾਬ ਵਿੱਚ ਅਜਿਹੇ ਰੈਕੇਟ ਪੁਲਿਸ ਅਤੇ ਆਬਕਾਰੀ ਵਿਭਾਗ ਦੀ ਨਿਗਰਾਨੀ ਹੇਠ ਚੱਲ ਰਹੇ ਹਨ ਜੋ ਸਿਆਸੀ ਸਰਪ੍ਰਸਤੀ ਨਾਲ ਜੁੜੇ ਹਨ।

2023 ਤੋਂ 2026 ਤੱਕ ਮੌਤਾਂ ਦਾ ਅੰਕੜਾ: ਇੱਕ ਭਿਆਨਕ ਤਸਵੀਰ-2023 ਤੋਂ ਫਰਵਰੀ 2026 ਤੱਕ ਪੰਜਾਬ ਵਿੱਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਲਗਭਗ 50 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਮਾਰਚ 2024, ਸੰਗਰੂਰ: ਇੱਥੇ ਨਕਲੀ ਸ਼ਰਾਬ ਨਾਲ 20 ਤੋਂ 24 ਲੋਕਾਂ ਦੀ ਮੌਤ ਹੋਈ ਸੀ। ਇਹ ਸੀਐੱਮ ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ਵਿੱਚ ਵਾਪਰੀ ਸੀ ਅਤੇ ਵੱਡਾ ਵਿਵਾਦ ਖੜ੍ਹਾ ਹੋਇਆ ਸੀ। ਮ੍ਰਿਤਕ ਜ਼ਿਆਦਾਤਰ ਮਜ਼ਦੂਰ ਵਰਗ ਨਾਲ ਸਬੰਧਤ ਸਨ ਅਤੇ ਮਿਥਾਨੌਲ ਵਾਲੀ ਸ਼ਰਾਬ ਉਨ੍ਹਾਂ ਲਈ ਜਾਨਲੇਵਾ ਸਿੱਧ ਹੋਈ।

ਮਈ 2025, ਅੰਮ੍ਰਿਤਸਰ (ਮਜੀਠਾ): ਇਹ ਪੰਜਾਬ ਦੀ ਸਭ ਤੋਂ ਵੱਡੀ ਘਟਨਾ ਸੀ ਜਿੱਥੇ 21 ਤੋਂ 23 ਲੋਕਾਂ ਦੀ ਮੌਤ ਹੋਈ ਅਤੇ 10 ਤੋਂ ਵੱਧ ਹਸਪਤਾਲ ਵਿੱਚ ਦਾਖਲ ਹੋਏ। ਮ੍ਰਿਤਕ ਬੰਗਾਲੀ, ਪਟਾਲਪੁਰੀ, ਮਰਾਰੀ ਕਲਾਂ ਅਤੇ ਥੇਰੇਵਾਲ ਪਿੰਡਾਂ ਨਾਲ ਸਬੰਧਤ ਸਨ। ਪੁਲਿਸ ਨੇ ਮਿਥਾਨੌਲ ਨੂੰ ਕਾਰਨ ਦੱਸਿਆ ਜੋ ਆਨਲਾਈਨ ਖਰੀਦਿਆ ਗਿਆ ਸੀ।

ਮਈ 2025, ਲੁਧਿਆਣਾ: ਸੰਨਿਆਸ ਨਗਰ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਜੋ "ਰਸਭਰੀ" ਬ੍ਰਾਂਡ ਦੀ ਪੰਜਾਬੀ ਸ਼ਰਾਬ ਪੀ ਕੇ ਹੋਈ। ਇਹ ਘਟਨਾ ਨਕਲੀ ਬ੍ਰਾਂਡਿੰਗ ਨਾਲ ਜੁੜੀ ਸੀ।

ਹੋਰ ਘਟਨਾਵਾਂ: 2023 ਵਿੱਚ ਵੱਡੀ ਘਟਨਾ ਨਹੀਂ ਵਾਪਰੀ ਪਰ ਕੁਝ ਮੌਤਾਂ ਹੋਈਆਂ ਸਨ। 2026 ਦੇ ਸ਼ੁਰੂ ਵਿੱਚ ਫਰਵਰੀ ਤੱਕ ਕੋਈ ਵੱਡੀ ਘਟਨਾ ਨਹੀਂ ਰਿਪੋਰਟ ਹੋਈ ਪਰ ਗੈਰ-ਕਾਨੂੰਨੀ ਵਿਕਰੀ ਜਾਰੀ ਹੈ।



ਪੰਜਾਬ ਵਿੱਚ ਨਕਲੀ ਸ਼ਰਾਬ ਦਾ ਮੁੱਦਾ ਹੁਣ ਸਿਰ.ਫ ਕਾਨੂੰਨ ਵਿਵਸਥਾ ਦਾ ਨਹੀਂ, ਸਗੋਂ ਸਮਾਜਿਕ ਤ੍ਰਾਸਦੀ ਬਣ ਚੁੱਕਾ ਹੈ। ਜਦੋਂ ਤੱਕ ਸਰਕਾਰ ਸਪਲਾਈ ਲਾਈਨਾਂ ਨੂੰ ਕੱਟਣ ਲਈ ਸ.ਖਤ ਕਦਮ ਨਹੀਂ ਚੁੱਕਦੀ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਨਹੀਂ ਮਿਲਦੀਆਂ, ਉਦੋਂ ਤੱਕ 'ਮੌਤ ਦਾ ਇਹ ਕਾਰੋਬਾਰ' ਇੰਝ ਹੀ ਚੱਲਦਾ ਰਹੇਗਾ। 2023-2026 ਵਿੱਚ 50 ਮੌਤਾਂ ਅਤੇ ਘੱਟ ਗ੍ਰਿ.ਫਤਾਰੀਆਂ ਨੇ ਸਰਕਾਰੀ ਨਾਕਾਮੀ ਨੂੰ ਉਜਾਗਰ ਕੀਤਾ ਹੈ। ਲੁਧਿਆਣਾ ਘਟਨਾ ਨੇ ਚੇਤਾਵਨੀ ਦਿੱਤੀ ਹੈ ਕਿ ਸਮੇਂ ਸਿਰ ਕਦਮ ਨਾ ਚੁੱਕੇ ਤਾਂ ਹੋਰ ਜਾਨਾਂ ਜਾਣਗੀਆਂ। ਆਪ ਸਰਕਾਰ ਨੂੰ ਸ.ਖਤ ਕਾਨੂੰਨ, ਜਾਗਰੂਕਤਾ ਅਤੇ ਨਿਗਰਾਨੀ ਵਧਾਉਣੀ ਚਾਹੀਦੀ ਹੈ ਤਾਂ ਜੋ ਪੰਜਾਬ ਨੂੰ ਇਸ ਜ਼ਹਿਰ ਤੋਂ ਮੁਕਤ ਕੀਤਾ ਜਾ ਸਕੇ।

### ਗ੍ਰਿ.ਫਤਾਰੀਆਂ ਅਤੇ ਕਾਨੂੰਨੀ ਕਾਰਵਾਈ: ਨਾਕਾ.ਫੀ ਕਦਮ

ਵੱਡੀਆਂ ਘਟਨਾਵਾਂ ਵਿੱਚ ਲਗਭਗ 30 ਤੋਂ ਵੱਧ ਗ੍ਰਿ.ਫਤਾਰੀਆਂ ਹੋਈਆਂ ਹਨ ਪਰ ਇਹ ਨਾਕਾ.ਫੀ ਹਨ ਕਿਉਂਕਿ ਵੱਡੇ ਮਾਫੀਆ ਅਕਸਰ ਬਚ ਜਾਂਦੇ ਹਨ।

**ਸੰਗਰੂਰ** 2024: 8 ਗ੍ਰਿ.ਫਤਾਰੀਆਂ ਹੋਈਆਂ ਤੇ ਚੋਣ ਕਮਿਸ਼ਨ ਨੇ ਰਿਪੋਰਟ ਮੰਗੀ।

**ਅੰਮ੍ਰਿਤਸਰ** 2025: 9 ਤੋਂ 10 ਗ੍ਰਿ.ਫਤਾਰੀਆਂ ਜਿਨ੍ਹਾਂ ਵਿੱਚ ਕਿੰਗਪਿਨ ਸਾਹਿਬ ਸਿੰਘ ਸ਼ਾਮਲ ਸੀ। ਡੀਐੱਸਪੀ ਅਤੇ ਐੱਸਐੱਚਓ ਨੂੰ ਮੁਅੱਤਲ ਕੀਤਾ ਗਿਆ। ਪ੍ਰਭਜੀਤ ਸਿੰਘ, ਕੁਲਬੀਰ ਸਿੰਘ ਅਤੇ ਹੋਰ ਵੰਡਣ ਵਾਲੇ ਗ੍ਰਿ.ਫਤਾਰ ਹੋਏ।

**ਲੁਧਿਆਣਾ** 2025: ਤਿੰਨ ਮੌਤਾਂ ਵਿੱਚ ਠੇਕੇ ਦੇ ਦੋ ਕਰਮਚਾਰੀ ਗ੍ਰਿ.ਫਤਾਰ ਅਤੇ ਰੀਫਿਲਿੰਗ ਰੈਕੇਟ ਵਿੱਚ ਇੱਕ ਵਿਅਕਤੀ ਲਵਲੇਸ਼ ਵਰਮਾ ਗ੍ਰਿ.ਫਤਾਰ।

**ਹੋਰ:** ਫਰਵਰੀ 2026 ਵਿੱਚ ਜਲੰਧਰ ਵਿੱਚ ਦੋ ਗ੍ਰਿ.ਫਤਾਰ ਅਤੇ 62 ਲੀਟਰ ਨਕਲੀ ਸ਼ਰਾਬ ਜ਼ਬਤ। ਪਰ ਇਹ ਗ੍ਰਿ.ਫਤਾਰੀਆਂ ਅਸਲ ਮਾਫੀਆ ਨੂੰ ਨਹੀਂ ਛੂੰਹਦੀਆਂ। ਸੁਪਰੀਮ ਕੋਰਟ ਨੇ 2022 ਵਿੱਚ ਪੰਜਾਬ ਸਰਕਾਰ ਨੂੰ ਫਟਕਾਰ ਲਾਈ ਸੀ ਕਿ ਵੱਡੇ ਕਸੂਰਵਾਰ ਬਚ ਜਾਂਦੇ ਹਨ।

### ਸਰਕਾਰ ਕਿਉਂ ਨਹੀਂ ਕਰ ਸਕੀ ਕੰਟਰੋਲ: ਨਾਕਾਮੀ ਦੇ ਕਾਰਨ

ਸਰਕਾਰ ਨੂੰ ਇਸ ਨੂੰ ਕੰਟਰੋਲ ਕਰਨ ਵਿੱਚ ਨਾਕਾਮੀ ਦੇ ਕਈ ਕਾਰਨ ਹਨ। ਪਹਿਲਾਂ, ਸਿਆਸੀ ਸਰਪ੍ਰਸਤੀ ਅਤੇ ਪੁਲਿਸ ਨਾਲ ਮਿਲੀਭੁਗਤ। ਮਾਫੀਆ ਨੂੰ ਸਿਆਸੀ ਲੀਡਰਾਂ ਦੀ ਸਹਾਇਤਾ ਮਿਲਦੀ ਹੈ ਜੋ ਚੋਣਾਂ ਵਿੱਚ ਫੰਡਿੰਗ ਕਰਦੇ ਹਨ। ਦੂਜਾ, ਆਬਕਾਰੀ ਵਿਭਾਗ ਦੀ ਨਾਕਾਮੀ ਜੋ ਟਰੈਕ ਐਂਡ ਟਰੇਸ ਨੀਤੀ ਨੂੰ ਲਾਗੂ ਨਹੀਂ ਕਰ ਸਕਿਆ। ਤੀਜਾ, ਮਿਥਾਨੌਲ ਦੀ ਅਸਾਨ ਪ੍ਰਾਪਤੀ ਅਤੇ ਅੰਤਰਰਾਜੀ ਸਹਿਯੋਗ ਦੀ ਘਾਟ। ਚੌਥਾ, ਉੱਚ ਟੈਕਸ ਜੋ ਨਕਲੀ ਵਪਾਰ ਨੂੰ ਵਧਾਉਂਦੇ ਹਨ। ਪੰਜਵਾਂ, ਭ੍ਰਿਸ਼ਟਾਚਾਰ ਜੋ ਨਿਗਰਾਨੀ ਨੂੰ ਕਮਜ਼ੋਰ ਕਰਦਾ ਹੈ। ਗ੍ਰਿ.ਫਤਾਰ ਕੀਤੇ ਗਏ ਜ਼ਿਆਦਾਤਰ ਮੁਲਜ਼ਮ ਕੁਝ ਦਿਨਾਂ ਬਾਅਦ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ ਅਤੇ ਦੁਬਾਰਾ ਉਹੀ ਧੰਦਾ ਸ਼ੁਰੂ ਕਰ ਲੈਂਦੇ ਹਨ। ਸ.ਖਤ ਸਜ਼ਾਵਾਂ ਦੀ ਕਮੀ ਡਰ ਪੈਦਾ ਨਹੀਂ ਕਰ ਰਹੀ। ਆਮ ਆਦਮੀ ਪਾਰਟੀ ਸਰਕਾਰ ਨੇ "ਨਸ਼ਾ ਮੁਕਤ ਪੰਜਾਬ" ਦਾ ਨਾਅਰਾ ਦਿੱਤਾ ਪਰ ਮਜੀਠਾ ਘਟਨਾ ਨੇ ਇਸ ਨੂੰ ਖੋਖਲਾ ਸਾਬਤ ਕੀਤਾ। ਬੀਜੇਪੀ ਨੇ ਇਸ ਨੂੰ ਰਾਜਨੀਤੀ ਨਾਲ ਜੋੜਿਆ ਅਤੇ ਕਿਹਾ ਕਿ ਏਏਪੀ ਮਾਫੀਆ ਨਾਲ ਮਿਲੀ ਹੋਈ ਹੈ। ਪੰਜਾਬ ਨੂੰ ਇੱਕ ਮਜ਼ਬੂਤ ਵਿਵਸਥਾ ਦੀ ਲੋੜ ਹੈ ਜੋ ਮਿਥਾਨੌਲ ਨੂੰ ਟਰੈਕ ਕਰੇ, ਟੈਕਸ ਘਟਾਏ ਅਤੇ ਕਾਨੂੰਨੀ ਅਮਲ ਨੂੰ ਸ.ਖਤ ਕਰੇ। ਐੱਮਪੀ ਗੁਰਜੀਤ ਸਿੰਘ ਔਜਲਾ ਨੇ ਸਸਤੀ ਸ਼ਰਾਬ ਦੀ ਮੰਗ ਕੀਤੀ ਅਤੇ ਸੀਐੱਮ ਨੂੰ ਜ਼ਿੰਮੇਵਾਰ ਠਹਿਰਾਇਆ।

# ਕੀ ਡਾਰਕ ਵੈੱਬ ਰਾਹੀਂ ਭਾਰਤ ਨੂੰ ਅੰਦਰੋਂ ਖੋਖਲਾ ਕਰਨ ਦੀ ਸਾਜ਼ਿਸ਼ ਹੈ?

**ਵਿਸ਼ੇਸ਼ ਰਿਪੋਰਟ** ✪ ਸਾਈਬਰ ਅਪਰਾਧੀਆਂ ਦੀ ਪਨਾਹਗਾਹ ਬਣਿਆ 'ਡਾਰਕ ਵੈੱਬ' ✪ ਭਾਰਤੀ ਸੁਰੱਖਿਆ ਏਜੰਸੀਆਂ ਲਈ ਸਭ ਤੋਂ ਵੱਡੀ ਚੁਣੌਤੀ ✪ ਭਾਰਤ ਦੀਆਂ ਅਦਾਲਤਾਂ, ਸਕੂਲਾਂ ਅਤੇ ਹਸਪਤਾਲਾਂ ਨੂੰ ਮਿਲ ਰਹੀਆਂ ਧਮਕੀਆਂ ਦਾ ਕਾਲਾ ਸੱਚ

ਭਾਰਤ ਇਸ ਵੇਲੇ ਇੱਕ ਅਜਿਹੀ ਅਦਿੱਖ ਜੰਗ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਹਥਿਆਰ ਗੋਲੀਆਂ ਨਹੀਂ ਬਲਕਿ 'ਡਾਟਾ' ਅਤੇ 'ਡਾਰਕ ਵੈੱਬ' ਹਨ। ਪਿਛਲੇ ਕੁਝ ਮਹੀਨਿਆਂ ਤੋਂ ਭਾਰਤੀ ਨਿਆਪਾਲਿਕਾ, ਨਾਮੀ ਸਕੂਲਾਂ, ਹਸਪਤਾਲਾਂ ਅਤੇ ਏਅਰਲਾਈਨਜ਼ ਨੂੰ ਮਿਲ ਰਹੀਆਂ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਨੇ ਦੇਸ਼ ਦੀ ਸੁਰੱਖਿਆ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਾਲਾਂਕਿ ਇਹ ਧਮਕੀਆਂ ਅਕਸਰ 'ਅਫਵਾਹ' ਸਾਬਤ ਹੁੰਦੀਆਂ ਹਨ, ਪਰ ਇਨ੍ਹਾਂ ਪਿੱਛੇ ਛਿਪਿਆ ਮਨੋਵਿਗਿਆਨਕ ਹਮਲਾ ਭਾਰਤ ਦੀ ਆਰਥਿਕਤਾ ਅਤੇ ਮਾਨਸਿਕ ਸ਼ਾਂਤੀ ਲਈ ਇੱਕ ਵੱਡਾ ਖ਼ਤਰਾ ਬਣ ਚੁੱਕਾ ਹੈ।



## ਡਾਰਕ ਵੈੱਬ: ਅਪਰਾਧੀਆਂ ਦੀ ਸੁਰੱਖਿਅਤ ਪਨਾਹਗਾਹ

ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਸਭ ਹੋ ਕਿੱਥੋਂ ਰਿਹਾ ਹੈ। ਇੰਟਰਨੈੱਟ ਦਾ ਉਹ ਹਿੱਸਾ ਜੋ ਆਮ ਸਰਚ ਇੰਜਣਾਂ (ਜਿਵੇਂ ਗੂਗਲ) 'ਤੇ ਨਜ਼ਰ ਨਹੀਂ ਆਉਂਦਾ, ਉਸ ਨੂੰ 'ਡਾਰਕ ਵੈੱਬ' ਕਿਹਾ ਜਾਂਦਾ ਹੈ। ਇੱਥੇ ਵਰਤੋਂਕਾਰਾਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰਹਿੰਦੀ ਹੈ।

'ਦਾ ਓਨੀਅਨ ਰਿਊਟਰ' (ਟੋਰ) ਵਰਗੇ ਵਿਸ਼ੇਸ਼ ਸੌਫਟਵੇਅਰ ਰਾਹੀਂ ਆਈ.ਪੀ. ਐਡਰੈੱਸ ਨੂੰ ਕਈ ਦੇਸ਼ਾਂ ਦੇ ਸਰਵਰਾਂ ਰਾਹੀਂ ਘੁਮਾਇਆ ਜਾਂਦਾ ਹੈ, ਜਿਸ ਨਾਲ ਅਸਲੀ ਲੋਕੇਸ਼ਨ ਦਾ ਪਤਾ ਲਗਾਉਣਾ ਲਗਭਗ ਅਸੰਭਵ ਹੋ ਜਾਂਦਾ ਹੈ।

ਇੱਥੇ ਨਸ਼ੇ, ਹਥਿਆਰ, ਚੋਰੀ ਕੀਤੇ ਗਏ ਡਾਟਾ ਅਤੇ ਇੱਥੋਂ ਤੱਕ ਕਿ 'ਭਾੜੇ ਦੇ ਹੈਕਰ' ਵੀ ਉਪਲਬਧ ਹਨ। ਭਾਰਤ ਵਿਰੁੱਧ ਧਮਕੀਆਂ ਦੇਣ ਵਾਲੇ ਅਪਰਾਧੀ ਇਸੇ ਨੈੱਟਵਰਕ ਦੀ ਵਰਤੋਂ ਕਰਕੇ ਈਮੇਲ ਭੇਜਦੇ ਹਨ ਜਾਂ ਕਾਲਾਂ ਕਰਦੇ ਹਨ। ਡਾਰਕ ਵੈੱਬ ਦੀ ਸ਼ੁਰੂਆਤ 2000 ਦੇ ਸ਼ੁਰੂ ਵਿੱਚ ਹੋਈ ਸੀ, ਜਦੋਂ ਟੋਰ ਨੂੰ ਅਮਰੀਕੀ ਨੇਵੀ ਨੇ ਵਿਕਸਿਤ ਕੀਤਾ ਸੀ ਤਾਂ ਜੋ ਖੁਫੀਆ ਜਾਣਕਾਰੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਪਰ ਹੌਲੀ-ਹੌਲੀ ਇਹ ਅਪਰਾਧੀਆਂ ਦੇ ਹੱਥ ਲੱਗ ਗਿਆ। ਅੱਜ ਇਸ 'ਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ, ਹੈਕਿੰਗ ਟੂਲਸ ਅਤੇ ਧਮਕੀਆਂ ਵਰਗੀਆਂ ਗਤੀਵਿਧੀਆਂ ਚੱਲ ਰਹੀਆਂ ਹਨ। ਭਾਰਤ ਵਿੱਚ ਇਸ ਨੂੰ ਹਾਲ ਹੀ ਵਿੱਚ ਬਹੁਤ ਵਰਤਿਆ ਜਾ ਰਿਹਾ ਹੈ, ਖਾਸ ਕਰਕੇ ਝੂਠੀਆਂ ਬੰਬ ਧਮਕੀਆਂ ਲਈ।

## ਨਿਆਪਾਲਿਕਾ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼

ਭਾਰਤੀ ਨਿਆਪਾਲਿਕਾ ਨੂੰ ਮਿਲ ਰਹੀਆਂ ਧਮਕੀਆਂ ਦਾ ਨਵਾਂ ਦੌਰ ਇੱਕ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਜਾਂਚ ਏਜੰਸੀਆਂ ਮੁਤਾਬਕ, ਇਹ ਧਮਕੀਆਂ ਸਿਰਫ਼ ਡਰਾਉਣ ਲਈ ਨਹੀਂ, ਬਲਕਿ ਜੱਜਾਂ 'ਤੇ ਮਨੋਵਿਗਿਆਨਕ ਦਬਾਅ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਸਮੇਂ ਵਿੱਚ ਕਰਨਾਟਕ ਅਤੇ ਤਾਮਿਲਨਾਡੂ ਦੀਆਂ ਅਦਾਲਤਾਂ ਨੂੰ ਮਿਲੀਆਂ ਧਮਕੀਆਂ ਪਿੱਛੇ 'ਬੇਸ ਮੂਵਮੈਂਟ' ਵਰਗੇ ਸੰਗਠਨਾਂ ਦਾ ਹੱਥ ਸਾਹਮਣੇ ਆਇਆ ਸੀ, ਜੋ ਅਲ-ਕਾਇਦਾ ਤੋਂ ਪ੍ਰਭਾਵਿਤ ਸਨ। ਉਨ੍ਹਾਂ ਦਾ ਮਕਸਦ 2008 ਦੇ ਬੈਂਗਲੁਰੂ ਬਲਾਸਟ ਦੇ ਮੁਲਜ਼ਮਾਂ ਵਿਰੁੱਧ ਚੱਲ ਰਹੀ ਸੁਣਵਾਈ ਨੂੰ ਪ੍ਰਭਾਵਿਤ ਕਰਨਾ ਸੀ। ਅੱਜ ਵੀ, ਅੰਡਰਵਰਲਡ ਅਤੇ ਖ਼ਾਲਿਸਤਾਨੀ ਖਾੜਕੂ ਜਥੇਬੰਦੀਆਂ ਡਾਰਕ ਵੈੱਬ ਰਾਹੀਂ ਅਦਾਲਤੀ ਕਾਰਵਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਸਿਸਟਮ ਵਿੱਚ ਬੇਵਿਸ਼ਵਾਸੀ ਪੈਦਾ ਕੀਤੀ ਜਾ ਸਕੇ।

## ਸਕੂਲ ਅਤੇ ਹਸਪਤਾਲ ਨਿਸ਼ਾਨੇ ਉਪਰ

ਜਦੋਂ ਕਿਸੇ ਸਕੂਲ ਨੂੰ ਬੰਬ ਦੀ ਧਮਕੀ ਮਿਲਦੀ ਹੈ, ਤਾਂ ਸਿਰਫ਼ ਇੱਕ ਇਮਾਰਤ ਪ੍ਰਭਾਵਿਤ ਨਹੀਂ ਹੁੰਦੀ, ਬਲਕਿ ਹਜ਼ਾਰਾਂ ਮਾਪਿਆਂ ਵਿੱਚ ਦਹਿਸ਼ਤ ਫੈਲਦੀ ਹੈ।? ਭਾਵੇਂ ਏਜੰਸੀਆਂ ਨੂੰ ਪਤਾ ਹੋਵੇ ਕਿ 99% ਕਾਲਾਂ ਝੂਠੀਆਂ ਹਨ, ਪਰ ਪ੍ਰੋਟੋਕਾਲ ਮੁਤਾਬਕ ਪੂਰੇ ਸਕੂਲ ਨੂੰ ਖਾਲੀ ਕਰਵਾਉਣਾ ਅਤੇ ਜਾਂਚ ਕਰਨਾ ਲਾਜ਼ਮੀ ਹੈ।

## ਏਅਰਲਾਈਨ ਇੰਡਸਟਰੀ: ਕਰੋੜਾਂ ਦਾ ਵਿੱਤੀ ਝਟਕਾ

ਸਾਲ 2024 ਭਾਰਤੀ ਹਵਾਬਾਜ਼ੀ ਖੇਤਰ ਲਈ ਇੱਕ ਡਰਾਉਣਾ ਸੁਪਨਾ ਰਿਹਾ ਹੈ। ਲਗਭਗ 79 ਝੂਠੀਆਂ ਬੰਬ ਧਮਕੀਆਂ ਕਾਰਨ ਜਹਾਜ਼ਾਂ ਦੀ ਐਮਰਜੈਂਸੀ ਲੈਂਡਿੰਗ ਕਰਵਾਉਣੀ ਪਈ ਸੀ। ਇੱਕ ਅੰਤਰਰਾਸ਼ਟਰੀ ਉਡਾਣ ਨੂੰ ਡਾਇਵਰਟ ਕਰਨ ਜਾਂ ਲੈਂਡ ਕਰਵਾਉਣ 'ਤੇ ਕਰੋੜਾਂ ਰੁਪਏ ਦਾ ਖਰਚਾ ਆਉਂਦਾ ਹੈ (ਈਂਧਨ, ਪਾਰਕਿੰਗ ਚਾਰਜ ਅਤੇ ਮੁਸਾਫਰਾਂ ਦਾ ਰਹਿਣਾ)। ਇਸ ਨਾਲ ਨਾ ਸਿਰਫ਼ ਆਰਥਿਕ ਨੁਕਸਾਨ ਹੁੰਦਾ ਹੈ, ਬਲਕਿ ਵਿਸ਼ਵ ਪੱਧਰ 'ਤੇ ਭਾਰਤ ਦੇ ਹਵਾਈ ਖੇਤਰ ਦੀ ਸਾਖ ਨੂੰ ਵੀ ਸੱਟ ਵੱਜਦੀ ਹੈ।

## ਕੌਣ ਹਨ ਇਨ੍ਹਾਂ ਪਿੱਛੇ 'ਇੰਟਰਨੈਸ਼ਨਲ ਪਲੇਅਰ'?

ਭਾਰਤੀ ਖੁਫ਼ੀਆ ਏਜੰਸੀਆਂ (ਰਾਅ ਅਤੇ ਆਈਬੀ) ਦਾ ਮੰਨਣਾ ਹੈ ਕਿ ਇਹ ਕੋਈ ਇਕੱਲੀ-ਦੁਕੱਲੀ ਘਟਨਾ ਨਹੀਂ ਹੈ। ਇਸ ਦੇ ਪਿੱਛੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐਸਆਈ ਦਾ ਇੱਕ ਵਿਸ਼ੇਸ਼ 'ਸਾਈਬਰ ਵਿੰਗ' ਸਰਗਰਮ ਹੈ। ਬਿਨਾਂ ਸਰਹੱਦ ਪਾਰ ਕੀਤੇ, ਸਿਰਫ਼ ਇੱਕ ਲੈਪਟਾਪ ਰਾਹੀਂ ਭਾਰਤ ਵਿੱਚ ਅਫਰਾ-ਤਫਰੀ ਮਚਾਉਣਾ ਇਸ ਦਾ ਮਨੋਰਥ ਹੈ। ਆਈਐਸਆਈ ਅਕਸਰ ਡਾਰਕ ਵੈੱਬ 'ਤੇ ਮੌਜੂਦ ਅਪਰਾਧਿਕ ਸਿੰਡੀਕੇਟਾਂ ਨੂੰ 'ਕੰਟਰੈਕਟ' ਦਿੰਦੀ ਹੈ ਤਾਂ ਜੋ ਸਿੱਧਾ ਲਿੰਕ ਸਾਬਤ ਨਾ ਹੋ ਸਕੇ।

## ਸੁਰੱਖਿਆ ਏਜੰਸੀਆਂ ਅਪਰਾਧੀਆਂ ਨੂੰ ਕਿਉਂ ਨਹੀਂ ਫੜ ਪਾ ਰਹੀਆਂ?

ਇਹ ਸਭ ਤੋਂ ਵੱਡਾ ਸਵਾਲ ਹੈ। ਇਸ ਦੀਆਂ ਕੁਝ ਤਕਨੀਕੀ ਅਤੇ ਕਾਨੂੰਨੀ ਰੁਕਾਵਟਾਂ ਹਨ। ਅਪਰਾਧੀ ਬੈਠਾ ਕੈਨੇਡਾ ਜਾਂ ਯੂਰਪ ਵਿੱਚ ਹੈ, ਸਰਵਰ ਰੂਸ ਵਿੱਚ ਹੈ ਅਤੇ ਨੁਕਸਾਨ ਭਾਰਤ ਵਿੱਚ ਹੋ ਰਿਹਾ ਹੈ। ਅੰਤਰਰਾਸ਼ਟਰੀ ਸਹਿਯੋਗ ਮਿਲਣ ਤੱਕ ਅਪਰਾਧੀ ਆਪਣਾ ਡਿਜੀਟਲ ਨਿਸ਼ਾਨ ਮਿਟਾ ਚੁੱਕਾ ਹੁੰਦਾ ਹੈ। ਅਪਰਾਧੀ ਮਲਟੀ-ਲੇਅਰ ਵੀਪੀਐਨ ਦੀ ਵਰਤੋਂ ਕਰਦੇ ਹਨ। ਜਦੋਂ ਏਜੰਸੀਆਂ ਇੱਕ ਆਈ.ਪੀ. ਐਡਰੈੱਸ ਤੱਕ ਪਹੁੰਚਦੀਆਂ ਹਨ, ਤਾਂ ਉਹ ਕਿਸੇ ਹੋਰ ਦੇਸ਼ ਦਾ ਫਰਜ਼ੀ ਐਡਰੈੱਸ ਨਿਕਲਦਾ ਹੈ। ਭਾਰਤ ਸਮੇਤ ਕਈ ਦੇਸ਼ਾਂ ਦੀਆਂ ਏਜੰਸੀਆਂ ਕੋਲ ਅਜੇ ਵੀ ਡਾਰਕ ਵੈੱਬ ਦੀਆਂ ਡੂੰਘੀਆਂ ਪਰਤਾਂ ਨੂੰ ਫੋਲਣ ਲਈ ਲੋੜੀਂਦੇ ਉੱਨਤ ਸਰੋਤਾਂ ਅਤੇ ਮਾਹਿਰਾਂ ਦੀ ਕਮੀ ਹੈ। ਇਨ੍ਹਾਂ ਅਪਰਾਧੀਆਂ ਨੂੰ ਫੰਡਿੰਗ ਕ੍ਰਿਪਟੋਕਰੰਸੀ ਰਾਹੀਂ ਦਿੱਤੀ ਜਾਂਦੀ ਹੈ, ਜਿਸ ਦਾ ਟ੍ਰੇਲ ਲੱਭਣਾ ਬੇਹੱਦ ਔਖਾ ਹੈ।

ਭਾਰਤ ਨੂੰ ਹੁਣ ਆਪਣੀ ਸਾਈਬਰ ਸੁਰੱਖਿਆ ਨੀਤੀ ਨੂੰ ਨਵੇਂ ਸਿਰੇ ਤੋਂ ਘੜਨ ਦੀ ਲੋੜ ਹੈ। ਸਿਰਫ਼ ਜਾਂਚ ਹੀ ਕਾਫ਼ੀ ਨਹੀਂ, ਬਲਕਿ ਡਾਰਕ ਵੈੱਬ 'ਤੇ ਨਜ਼ਰ ਰੱਖਣ ਲਈ 'ਆਰਟੀਫੀਸ਼ੀਅਲ ਇੰਟੈਲੀਜੈਂਸ' ਆਧਾਰਿਤ ਨਿਗਰਾਨੀ ਸਿਸਟਮ ਦੀ ਲੋੜ ਹੈ। ਅਦਾਲਤਾਂ ਦਾ ਕੀਮਤੀ ਸਮਾਂ ਬਚਾਉਣ ਲਈ ਧਮਕੀਆਂ ਦੀ ਤੁਰੰਤ ਤਸਦੀਕ ਕਰਨ ਵਾਲੀ ਤਕਨੀਕ ਵਿਕਸਿਤ ਕਰਨੀ ਹੋਵੇਗੀ।

# ਗੜ੍ਹਸ਼ੰਕਰ ਪੁਲਿਸ ਨੇ ਸੁਲਝਾਇਆ ਅੰਨ੍ਹਾ ਕਤਲ ਕਾਂਡ

## ✪ ਕਾਲੇ ਜਾਦੂ ਦੇ ਸ਼ੱਕ ਵਿਚ ਭਤੀਜੇ ਨੇ ਕੀਤਾ ਸੀ ਚਾਚੀ ਦਾ ਕਤਲ

ਹੁਸ਼ਿਆਰਪੁਰ-ਗੜ੍ਹਸ਼ੰਕਰ ਪੁਲਿਸ ਨੇ ਪਿੰਡ ਮਹਿੰਦਵਾਨੀ ਵਿੱਚ 7 ਫਰਵਰੀ ਨੂੰ ਹੋਏ ਇੱਕ ਕਤਲ ਦੀ ਗੁੱਥੀ ਸੁਲਝਾ ਲਈ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਮ੍ਰਿਤਕਾ ਦੇ ਭਤੀਜੇ ਰਾਕੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨੇ ਆਪਣੀ 60 ਸਾਲਾ ਚਾਚੀ ਰਚਨਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।





ਪੁੱਛਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਕਿ ਉਸ ਨੂੰ ਸ਼ੱਕ ਸੀ ਕਿ ਉਸ ਦੀ ਚਾਚੀ ਵੱਲੋਂ ਕੀਤੇ ਕਾਲੇ ਜਾਦੂ ਕਾਰਨ ਉਸ ਦੇ ਪਿਤਾ ਦੀ ਮੌਤ ਹੋਈ ਅਤੇ ਉਸ ਦਾ ਕੱਪੜਿਆਂ ਦਾ ਕਾਰੋਬਾਰ ਤਬਾਹ ਹੋ ਗਿਆ।

ਮੁਲਜ਼ਮ ਨੇ ਵਾਰਦਾਤ ਤੋਂ ਪਹਿਲਾਂ ਆਪਣੇ ਪਰਿਵਾਰ ਨੂੰ ਸਹੁਰੇ ਘਰ ਛੱਡਿਆ ਅਤੇ ਕਿਸੇ ਜਾਣਕਾਰ ਕੋਲੋਂ ਮੋਟਰਸਾਈਕਲ ਉਧਾਰ ਲਿਆ ਸੀ।

ਵਾਰਦਾਤ: 7 ਫਰਵਰੀ ਨੂੰ ਸਵੇਰੇ 5:30 ਵਜੇ ਜਦੋਂ ਰਚਨਾ ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਵਾਪਸ ਆ ਰਹੀ ਸੀ, ਤਾਂ ਰਾਕੇਸ਼ ਨੇ ਉਸ 'ਤੇ ਤਿੰਨ ਗੋਲੀਆਂ ਚਲਾਈਆਂ।

ਪੁਲਿਸ ਨੇ ਮੁਲਜ਼ਮ ਕੋਲੋਂ ਹੱਤਿਆ ਵਿੱਚ ਵਰਤਿਆ ਪਿਸਤੌਲ, 3 ਕਾਰਤੂਸ, ਇੱਕ ਦਾਤਰੀ ਅਤੇ ਮੋਟਰਸਾਈਕਲ ਬਰਾਮਦ ਕਰ ਲਿਆ ਹੈ।

ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੇ ਨਿਰਦੇਸ਼ਾਂ 'ਤੇ ਬਣੀ ਵਿਸ਼ੇਸ਼ ਟੀਮ ਨੇ ਮੁਲਜ਼ਮ ਨੂੰ ਸ਼ਾਹਪੁਰ ਘਾਟਾ ਇਲਾਕੇ ਤੋਂ ਕਾਬੂ ਕੀਤਾ ਸੀ।

# ਭਾਈ ਹਵਾਰਾ ਦੇ ਪਿੰਡ ਬੰਦੀ ਸਿੰਘਾਂ ਰਿਹਾਈ ਲਈ ਪੰਥਕ ਇਕੱਠ

**○ 1 ਮਾਰਚ ਤੱਕ ਅਲਟੀਮੇਟਮ, ਜਥੇਦਾਰ ਹਵਾਰਾ ਨੂੰ ਛੁੱਟੀ ਨਾ ਦਿੱਤੀ ਵੱਡਾ ਇਕੱਠ ਹੋਵੇਗਾ**




ਚਮਕੌਰ ਸਾਹਿਬ-ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਪਿੰਡ ਹਵਾਰਾ ਵਿੱਚ ਕੌਮੀ ਇਨਸਾਫ ਮੋਰਚੇ ਦੇ ਸੱਦੇ ਤੇ ਚੜ੍ਹਦੀਕਲਾ ਪੰਥਕ ਇਕੱਠ ਹੋਇਆ। ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ। ਆਗੂਆਂ ਨੇ ਕੇਂਦਰ ਤੇ ਸੂਬਾ ਸਰਕਾਰਾਂ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਗੰਭੀਰਤਾ ਨਾ ਵਿਖਾਉਣ ਦਾ ਦੋਸ਼ ਲਾਇਆ।

ਬੁੜੈਲ ਜੇਲ੍ਹ ਤੋਂ ਬੰਦੀ ਸਿੰਘ ਪਰਮਜੀਤ ਸਿੰਘ ਭਿਓਰਾ ਵੱਲੋਂ ਵੀ ਸੰਦੇਸ਼ ਪੜ੍ਹਿਆ ਗਿਆ। ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵਿਧਾਨ ਸਭਾ ਵਿੱਚ ਬੰਦੀ ਸਿੰਘਾਂ ਤੇ ਬੇਅਦਬੀਆਂ ਵਿਰੋਧੀ ਦੋ ਮਤੇ ਲਿਆਉਣ ਦਾ ਐਲਾਨ ਕੀਤਾ। ਸਿਮਰਨਜੀਤ ਸਿੰਘ ਮਾਨ, ਹਰਪ੍ਰੀਤ ਸਿੰਘ ਤੇ ਹੋਰ ਆਗੂਆਂ ਨੇ ਸਰਕਾਰਾਂ 'ਤੇ ਦੋਹਰਾ ਮਾਪਦੰਡ ਅਪਣਾਉਣ ਦਾ ਇਲਜ਼ਾਮ ਲਗਾਇਆ। ਇਕੱਠ ਨੇ 1 ਮਾਰਚ ਤੱਕ ਜਥੇਦਾਰ ਹਵਾਰਾ ਨੂੰ ਬਿਰਧ ਮਾਤਾ ਨਾਲ ਮਿਲਣ ਦੀ ਛੁੱਟੀ ਨਾ ਦਿੱਤੀ ਤਾਂ 2 ਮਾਰਚ ਨੂੰ ਚੰਡੀਗੜ੍ਹ ਵਿੱਚ ਵੱਡਾ ਇਕੱਠ ਕਰਨ ਦਾ ਐਲਾਨ ਕੀਤਾ।

# ਕਿਸ਼ਤਵਾੜ ਐਨਕਾਊਂਟਰ: ਸੈਫੁੱਲਾ ਸਮੇਤ ਤਿੰਨ ਜੈਸ਼ ਅੱਤਵਾਦੀ ਢੇਰ



ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਵਿੱਚ ਆਪ੍ਰੇਸ਼ਨ ਤ੍ਰਾਸ਼ੀ-1 ਤਹਿਤ ਸੁਰੱਖਿਆ ਬਲਾਂ ਨੇ ਤਿੰਨ ਅੱਤਵਾਦੀਆਂ ਨੂੰ ਮਾਰ ਦਿਤਾ। ਇਸ ਵਿੱਚ ਜੈਸ਼-ਏ-ਮੁਹੰਮਦ ਦਾ ਉੱਚ ਅੱਤਵਾਦੀ ਸੈਫੁੱਲਾ ਅਤੇ ਇੱਕ ਪਾਕਿਸਤਾਨੀ ਆਤੰਕੀ ਸ਼ਾਮਲ ਹਨ। ਖੜ੍ਹੀ ਪਹਾੜੀ ਇਲਾਕੇ ਵਿੱਚ ਚੱਲੇ ਇਸ ਮੁਕਾਬਲੇ ਵਿੱਚ ਦੋ ਏਕੇ-47 ਰਾਈਫਲਾਂ ਬਰਾਮਦ ਹੋਈਆਂ।

# ਅੰਮ੍ਰਿਤਸਰ ਵਿਚ ਫਰਜ਼ੀ ਨਸ਼ਾ ਛੁਡਾਊ ਕੇਂਦਰ ਖੋਲ੍ਹਿਆ ਰਾਜ

**✪ 15 ਨੌਜਵਾਨ ਛੁਡਵਾਏ, ਸੰਚਾਲਕ ਰਾਣਾ ਪ੍ਰਤਾਪ ਗ੍ਰਿਫ਼ਤਾਰ**



ਅੰਮ੍ਰਿਤਸਰ-ਛੇਹਰਟਾ ਇਲਾਕੇ ਵਿੱਚ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਇੱਕ ਫਰਜ਼ੀ ਨਸ਼ਾ ਛੁਡਾਊ ਕੇਂਦਰ ਦਾ ਪਰਦਾਫਾਸ਼ ਕੀਤਾ ਹੈ। ਬਿਨਾਂ ਸਰਕਾਰੀ ਲਾਇਸੈਂਸ ਤੋਂ ਚਲਾਏ ਜਾ ਰਹੇ ਇਸ ਕੇਂਦਰ ਵਿੱਚ ਨਸ਼ੀਲੀ ਲਤ ਵਾਲੇ ਨੌਜਵਾਨਾਂ ਨੂੰ ਰੱਖ ਕੇ ਉਨ੍ਹਾਂ ਦੇ ਪਰਿਵਾਰਾਂ ਤੋਂ ਲੱਖਾਂ ਰੁਪਏ ਵਸੂਲੇ ਜਾ ਰਹੇ ਸਨ। ਪੁਲਿਸ ਸਟੇਸ਼ਨ ਛੇਹਰਟਾ ਦੀ ਟੀਮ ਨੇ ਗੁਪਤ ਸੂਚਨਾ ਤੋਂ ਬਾਅਦ ਛਾਪਾ ਮਾਰਿਆ। ਮੌਕੇ ਤੋਂ ਇੱਕ ਮੁਲਜ਼ਮ ਰਾਣਾ ਪ੍ਰਤਾਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉੱਥੋਂ 15 ਨੌਜਵਾਨਾਂ ਨੂੰ ਰਿਹਾ ਕਰਵਾਇਆ ਗਿਆ ਜਿਨ੍ਹਾਂ ਨੂੰ ਤੁਰੰਤ ਸਿਵਲ ਸਰਜਨ ਤੇ ਐਂਬੂਲੈਂਸ ਰਾਹੀਂ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਕਰਵਾਇਆ ਗਿਆ। ਜਾਂਚ ਵਿੱਚ ਪਤਾ ਲੱਗਿਆ ਕਿ ਕੇਂਦਰ ਵਿੱਚ ਨਾ ਡਾਕਟਰ ਸੀ ਤੇ ਨਾ ਹੀ ਕੋਈ ਮੈਡੀਕਲ ਸਹੂਲਤ।

# ਬਠਿੰਡਾ ਵਿਚ ਗੁੰਡਾਗਰਦੀ, ਸੁਖਬੀਰ ਬਾਦਲ ਨੇ ਚੁੱਕੇ ਆਪ ਸਰਕਾਰ 'ਤੇ ਸਵਾਲ



ਬਠਿੰਡਾ-ਲਾਈਨ ਪਾਰ ਇਲਾਕੇ ਵਿੱਚ ਨਸ਼ਾ ਤਸਕਰਾਂ ਵਿਚਕਾਰ ਖੁੱਲ੍ਹੀ ਗੈਂਗਵਾਰ ਨੇ ਸਿਆਸਤ ਤੇਜ਼ ਕਰ ਦਿੱਤੀ ਹੈ। ਵਾਇਰਲ ਹੋਈ ਵੀਡੀਓ ਵਿੱਚ ਇੱਕ ਦਰਜਨ ਤੋਂ ਵੱਧ ਨੌਜਵਾਨ ਇੱਕ ਵਿਅਕਤੀ ਦੀ ਬੇਰਹਿਮੀ ਨਾਲ ਕੁੱਟਮਾਰ ਕਰਦੇ ਨਜ਼ਰ ਆ ਰਹੇ ਹਨ। ਝਗੜਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਖੇਤਰੀ ਵੰਡ ਨੂੰ ਲੈ ਕੇ ਹੋਇਆ। ਸ਼੍ਰੋਮਣੀ ਅਕਾਲੀ ਦਲ ਆਗੂ ਸੁਖਬੀਰ ਸਿੰਘ ਬਾਦਲ ਨੇ ਵੀਡੀਓ ਸਾਂਝੀ ਕਰਦਿਆਂ ਆਪ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਝੂਠਾ ਐਲਾਨਿਆ ਅਤੇ ਗੈਂਗਸਟਰਾਂ ਨੂੰ ਰਾਜਨੀਤਿਕ ਸਮਰਥਨ ਮਿਲਣ ਦਾ ਇਲਜ਼ਾਮ ਲਗਾਇਆ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਿਰਫ਼ ਦਿਖਾਵਾ ਬਣ ਗਈ ਹੈ। ਪੁਲਿਸ ਨੇ ਵਾਇਰਲ ਵੀਡੀਓ ਆਧਾਰ 'ਤੇ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਲਾਕੇ ਵਿੱਚ ਭਾਰੀ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

# ਐਨ.ਆਰ.ਆਈ ਔਰਤ ਨੇ ਕਿਰਪਾਨ ਲਹਿਰਾ ਕੇ ਲੁਟੇਰਿਆਂ ਨੂੰ ਭਜਾਇਆ



ਦੋਰਾਹਾ (ਲੁਧਿਆਣਾ)-ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜਗੜ੍ਹ ਦੀ ਵਸਨੀਕ ਐਨ. ਆਰ. ਆਈ. ਔਰਤ ਹਰਜਿੰਦਰ ਕੌਰ ਨੇ ਲੁਟੇਰਿਆਂ ਨੂੰ ਕਿਰਪਾਨ ਲਹਿਰਾ ਕੇ ਭਜਾ ਦਿੱਤਾ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ ਅਤੇ ਉਸ ਦੀ ਬਹਾਦਰੀ ਦੀ ਆਲੇ-ਦੁਆਲੇ ਤੇ ਇੰਟਰਨੈੱਟ 'ਤੇ ਭਰਪੂਰ ਸ਼ਲਾਘਾ ਹੋ ਰਹੀ ਹੈ। ਹਰਜਿੰਦਰ ਕੌਰ 15 ਦਿਨ ਪਹਿਲਾਂ ਆਸਟ੍ਰੇਲੀਆ ਤੋਂ ਆਪਣੇ ਪਿੰਡ ਆਈ ਸੀ। ਬੀਤੀ ਰਾਤ ਉਹ ਡੇਹਲੋਂ ਵਿਖੇ ਰਿਸ਼ਤੇਦਾਰੀ ਵਿੱਚ ਜਾ ਰਹੀ ਸੀ ਤਾਂ ਇੱਕ ਮੋਟਰਸਾਈਕਲ 'ਤੇ ਸਵਾਰ ਦੋ ਲੁਟੇਰਿਆਂ ਨੇ ਉਸ ਦੀ ਕਾਰ ਦਾ ਪਿੱਛਾ ਕੀਤਾ। ਲੁਟੇਰਿਆਂ ਨੇ ਕਾਰ ਦੇ ਸ਼ੀਸ਼ੇ 'ਤੇ ਅੰਡੇ ਸੁੱਟੇ ਅਤੇ ਅੱਗੇ ਜਾ ਕੇ ਰਸਤਾ ਰੋਕ ਲਿਆ। ਇਸ ਤੋਂ ਬਾਅਦ ਹਰਜਿੰਦਰ ਕੌਰ ਬਿਨਾਂ ਘਬਰਾਏ ਕਾਰ ਵਿੱਚੋਂ ਬਾਹਰ ਆਈ ਅਤੇ ਆਪਣੀ ਕਿਰਪਾਨ ਲਹਿਰਾ ਕੇ ਲੁਟੇਰਿਆਂ ਨੂੰ ਲਲਕਾਰਿਆ। ਲੁਟੇਰੇ ਇੱਕ ਹੋਰ ਗੱਡੀ ਨੂੰ ਆਉਂਦੀ ਦੇਖ ਕੇ ਭੱਜ ਗਏ। ਘਟਨਾ ਦੌਰਾਨ ਉਸ ਦੇ ਪਰਿਵਾਰਕ ਮੈਂਬਰਾਂ ਨੇ ਵੀਡੀਓ ਬਣਾ ਲਈ।

ਡੇਹਲੋਂ ਪੁਲਿਸ ਨੇ ਇਸ ਮਾਮਲੇ ਵਿੱਚ ਅਣਪਛਾਤੇ ਲੁਟੇਰਿਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਸ਼ੱਕੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ ਅਤੇ ਉਨ੍ਹਾਂ ਤੋਂ ਪੁੱਛਗਿੱਛ ਜਾਰੀ ਹੈ। ਔਰਤ ਦੀ ਇਸ ਬਹਾਦਰੀ ਨੂੰ ਪੰਜਾਬ ਵਿਚ ਔਰਤਾਂ ਲਈ ਇੱਕ ਮਿਸਾਲ ਵਜੋਂ ਦੇਖਿਆ ਜਾ ਰਿਹਾ ਹੈ।

# ਅਕਾਲੀ ਦਲ ਵਿਚ ਸ਼ਾਮਲ ਹੋਏ ਮੱਖਣ



ਨਕੋਦਰ-ਪੰਜਾਬੀ ਗਾਇਕ ਤੇ ਕੁਸ਼ਤੀ ਖਿਡਾਰੀ ਕੇ.ਐੱਸ. ਮੱਖਣ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਪਿੰਡ ਸ਼ੰਕਰ ਵਿਖੇ ਹੋਏ ਸਮਾਗਮ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਤੇ ਨਿੱਘਾ ਸਵਾਗਤ ਕੀਤਾ।

# ਮਾਝਾ ਜ਼ੋਨ ਦੇ ਕਾਰੋਬਾਰੀਆਂ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਮੰਗ ਰਿਹਾ ਗੈਂਗਸਟਰ ਗ੍ਰਿਫ਼ਤਾਰ



ਅੰਮ੍ਰਿਤਸਰ-ਪੁਲਿਸ ਨੇ ਵੀਰਵਾਰ ਰਾਤ ਸੁਲਤਾਨਵਿੰਡ ਰੋਡ ਤੋਂ ਗੈਂਗਸਟਰ ਕੇਸ਼ਵ ਸ਼ਿਵਾਲਾ ਦੇ ਸਾਥੀ ਰਾਕੇਸ਼ ਕੁਮਾਰ ਉਰਫ਼ ਰਿੱਕੀ ਮਹਾਸ਼ਾ ਨੂੰ ਗ੍ਰਿਫ਼ਤਾਰ ਕੀਤਾ। ਉਹ ਮਾਝਾ ਜ਼ੋਨ ਦੇ ਕਾਰੋਬਾਰੀਆਂ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਮੰਗ ਰਿਹਾ ਸੀ। ਪੁਲਿਸ ਨੇ ਉਸ ਤੋਂ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ। ਹੋਰ ਸਾਥੀਆਂ ਅਤੇ ਹਥਿਆਰਾਂ ਦੀ ਭਾਲ ਜਾਰੀ ਹੈ।

# ਕੈਨੇਡਾ ਵਿਚ ਪੰਜਾਬੀ ਮੁੰਡਿਆਂ ਨੇ ਬੰਦਾ ਅਗਵਾ ਕਰ ਮੰਗੇ 2 ਲੱਖ ਡਾਲਰ

ਬਰੈਂਪਟਨ-ਕੈਨੇਡਾ ਵਿੱਚ ਪੀਲ ਰੀਜਨਲ ਪੁਲਸ ਨੇ ਦੋ ਭਾਰਤੀ ਯੁਵਕਾਂ ਹਰਕੀਰਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਨੇ ਇੱਕ ਵਿਅਕਤੀ ਨੂੰ ਅਗਵਾ ਕਰਕੇ 2 ਲੱਖ ਡਾਲਰ ਫਿਰੌਤੀ ਮੰਗੀ ਸੀ। ਪੀੜਤ ਨੂੰ ਸੁਰੱਖਿਅਤ ਬਰਾਮਦ ਕੀਤਾ ਗਿਆ ਅਤੇ ਹਥਿਆਰ ਬਰਾਮਦ ਹੋਏ। ਤੀਜਾ ਆਰੋਪੀ ਹਸਨਪ੍ਰੀਤ ਸਿੰਘ ਫਰਾਰ ਹੈ। ਪੁਲਸ ਗੈਂਗ ਲਿੰਕ ਦੀ ਜਾਂਚ ਕਰ ਰਹੀ ਹੈ।

# ਰਈਆ ਪੁਲਿਸ ਚੌਕੀ 'ਤੇ ਆਈਈਡੀ ਹਮਲਾ ਟਾਲਿਆ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਬਿਆਸ ਥਾਣੇ ਅਧੀਨ ਰਈਆ ਪੁਲਿਸ ਚੌਕੀ ਨੂੰ ਖਾੜਕੂਆਂ ਨੇ ਰਾਤ ਦੌਰਾਨ ਆਈਈਡੀ ਲਗਾ ਕੇ ਉਡਾਉਣ ਦੀ ਸਾਜ਼ਿਸ਼ ਰਚੀ। ਪੁਲਿਸ ਨੇ ਸਮਾਂ ਰਹਿੰਦਿਆਂ ਬਰਾਮਦ ਕਰ ਲਿਆ ਅਤੇ ਬੰਬ ਨਿਰੋਧਕ ਟੀਮ ਨੇ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ। ਇਸ ਤਰ੍ਹਾਂ ਵੱਡਾ ਹਮਲਾ ਟਾਲਿਆ ਗਿਆ।

# 50 ਨਾਬਾਲਿਗਾਂ ਦੇ ਜਿਨਸੀ ਸ਼ੋਸ਼ਣ ਵਿਚ ਫਾਂਸੀ

ਬਾਂਦਾ (ਯੂਪੀ)-ਪੋਕਸੋ ਅਦਾਲਤ ਨੇ 50 ਨਾਬਾਲਿਗ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਕੇ ਅਸ਼ਲੀਲ ਤਸਵੀਰਾਂ ਤੇ ਵੀਡੀਓਜ਼ ਇੰਟਰਨੈੱਟ 'ਤੇ ਵੇਚਣ ਵਾਲੇ ਸਿੰਚਾਈ ਵਿਭਾਗ ਦੇ ਮੁਅੱਤਲ ਜੇਈ ਰਾਮਭਵਨ ਤੇ ਉਸ ਦੀ ਪਤਨੀ ਦੁਰਗਾਵਤੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੋਵਾਂ ਨੂੰ ਆਖਰੀ ਸਾਹ ਤੱਕ ਲਟਕਾਉਣ ਦਾ ਹੁਕਮ ਦਿੱਤਾ ਗਿਆ। ਜੇਈ 'ਤੇ 6.45 ਲੱਖ ਤੇ ਪਤਨੀ 'ਤੇ 5.40 ਲੱਖ ਰੁਪਏ ਜੁਰਮਾਨਾ ਲਗਾਇਆ ਗਿਆ। ਪੀੜਤਾਂ ਨੂੰ 10 ਲੱਖ ਮੁਆਵਜ਼ਾ ਵੀ ਦੇਣਾ ਹੋਵੇਗਾ।

# ਟਰੰਪ ਦਾ ਵੱਡਾ ਧਮਾਕਾ: ਕੀ ਹੁਣ ਦੁਨੀਆ ਸਾਹਮਣੇ ਆਵੇਗਾ ਏਲੀਅਨਜ਼ ਅਤੇ ਯੂਐਫਓਜ਼ ਦਾ ਗੁਪਤ ਸੱਚ ?

## ✪ ਕੀ ਸਪੇਸ ਫਾਈਲਾਂ ਤੋਂ ਉੱਠੇਗਾ ਪਰਦਾ, ਟਰੰਪ ਨੇ ਓਬਾਮਾ 'ਤੇ ਕਿਉਂ ਲਾਏ ਗੰਭੀਰ ਦੋਸ਼ ✪ ਕਿਉਂ ਦਿੱਤੇ ਖੁਫੀਆ ਦਸਤਾਵੇਜ਼ ਜਨਤਕ ਕਰਨ ਦੇ ਹੁਕਮ ✪ ਟਰੰਪ ਦੇ ਫੈਸਲੇ ਨੇ ਵਿਗਿਆਨੀਆਂ ਅਤੇ ਰਾਜਨੀਤੀ ਵਿੱਚ ਲਿਆਂਦਾ ਭੂਚਾਲ

**ਦਰਪਣ ਝੂਠ ਨਹੀ ਬੋਲਦਾ**

**ਪੰਜਾਬ ਟਾਈਮਜ਼ ਮੀਡੀਆ**



ਇੱਕ ਪਾਸੇ ਜਿੱਥੇ ਅਮਰੀਕਾ ਇਰਾਨ ਨਾਲ ਜੰਗ ਦੀ ਤਿਆਰੀ ਵਿਚ ਹੈ, ਉਥੇ ਹੀ ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੂਜੇ ਗ੍ਰਹਿਆਂ ਤੋਂ ਆਉਣ ਵਾਲੇ ਜੀਵਾਂ ਅਤੇ ਉੱਡਣ ਤਸ਼ਤਰੀਆਂ ਨਾਲ ਸਬੰਧਤ ਗੁਪਤ ਫਾਈਲਾਂ ਨੂੰ ਜਨਤਕ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਟਰੰਪ ਨੇ ਕਿਹਾ ਹੈ ਕਿ ਲੋਕਾਂ ਵਿੱਚ ਇਸ ਵਿਸ਼ੇ ਨੂੰ ਲੈ ਕੇ ਭਾਰੀ ਉਤਸੁਕਤਾ ਹੈ ਅਤੇ ਉਹ ਸੱਚਾਈ ਜਾਣਨਾ ਚਾਹੁੰਦੇ ਹਨ।

ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਵਿੱਚ ਵੀ ਯੂਐਫਓ ਅਤੇ ਏਲੀਅਨਜ਼ ਨੂੰ ਲੈ ਕੇ ਚਰਚਾ ਕੀਤੀ ਸੀ। 2020 ਵਿੱਚ ਉਨ੍ਹਾਂ ਨੇ ਇੱਕ ਬਿੱਲ 'ਤੇ ਦਸਤਖ਼ਤ ਕੀਤੇ ਸਨ ਜਿਸ ਵਿੱਚ ਯੂਐਫਓ ਨਾਲ ਜੁੜੇ ਰਿਪੋਰਟਾਂ ਨੂੰ ਡੀਕਲਾਸੀਫਾਈ ਕਰਨ ਦੀ ਵਿਵਸਥਾ ਸੀ। ਹੁਣ 2026 ਵਿੱਚ ਉਹ ਇਸ ਨੂੰ ਅੱਗੇ ਵਧਾ ਰਹੇ ਹਨ। ਟਰੰਪ ਨੇ ਕਿਹਾ ਕਿ "ਜਨਤਾ ਵਿੱਚ ਇਸ ਵਿਸ਼ੇ ਨੂੰ ਲੈ ਕੇ ਭਾਰੀ ਦਿਲਚਸਪੀ ਹੈ, ਇਸ ਲਈ ਮੈਂ ਇਨ੍ਹਾਂ ਫਾਈਲਾਂ ਨੂੰ ਖੋਲ੍ਹਣ ਦਾ ਹੁਕਮ ਦੇ ਰਿਹਾ ਹਾਂ।" ਇਸ ਨਾਲ ਅਮਰੀਕੀ ਰੱਖਿਆ ਵਿਭਾਗ ਅਤੇ ਖੁਫੀਆ ਏਜੰਸੀਆਂ ਨੂੰ ਆਪਣੀਆਂ ਗੁਪਤ ਫਾਈਲਾਂ ਨੂੰ ਜਨਤਕ ਕਰਨਾ ਪਵੇਗਾ।

ਪਰ ਟਰੰਪ ਨੇ ਇਹ ਵੀ ਕਿਹਾ ਕਿ ਉਹ ਖੁਦ ਏਲੀਅਨਜ਼ ਦੀ ਹੋਂਦ 'ਤੇ ਯਕੀਨ ਨਹੀਂ ਰੱਖਦੇ। ਉਨ੍ਹਾਂ ਨੇ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਉਹ ਅਸਲ ਹਨ ਜਾਂ ਨਹੀਂ, ਪਰ ਓਬਾਮਾ ਨੇ ਕਲਾਸੀਫਾਈਡ ਜਾਣਕਾਰੀ ਲੀਕ ਕਰ ਕੇ ਵੱਡੀ ਗਲਤੀ ਕੀਤੀ ਹੈ।" ਇਸ ਨਾਲ ਰਾਜਨੀਤੀ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ।

ਯਾਦ ਰਹੇ ਕਿ ਬਰਾਕ ਓਬਾਮਾ ਨੇ ਹਾਲ ਹੀ ਵਿੱਚ ਇੱਕ ਪੌਡਕਾਸਟ ਵਿੱਚ ਏਲੀਅਨਜ਼ ਨੂੰ ਲੈ ਕੇ ਬਿਆਨ ਦਿੱਤਾ ਸੀ ਕਿ "ਏਲੀਅਨਜ਼ ਅਸਲ ਹਨ, ਪਰ ਮੈਂ ਉਨ੍ਹਾਂ ਨੂੰ ਨਹੀਂ ਵੇਖਿਆ ਹੈ।" ਇਸ ਬਿਆਨ ਨੇ ਸੋਸ਼ਲ ਮੀਡੀਆ 'ਤੇ ਤੂਫਾਨ ਖੜ੍ਹਾ ਕਰ ਦਿੱਤਾ ਸੀ। ਓਬਾਮਾ ਨੇ ਬਾਅਦ ਵਿੱਚ ਇੰਸਟਾਗ੍ਰਾਮ 'ਤੇ ਸਪੱਸ਼ਟੀਕਰਨ ਦਿੱਤਾ ਸੀ ਕਿ ਉਨ੍ਹਾਂ ਦਾ ਮਤਲਬ ਇਹ ਨਹੀਂ ਸੀ ਕਿ ਏਲੀਅਨਜ਼ ਧਰਤੀ 'ਤੇ ਆਏ ਹਨ ਜਾਂ ਸਰਕਾਰ ਕੋਲ ਉਨ੍ਹਾਂ ਦੇ ਸਬੂਤ ਹਨ। ਉਨ੍ਹਾਂ ਨੇ ਕਿਹਾ, "ਬ੍ਰਹਿਮੰਡ ਇੰਨਾ ਵਿਸ਼ਾਲ ਹੈ ਕਿ ਜੀਵਨ ਦੀ ਸੰਭਾਵਨਾ ਵੱਧ ਹੈ, ਪਰ ਮੈਂ ਆਪਣੇ ਕਾਰਜਕਾਲ ਵਿੱਚ ਕੋਈ ਸਬੂਤ ਨਹੀਂ ਵੇਖਿਆ ਕਿ ਏਲੀਅਨਜ਼ ਨੇ ਸਾਡੇ ਨਾਲ ਸੰਪਰਕ ਕੀਤਾ ਹੈ।"

ਟਰੰਪ ਨੇ ਇਸ ਬਿਆਨ ਨੂੰ ਲੈ ਕੇ ਓਬਾਮਾ 'ਤੇ ਹਮਲਾ ਬੋਲਿਆ। ਉਨ੍ਹਾਂ ਨੇ ਕਿਹਾ ਕਿ ਓਬਾਮਾ ਨੇ ਕਲਾਸੀਫਾਈਡ ਜਾਣਕਾਰੀ ਲੀਕ ਕੀਤੀ ਹੈ ਅਤੇ ਇਹ ਇੱਕ ਵੱਡੀ ਗਲਤੀ ਹੈ। ਦੂਜੇ ਪਾਸੇ ਡੈਮੋਕਰੈਟ ਨੇਤਾ ਓਬਾਮਾ ਦੇ ਬਚਾਅ ਵਿੱਚ ਆ ਗਏ ਹਨ ਅਤੇ ਕਹਿ ਰਹੇ ਹਨ ਕਿ ਓਬਾਮਾ ਨੇ ਕੋਈ ਗੁਪਤ ਜਾਣਕਾਰੀ ਨਹੀਂ ਲੀਕ ਕੀਤੀ, ਬਲਕਿ ਵਿਗਿਆਨਕ ਸੰਭਾਵਨਾ 'ਤੇ ਚਰਚਾ ਕੀਤੀ ਹੈ।

ਏਲੀਅਨਜ਼ ਦੀ ਹੋਂਦ ਨੂੰ ਲੈ ਕੇ ਵਿਗਿਆਨੀਆਂ ਵਿੱਚ ਵੱਡੀ ਚਰਚਾ ਹੈ। ਵਿਗਿਆਨ ਅਨੁਸਾਰ, ਬ੍ਰਹਿਮੰਡ ਵਿੱਚ ਕਰੋੜਾਂ ਗ੍ਰਹਿ ਹਨ ਜਿੱਥੇ ਜੀਵਨ ਦੀ ਸੰਭਾਵਨਾ ਹੈ। ਡਰੇਕ ਇਕੁਏਸ਼ਨ ਅਨੁਸਾਰ, ਸਾਡੀ ਗੈਲੈਕਸੀ ਵਿੱਚ ਹੀ ਹਜ਼ਾਰਾਂ ਸਭਿਅਤਾਵਾਂ ਹੋ ਸਕਦੀਆਂ ਹਨ। ਪਰ ਅਜੇ ਤੱਕ ਕੋਈ ਪੱਕਾ ਸਬੂਤ ਨਹੀਂ ਮਿਲਿਆ ਕਿ ਏਲੀਅਨਜ਼ ਧਰਤੀ 'ਤੇ ਆਏ ਹਨ ਜਾਂ ਸਾਡੇ ਨਾਲ ਸੰਪਰਕ ਵਿੱਚ ਹਨ। ਨਾਸਾ ਦੇ ਵਿਗਿਆਨੀ ਕਹਿੰਦੇ ਹਨ ਕਿ ਜੀਵਨ ਦੀ ਹੋਂਦ ਸੰਭਵ ਹੈ, ਪਰ ਇਸ ਨੂੰ ਖੋਜਣ ਲਈ ਹੋਰ ਖੋਜ ਦੀ ਲੋੜ ਹੈ।

ਵਿਗਿਆਨੀਆਂ ਦੇ ਅਨੁਸਾਰ, ਏਲੀਅਨਜ਼ ਦੀ ਹੋਂਦ ਦੀ ਸੰਭਾਵਨਾ ਵੱਧ ਹੈ, ਕਿਉਂਕਿ ਬ੍ਰਹਿਮੰਡ ਵਿੱਚ ਅਰਬਾਂ ਤਾਰੇ ਅਤੇ ਗ੍ਰਹਿ ਹਨ। ਕਾਰਲ ਸੈਗਨ ਅਤੇ ਸਟੀਫਨ ਹਾਕਿੰਗ ਵਰਗੇ ਵਿਗਿਆਨੀਆਂ ਨੇ ਕਿਹਾ ਹੈ ਕਿ ਜੀਵਨ ਦੀ ਹੋਂਦ ਨਾ ਹੋਣਾ ਅਸੰਭਵ ਹੈ। ਪਰ ਫਰਮੀ ਪੈਰਾਡੌਕਸ ਅਨੁਸਾਰ, ਜੇ ਏਲੀਅਨਜ਼ ਹਨ ਤਾਂ ਉਹ ਕਿੱਥੇ ਹਨ? ਵਿਗਿਆਨੀ ਕਹਿੰਦੇ ਹਨ ਕਿ ਦੂਰੀਆਂ ਇੰਨੀਆਂ ਵੱਡੀਆਂ ਹਨ ਕਿ ਸੰਪਰਕ ਕਰਨਾ ਮੁਸ਼ਕਲ ਹੈ। ਨਾਸਾ ਦੇ ਐਸਟ੍ਰੋਬਾਇਓਲੌਜਿਸਟ ਲਿੰਡਸੇ ਹੇਜ਼ ਕਹਿੰਦੇ ਹਨ ਕਿ ਅਸੀਂ ਅਜੇ ਤੱਕ ਜੀਵਨ ਨਹੀਂ ਲੱਭਿਆ, ਪਰ ਇਹ ਨਹੀਂ ਕਿ ਏਲੀਅਨਜ ਨਹੀਂ ਹਨ।

ਨਾਸਾ ਅਤੇ ਯੂਰੋਪੀਅਨ ਸਪੇਸ ਏਜੰਸੀ ਨੇ ਕਈ ਮਿਸ਼ਨ ਭੇਜੇ ਹਨ ਜੋ ਏਲੀਅਨਜ਼ ਨੂੰ ਖੋਜ ਰਹੇ ਹਨ। ਜੇਮਸ ਵੈੱਬ ਸਪੇਸ ਟੈਲੀਸਕੋਪ ਨੇ ਦੂਰ ਦੇ ਗ੍ਰਹਿਆਂ 'ਤੇ ਜੀਵਨ ਦੇ ਨਿਸ਼ਾਨ ਲੱਭੇ ਹਨ, ਜਿਵੇਂ ਕਿ ਕੇ 2-18ਬੀ 'ਤੇ ਡਾਇਮੀਥਾਈਲ ਸਲਫਾਈਡ, ਜੋ ਜੀਵਨ ਨਾਲ ਜੁੜਿਆ ਹੋ ਸਕਦਾ ਹੈ। ਪਰ ਵਿਗਿਆਨੀ ਸੁਚੇਤ ਹਨ ਅਤੇ ਕਹਿੰਦੇ ਹਨ ਕਿ ਇਹ ਪੱਕੇ ਸਬੂਤ ਨਹੀਂ ਹਨ।

ਪੈਂਟਾਗਨ ਦੀਆਂ ਰਿਪੋਰਟਾਂ ਅਨੁਸਾਰ, 2024 ਵਿੱਚ 757 ਨਵੀਆਂ ਯੂਐਫਓ ਸਾਈਟਿੰਗਾਂ ਹੋਈਆਂ ਹਨ, ਪਰ ਕੋਈ ਏਲੀਅਨ ਸਬੂਤ ਨਹੀਂ ਮਿਲਿਆ। ਗਾਰਡੀਅਨ ਯੂਕੇ ਨੇ ਲਿਖਿਆ ਕਿ ਯੂਐਸ ਨੇ ਏਲੀਅਨ ਜਾਂ ਯੂਐਫਓ ਟੈਕਨਾਲੌਜੀ ਨੂੰ ਛੁਪਾਇਆ ਨਹੀਂ ਹੈ। ਇਹ ਅਖ਼ਬਾਰਾਂ ਯੂਐਫਓ ਨੂੰ ਸੀਰੀਅਸ ਲੈਂਦੀਆਂ ਹਨ ਪਰ ਏਲੀਅਨ ਵਿਜ਼ਿਟ ਨੂੰ ਨਕਾਰਦੀਆਂ ਹਨ।

ਟਰੰਪ ਦੀ ਘੋਸ਼ਣਾ ਨਾਲ ਵਿਗਿਆਨ ਅਤੇ ਰਾਜਨੀਤੀ ਵਿੱਚ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਜੇ ਫਾਈਲਾਂ ਖੁੱਲ੍ਹੀਆਂ ਤਾਂ ਏਲੀਅਨਜ਼ ਨੂੰ ਲੈ ਕੇ ਨਵੇਂ ਸਬੂਤ ਮਿਲ ਸਕਦੇ ਹਨ। ਪਰ ਵਿਗਿਆਨੀ ਕਹਿੰਦੇ ਹਨ ਕਿ ਇਹ ਫਾਈਲਾਂ ਸ਼ਾਇਦ ਯੂਐਫਓ ਸਾਈਟਿੰਗਾਂ ਨੂੰ ਲੈ ਕੇ ਹੋਣ ਅਤੇ ਏਲੀਅਨ ਸਬੂਤ ਨਹੀਂ ਹੋਣਗੇ। ਇਸ ਨਾਲ ਅਮਰੀਕੀ ਸਰਕਾਰ ਦੀ ਟਰਾਂਸਪੇਰੰਸੀ ਵਧੇਗੀ ਅਤੇ ਲੋਕਾਂ ਨੂੰ ਸੱਚ ਪਤਾ ਲੱਗੇਗਾ। ਜੇਕਰ ਇਨ੍ਹਾਂ ਫਾਈਲਾਂ ਵਿੱਚ ਕੁਝ ਅਜਿਹਾ ਨਿਕਲਦਾ ਹੈ ਜੋ ਪਿਛਲੀਆਂ ਸਰਕਾਰਾਂ ਦੇ ਝੂਠ ਨੂੰ ਫੜਦਾ ਹੈ, ਤਾਂ ਇਹ ਅਮਰੀਕੀ ਚੋਣਾਂ ਵਿੱਚ ਵੱਡਾ ਮੁੱਦਾ ਬਣੇਗਾ।


ਪਰ ਦੂਜੇ ਪਾਸੇ, ਜੇਕਰ ਏਲੀਅਨਜ਼ ਦੀ ਮੌਜੂਦਗੀ ਦਾ ਕੋਈ ਵੀ ਠੋਸ ਸਬੂਤ ਸਾਹਮਣੇ ਆਉਂਦਾ ਹੈ, ਤਾਂ ਇਹ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਖੋਜ ਹੋਵੇਗੀ। ਕੀ ਅਸੀਂ ਇਸ ਸੱਚਾਈ ਦਾ ਸਾਹਮਣਾ ਕਰਨ ਲਈ ਤਿਆਰ ਹਾਂ ਕਿ ਅਸੀਂ ਇਸ ਵਿਸ਼ਾਲ ਬ੍ਰਹਿਮੰਡ ਵਿੱਚ ਇਕੱਲੇ ਨਹੀਂ ਹਾਂ?

ਆਉਣ ਵਾਲੇ ਦਿਨਾਂ ਵਿੱਚ ਜਦੋਂ ਇਹ ਫਾਈਲਾਂ ਜਨਤਕ ਹੋਣਗੀਆਂ, ਤਾਂ ਸ਼ਾਇਦ ਸਾਡੇ ਪੁਲਾੜ ਨੂੰ ਦੇਖਣ ਦਾ ਨਜ਼ਰੀਆ ਹਮੇਸ਼ਾ ਲਈ ਬਦਲ ਜਾਵੇਗਾ।

੦ ੦ ੦

# ਅਸਟ੍ਰੇਲੀਆ ਵਿਚ ਸਿਖ ਨੌਜਵਾਨ ਉਪਰ ਨਸਲੀ ਹਮਲਾ

ਜੀਲੌਂਗ-ਆਸਟ੍ਰੇਲੀਆ ਦੇ ਜੀਲੌਂਗ ਸ਼ਹਿਰ ਦੇ ਕੋਰਿਓ ਇਲਾਕੇ ਵਿਚ 22 ਸਾਲਾ ਭਾਰਤੀ ਮੂਲ ਦੇ ਸਿੱਖ ਨੌਜਵਾਨ ਹਰਮਨਪ੍ਰੀਤ ਸਿੰਘ ਉੱਤੇ ਤਿੰਨ ਨਸਲਵਾਦੀਆਂ ਨੇ ਘਾਤਕ ਨਸਲੀ ਹਮਲਾ ਕੀਤਾ। ਨਰਸ ਵਜੋਂ ਕੰਮ ਕਰਦਾ ਇਹ ਯੁਵਕ ਜਿਮ ਵਿਚ ਕਸਰਤ ਕਰ ਰਿਹਾ ਸੀ। ਤਿੰਨਾਂ ਨੌਜਵਾਨਾਂ ਨੇ ਉਸ 'ਤੇ ਨਸਲੀ ਟਿੱਪਣੀਆਂ ਸ਼ੁਰੂ ਕਰ ਦਿੱਤੀਆਂ ਅਤੇ 'ਇੰਡੀਆਨ ਡੌਗ', 'ਵਾਪਸ ਜਾਓ' ਵਰਗੀਆਂ ਗਾਲ੍ਹਾਂ ਕੱਢੀਆਂ। ਜਿਮ ਤੋਂ ਬਾਹਰ ਆਉਂਦਿਆਂ ਉਨ੍ਹਾਂ ਨੇ ਉਸ ਨੂੰ ਘੇਰ ਲਿਆ ਅਤੇ ਇੱਕ ਨੇ ਉਸਦੇ ਸਿਰ ਨਾਲ ਉਸਦੀ ਨੱਕ 'ਤੇ ਜ਼ੋਰਦਾਰ ਹੈੱਡਬੱਟ ਮਾਰਿਆ। ਨੱਕ ਦੀ ਹੱਡੀ ਟੁੱਟ ਗਈ, ਖੂਨ ਵਹਿਣ ਲੱਗ ਪਿਆ ਅਤੇ ਹਰਮਨਪ੍ਰੀਤ ਧਰਤੀ 'ਤੇ ਡਿੱਗ ਪਿਆ। ਹਮਲਾਵਰ ਇੱਕ ਸਲੇਟੀ ਰੰਗ ਦੀ ਕਾਰ ਵਿਚ ਭੱਜ ਗਏ। ਸਥਾਨਕ ਲੋਕਾਂ ਨੇ ਉਸਦੀ ਮਦਦ ਕੀਤੀ ਅਤੇ ਨੇੜਲੇ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਫ੍ਰੈਕਚਰ ਦੀ ਪੁਸ਼ਟੀ ਕੀਤੀ ਅਤੇ ਸਰਜਰੀ ਦੀ ਲੋੜ ਦੱਸੀ। ਹਰਮਨਪ੍ਰੀਤ ਮਾਨਸਿਕ ਤੌਰ 'ਤੇ ਵੀ ਬਹੁਤ ਟੁੱਟਿਆ ਹੋਇਆ ਹੈ ਅਤੇ ਉਹ ਜਿਮ ਵਾਪਸ ਜਾਣ ਤੋਂ ਡਰਦਾ ਹੈ। ਉਸ ਨੇ ਵਿਕਟੋਰੀਆ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਪੁਲਿਸ ਨੇ ਸੀਸੀਟੀਵੀ ਫੁਟੇਜ ਚੈੱਕ ਕਰਕੇ ਹਮਲਾਵਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਅਤੇ



ਜੇ ਨਸਲੀ ਭੇਦਭਾਵ ਸਾਬਤ ਹੋਇਆ ਤਾਂ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਹੈ। ਇਸ ਘਟਨਾ ਨੇ ਆਸਟ੍ਰੇਲੀਆ ਵਿਚ ਰਹਿਣ ਵਾਲੇ ਭਾਰਤੀ ਡਾਇਸਪੋਰਾ ਅਤੇ ਸਿੱਖ ਭਾਈਚਾਰੇ ਵਿਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ।

# ਸੈਟਲਮੈਂਟ ਸਿਰਫ਼ ਆਮਦਨ 'ਤੇ ਨਿਰਭਰ ਨਾ ਹੋਵੇ: ਇੰਡੀਅਨ ਵਰਕਰਜ਼ ਐਸੋਸੀਏਸ਼ਨ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਯੂਕੇ ਸਰਕਾਰ ਵੱਲੋਂ ਵਿਚਾਰ ਅਧੀਨ "ਅਰਨਡ ਸੈਟਲਮੈਂਟ" ਇਮੀਗ੍ਰੇਸ਼ਨ ਯੋਜਨਾ ਬਾਰੇ ਗੰਭੀਰ ਚਿੰਤਾ ਜਤਾਉਂਦਿਆਂ ਕਿਹਾ ਹੈ ਕਿ ਸੈਟਲਮੈਂਟ ਪ੍ਰਣਾਲੀ ਨੂੰ ਸਿਰਫ਼ ਆਮਦਨ ਨਾਲ ਜੋੜਨਾ ਨਿਆਂਪੂਰਨ ਨਹੀਂ ਹੋਵੇਗਾ। ਐਸੋਸੀਏਸ਼ਨ ਨੇ 120 ਤੋਂ ਵੱਧ ਮਾਈਗ੍ਰੈਂਟ ਅਤੇ ਕਮਿਊਨਿਟੀ ਸੰਸਥਾਵਾਂ ਨਾਲ ਇਕਜੁੱਟਤਾ ਜਤਾਉਂਦਿਆਂ ਇਨ੍ਹਾਂ ਪ੍ਰਸਤਾਵਾਂ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ।

ਜਾਰੀ ਬਿਆਨ ਅਨੁਸਾਰ ਇਸ ਪ੍ਰਸਤਾਵ ਨੇ ਅਜੇ ਕਾਨੂੰਨੀ ਰੂਪ ਨਹੀਂ ਲਿਆ, ਪਰ ਸਰਕਾਰੀ ਪੱਧਰ 'ਤੇ ਚਰਚਾ ਜਾਰੀ ਹੈ। ਰਿਪੋਰਟਾਂ ਮੁਤਾਬਕ ਨਵੀਂ ਯੋਜਨਾ ਲਾਗੂ ਹੋਣ ਦੀ ਸੂਰਤ ਵਿੱਚ ਕਈ ਪ੍ਰਵਾਸੀ ਪਰਿਵਾਰਾਂ ਨੂੰ ਯੂਕੇ ਵਿੱਚ ਪੱਕੀ ਰਹਾਇਸ਼ (ਸੈਟਲਮੈਂਟ) ਹਾਸਲ ਕਰਨ ਲਈ ਪਹਿਲਾਂ ਨਾਲੋਂ ਕਾਫ਼ੀ ਵੱਧ ਸਮੇਂ ਦੀ ਉਡੀਕ ਕਰਨੀ ਪੈ ਸਕਦੀ ਹੈ। ਕੁਝ ਮਾਮਲਿਆਂ ਵਿੱਚ ਇਹ ਮਿਆਦ 10 ਸਾਲ ਤੋਂ ਵੱਧ ਕੇ ਲਗਭਗ 20 ਸਾਲ ਤੱਕ ਹੋ ਸਕਦੀ ਹੈ, ਖ਼ਾਸ ਕਰਕੇ ਉਹਨਾਂ ਪਰਿਵਾਰਾਂ ਲਈ ਜਿਨ੍ਹਾਂ ਨੇ ਕਾਨੂੰਨੀ ਤੌਰ 'ਤੇ ਸਰਕਾਰੀ ਸਹਾਇਤਾ ਲਈ ਹੋਵੇ। ਖੋਜ ਰਿਪੋਰਟਾਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਇਸ ਵੇਲੇ ਲਗਭਗ 13.5 ਲੱਖ ਲੋਕ ਸੈਟਲਮੈਂਟ ਦੇ ਰਸਤੇ 'ਤੇ ਹਨ, ਜਿਨ੍ਹਾਂ ਵਿੱਚ 3 ਲੱਖ ਤੋਂ ਵੱਧ ਬੱਚੇ ਵੀ ਸ਼ਾਮਲ ਹਨ। ਜੇਕਰ ਨਵੇਂ ਬਦਲਾਵ ਲਾਗੂ ਕੀਤੇ ਗਏ ਤਾਂ ਇਹ ਵੱਡੀ ਗਿਣਤੀ ਵਿੱਚ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮੌਜੂਦਾ 10 ਸਾਲਾਂ ਦੇ ਰਸਤੇ 'ਤੇ ਚੱਲ ਰਹੇ 2 ਲੱਖ ਤੋਂ ਵੱਧ ਲੋਕਾਂ ਨੂੰ ਹੋਰ ਲੰਮਾ ਇੰਤਜ਼ਾਰ ਕਰਨਾ ਪੈ ਸਕਦਾ ਹੈ।



ਐਸੋਸੀਏਸ਼ਨ ਨੇ ਕਿਹਾ ਕਿ ਸੈਟਲਮੈਂਟ ਨੂੰ ਆਮਦਨ ਜਾਂ ਵਿੱਤੀ ਮਾਪਦੰਡਾਂ ਨਾਲ ਜੋੜਣ ਨਾਲ ਦੋਹਰੀ ਪ੍ਰਣਾਲੀ ਬਣ ਸਕਦੀ ਹੈ, ਜਿਸ ਵਿੱਚ ਵੱਧ ਕਮਾਈ ਵਾਲਿਆਂ ਲਈ ਸਥਾਈ ਰਹਾਇਸ਼ ਦਾ ਰਸਤਾ ਆਸਾਨ ਹੋਵੇਗਾ ਜਦਕਿ ਘੱਟ ਤਨਖਾਹ ਦੇ ਬਾਵਜੂਦ ਸਮਾਜ ਲਈ ਅਹਿਮ ਸੇਵਾਵਾਂ ਨਿਭਾਉਣ ਵਾਲੇ ਮਜ਼ਦੂਰ ਪਿੱਛੇ ਰਹਿ ਜਾਣਗੇ।

ਬਿਆਨ ਵਿੱਚ ਕਿਹਾ ਗਿਆ ਕਿ ਇਸ ਤਰ੍ਹਾਂ ਦੀ ਨੀਤੀ ਦਾ ਸਿੱਧਾ ਅਸਰ ਕੇਅਰ ਵਰਕਰਾਂ, ਡਰਾਈਵਰਾਂ, ਹੋਟਲ ਅਤੇ ਰੈਸਟੋਰੈਂਟ ਕਰਮਚਾਰੀਆਂ, ਗੋਦਾਮ ਕਰਮਚਾਰੀਆਂ, ਸਫਾਈ ਕਰਮਚਾਰੀਆਂ ਅਤੇ ਐਨ. ਐਚ. ਐਸ. ਦੇ ਸਹਾਇਕ ਸਟਾਫ 'ਤੇ ਪੈ ਸਕਦਾ ਹੈ, ਜੋ ਰੋਜ਼ਾਨਾ ਬ੍ਰਿਟਿਸ਼ ਸਮਾਜ ਦੀ ਚਲਾਣੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਸੈਟਲਮੈਂਟ ਦਾ ਫੈਸਲਾ ਲੋਕਾਂ ਦੀ ਮਿਹਨਤ, ਸਮਾਜਿਕ ਯੋਗਦਾਨ ਅਤੇ ਕਾਨੂੰਨੀ ਨਿਵਾਸ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਉਨ੍ਹਾਂ ਦੀ ਤਨਖਾਹ ਦੇ ਆਧਾਰ 'ਤੇ। ਉਨ੍ਹਾਂ ਕਿਹਾ ਕਿ ਕਈ ਜ਼ਰੂਰੀ ਖੇਤਰਾਂ ਵਿੱਚ ਕੰਮ ਕਰਨ ਵਾਲੇ ਲੋਕ ਉੱਚ ਤਨਖਾਹ ਨਹੀਂ ਲੈਂਦੇ, ਪਰ ਉਨ੍ਹਾਂ ਦੀ ਸੇਵਾ ਸਮਾਜ ਲਈ ਬੇਹੱਦ ਕੀਮਤੀ ਹੈ।

ਉਨ੍ਹਾਂ ਹੋਰ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਵੱਲੋਂ ਕੋਈ ਵੀ ਅੰਤਿਮ ਫੈਸਲਾ ਕਰਨ ਤੋਂ ਪਹਿਲਾਂ ਮਾਈਗ੍ਰੈਂਟ ਕਮਿਊਨਿਟੀਆਂ, ਮਜ਼ਦੂਰ ਸੰਸਥਾਵਾਂ ਅਤੇ ਸਮਾਜਿਕ ਗਰੁੱਪਾਂ ਨਾਲ ਵਿਸਥਾਰਪੂਰਵਕ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਿਹਨਤੀ ਪਰਿਵਾਰਾਂ ਨਾਲ ਕਿਸੇ ਕਿਸਮ ਦਾ ਅਨਿਆਇ ਨਾ ਹੋਵੇ।

ਐਸੋਸੀਏਸ਼ਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਭਵਿੱਖ ਦੀ ਸੈਟਲਮੈਂਟ ਪ੍ਰਣਾਲੀ ਪਾਰਦਰਸ਼ੀ, ਨਿਆਂਪੂਰਨ ਅਤੇ ਮਨੁੱਖੀ ਮੁੱਲਾਂ 'ਤੇ ਆਧਾਰਿਤ ਹੋਵੇ। ਮਿਹਨਤ ਕਰਨ ਵਾਲੇ ਪਰਿਵਾਰਾਂ ਦੀ ਸੁਰੱਖਿਆ ਸਿਰਫ਼ ਆਮਦਨ ਨਾਲ ਨਹੀਂ, ਸਗੋਂ ਉਨ੍ਹਾਂ ਦੇ ਯੋਗਦਾਨ ਅਤੇ ਸਮਾਜਿਕ ਭੂਮਿਕਾ ਨੂੰ ਧਿਆਨ ਵਿੱਚ ਰੱਖ ਕੇ ਯਕੀਨੀ ਬਣਾਈ ਜਾਵੇ।

# ਯੂ.ਕੇ. ਨੇ ਚਾਰ ਯੂਰਪੀ ਦੇਸ਼ਾਂ ਨਾਲ ਡਰੋਨ ਰੱਖਿਆ ਯੋਜਨਾ 'ਤੇ ਕੀਤੀ ਸਹਿਮਤੀ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਨੇ ਯੂਰਪ ਦੀਆਂ ਮੁੱਖ ਫੌਜੀ ਤਾਕਤਾਂ ਨਾਲ ਮਿਲ ਕੇ ਨਵੀਂ ਡਰੋਨ ਰੱਖਿਆ ਪ੍ਰਣਾਲੀ ਤਿਆਰ ਕਰਨ ਲਈ ਇਕ ਮਹੱਤਵਪੂਰਨ ਯੋਜਨਾ 'ਤੇ ਸਹਿਮਤੀ ਜਤਾਈ ਹੈ। ਇਸ ਯੋਜਨਾ ਤਹਿਤ ਯੂਨਾਈਟਿਡ ਕਿੰਗਡਮ ਜਰਮਨੀ, ਫਰਾਂਸ, ਇਟਲੀ ਅਤੇ ਪੋਲੈਂਡ ਦੇ ਨਾਲ ਮਿਲ ਕੇ ਆਧੁਨਿਕ ਹਵਾਈ ਰੱਖਿਆ ਹਥਿਆਰਾਂ ਅਤੇ ਆਟੋਮੈਟਿਕ ਡਰੋਨ ਤਕਨੀਕ ਦੇ ਵਿਕਾਸ 'ਤੇ ਕੰਮ ਕਰੇਗਾ।




ਬ੍ਰਿਟਿਸ਼ ਸਰਕਾਰ ਦੇ ਰੱਖਿਆ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਇਸ ਸਾਂਝੇ ਪ੍ਰਾਜੈਕਟ ਦਾ ਮਕਸਦ ਘੱਟ ਲਾਗਤ ਵਾਲੇ ਮਿਸਾਈਲ ਸਿਸਟਮ ਅਤੇ ਅਜਿਹੇ ਡਰੋਨ ਤਿਆਰ ਕਰਨੇ ਹਨ ਜੋ ਦੁਸ਼ਮਣੀ ਹਮਲਿਆਂ ਦਾ ਤੁਰੰਤ ਜਵਾਬ ਦੇ ਸਕਣ। ਮੌਜੂਦਾ ਸਮੇਂ ਵਿੱਚ ਡਰੋਨ ਯੁੱਧ ਤਕਨੀਕ ਨੂੰ ਵਿਸ਼ਵ ਭਰ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਮੰਨਿਆ ਜਾ ਰਿਹਾ ਹੈ, ਜਿਸ ਕਾਰਨ ਯੂਰਪੀ ਦੇਸ਼ ਆਪਣੀ ਸੁਰੱਖਿਆ ਮਜ਼ਬੂਤ ਕਰਨ ਲਈ ਇਕੱਠੇ ਹੋ ਰਹੇ ਹਨ।


ਸੂਤਰਾਂ ਅਨੁਸਾਰ ਇਸ ਯੋਜਨਾ ਦੇ ਤਹਿਤ ਯੂ.ਕੇ., ਜਰਮਨੀ, ਫਰਾਂਸ, ਇਟਲੀ ਅਤੇ ਪੋਲੈਂਡ ਦੀਆਂ ਰੱਖਿਆ ਉਤਪਾਦਨ ਕੰਪਨੀਆਂ ਨੂੰ ਨਵੇਂ ਡਿਜ਼ਾਇਨ ਅਤੇ ਤਕਨੀਕੀ ਪ੍ਰਸਤਾਵ ਪੇਸ਼ ਕਰਨ ਲਈ ਸੱਦਾ ਦਿੱਤਾ ਜਾਵੇਗਾ। ਯੋਜਨਾ ਦਾ ਮੁੱਖ ਧਿਆਨ ਅਜਿਹੀ ਤਕਨੀਕ ਵਿਕਸਤ ਕਰਨ 'ਤੇ ਰਹੇਗਾ ਜੋ ਜੰਗੀ ਹਾਲਾਤਾਂ ਦੌਰਾਨ ਤੇਜ਼ੀ ਨਾਲ ਤਿਆਰ ਕੀਤੀ ਜਾ ਸਕੇ ਅਤੇ ਘੱਟ ਸਮੇਂ ਵਿੱਚ ਮੈਦਾਨ 'ਚ ਵਰਤੀ ਜਾ ਸਕੇ।

ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਹਾਲੀਆ ਸੰਘਰਸ਼ਾਂ ਨੇ ਸਾਬਤ ਕੀਤਾ ਹੈ ਕਿ ਛੋਟੇ ਅਤੇ ਸਸਤੇ ਡਰੋਨ ਵੀ ਵੱਡੇ ਫੌਜੀ ਢਾਂਚਿਆਂ ਲਈ ਵੱਡਾ ਖ਼ਤਰਾ ਬਣ ਸਕਦੇ ਹਨ। ਇਸੇ ਕਾਰਨ ਯੂਰਪ ਹੁਣ ਮਹਿੰਗੇ ਪਰੰਪਰਾਗਤ ਹਥਿਆਰਾਂ ਦੇ ਨਾਲ-ਨਾਲ ਸਮਾਰਟ ਅਤੇ ਸਸਤੀ ਰੱਖਿਆ ਤਕਨੀਕ ਵੱਲ ਵਧ ਰਿਹਾ ਹੈ। ਇਹ ਸਮਝੌਤਾ ਬ੍ਰੈਗਜ਼ਿਟ ਤੋਂ ਬਾਅਦ ਵੀ ਬ੍ਰਿਟੇਨ ਅਤੇ ਯੂਰਪੀ ਦੇਸ਼ਾਂ ਵਿਚਕਾਰ ਸੁਰੱਖਿਆ ਅਤੇ ਫੌਜੀ ਸਹਿਯੋਗ ਦੇ ਮਜ਼ਬੂਤ ਹੋ ਰਹੇ ਰਿਸ਼ਤਿਆਂ ਦੀ ਨਿਸ਼ਾਨੀ ਵਜੋਂ ਵੇਖਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਅਨੁਸਾਰ ਡਰੋਨ ਅਤੇ ਹਵਾਈ ਰੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਾਂਝਾ ਨਿਵੇਸ਼ ਯੂਰਪ ਦੀ ਭਵਿੱਖੀ ਸੁਰੱਖਿਆ ਰਣਨੀਤੀ ਦਾ ਅਹਿਮ ਹਿੱਸਾ ਬਣੇਗਾ। ਫੌਜੀ ਵਿਸ਼ਲੇਸ਼ਕਾਂ ਨੇ ਇਹ ਵੀ ਦੱਸਿਆ ਕਿ ਨਵੀਂ ਯੋਜਨਾ ਰਾਹੀਂ ਯੂਰਪੀ ਦੇਸ਼ ਇਕ ਦੂਜੇ ਨਾਲ ਤਕਨੀਕੀ ਜਾਣਕਾਰੀ ਸਾਂਝੀ ਕਰਨਗੇ, ਜਿਸ ਨਾਲ ਸੰਭਾਵਿਤ ਖ਼ਤਰਿਆਂ ਦਾ ਮੁਕਾਬਲਾ ਕਰਨ ਲਈ ਇਕਜੁੱਟ ਤਿਆਰੀ ਯਕੀਨੀ ਬਣਾਈ ਜਾ ਸਕੇਗੀ।

# ਸਨੋਡਨ ਪਹਾੜ 'ਤੇ ਵੱਡਾ ਹਾਦਸਾ: ਲਾਪਤਾ ਦੋ ਨੌਜਵਾਨ ਮ੍ਰਿਤਕ ਮਿਲੇ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਵੇਲਜ਼ ਦੇ ਸਨੋਡੋਨੀਆ ਨੈਸ਼ਨਲ ਪਾਰਕ ਸਥਿਤ ਪ੍ਰਸਿੱਧ ਸਨੋਡਨ (ਯਰ ਵਿਦਵਾ) ਪਹਾੜ 'ਤੇ ਲਾਪਤਾ ਹੋਏ 19 ਅਤੇ 20 ਸਾਲਾ ਦੋ ਨੌਜਵਾਨਾਂ ਦੀ ਵੱਡੇ ਪੱਧਰ 'ਤੇ ਚਲਾਈ ਗਈ ਖੋਜ ਮੁਹਿੰਮ ਤੋਂ ਬਾਅਦ ਮੌਤ ਹੋਣ ਦੀ ਪੁਸ਼ਟੀ ਹੋਈ ਹੈ।

ਨਾਰਥ ਵੇਲਜ਼ ਪੁਲਿਸ ਨੂੰ ਬੁੱਧਵਾਰ 18 ਫ਼ਰਵਰੀ ਨੂੰ ਦੋਵੇਂ ਨੌਜਵਾਨਾਂ ਦੀ ਸੁਰੱਖਿਆ ਬਾਰੇ ਚਿੰਤਾ ਜਤਾਈ ਗਈ ਸੀ, ਜਿਸ ਤੋਂ ਬਾਅਦ ਤੁਰੰਤ ਐਮਰਜੈਂਸੀ ਸੇਵਾਵਾਂ ਵੱਲੋਂ ਖੋਜ ਅਤੇ ਬਚਾਅ ਕਾਰਵਾਈ ਸ਼ੁਰੂ ਕੀਤੀ ਗਈ।





ਜਾਣਕਾਰੀ ਅਨੁਸਾਰ ਦੋਵੇਂ ਨੌਜਵਾਨ ਪਹਾੜੀ ਯਾਤਰਾ ਲਈ ਗਏ ਹੋਏ ਸਨ ਪਰ ਵਾਪਸ ਨਾ ਆਉਣ ਕਾਰਨ ਵੱਡਾ ਸਰਚ ਆਪਰੇਸ਼ਨ ਚਲਾਇਆ ਗਿਆ, ਜਿਸ ਵਿੱਚ ਮਾਊਂਟੇਨ ਰੈਸਕਿਊ ਟੀਮਾਂ, ਖਾਸ ਤਰ੍ਹਾਂ ਸਿਖਲਾਈ ਪ੍ਰਾਪਤ ਖੋਜੀ ਕੁੱਤੇ ਅਤੇ ਹੈਲੀਕਾਪਟਰ ਦੀ ਮਦਦ ਲਈ ਗਈ। ਬਰਫ਼ੀਲੇ ਅਤੇ ਖਤਰਨਾਕ ਮੌਸਮੀ ਹਾਲਾਤਾਂ ਦੇ ਬਾਵਜੂਦ ਟੀਮਾਂ ਨੇ ਕਈ ਘੰਟਿਆਂ ਤੱਕ ਪਹਾੜੀ ਇਲਾਕਿਆਂ ਵਿੱਚ ਤਲਾਸ਼ੀ ਜਾਰੀ ਰੱਖੀ ਅਤੇ ਆਖ਼ਰਕਾਰ ਸਨੋਡੋਨੀਆ ਖੇਤਰ ਵਿੱਚ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ, ਜਿਨ੍ਹਾਂ ਨੂੰ ਲਾਪਤਾ ਨੌਜਵਾਨਾਂ ਨਾਲ ਸੰਬੰਧਤ ਮੰਨਿਆ ਜਾ ਰਿਹਾ ਹੈ।

ਪੁਲਿਸ ਮੁਤਾਬਕ ਮ੍ਰਿਤਕਾਂ ਦੀ ਪੂਰੀ ਪਛਾਣ ਅਤੇ ਨੈਸ਼ਨੈਲਟੀ ਦੀ ਅਧਿਕਾਰਿਕ ਪੁਸ਼ਟੀ ਪਰਿਵਾਰਾਂ ਨੂੰ ਸੂਚਿਤ ਕਰਨ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਅਧਿਕਾਰੀਆਂ ਨੇ ਕਿਹਾ ਕਿ ਸਰਦੀਆਂ ਦੌਰਾਨ ਸਨੋਡਨ ਪਹਾੜ 'ਤੇ ਮੌਸਮ ਤੇਜ਼ੀ ਨਾਲ ਬਦਲ ਜਾਂਦਾ ਹੈ ਅਤੇ ਬਰਫ਼, ਫਿਸਲਣ ਅਤੇ ਘੱਟ ਦਿੱਖ ਕਾਰਨ ਯਾਤਰੀਆਂ ਲਈ ਖ਼ਤਰਾ ਵੱਧ ਜਾਂਦਾ ਹੈ।

ਮਾਊਂਟੇਨ ਰੈਸਕਿਊ ਟੀਮਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਹਾੜੀ ਯਾਤਰਾ ਤੋਂ ਪਹਿਲਾਂ ਮੌਸਮ ਦੀ ਪੂਰੀ ਜਾਣਕਾਰੀ ਲੈਣ, ਸੁਰੱਖਿਆ ਸਾਜੋ-ਸਮਾਨ ਨਾਲ ਜਾਣ ਅਤੇ ਆਪਣੀ ਯਾਤਰਾ ਬਾਰੇ ਪਰਿਵਾਰ ਜਾਂ ਦੋਸਤਾਂ ਨੂੰ ਜਾਣਕਾਰੀ ਦੇ ਕੇ ਹੀ ਰਵਾਨਾ ਹੋਣ। ਇਸ ਦੁਖਦਾਈ ਘਟਨਾ ਨਾਲ ਸਥਾਨਕ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ ਜਦਕਿ ਜਾਂਚ ਅਧਿਕਾਰੀਆਂ ਵੱਲੋਂ ਮਾਮਲੇ ਦੀ ਪੜਤਾਲ ਜਾਰੀ ਹੈ।

# ਅਜੋਕੇ ਸੰਦਰਭ ਵਿਚ ਹੋਲੇ-ਮਹੱਲੇ ਦੀ ਮਹੱਤਤਾ

**ਤਲਵਿੰਦਰ ਸਿੰਘ ਬੁਟਰ**



ਸਿੱਖ ਧਰਮ ਵਿਚ ਹੋਲੀ ਨੂੰ ਗੁਰੂ ਸਾਹਿਬਾਨ ਨੇ ਇਕ-ਦੂਜੇ 'ਤੇ ਰੰਗ ਸੁੱਟਣ ਦੀ ਦੁਨਿਆਵੀ ਖੇਡ ਦੀ ਥਾਂ ਗੁਰਮਤਿ ਦੇ ਰੂਹਾਨੀ ਪੰਧ ਦੀਆਂ ਅਧਿਆਤਮਿਕ ਉਚਾਈਆਂ ਤੱਕ ਪਹੁੰਚਣ ਦੇ ਖੇੜੇ ਦੀ ਪ੍ਰਤੀਕ ਦੱਸਿਆ ਹੈ, ਉਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ-ਮਹੱਲਾ' ਪੇਸ਼ ਕਰਦਿਆਂ, ਹੋਲੀ ਨੂੰ ਨਵੇਂ ਤੇ ਸਿੱਖ ਸੱਭਿਆਚਾਰ ਦੇ ਹੁਲਾਸ ਤੇ ਚੜ੍ਹਦੀ ਕਲਾ ਦੇ ਦਿਹਾੜੇ ਵਜੋਂ ਪ੍ਰਸਿੱਧ ਕਰ ਦਿੱਤਾ। ਜਿਸ ਸਮੇਂ ਸਾਹਿਬ-ਏ-ਕਮਾਲਿ, ਬਾਦਸ਼ਾਹ ਦਰਵੇਸ਼, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ-ਮਹੱਲਾ' ਦੀ ਰੀਤ ਆਰੰਭ ਕੀਤੀ ਸੀ, ਉਸ ਵੇਲੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਪੈਦਾ ਹੋਏ ਹਾਲਾਤ ਸਿੱਖਾਂ ਕੋਲੋਂ ਇਕੋ ਸਮੇਂ ਸ਼ਾਸਤਰ ਅਤੇ ਸ਼ਸਤਰ ਕਲਾ ਵਿਚ ਨਿਪੁੰਨ ਹੋਣ ਦੀ ਮੰਗ ਕਰਦੇ ਸਨ। 'ਹੋਲੇ -ਮਹੱਲੇ' ਦਾ ਆਰੰਭ ਸੰਨ 1700 ਈਸਵੀ, ਸੰਮਤ 1757 ਚੇਤ ਵਦੀ 1 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਗਿਆ। ਦਸਮ ਪਾਤਿਸ਼ਾਹ ਨੇ ਸਿੱਖ ਕੌਮ ਨੂੰ ਹੱਕ ਲੈਣ ਅਤੇ ਜ਼ੁਲਮਾਂ ਦਾ ਨਾਸ਼ ਕਰਨ ਲਈ ਹਥਿਆਰਬੰਦ ਹੋ ਕੇ ਸੰਘਰਸ਼ ਕਰਨ ਦਾ ਰਾਹ ਦਿਖਾਇਆ। ਦਸਮ ਪਿਤਾ ਨੇ ਆਤਮਿਕ ਵਿਗਾਸ ਦੇ ਨਾਲ-ਨਾਲ ਘੋੜਿਆਂ ਤੇ ਹਾਥੀਆਂ ਦੀ ਅਸਵਾਰੀ, ਨਗਾਰਿਆਂ ਦੀਆਂ ਉਚੀਆਂ ਆਵਾਜ਼ਾਂ, ਕਿਲ੍ਹਿਆਂ ਦੀ ਉਸਾਰੀ, ਜੰਗੀ ਖੇਡਾਂ ਦੇ ਅਭਿਆਸਾਂ ਆਦਿ ਰਾਹੀਂ ਇਨ੍ਹਾਂ ਸੰਕਲਪਾਂ ਨੂੰ ਅਮਲ ਵਿਚ ਲਿਆਂਦਾ।

ਅਜੋਕੀ ਸਿੱਖ ਸੱਭਿਅਤਾ ਅਤੇ ਵਿਰਾਸਤ ਦੇ ਵਿਕਾਸ ਤੇ ਵਿਗਾਸ ਦੇ ਦੌਰਾਨ ਸਿੱਖ ਇਤਿਹਾਸ ਅਤੇ ਪ੍ਰੰਪਰਾਵਾਂ ਨਾਲ ਜੁੜੇ 'ਹੋਲੇ-ਮਹੱਲੇ' ਵਰਗੇ ਕੌਮੀ ਦਿਹਾੜਿਆਂ ਨੂੰ ਨਵੇਂ ਸੰਕਲਪਾਂ ਲਈ ਵਰਤੇ ਜਾਣ ਦੀ ਲੋੜ ਹੈ। ਸਿੱਖ ਚਿੰਤਕਾਂ ਦੇ ਦ੍ਰਿਸ਼ਟੀਕੋਣ ਤੋਂ ਅਜੋਕੇ ਹਾਲਾਤ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਹਾਲਾਤ ਤੋਂ ਬਹੁਤੇ ਵੱਖਰੇ ਨਹੀਂ ਹਨ। ਅੱਜ ਦਾ ਸਿੱਖ ਆਤਮਿਕ ਅਤੇ ਸਰੀਰਕ, ਦੋਵਾਂ ਪੱਖਾਂ ਤੋਂ ਕਮਜ਼ੋਰ ਪੈ ਰਿਹਾ ਹੈ। ਇਕ ਪਾਸੇ ਭਾਰਤ ਵਿਚ ਸਿੱਖ ਕੌਮ ਆਲੇ-ਦੁਆਲੇ ਦੇ ਵਿਰੋਧੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਹਾਲਾਤ ਨਾਲ ਜੂਝ ਰਹੀ ਹੈ ਅਤੇ ਦੂਜੇ ਪਾਸੇ ਪੰਥਕ ਵਿਕਾਸ ਤੇ ਵਿਗਾਸ ਦੇ ਉਦੇਸ਼ਾਂ ਦੀ ਪੂਰਤੀ ਲਈ ਸੰਘਰਸ਼ ਦੀ ਸਥਿਤੀ ਵਿਚ ਹੈ। ਵਿਦੇਸ਼ਾਂ ਵਿਚ ਸਿੱਖ ਆਪਣੀ ਵੱਖਰੀ ਕੌਮੀ ਹੋਂਦ ਅਤੇ ਧਾਰਮਿਕ ਆਜ਼ਾਦੀ ਲਈ ਲੜ ਰਹੇ ਹਨ, ਸਿੱਖ ਨੌਜਵਾਨੀ ਆਪਣੇ ਮੂਲ ਨਾਲੋਂ ਟੁੱਟ ਰਹੀ ਹੈ। ਸਿੱਖ ਸਮਾਜ ਅਤੇ ਰਾਜਨੀਤੀ ਦਾ 'ਅਮਲ' ਸਿੱਖੀ ਆਦਰਸ਼ ਨਾਲੋਂ ਬਿਲਕੁਲ ਹੀ ਉਲਟੀ ਦਿਸ਼ਾ ਵਿਚ ਚੱਲ ਰਿਹਾ ਹੈ।ਇਨ੍ਹਾਂ ਸਮੁੱਚੇ ਮੌਜੂਦਾ ਹਾਲਾਤ ਨੂੰ ਸਨਮੁਖ ਰੱਖਦਿਆਂ ਚਿੰਤਾ ਦੀ ਥਾਂ ਚਿੰਤਨ ਵੱਲ ਧਿਆਨ ਕੇਂਦਰਿਤ ਹੋਣਾ ਸਭ ਤੋਂ ਪਹਿਲੀ ਲੋੜ ਹੈ। 'ਹੋਲਾ-ਮਹੱਲਾ' ਸਿੱਖ ਕੌਮ ਦੀ ਸ਼ਕਤੀ ਨੂੰ ਜਥੇਬੰਦ ਕਰਨ ਅਤੇ ਉਸਾਰੂ ਰੁਚੀਆਂ ਦਾ ਪ੍ਰਸਾਰ ਕਰਨ ਦਾ ਜ਼ਰੀਆ ਬਣਨਾ ਚਾਹੀਦਾ ਹੈ।

ਮੌਜੂਦਾ ਸਮੇਂ ਸਭ ਤੋਂ ਵੱਡੀ ਲੋੜ ਸੰਸਾਰੀ ਰੁਝਾਨਾਂ ਅਤੇ ਸਰੋਕਾਰਾਂ ਮੁਤਾਬਕ ਸਿੱਖ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਆਲਮੀ ਪ੍ਰਸੰਗ ਵਿਚ ਪੇਸ਼ ਕਰਨ ਦੀ ਹੈ। ਸਿੱਖ ਕੌਮ ਨੂੰ ਦੁਨੀਆ ਦੀਆਂ ਦੂਜੀਆਂ ਸਫ਼ਲ ਕੌਮਾਂ ਦੇ ਮੁਕਾਬਲੇ ਆਪਣੇ ਅਮੀਰ ਬੌਧਿਕ ਵਿਰਸੇ ਅਤੇ ਸਰਬ-ਸਾਂਝੀਵਾਲਤਾ ਦੀ ਵਿਚਾਰਧਾਰਾ ਅਨੁਸਾਰ 'ਆਲਮੀ ਜੀਵਨ ਮਨੋਰਥ' ਤੈਅ ਕਰ ਕੇ ਉਸ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਇਕ ਸੁਖਾਵੇਂ ਸਰਬਪੱਖੀ ਮਨੁੱਖੀ ਵਿਕਾਸ ਦੇ ਨਮੂਨੇ ਦੀ ਭਾਲ ਵਿਚ ਭਟਕ ਰਹੀ ਲੋਕਾਈ ਸਾਹਮਣੇ ਜੀਵਨ ਦਾ ਇਕ ਸਾਵਾਂ, ਸਰਬਪੱਖੀ ਅਤੇ ਸਰਬਸਾਂਝਾ 'ਗੁਰਮਤਿ ਆਧਾਰਿਤ ਅਮਲੀ ਨਮੂਨਾ' ਪੇਸ਼ ਕੀਤਾ ਜਾ ਸਕੇ।

ਅਜੋਕੇ ਸਮੇਂ ਸਿੱਖ ਕੌਮ ਦੇ ਸਿਆਸੀ ਆਗੂਆਂ ਦੇ ਡਿੱਗ ਰਹੇ ਕਿਰਦਾਰ ਅਤੇ ਗੁਆਚ ਰਹੀਆਂ ਰਾਜਨੀਤਕ ਕਦਰਾਂ-ਕੀਮਤਾਂ 'ਮੀਰੀ-ਪੀਰੀ' ਦੇ ਸੰਕਲਪ ਨੂੰ ਮੁੜ ਰੂਪਮਾਨ ਕਰਨ ਦੀ ਮੰਗ ਕਰਦੀਆਂ ਹਨ। ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਦੇ ਸੁਮੇਲ ਦੇ ਇਸ ਸੰਕਲਪ ਬਾਰੇ ਨਵੀਆਂ ਅੰਤਰ-ਦ੍ਰਿਸ਼ਟੀਆਂ ਪੈਦਾ ਕਰਨ, ਸਿੱਖ ਰਾਜਨੀਤੀ ਦੀ ਦਸ਼ਾ ਤੇ ਦਿਸ਼ਾ ਨਿਰਧਾਰਿਤ ਕਰਨ ਲਈ ਸਮੁੱਚੀਆਂ ਸਿੱਖ ਸਿਆਸੀ ਧਿਰਾਂ ਨੂੰ ਇਕ ਮੰਚ 'ਤੇ ਇਕੱਤਰ ਕਰ ਕੇ ਚਿੰਤਨ ਕੀਤਾ ਜਾਣਾ ਚਾਹੀਦਾ ਹੈ।

ਮੌਜੂਦਾ ਸਮੇਂ ਸਿੱਖ ਨੌਜਵਾਨੀ ਦੀ ਹਾਲਤ ਸਭ ਤੋਂ ਤਰਸਯੋਗ ਹੈ। ਨੌਜਵਾਨਾਂ ਲਈ 'ਹੋਲਾ-ਮਹੱਲਾ' ਵਰਗੇ ਕੌਮੀ ਜੋੜ ਮੇਲੇ ਸਿਰਫ਼ ਮੌਜ-ਮਸਤੀ, ਜੈਕਾਰੇ ਲਗਾਉਣ ਅਤੇ ਦੋ-ਚਾਰ ਦਿਨ ਸ੍ਰੀ ਅਨੰਦਪੁਰ ਸਾਹਿਬ ਦੇ ਆਸਪਾਸ ਦੇ ਗੁਰਦੁਆਰਿਆਂ 'ਚ ਮੱਥਾ ਟੇਕਣ ਤੇ ਸੜਕਾਂ 'ਤੇ ਹੁੱਲੜਬਾਜ਼ੀ ਕਰਨ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਅਛੋਪਲੇ ਹੀ ਆਪਣੀ ਪਛਾਣ ਪੱਖੋਂ ਸਿੱਖੀ ਮੂਲ ਧਾਰਾ ਨਾਲੋਂ ਟੁੱਟੇ ਇਨ੍ਹਾਂ ਨੌਜਵਾਨਾਂ 'ਚ ਜਦੋਂ ਸਿੱਖੀ ਜਜ਼ਬਾ ਜੈਕਾਰਿਆਂ ਅਤੇ ਖ਼ਾਲਸਾ ਜੀ ਦੇ ਬੋਲਿਆਂ ਰਾਹੀਂ ਪ੍ਰਗਟ ਹੁੰਦਾ ਦੇਖਦੇ ਹਾਂ ਤਾਂ ਸਿੱਖ ਕੌਮ ਦੇ ਮੌਜੂਦਾ ਦੁਖਾਂਤ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ ਹੁੰਦਾ। ਨੌਜਵਾਨਾਂ 'ਚ ਜਜ਼ਬਾ ਹੈ, ਸਿੱਖੀ ਪਿਆਰ ਹੈ, ਪਰ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਉਨ੍ਹਾਂ ਦਾ ਰਸਤਾ ਕੀ ਹੈ, ਮੰਜ਼ਿਲ ਕੀ ਹੈ ਅਤੇ ਕੌਮ ਲਈ ਫ਼ਰਜ਼ ਕੀ ਹਨ। ਸਿੱਖ ਨੌਜਵਾਨੀ ਸਾਹਮਣੇ ਕੋਈ ਰੋਲ ਮਾਡਲ ਨਹੀਂ ਹੈ। 'ਹੋਲੇ-ਮਹੱਲੇ' ਵਰਗੇ ਰਵਾਇਤੀ ਜੋੜ-ਮੇਲਿਆਂ ਦੇ ਜਾਹੋ-ਜਲਾਲ ਤਾਂ ਹੀ ਕਾਇਮ ਰਹਿਣਗੇ, ਜੇਕਰ ਅਗਲੀ ਪੀੜ੍ਹੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧੁਰੋਂ ਬਖ਼ਸ਼ੀ ਸਿੱਖੀ ਦਾਤ, ਨਿਆਰੇ ਸਰੂਪ ਅਤੇ ਉੱਚੇ-ਸੁੱਚੇ ਇਖਲਾਕ ਨੂੰ ਸੰਭਾਲ ਕੇ ਰੱਖੇਗੀ।

ਸਿੱਖ ਵਿੱਦਿਅਕ, ਸੱਭਿਆਚਾਰਕ, ਖੇਡਾਂ ਸਮੇਤ ਸਮੁੱਚੇ ਸਿੱਖ ਕਦਰਾਂ-ਕੀਮਤਾਂ ਦੇ ਢਾਂਚੇ ਨੂੰ ਨਵੇਂ ਨਿਸ਼ਾਨਿਆਂ 'ਤੇ ਸੇਧਿਤ ਕਰਨਾ ਚਾਹੀਦਾ ਹੈ। ਸਿੱਖੀ ਜੰਗਜੂ ਕਲਾਵਾਂ ਦੇ ਪ੍ਰਦਰਸ਼ਨ ਤਾਂ 'ਹੋਲੇ-ਮਹੱਲੇ' ਮੌਕੇ ਹੁੰਦੇ ਹੀ ਹਨ, ਪਰ ਇਨ੍ਹਾਂ ਮੁਕਾਬਲਿਆਂ ਨੂੰ ਅਨੁਸ਼ਾਸਨਬੱਧ, ਯੋਜਨਾਬੱਧ ਤਰੀਕੇ ਨਾਲ ਕਰਵਾਉਣ, ਸਿੱਖ ਨੌਜਵਾਨੀ ਦੀ ਇਨ੍ਹਾਂ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ, ਨੌਜਵਾਨ ਪੀੜ੍ਹੀ ਨੂੰ ਢਾਹੂ ਰੁਚੀਆਂ ਤੋਂ ਬਚਾਉਣ ਲਈ ਸਰੀਰਕ ਨਿਰੋਗਤਾ ਵੱਲ ਉਤਸ਼ਾਹਿਤ ਕਰਨ, ਖੇਡ ਭਾਵਨਾ ਪ੍ਰਫੁਲਿਤ ਕਰਨ, ਨਸ਼ਾਖੋਰੀ ਤੋਂ ਦੂਰ ਰਹਿਣ ਅਤੇ ਨੌਜਵਾਨ ਪੀੜ੍ਹੀ ਅੰਦਰ ਸਿੱਖੀ ਵਿਰਸੇ ਦਾ ਪ੍ਰਸਾਰ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਦੁਨੀਆ ਦਾ ਆਧੁਨਿਕ ਸਹੂਲਤਾਂ ਪ੍ਰਾਪਤ ਅਤੇ ਉੱਚ ਪੱਧਰ ਦਾ ਇਕ ਵਿਸ਼ਾਲ ਖੇਡ ਸਟੇਡੀਅਮ ਤਿਆਰ ਕਰਵਾਇਆ ਜਾਣਾ ਚਾਹੀਦਾ ਹੈ। ਸਿੱਖ ਜੰਗੀ ਕਲਾਵਾਂ ਦੇ ਕੌਮੀ ਮੁਕਾਬਲੇ 'ਹੋਲੇ-ਮਹੱਲੇ' ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕਰਵਾਏ ਜਾਣ ਅਤੇ ਜੇਤੂਆਂ ਨੂੰ ਆਕਰਸ਼ਕ ਅਤੇ ਭਾਰੀ ਇਨਾਮ ਵੰਡੇ ਜਾਣ ਦੀ ਪਿਰਤ ਸ਼ੁਰੂ ਕੀਤੀ ਜਾਵੇ। ਇਸ ਮੌਕੇ ਅਜੋਕੀ ਸਿੱਖ ਨੌਜਵਾਨੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਲੜੀਵਾਰ ਗੁਰਮਤਿ ਕੈਂਪ ਲਗਾਉਣੇ ਚਾਹੀਦੇ ਹਨ, ਜਿਨ੍ਹਾਂ ਦੌਰਾਨ ਸਿੱਖ ਨੌਜਵਾਨਾਂ ਨੂੰ ਜੀਵਨ ਦੇ ਹਰ ਪੱਖ ਤੋਂ ਗੁਰਮਤਿ ਜੀਵਨ ਜਾਚ ਦੇ ਅਮਲ ਬਾਰੇ ਪ੍ਰਪੱਕ ਕੀਤਾ ਜਾਵੇ। ਸਿੱਖ ਨੌਜਵਾਨਾਂ ਦੇ ਪ੍ਰਤਿਭਾ ਖੋਜ, ਅਮਲੀ ਜੀਵਨ-ਜਾਚ ਅਤੇ ਮਨੁੱਖੀ ਵਿਹਾਰ ਮੁਕਾਬਲੇ ਕਰਵਾਏ ਜਾਣ ਤਾਂ ਜੋ ਸਿੱਖ ਨੌਜਵਾਨਾਂ ਨੂੰ ਸਿੱਖੀ ਨੈਤਿਕਤਾ, ਸਦਾਚਾਰ ਅਤੇ ਆਦਰਸ਼ਾਂ ਨਾਲ ਜੁੜਨ ਦਾ ਉਤਸ਼ਾਹ ਮਿਲ ਸਕੇ।

ਜਿਸ ਤਰ੍ਹਾਂ ਵੀਹਵੀਂ ਸਦੀ ਦੇ ਸ਼ੁਰੂ ਵਿਚ 'ਚੀਫ਼ ਖ਼ਾਲਸਾ ਦੀਵਾਨ' ਨੇ ਸਿੱਖ ਧਰਮ ਦੇ ਪ੍ਰਸਾਰ ਵਿਚ ਵਿੱਦਿਅਕ ਲਹਿਰ ਰਾਹੀਂ ਅਹਿਮ ਯੋਗਦਾਨ ਪਾਇਆ, ਉਸੇ ਤਰ੍ਹਾਂ ਮੌਜੂਦਾ ਸਮੇਂ ਸਿੱਖ ਵਿੱਦਿਅਕ ਪ੍ਰਬੰਧ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਨਵੀਂ ਪਹਿਲਕਦਮੀ ਦੀ ਲੋੜ ਹੈ। ਹਰ ਸਾਲ 'ਹੋਲੇ-ਮਹੱਲੇ' ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਸਾਲਾਨਾ ਸਿੱਖ ਵਿੱਦਿਅਕ ਕਾਨਫਰੰਸ' ਕਰਵਾਉਣ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿਚ ਦੁਨੀਆ ਭਰ ਤੋਂ ਸਿੱਖ ਵਿੱਦਿਅਕ ਮਾਹਿਰਾਂ ਨੂੰ ਬੁਲਾਇਆ ਜਾਵੇ ਤਾਂ ਜੋ ਸਿੱਖ ਵਿੱਦਿਅਕ ਪ੍ਰਣਾਲੀ ਦੀ ਸਮੇਂ-ਸਮੇਂ 'ਤੇ ਪ੍ਰਭਾਵੀ ਰੂਪ-ਰੇਖਾ ਨਿਰਧਾਰਿਤ ਕੀਤੀ ਜਾ ਸਕੇ।

ਜਿਹੜੀਆਂ ਸਿੱਖ ਸ਼ਖ਼ਸੀਅਤਾਂ ਜੀਵਨ ਦੇ ਵੱਖੋ-ਵੱਖਰੇ ਖੇਤਰਾਂ ਵਿਚ ਕੌਮਾਂਤਰੀ ਪੱਧਰ 'ਤੇ ਸਿੱਖੀ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ, ਉਨ੍ਹਾਂ ਨੂੰ ਕੌਮੀ ਸਨਮਾਨ ਦੇਣ ਦੀ ਨਵੀਂ ਉਸਾਰੂ ਪਿਰਤ ਸ਼ੁਰੂ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ 'ਹੋਲੇ-ਮਹੱਲੇ' ਦੇ ਵਿਸ਼ੇਸ਼ ਮੌਕੇ ਨੂੰ ਚੁਣਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਸਿੱਖ ਨੌਜਵਾਨੀ ਲਈ ਰੋਲ ਮਾਡਲ ਵੀ ਉੱਭਰ ਕੇ ਸਾਹਮਣੇ ਆਉਣ ਦਾ ਸਬੱਬ ਬਣੇਗਾ।

'ਹੋਲੇ-ਮਹੱਲੇ' ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਸਰਬ ਧਰਮ ਸੰਮੇਲਨ' ਕਰਵਾਉਣ ਦੀ ਪਿਰਤ ਪਾਈ ਜਾਵੇ ਤਾਂ ਜੋ ਅੱਜ ਦੇ ਸਮੇਂ ਵਿਚ ਵਿਸ਼ਵ ਭਰ ਵਿਚ ਪੈਦਾ ਹੋ ਰਹੀ ਧਾਰਮਿਕ ਅਸਹਿਣਸ਼ੀਲਤਾ ਅਤੇ ਮਨੁੱਖੀ ਸਮੱਸਿਆਵਾਂ ਦੇ ਹੱਲ ਲਈ ਸਾਰੇ ਧਰਮਾਂ ਨੂੰ ਆਪੋ-ਆਪਣੀ ਸੁਹਿਰਦ ਜ਼ਿੰਮੇਵਾਰੀ ਨਿਭਾਉਣ ਲਈ ਤਿਆਰ ਕੀਤਾ ਜਾ ਸਕੇ ਅਤੇ ਮਨੁੱਖੀ ਸਦਾਚਾਰਕ, ਨੈਤਿਕ ਕਦਰਾਂ-ਕੀਮਤਾਂ ਵਿਚ ਧਰਮ ਦੀ ਪ੍ਰਸੰਗਿਕਤਾ ਬਣਾਈ ਰੱਖਣ ਦੇ ਉਪਰਾਲੇ ਆਰੰਭ ਕੀਤੇ ਜਾ ਸਕਣ।ਇਸ ਦੌਰਾਨ ਵਿਸ਼ਵ ਧਾਰਮਿਕ ਸਹਿ-ਹੋਂਦ ਅਤੇ ਅੰਤਰ ਧਰਮ ਸੰਵਾਦ ਲਈ ਨਵੀਂ ਲਹਿਰ ਦਾ ਆਗਾਜ਼ ਵੀ ਕੀਤਾ ਜਾਵੇ।

ਸਿੱਖ ਧਰਮ ਦੀਆਂ ਧਾਰਮਿਕ, ਸਮਾਜਿਕ, ਬੌਧਿਕ, ਨੌਜਵਾਨ ਅਤੇ ਇਸਤਰੀ ਜਥੇਬੰਦੀਆਂ ਵਲੋਂ ਤਿੰਨ ਰੋਜ਼ਾ 'ਹੋਲੇ-ਮਹੱਲੇ' ਦੇ ਇਕ ਦਿਨ 'ਧਰਮ ਪ੍ਰਚਾਰ ਕਾਨਫ਼ਰੰਸ' ਕਰਵਾਉਣੀ ਚਾਹੀਦੀ ਹੈ, ਜਿਸ ਦੌਰਾਨ ਸਿੱਖਾਂ ਦੀਆਂ ਸਮਾਜਿਕ ਅਤੇ ਧਾਰਮਿਕ ਪ੍ਰਾਪਤੀਆਂ ਅਤੇ ਸਾਲ ਭਰ ਦੀਆਂ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਜਾਵੇ ਅਤੇ ਚੁਣੌਤੀਆਂ ਦਾ ਚਿੰਤਨ ਕਰਕੇ ਸਿੱਖ ਧਰਮ ਪ੍ਰਚਾਰ ਦੀ ਲਹਿਰ ਨੂੰ ਨਵੀਂ ਸੇਧ ਦੇਣ ਦੀਆਂ ਅਗਲੀਆਂ ਨੀਤੀਆਂ ਤੈਅ ਕੀਤੀਆਂ ਜਾਣ।

ਅੱਜ ਜਦੋਂ ਵਿਦੇਸ਼ਾਂ ਵਿਚ ਸਿੱਖੀ ਪਛਾਣ, ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਸਹਿ-ਹੋਂਦ ਵਿਚ ਸਮੱਸਿਆਵਾਂ ਪੇਸ਼ ਆ ਰਹੀਆਂ ਹਨ ਤਾਂ 'ਹੋਲਾ-ਮਹੱਲਾ' ਵਰਗਾ ਖ਼ਾਲਸਈ ਸੱਭਿਆਚਾਰ ਦਾ ਅਹਿਮ ਦਿਹਾੜਾ ਕੌਮਾਂਤਰੀ ਪੱਧਰ 'ਤੇ ਸਿੱਖੀ ਮੂਲ, ਸਿੱਖ ਧਰਮ ਦੀ ਵਿਚਾਰਧਾਰਾ ਤੇ ਵਿਲੱਖਣਤਾ ਦੇ ਪ੍ਰਸਾਰ ਤੇ ਜਾਗਰੂਕਤਾ ਪੈਦਾ ਕਰਨ ਦਾ ਇਕ ਵਿਸ਼ਾਲ ਮੰਚ ਬਣ ਸਕਦਾ ਹੈ। ਪੱਛਮੀ ਦੇਸ਼ਾਂ, ਜਿਥੇ ਸਿੱਖਾਂ ਨੂੰ ਦਸਤਾਰ, ਕਿਰਪਾਨ ਜਾਂ ਹੋਰ ਸਿੱਖੀ ਪਹਿਰਾਵੇ 'ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਥੇ ਕਿਤੇ ਸਿੱਖਾਂ ਪ੍ਰਤੀ ਨਸਲੀ ਭੁਲੇਖੇ ਪਾਏ ਜਾ ਰਹੇ ਹਨ, ਉਨ੍ਹਾਂ ਦੇਸ਼ਾਂ ਦੇ ਰਾਜਨੀਤਕਾਂ, ਸਮਾਜਿਕ ਕੂਟਨੀਤਕ ਨੁਮਾਇੰਦਿਆਂ ਅਤੇ ਧਾਰਮਿਕ ਆਗੂਆਂ ਨੂੰ 'ਹੋਲੇ-ਮਹੱਲੇ' ਵਰਗੇ ਦਿਹਾੜਿਆਂ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਬੁਲਾਉਣਾ ਚਾਹੀਦਾ ਹੈ, ਤਾਂ ਜੋ ਉਹ ਸਿੱਖ ਸੱਭਿਆਚਾਰ ਨੂੰ ਨੇੜਿਓਂ ਵੇਖ ਸਕਣ ਅਤੇ ਸਿੱਖ ਧਰਮ ਦੀ ਵੱਖਰੀ ਹੋਂਦ ਅਤੇ ਅਮਲਾਂ ਪ੍ਰਤੀ ਦੁਨੀਆ ਨੂੰ ਪ੍ਰਭਾਵੀ ਤਰੀਕੇ ਨਾਲ ਜਾਣੂ ਕਰਵਾਇਆ ਜਾ ਸਕੇ। ਇਸ ਤੋਂ ਇਲਾਵਾ ਸਿੱਖ ਕੌਮ ਅੰਦਰ ਅਨੁਸ਼ਾਸਨਬੱਧਤਾ ਨੂੰ ਕਾਇਮ ਕਰਨ ਲਈ ਵੀ ਹੋਲੇ-ਮਹੱਲੇ ਵਰਗੇ ਕੌਮੀ ਜੋੜ ਮੇਲੇ ਨੂੰ ਇਕ ਜ਼ਰੀਆ ਬਣਾਉਣਾ ਚਾਹੀਦਾ ਹੈ। ਖ਼ਾਲਸਾਈ ਸੱਭਿਆਚਾਰ ਅਤੇ ਵਿਲੱਖਣਤਾ ਨੂੰ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਅਤੇ ਦਸਮ ਪਿਤਾ ਦੇ ਦਰਸਾਏ ਨਿਰਾਲੇ ਤੇ ਅਣਖੀਲੇ ਰਾਹ 'ਤੇ ਕੌਮ ਨੂੰ ਤੋਰਨ ਲਈ ਸਿੱਖ ਆਗੂਆਂ, ਵਿਦਵਾਨਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਬੁੱਧੀਜੀਵੀਆਂ ਨੂੰ ਆਪਣੀ ਜ਼ਿੰਮੇਵਾਰੀ ਸੰਭਾਲਣ ਲਈ ਅੱਗੇ ਆਉਣਾ ਚਾਹੀਦਾ ਹੈ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**657. ਮਨਮੁਖ ਜੋਨੀਆਂ 'ਚ ਕਿਉਂ ਭਟਕਦੇ ਹਨ?**

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਮਨਮੁਖ) ਅਹੰਕਾਰ ਵਿਚ ਰਹਿੰਦੇ ਹਨ, ਗਿਆਨ ਤੋਂ ਸੱਖਣੇ ਹੁੰਦੇ ਹਨ, (ਜੀਵਨ-ਜੁਗਤਿ ਤੋਂ) ਅੰਵਾਣ ਹੁੰਦੇ ਹਨ ਤੇ ਉਹਨਾਂ ਨੂੰ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ । ਉਹ ਸਤਿਗੁਰੂ ਦੀ ਸੇਵਾ ਨਹੀਂ ਕਰਦੇ ਤੇ ਮੁੜ ਮੁੜ ਪਛਤਾਉਂਦੇ ਹਨ । ਉਹ ਮਨੁੱਖ ਗਰਭ ਜੋਨ ਵਿਚ ਵਾਸਾ ਪਾਉਂਦੇ ਹਨ, ਤੇ ਗਰਭ ਵਿਚ ਹੀ ਗਲ ਜਾਂਦੇ ਹਨ । ਮੇਰੇ ਕਰਤਾਰ ਨੂੰ ਇਹੀ ਚੰਗਾ ਲੱਗਦਾ ਹੈ ਕਿ ਮਨਮੁਖ ਜਨਮ ਮਰਨ ਵਿਚ ਹੀ ਭਟਕਦੇ ਰਹਿਣ । "ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥ ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥3॥ ਅੰਗ 163" ।

**658. ਡਰਾਉਣੇ ਸੰਸਾਰ ਸਮੁੰਦਰ ਤੋਂ ਕਿੱਦਾਂ ਤਰਿਆ ਜਾ ਸਕਦਾ ਹੈ?**

ਪ੍ਰਭੂ ਦੀ ਅਕੱਥ ਕਥਾ (ਸਿਫਤ ਸਲਾਹ) ਸੁਣ ਕੇ! "ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥1॥ ਅੰਗ 164" ।

**659. ਉੱਤਮ ਕੰਮ ਕਿਹੜਾ ਹੈ?**

ਹੇ ਪ੍ਰਭੂ! ਮੈਨੂੰ ਉਹਨਾਂ ਦੇ ਦਾਸਾਂ ਦਾ ਦਾਸ ਬਣਾ ਜਿਹੜੇ ਸੇਵਕ ਜਨ ਤੇਰੇ ਨਾਮ ਨੂੰ ਧਿਆਉਂਦੇ (ਸਿਮਰਦੇ) ਹਨ । ਅਜਿਹੇ ਸੇਵਕ ਜਨਾਂ ਦੀ ਸੇਵਾ ਉੱਤਮ ਕੰਮ ਹੈ । "ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥ ਜਨ ਕੀ ਸੇਵਾ ਊਤਮ ਕਾਮਾ ॥2॥ ਅੰਗ 164" । ਸਾਧ ਸੰਗਤ ਵਿਚ ਪ੍ਰਭੂ ਦਾ ਕੀਰਤਨ ਕਰਨਾ ਸਾਰੇ ਕਰਮਾਂ ਤੋਂ ਉੱਪਰ/ਉੱਤਮ ਹੈ । ਲੇਕਿਨ ਇਹ ਮਿਲਦਾ ਉਸਨੂੰ ਹੈ ਜਿਸਦੇ ਪੂਰਬਲੇ ਕਰਮਾਂ 'ਚ ਇਹ ਲੈਣਾ ਲਿਖਿਆ ਹੁੰਦਾ ਹੈ । "ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥8॥ ਅੰਗ 641" ।

**660. ਪ੍ਰਭੂ ਦੇ ਸੇਵਕ ਜਨਾਂ ਦੀ ਧੂੜ ਕਿਸਨੂੰ ਪ੍ਰਾਪਤ ਹੁੰਦੀ ਹੈ?**

ਕਿਸੇ ਵਡਭਾਗੀ ਨੂੰ! ਜਿਹੜਾ ਮਨੁੱਖ ਮੈਨੂੰ ਪ੍ਰਭੂ ਦੀ ਕਥਾ (ਸਿਫ਼ਤਿ-ਸਾਲਾਹ) ਸੁਣਾਉਂਦਾ ਹੈ, ਉਹ ਮੇਰੇ ਮਨ ਨੂੰ, ਮੇਰੇ ਚਿੱਤ ਨੂੰ ਚੰਗਾ ਲੱਗਦਾ ਹੈ । ਪ੍ਰਭੂ ਦੇ ਸੇਵਕ/ਜਨ ਦੇ ਪੈਰਾਂ ਦੀ ਖ਼ਾਕ ਕੋਈ ਵਡਭਾਗੀ ਮਨੁੱਖ ਹੀ ਹਾਸਿਲ ਕਰਦਾ ਹੈ । "ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥ ਜਨ ਪਗ ਰੇਣੁ ਵਡਭਾਗੀ ਪਾਵੈ ॥3॥ ਅੰਗ 164" ।

**661. ਨਾਮ ਵਿਚ ਲੀਨਤਾ/ਸਮਾਈ ਕਿਹਨਾਂ ਦੀ ਹੁੰਦੀ ਹੈ?**

ਹੇ ਨਾਨਕ ! (ਪ੍ਰਭੂ ਦੇ) ਸੰਤ ਜਨਾਂ ਨਾਲ਼ ਉਹਨਾਂ ਦੀ ਪ੍ਰੀਤ ਬਣਦੀ ਹੈ, ਜਿਨ੍ਹਾਂ ਦੇ ਮੱਥੇ ਉਤੇ ਪਰਮਾਤਮਾ ਨੇ ਧੁਰੋਂ ਉਹਨਾਂ ਦੇ ਮੱਥੇ ਤੇ ਲੇਖ ਲਿਖ ਦਿੱਤਾ ਹੁੰਦਾ ਹੈ । ਉਹ ਮਨੁੱਖ ਪਰਮਾਤਮਾ ਦੇ ਨਾਮ ਵਿਚ ਲੀਨ ਹੋ ਜਾਂਦੇ ਹਨ ।"ਸੰਤ ਜਨਾ ਸਿਉ ਪ੍ਰੀਤਿ ਬਨਿ ਆਈ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥ ਤੇ ਜਨ ਨਾਨਕ ਨਾਮਿ ਸਮਾਈ॥4॥2॥40॥ ਅੰਗ 164" । ਗੁਰਮੁਖ ਤੇਰੇ ਨਾਮ ਵਿਚ ਲੀਨ ਹੋ ਜਾਂਦੇ ਹਨ! ਤੇਰੀ ਸਿਫ਼ਤਿ-ਸਾਲਾਹ ਸੁੰਦਰ ਸਰੂਪ ਹੈ; ਜਿਸ ਨੇ ਕੀਤੀ ਹੈ, ਉਸ ਨੂੰ (ਸੰਸਾਰ-ਸਾਗਰ ਤੋਂ) ਪਾਰ ਉਤਾਰਦੀ ਹੈ । ਹੇ ਪ੍ਰਭੂ! ਗੁਰੂ ਅਨੁਸਾਰੀਆਂ ਨੂੰ ਤੂੰ ਇਹ ਫਲ ਦਿੰਦਾ ਹੈਂ ਕਿ ਉਹ ਤੇਰੇ ਸਦਾ ਥਿਰ ਨਾਮ ਵਿਚ ਲੀਨ ਹੋ ਜਾਂਦੇ ਹਨ । "ਤੇਰੀ ਸਿਫਤਿ ਸੁਆਲਿਓ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ ਅੰਗ 301" । ਜਿਹਨਾਂ ਨੂੰ ਪੂਰੇ ਸਤਿਗੁਰੂ ਨੇ ਵਡਿਆਈ ਦਿੱਤੀ, ਉਹ ਉੱਤਮ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ) ਪਦਵੀ ਪ੍ਰਾਪਤ ਕਰਦੇ ਹਨ ਤੇ ਪ੍ਰਭੂ ਦੇ ਨਾਮ ਵਿਚ ਸਮਾ (ਲੀਨ ਹੋ) ਜਾਂਦੇ ਹਨ । ਪੂਰੈ ਸਤਿਗੁਰ ਦਿਤੀ ਵਡਿਆਈ ॥ ਊਤਮ ਪਦਵੀ ਹਰਿ ਨਾਮਿ ਸਮਾਈ ॥ ਅੰਗ 364" । ਦਾਸ ਨਾਨਕ ਦਾ ਨਾਮ ਹੀ ਆਸਰਾ ਹੈ; ਹਰੀ ਰਾਮ ਰਾਹੀਂ ਉਹ ਨਾਮ ਵਿਚ ਸਮਾ ਗਿਆ ਹੈ । "ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ॥2॥ ਅੰਗ 845" । ਅਤੇ "ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥8॥ ਅੰਗ 1069" । ਸਤਿਗੁਰੂ ਦੀ ਸੇਵਾ (ਗੁਰ ਸ਼ਬਦ ਵਿਚਾਰ) ਨਾਲ਼ ਸਦੀਵੀ ਸੁਖ ਪਾ ਲਿਆ ਤੇ ਪ੍ਰਭੂ ਦੇ ਨਾਮ ਵਿਚ ਸਮਾ ਗਏ । "ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ ਹੇ ॥11॥ ਅੰਗ 1047"। ਹੇ ਨਾਨਕ! ਜਿਹਨਾਂ ਦਾ ਧੁਰੋਂ ਪ੍ਰਭੂ ਨਾਲ ਮਿਲਾਪ ਲਿਖਿਆ ਹੁੰਦਾ ਹੈ ਉਹ ਪ੍ਰਭੂ ਨਾਲ਼ੋਂ ਵਿਛੜਦੇ ਨਹੀਂ ਤੇ ਪ੍ਰਭੂ ਦੇ ਨਾਮ ਵਿਚ ਸਮਾ ਜਾਂਦੇ ਹਨ । "ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥ ਨਾਨਕ ਹਰਿ ਹਰਿ ਨਾਮਿ ਸਮਾਈ ॥4॥3॥12॥ ਅੰਗ 1262" । ਹੇ ਪ੍ਰਾਣੀ! ਗੁਰੂ ਅਨੁਸਾਰੀ ਹੋ ਕੇ ਪ੍ਰਭੂ ਦੇ ਨਾਮ ਦਾ ਧਿਆਨ ਧਰ । ਜਿਸ ਮਨੁੱਖ ਉੱਤੇ ਹਰੀ ਕਿਰਪਾ ਕਰਕੇ ਗੁਰੂ ਮਿਲਾਉਂਦਾ ਹੈ, ਉਹ ਮਨੁੱਖ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ । "ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥ ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥1॥ ਰਹਾਉ ॥ ਅੰਗ 1265" । ਹੇ ਨਾਨਕ ਉਹ ਬਹੁਤ ਵੱਡੇ ਭਾਗਾਂ ਵਾਲ਼ੇ ਹਨ ਜੋ ਗੁਰੂ ਅਨੁਸਾਰੀ ਹੋ ਕੇ ਨਾਮ ਵਿਚ ਲੀਨ ਹੋ ਗਏ! "ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥19॥ ਅੰਗ 1414" ।

**662. ਸਤਿਗੁਰੂ ਦੀ ਪਰੀਤ ਕਿਸ ਨਾਲ਼ ਹੁੰਦੀ ਹੈ?**

ਸਤਿਗੁਰੂ ਦੀ ਪਰੀਤ (ੳ) ਗੁਰਸਿੱਖ ਦੇ ਮੂੰਹ ਵਿਚ ਨਾਮ ਅੰਮ੍ਰਿਤ ਪਾਉਣ ਨਾਲ਼ ਹੁੰਦੀ ਹੈ। "ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥1॥ ਅੰਗ 164" ।, (ਅ) ਸਾਧੂਆਂ (ਪਵਿੱਤਰ ਪੁਰਸ਼ਾਂ) ਦੇ ਚਰਨ ਚੱਟਣ ਨਾਲ਼ ਹੁੰਦੀ ਹੈ । "ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥4॥3॥41॥ ਅੰਗ 164" । ਅਤੇ, ਸੱਚੇ (ਅਮਰ) ਗੁਰੂ ਤੋਂ ਸੰਤੋਖ ਹਾਸਿਲ ਕਰਨ ਨਾਲ਼ ਹੁੰਦੀ ਹੈ । "ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ॥4॥4॥42॥ ਅੰਗ 164" ।

*ਬਾਕੀ ਅਗਲੇ ਹਫ਼ਤੇ ਪੜ੍ਹੋ*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..............................................................................

ADDRESS.........................................................................

.........................................POST CODE..............................

TEL..................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*



## ਸ੍ਰੀ ਗੁਰੂ ਰਵਿਦਾਸ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ

**ਕੰਮ** – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ (ਰੈਫਰੈਂਸ ਨੰਬਰ SGRG23 ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 6 ਮਾਰਚ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

## VACANCY for Tier-5 Religious Worker

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 6th March 2026***

Please apply quoting Ref No. SGRG23 and send your application to Surinder Kumar president,

**Sri Guru Ravidass Sabha Derby**

DUNCAN ROAD, DERBY DE23 8TR (U.K.)

For more information please contact : Surinder Kumar 07882 157963
Parkash Singh Ginday 07966 053881

# ਮਾਤ ਭਾਸ਼ਾ ਦਿਵਸ ’ਤੇ ਮੁਬਾਰਕਾਂ ਕਿਹੜੀ ਖ਼ੁਸ਼ੀ ’ਚ ?

## ਮਾਤ ਭਾਸ਼ਾ ਦਿਵਸ ’ਤੇ ਵਿਸ਼ੇਸ਼

ਸ਼ਿੰਗਾਰਾ ਸਿੰਘ ਢਿੱਲੋਂ



ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਅੱਜ ਮਾਤ ਭਾਸ਼ਾ ਦਿਵਸ ਹੈ ਤੇ ਮੈਂ ਸਭਨਾਂ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਬੇਸ਼ੱਕ ਮੈਂ ਪਿਛਲੇ ਤਿੰਨ ਦਹਾਕਿਆਂ ਦੇ ਵੱਧ ਸਮੇਂ ਤੋਂ ਬਰਤਾਨੀਆਂ ਰਹਿੰਦਾਂ. ਪਰ ਅੱਜ ਤੱਕ ਮੇਰੀ ਪਹਿਲੀ ਭਾਸ਼ਾ ਪੰਜਾਬੀ ਹੀ ਰਹੀ ਹੈ ਤੇ ਹਮੇਸ਼ਾ ਰਹੇਗੀ। ਦੂਜੀ ਭਾਸ਼ਾ ਅੰਗਰੇਜ਼ੀ ਹੈ ਤੇ ਰਹੇਗੀ, ਹਾਂ, ਕਦੇ ਕਦਾਈ ਹਿੰਦੀ, ਗੁਜ਼ਰਾਤੀ ਤੇ ਉਰਦੂ ਨੂੰ ਵੀ ਮੂੰਹ ਮਾਰ ਲਈਦਾ। ਮੇਰੇ ਵੱਲੋਂ ਅਜਿਹਾ ਕਰਨ ਨਾਲ ਮੇਰੀ ਮਾਤ ਭਾਸ਼ਾ ਦਾ ਕਦੇ ਕੋਈ ਨੁਕਸਾਨ ਨਹੀਂ ਹੋਇਆ, ਹਾਂ ! ਪਰ ਮੈਨੂੰ ਫਾਇਦਾ ਜ਼ਰੂਰ ਹੋਇਆ ਹੈ। ਇਕ ਗੱਲ ਹੋਰ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਕਦੇ ਕਦਾ ਇਸ ਤਰਾਂ ਮਹਿਸੂਸ ਹੁੰਦਾ ਕਿ ਅੱਜ ਤੱਕ ਪੰਜਾਬੀ ਭਾਸ਼ਾ ਦਾ ਬਹੁਤਾ ਨੁਕਸਾਨ ਉਹਨਾ ਲੋਕਾਂ ਨੇ ਹੀ ਕੀਤਾ ਹੈ ਜੋ ਆਪਣੇ ਆਪ ਨੂੰ ਇਸ ਦਾ ਝੰਡਾ ਬਰਦਾਰ ਕਹਾਉਂਦੇ ਜਾਂ ਦੱਸਦੇ ਰਹੇ ਹਨ। ਇਸ ਸੰਬੰਧੀ ਤੁਸੀਂ ਆਪਣਾ ਵਿਚਾਰ ਟਿੱਪਣੀ ਵਜੋਂ ਦਰਜ ਕਰ ਸਕਦੇ ਹੋ। ਉਂਜ ਕਹਿਣ ਦੀ ਲੋੜ ਨਹੀਂ, ਪਰ ਫਿਰ ਵੀ ਕਹਿ ਰਿਹਾ ਹਾਂ ਕਿ ਬੇਨਤੀ ਏਹੀ ਹੈ ਕਿ ਮਸਲਾ ਮਾਂ ਬੋਲੀ ਦਾ ਹੈ ਇਸ ਕਰਕੇ ਟਿੱਪਣੀ ਸੱਭਿਅਕ ਬੋਲਾਂ ਵਿਚ ਹੀ ਹੋਵੇ ਤਾਂ ਕਿ ਮਾਖਿਓਂ ਮਿੱਠੀ ਮੇਰੀ ਸੋਹਣੀ ਬੋਲੀ ਮਲੀਨ ਨਾ ਹੋਵੇ।

ਹਰ ਸਾਲ ਦੀ ਤਰਾਂ ਅੱਜ ਵੀ ਮਾਤ ਬੋਲੀ ਦਿਹਾੜੇ ਉੱਤੇ ਵਧਾਈਆਂ ਤੇ ਮੁਬਾਰਕਾਂ ਦਾ ਸਿਲਸਿਲਾ ਸ਼ੋਸ਼ਲ ਮੀਡੀਏ ਉਤੇ ਬੜਾ ਹੀ ਮੁਸਲਸਲ ਚਲ ਰਿਹਾ ਹੈ, ਪਰ ਮੈਨੂੰ ਇਸ ’ਤੇ ਇਤਰਾਜ ਹੈ। ਆਪਣੇ ਇਤਰਾਜ ਦੀ ਪੁਸ਼ਟੀ ਲਈ ਮੇਰੇ ਕੋਲ ਦਲੀਲਾਂ ਵੀ ਹਨ। ਅੰਗਰੇਜੀ ਦੁਨੀਆਂ ਦੀ ਇਕ ਨੰਬਰ ਭਾਸ਼ਾ ਬਣ ਚੁੱਕੀ ਹੈ, ਪਰ ਇਹ ਭਾਸ਼ਾ ਪੰਜਾਬੀ ਤੋਂ ਕੋਈ ਪੌਣੇ ਕੁ ਦੋ ਸੌ ਸਾਲ ਉਮਰ ਵਿਚ ਛੋਟੀ ਹੈ। ਪੰਜਾਬੀ ਬੋਲੀ 12ਵੀਂ ਸਦੀ ਵਿਚ ਆਪਣੇ ਅਜੋਕੇ ਰੂਪ ਵਿਚ ਪੂਰੀ ਤਰਾਂ ਨਿਖਰ ਚੁੱਕੀ ਸੀ। ਇਸ ਦਾ ਪਹਿਲਾ ਕਵੀ ਬਾਬਾ ਫਰੀਦ ਸ਼ਕਰਗੰਜ ਨੂੰ ਮੰਨਿਆ ਜਾਂਦਾ ਹੈ, ਜਿਹਨਾਂ ਦੇ 114 ਸ਼ਲੋਕ ਗੁਰੂ ਗਰੰਥ ਸਾਹਿਬ ਵਿਚ ਵੀ ਦਰਜ ਹਨ। ਅੱਜ ਵੀ ਜਦੋਂ ਅਸੀਂ ਫਰੀਦ ਬਾਣੀ ਸਰਵਣ ਕਰਕੇ ਹਾਂ ਤਾਂ ਸਾਨੂੰ ਉਹਨਾ ਦੀ ਸਰਲ ਪੰਜਾਬੀ ਬੋਲੀ ਵਿਚਲੇ ਸਲੋਕਾਂ ਦੇ ਅਰਥ ਬੜੀ ਅਸਾਨੀ ਨਾਲ ਸਮਝ ਆ ਜਾਂਦੇ ਹਨ। ਇਸੇ ਤਰਾਂ ਵਾਰਿਸ਼ ਸ਼ਾਹ, ਦਮੋਦਰ, ਸ਼ਾਹ ਹੁਸੈਨ, ਸੁਲਤਾਨ ਬਾਹੂ, ਖਵਾਜਾ ਗੁਲਾਮ ਫਰੀਦ, ਹਾਸ਼ਮ ਆਦਿ ਬਾਰੇ ਕਹੀ ਜਾ ਸਕਦੀ ਹੈ। ਅੰਗਰੇਜੀ ਦਾ ਪਹਿਲਾ ਕਵੀ ਜੈਫਰੀ ਚੌਸਰ ਹੈ ਜਿਸ ਦਾ ਕਾਰਜਕਾਲ ਪੰਦਰਵੀਂ ਸਦੀ ਦੇ ਮੱਧ ਤੋਂ ਸ਼ੁਰੂ ਹੁੰਦਾ ਹੈ। ਇਹ ਬੋਲੀ ਏਨੀ ਤੇਜੀ ਨਾਲ ਵਿਕਸਤ ਕਿਵੇਂ ਹੋ ਗਈ ? ਕੀ ਇਸ ਬੋਲੀ ਕੋਲ ਸ਼ਬਦਾਂ ਦਾ ਵੱਡਾ ਭੰਡਾਰ ਸੀ ? ਕੀ ਇਸ ਦੇ ਵਕਤਿਆਂ ਦੀ



ਗਿਣਤੀ ਜਿਆਦਾ ਸੀ ? ਕੀ ਇਸ ਬੋਲੀ ਦੀਆਂ ਮਾਵਾਂ ਆਪਣੀ ਬੋਲੀ ਪ੍ਰਤੀ ਬਹੁਤ ਸੰਸਕਾਰੀ ਹਨ ਜਾਂ ਫਿਰ ਬੁਲਾਰਿਆਂ ਦੀ ਨਫਰੀ ਬਹੁਤ ਜਿਆਦਾ ਹੈ ? ਇਹਨਾਂ ਉਕਤ ਸਵਾਲਾਂ ਬਾਰੇ ਚਿੰਤਨ ਕਰੀਏ ਤਾਂ ਉੱਤਰ ਨਾਂਹ ਵਿਚ ਹੀ ਮਿਲਦਾ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਉਕਤ ਸਵਾਲਾਂ ਦਾ ਉੱਤਰ ਨਾਂਹ ਵਿਚ ਹੈ ਤਾਂ ਇਹ ਬੋਲੀ ਪੰਜਾਬੀ ਤੋਂ ਸੈਂਕੜੇ ਸਾਲ ਛੋਟੀ ਹੋਣ ਦੇ ਬਾਵਜੂਦ ਵੀ ਦੁਨੀਆਂ ਦੀ ਪਹਿਲੇ ਦਰਜੇ ਦੀ ਜੁਬਾਨ ਕਿਵੇਂ ਬਣ ਗਈ ?

ਇਸ ਸਵਾਲ ਦਾ ਸਹੀ ਉੱਤਰ ਮੇਰੀ ਜਾਚੇ ਇਹ ਬਣਦਾ ਹੈ ਕਿ ਕਿਸੇ ਵੀ ਜੁਬਾਨ ਦੀ ਤਰੱਕੀ ਵਾਸਤੇ ਪਹਿਲੀ ਲੋੜ ਰਾਜਨੀਤਿਕ ਪੁਸ਼ਤ ਪਨਾਹੀ ਹੁੰਦੀ ਹੈ ਤੇ ਪੰਜਾਬੀ ਬੋਲੀ ਨੂੰ ਹੋਰਨਾਂ ਤਾਂ ਸਿਆਸੀ ਬੈਕ ਅੱਪ ਕੀ ਦੇਣੀ ਸੀ ਮਹਾਂਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਰਾਜ-ਕਾਜ ਵਿਚ ਨਹੀਂ ਦਿੱਤੀ। ਸ਼ਾਇਦ ਇਹ ਸ਼ਬਦ ਨੈਪੋਲੀਅਨ ਨੇ ਕਹੇ ਸਨ ਕਿ ਕਿਸੇ ਕੌਮ ਨੂੰ ਗੋਲੀਆਂ ਮਾਰਕੇ ਮਾਰਨ ਦੀ ਬਜਾਏ ਉਸ ਦੀ ਜੁਬਾਨ ਖੋਹ ਲਵੋ ਤਾਂ ਉਹ ਖੁਦ ਬ ਖੁਦ ਹੀ ਮਰ ਜਾਵੇਗੀ।

ਅੰਗਰੇਜਾਂ ਨੇ ਨੈਪੋਲੀਅਨ ਦੇ ਉਕਤ ਬੋਲਾਂ ਦਾ ਸੌ ਫੀਸਦੀ ਲਾਭ ਲਿਆ, ਪੰਜਾਬੀਆਂ ਨੂੰ ਸਮਝਣ ਵਾਸਤੇ, ਪੰਜਾਬ ਵਿਚ ਅੰਗਰੇਜ ਵਿਦਵਾਨਾਂ ਦੀ ਫੌਜ ਬੁਲਾਈ, ਪੰਜਾਬੀ ਤੋਂ ਅੰਗਰੇਜੀ ਤਰਜਮਾ ਗਰੰਥ ਤਿਆਰ ਕੀਤੇ, ਪੰਜਾਬ ਦੇ ਨੌਜਵਾਨਾਂ ਨੂੰ ਆਹਲਾ ਤਾਲੀਮ ਲੈਣ ਵਾਸਤੇ ਬਰਤਾਨੀਆ ਭੇਜਿਆ ਤੇ ਵਾਪਸੀ ਉਪਰੰਤ ਉਹਨਾਂ ਨੂੰ ਵੱਡੀਆਂ ਕੁਰਸੀਆਂ ਤੇ ਆਹੁਦੇ ਦਿੱਤੇ, ਜੋ ਪੜ੍ਹ ਨਾ ਸਕੇ ਉਹਨਾਂ ਨੂੰ ਜਬਰੀ ਫੌਜ ਵਿਚ ਭਰਤੀ ਕਰ ਲਿਆ ਤੇ ਜੰਗਾਂ ਦੀ ਮੋਹਰਲੀ ਕਤਾਰ ਵਿਚ ਖੜ੍ਹਾ ਦਿੱਤਾ ਭਾਵ ਇਹ ਕਿ ਅੰਗਰੇਜਾਂ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਸਾਧ ਲਏ, ਪੰਜਾਬੀ ਬੋਲੀ ਨੂੰ ਖਤਮ ਕਰਨ ਦਾ ਮਸਲਾ ਵੀ ਹੱਲ ਕਰ ਲਿਆ, ਰਾਜ ਪਰਬੰਧ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਪਹਾੜਾ ਸਿੰਘ ਵੀ ਆਪਣੇ ਰਾਜ ਪ੍ਰਬੰਧ ਵਿਚ ਭਰਤੀ ਕਰ ਲਏ ਤੇ ਅੰਗਰੇਜੀ ਬੋਲੀ ਦਾ ਵੀ ਬੋਲ ਬਾਲਾ ਵੀ ਕਰ ਲਿਆ। ਅਸੀਂ ਜਾਣਦੇ ਹਾਂ ਕਿ ਅੰਗਰੇਜ ਫੌਜ ਵਿਚ ਭਰਤੀ ਰਹੇ ਸਾਡੇ ਅਨਪੜ੍ਹ ਪੰਜਾਬੀ ਵੀ ਬਰਾਂਡੀ ਦਾ ਲੰਡੂ ਜਿਹਾ ਪੈੱਗ ਲਾ ਕੇ ਆਪਣੀ ਮਾਂ ਬੋਲੀ ਦੀ ਬਜਾਏ ਟੁੱਟੀ ਫੁੱਟੀ ਅੰਗਰੇਜੀ ਬੋਲਣ ਲੱਗ ਜਾਂਦੇ ਸਨ ਤੇ ਹੁਣ ਬਦਲੇ ਹੋਏ ਰੂਪ ਵਿਚ ਉਹੀ ਸਿਲਸਿਲਾ ਯੂ ਪੀ ਤੇ ਬਿਹਾਰ ਤੋਂ ਆਏ ਭਈਆ ਲੋਕਾਂ ਨਾਲ ਚੱਲ ਰਿਹਾ ਹੈ। ਅਸੀਂ ਉਹਨਾਂ ਨੂੰ ਆਪਣੀ ਗੱਲ ਸਮਝਾਉਣ ਵਾਸਤੇ ਪੰਜਾਬੀ ਨਹੀਂ ਬਲਕਿ ਪੰਜਾਬੀ ਨੂੰ ਪਰੇ ਰੱਖਕੇ ਇਕ ਨਵੀਂ ਹੀ ਬੋਲੀ ਸਿਰਜਕੇ ਉਹਨਾਂ ਨਾਲ ਗੱਲਬਾਤ ਕਰਦੇ ਹਾਂ ਮਸਲਨ "ਬਈਆ ! ਮੱਝੋਂ ਕੋ ਪੱਠਾ ਡਾਲਦੋ, ਹਮਾਰੇ ਢੀਡ ਮੇਂ ਦਰਦ ਹੈ, ਯੂ ਪੀ ਮੇ ਤੁਮਾਰਾ ਪੀਂਡ ਕੋਣਸਾ ਹੈ ? ਵਗੈਰਾ ਵਗੈਰਾ। ਹੁਣ ਅੰਦਾਜਾ ਅਸੀਂ ਆਪ ਹੀ ਲਗਾ ਸਕਦੇ ਹਾਂ ਕਿ ਮਾਂ ਅਤੇ ਬੋਲੀ ਦੋਹਾਂ ਨੂੰ ਕਿੰਨਾ ਕੁ ਪਿਆਰ ਕਰਦੇ ਹਾਂ !

ਫਰਾਂਸ ਇਕ ਛੋਟਾ ਜਿਹਾ ਮੁਲਕ ਹੈ, ਉਥੇ ਫਰੈਂਚ ਬੋਲੀ ਜਾਂਦੀ ਹੈ , ਜੋ ਕਿ ਇਸ ਵੇਲੇ ਦੁਨੀਆਂ ਦੀ ਪੰਜਵੀ ਵੱਡੀ ਜੁਬਾਨ ਹੈ। ਪੰਜਾਬੀ ਅਤੇ ਫਰੈਂਚ ਦੇ ਵਕਤਿਆਂ ਦੀ ਸੰਖਿਆ ਲਗਭਗ ਇਕੋ ਜਿਹੀ ਹੈ, ਪਰ ਪੰਜਾਬੀ ਇਸ ਪੱਖੋਂ ਦੁਨੀਆਂ ਦੀਆਂ ਭਾਸ਼ਾਵਾਂ ਵਿਚ 22ਵੇਂ ਨੰਬਰ ਉੱਤੇ ਹੈ। ਇਸ ਦਾ ਕਾਰਨ ਵੀ ਏਹੀ ਕਿ ਫਰੈਂਚ ਬੋਲੀ ਨੂੰ ਸਿਆਸੀ ਬੈਕ ਅੱਪ ਮਿਲਦੀ ਰਹੀ ਹੈ ਜਦ ਕਿ ਪੰਜਾਬੀ ਜੁਬਾਨ ਦੀ ਪਿੱਠ ਵਿਚ ਇਥੋਂ ਦੀ ਸਿਆਸਤ ਹੀ ਛੁਰਾ ਖੋਭਦੀ ਰਹੀ ਹੈ ਤੇ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ।

ਸਰਕਾਰਾਂ ਦੀਆਂ ਗਲਤ ਨੀਤੀਆਂ ਵੀ ਉਥੋਂ ਦੀ ਬੋਲੀ ਦਾ ਘਾਤ ਕਰਦੀਆਂ ਹਨ, ਮਸਲਨ ਪੰਜਾਬੀ ਬੋਲੀ ਨੂੰ ਅੱਜ ਤੱਕ ਸਰਕਾਰਾਂ ਨੇ ਗੌਲਿਆ ਹੀ ਨਹੀਂ, ਜੇਕਰ ਇਸ ਸੰਬੰਧੀ ਮਤੇ ਪਾਏ ਜਾਂ ਕਾਨੂੰਨ ਬਣਾਏ ਗਏ ਤਾਂ ਉਹ ਬਣਾ ਕਿ ਠੰਢੇ ਬਸਤੇ ਵਿਚ ਤੁਸ ਦਿੱਤੇ, ਕਦੇ ਲਾਗੂ ਹੀ ਨਹੀਂ ਕੀਤੇ, ਸਰਕਾਰੀ ਦਫਤਰਾਂ ਵਿਚ ਬਾਬੂਆਂ ਅਤੇ ਅਫਸਰਾਂ ਦੀ ਭਰਤੀ ਬਾਹਰਲੀਆਂ ਸਟੇਟਾਂ ਤੋ ਕੀਤੀ ਗਈ, ਜੇਕਰ ਯਕੀਨ ਨਹੀਂ ਤਾਂ ਪੰਜਾਬ ਦੇ ਸਿਵਿਲ ਅਧਿਕਾਰੀ ਜਾਂ ਫਿਰ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਏਅਰ ਪੋਰਟਾਂ ‘ਤੇ ਜਾ ਕੇ ਦੇਖਿਆ ਜਾ ਸਕਦਾ ਹੈ , ਪੰਜਾਬ ਦੇ ਬਹੁਤੇ ਸਕੂਲਾਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਹੀ ਖਾਲੀ ਪਈਆਂ ਹਨ, ਬੇਰੁਜਗਾਰੀ ਨੇ ਵੀ ਲੋਕਾਂ ਨੂੰ ਮਾਂ ਬੋਲੀ ਤੋਂ ਦੂਰ ਕੀਤਾ ਹੈ, ਭੁੱਖੇ ਨੂੰ ਸਵਾਲ ਪਾਓ ਤਾਂ ਉਸ ਦਾ ਉੱਤਰ ਹਮੇਸ਼ਾ ਦੋ ਰੋਟੀਆਂ ਹੀ ਹੁੰਦਾ ਹੈ, ਏਹੀ ਕਾਰਨ ਹੈ ਕਿ ਪੰਜਾਬ ਦੀ ਜਵਾਨੀ ਨੇ ਪਹਿਲਾਂ ਆਇਲਟਾਂ ਕਰਕੇ ਆਪਣੀ ਮਾਤ ਭਾਸ਼ਾ ਤੋਂ ਮੁੱਖ ਮੋੜਿਆ ਫਿਰ ਲੱਖਾਂ ਰੁਪਏ ਖਰਚ ਕਰਕੇ ਆਪਣੀ ਮਾਂ ਭੂਮੀ ਛੱਡਕੇ ਵਿਦੇਸ਼ਾਂ ਵੱਲ ਭੱਜਣ ਲਈ ਮਜਬੂਰ ਹੋਏ।

ਜਿਥੋਂ ਤੱਕ ਲਹਿੰਦੇ ਪੰਜਾਬ ਦੀ ਗੱਲ ਹੈ। ਇਸ ਵਿਚ ਬਿਲਕੁਲ ਵੀ ਕੋਈ ਦੋ ਰਾਇ ਨਹੀ ਕਿ ਉਹ ਲੋਕ ਮਾਂ ਬੋਲੀ ਪੰਜਾਬੀ ਨੂੰ ਇੰਤਹਾ ਮੁਹੱਬਤ ਕਰਦੇ ਹਨ, ਪਰ ਪੰਜਾਬੀ ਬੋਲੀ ਨੂੰ ਸਿਆਸੀ ਸਹਾਰਾ ਨਾ ਹੋਣ ਕਰਕੇ ਉਥੇ ਵੀ ਪੰਜਾਬੀ ਬੋਲੀ ਨੁਕਰੇ ਲਗਾਈ ਜਾ ਰਹੀ ਹੈ। ਲਹਿੰਦੇ ਪੰਜਾਬ ਵਿਚ ਨਿਤ ਕਾਨਫਰੰਸਾਂ, ਧਰਨੇ ਤੇ ਮੁਜ਼ਾਹਰੇ ਹੋ ਰਹੇ ਹਨ ਪਰ ਉਥੇ ਹਾਲਾਤ ਢਾਕ ਕੇ ਤੀਨ ਪਾਤ ਵਾਲੇ ਹੀ ਬਣੇ ਹੋਏ ਹਨ। ਸਰਕਾਰਾਂ ‘ਤੇ ਕੋਈ ਅਸਰ ਨਹੀਂ, ਸਕੂਲਾਂ ਵਿਚ ਪੰਜਾਬੀ ਬੋਲੀ ਦੀ ਪੜ੍ਹਾਈ ਠੱਪ ਪਈ ਹੈ, ਸ਼ਹਿਰੀ ਤਬਕਾ ਉਰਦੂ ਬੋਲਣ ਨੂੰ ਤਰਜੀਹ ਦੇ ਰਿਹਾ ਹੈ, ਸਰਕਾਰੀ ਜੁਬਾਨ ਉਰਦੂ ਹੈ ਤੇ ਦਫਤਰਾਂ ਤਹਿਸੀਲਾਂ ਦਾ ਸਾਰਾ ਕੰਮਕਾਜ ਉਰਦੂ ਵਿਚ ਹੀ ਹੋ ਰਿਹਾ ਹੈ। ਵੱਖ ਵੱਖ ਤਨਜੀਮਾਂ ਵਲੋਂ ਕੀਤੇ ਜਾ ਰਹੇ ਸ਼ੰਘਰਸ਼ ਦਾ ਚੰਗਾ ਅਸਰ ਇਹ ਜਰੂਰ ਪੈ ਰਿਹਾ ਕਿ ਆਮ ਲੋਕਾਂ ਵਿਚ ਆਪਣੀ ਮਾਤ ਭਾਸ਼ਾ ਪ੍ਰਤੀ ਚੇਤਨਾ ਪੈਦਾ ਹੋ ਰਹੀ ਹੈ, ਪਰ ਸਿਆਸੀਤੰਤਰ ਇਸ ਪੱਖੋਂ ਘੋਗੜਕੰਨਾ ਬਣਿਆ ਹੋਇਆ ਹੈ।

ਮਾਂ ਬੋਲੀ ਉਸ ਦੇ ਵਕਤਿਆਂ ਦੇ ਸਿਰ ਦਾ ਤਾਜ ਹੁੰਦੀ ਹੈ, ਪਰ ਇਕ ਗੱਲੋਂ ਮੈਨੂੰ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਬੋਲੀ ਦਾ ਰੁਤਬਾ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਵਿਚ ਹੀ ਬਹਾਲ ਨਹੀਂ, ਇਸ ਨੂੰ ਬਹਾਲ ਕਰਾਉਣ ਵਾਸਤੇ ਲਗਾਤਾਰ ਸੰਘਰਸ਼ ਚੱਲ ਰਿਹਾ ਹੈ, ਆਪਣੀਆਂ ਮਾਲੀ ਮਜਬੂਰੀਆਂ ਨੂੰ ਦਰਪੇਸ਼ ਆਮ ਲੋਕ ਤੇ ਨੌਜਵਾਨ ਪੀੜ੍ਹੀ, ਮਾਤ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ, ਦੂਜੇ ਪਾਸੇ ਮਾਤ ਭਾਸ਼ਾ ਦਿਵਸ ਨੂੰ ਲੈ ਕੇ ਸ਼ੋਸ਼ਲ ਮੀਡੀਏ ਉੱਤੇ ਵਧਾਈਆਂ ਤੇ ਮੁਬਾਰਰਾਂ ਦਾ ਹੜ੍ਹ ਆਇਆ ਹੋਇਆ ਹੈ, ਸਮਝ ਨਹੀ ਆ ਰਹੀ ਕਿ ਅਸੀਂ ਕਿਹੜੀ ਵੱਡੀ ਮੱਲ ਮਾਰ ਲਈ ਹੈ ਕਿ ਏਨੇ ਵੱਡੇ ਪੱਧਰ ਉੱਤੇ ਵਧਾਈਆਂ ਦਾ ਅਦਾਨ ਪਰਦਾਨ ਕਰ ਰਹੇ ਹਾਂ ਜਦ ਕਿ ਇਹਨਾਂ ਮੌਕਿਆਂ ਉੱਤੇ ਸਾਨੂੰ ਚਿੰਤਨ ਕਰਨਾ ਚਾਹੀਦਾ ਹੈ ਕਿ ਸਾਡੀ ਜਮੀਨੀ ਹਕੀਕਤ ਕੀ ਹੈ, ਕਿ ਇਹ ਖੁਸ਼ੀ ਦਾ ਸਮਾਂ ਹੈ ਜਾਂ ਫਿਰ ਜਰਾ ਠਰੰਮੇ ਨਾਲ ਚਿੰਤਨ ਕਰਕੇ ਕੁੱਝ ਐਕਸਨ ਲੈਣ ਦਾ ! ਕਈ ਵਾਰ ਇਹ ਜਰੂਰੀ ਹੁੰਦਾ ਹੈ ਕਿ ਆਪਣੀ ਪੀੜ੍ਹੀ ਹੇਠ ਵੀ ਸੋਟਾ ਮਾਰ ਹੀ ਲਿਆ ਜਾਵੇ ਕਿਉਂਕਿ ਮਸਲੇ ਦੀ ਜੜ੍ਹ ਕਈ ਵਾਰ ਉਥੇ ਵੀ ਹੱਥ ਆ ਸਕਦੀ ਹੈ। ਗੁਸਤਾਖੀ ਮੁਆਫ।

੦ ੦ ੦

# Navigating the Future Development of UK Sikh Representation:

## An Independent Summit Report

– ਲੇਖਕ –
ਸੁਜਿੰਦਰ ਸਿੰਘ ਸੰਘਾ



..Continued from last week

**The Council of Sikhs in Law and Sikhs in Academia commissioned a report on the process and effectiveness of the UK Sikh representation in relation to consultation and advocacy with the UK government on key policy issues.**

**(Part 4)**

ਖੋਜ-ਪੜਤਾਲ ਅਧਾਰਿਤ ਇਸ ਰਿਪੋਰਟ ਦਾ ਪ੍ਰਮੁੱਖ ਉਦੇਸ਼; ਠੋਸ ਸਿੱਟਿਆਂ, ਨਿਸ਼ਾਨਿਆਂ ਅਤੇ ਸਿਫਾਰਸ਼ਾਂ ਨੂੰ ਪੇਸ਼ ਕਰਨਾਂ ਸੀ। ਯੂ.ਕੇ. ਦੇ ਸਿੱਖਾਂ ਵਾਸਤੇ ਦਰਪੇਸ਼ ਸਿਫਾਰਸ਼ਾਂ, ਵਰਤਮਾਨ ਅਤੇ ਭਵਿੱਖ ਨੂੰ ਸਾਂਭਣ-ਸੰਵਾਰਨ ਵਿੱਚ ਸਹਾਈ ਹੋ ਸਕਦੀਆਂ ਹਨ। ਜੇ ਇਸ ਰਿਪੋਰਟ ਨੂੰ ਸਾਡੀਆਂ ਸਮੂਹਿਕ ਗੁਰਦਵਾਰਾ ਕਮੇਟੀਆਂ, ਜਥੇਬੰਦੀਆਂ, ਸੰਸਥਾਵਾਂ ਅਤੇ ਵਿਅਕਤੀਗਤ; ਸੰਵਾਦ ਵਿੱਚ ਲਿਆਕੇ, ਕਰਮਸ਼ੀਲਤਾ ਵਲ ਚਾਲੇ ਪੈ ਸਕਣ ਤਾਂ ਇਹ ਨਵਾਂ ਇਤਿਹਾਸ ਸਿਰਜ ਸਕਦੇ ਹਨ। ਹੋਰਨਾਂ ਦੇਸ਼ਾਂ ਵਿੱਚ ਵੀ ਸਿੱਖਾਂ ਲਈ ਉਦਾਹਰਣ ਪੇਸ਼ ਕਰ ਸਕਦੇ ਹਨ।

**– ਪ੍ਰਿੰ. ਡਾ. ਸੁਜਿੰਦਰ ਸਿੰਘ ਸੰਘਾ ਓ.ਬੀ.ਈ, ਐਫ.ਆਰ.ਐਸ.ਏ**

### 7. The Independent Research Panel (IRP) Summit Report Conclusions:

Image of the IRP members who initiated, collected, analysed and presented the data,which became the basis of the findings and the following conclusions of the Summit Report:

.......................

7.1 The rise and transformation of Sikh organisations in the UK has been a continuing organic process. The findings of the UK Sikh Representation Summit Report (Section 6) suggest some workable recommendations (Section 8). The recommendations have capability and potential to tackle the barriers and create opportunities for making engagement with government more effective and efficient relating to policy, consultation, and advocacy.

7.2 UK Sikh organisations and individual Sikhs who have potential for engaging with government and public authorities (namely Sikh Council/s, Councils of Gurdwaras, Sikh Federation, Sikh Consultative Forum, Guru Nanak Nishkam Sewak Jatha, Network of Sikh Organisations, Sikh Education Council, Akhand Kirtni Jatha, Shiromani Akali Dal, Sikh Arts and Writers Organisations, Sikh Professionals Organisations, City Sikhs, respective Ramgarhia, Ravidasia, Balmiki, Bhatra Balmiki, Bhatra, Youth and Women societies could sincerely and seriously consider joining the proposed joint Central Framework Mechanism (CFM) - for ekta, influence and common wellbeing of Sikhs.

7.3 UK Sikh organisations and individual Sikhs, who have experience, ability, and professional skills to engage with government on policy issues and are passionately willing to participate proactively in the CFM (with consent of their members/followers and leadership) should come together. This can be done by nominating up to three Sikhs (subject to a rigorous professional selection criterion, the same could be applied to individual applicants) to the proposed CFM. The CFM coulde formally adopt a suitable nomenclature:

Commission for UK Sikh Representatio

Senate for UK Sikh Representation

Confederation for UK Sikh Representation

Standing Conference for UK Sikh Representation

(Note: The SiL and SiA as a think tank/institute could formalise the process. This proposal could be enacted and tested for at least three years as a transitional model for UK Sikh representation, then reviewed independently for further improvement.)

7.4 UK Sikh professional's formations in arts, business, charities, commerce, culture, education, industry, literature, media, medicine, sports, services… (including those active in Scotland, Wales, and Northern Ireland) should also seriously consider developing innovative and futuristic engagement with the CFM.

7.5 The SiL and SiA should develop an expert think tank/institute for advancing constitutional, legal, and strategic advice, guidance, and support to develop the proposed Commission/ Senate/ Confederation/ Standing Conference. It could enable the transitional engagement with government at policy, consultation, and advocacy levels to work efficiently and effectively for good outcomes. A specialist small working group of SiL and SiA could be formed to determine the nature and characteristics of the new relationships.

7.6 The CFM, through its associate/confederated bodies, could be linked to grassroots, for inclusive consultations with diverse UK Sikh communities. This process could strengthen connectivity with hard to reach and hardly reached sections of UK Sikhs. The CFM could develop and provide specialist thematic panels, with appropriate commitment, experience, expertise and skill set to underpin engagement with government on policy, consultation, and advocacy.

7.7 The CFM could develop and adopt an inclusive and socially workable baseline definition of Sikh, reflecting a shared understanding and context for individuals, who identify with and form UK Sikh community. Engage trained professionals to analyse and present issues, which could be realistically resolved within a reasonable frame of time. UK Sikh leaders and leadership at all levels, should be elected/ selected/ appointed on merit by ability, experience, skills, and commitment. The leadership should reflect UK Sikh communities' diversity, it should be open and transparent in communication, consultation, and accountability.

7.8 We propose to all Gurdwara Committees to collaborate to create a network of accredited regional Gurdwara Councils, to become the first wave of UK wide 'Community Champions,' for embracing the above challenges. The SiA and SiL could support and charter mark the development process.

### 8. Recommendations

The SiL and SiA convened IRP analysis of the written and oral evidence has provided findings (Section 6), and conclusions (Section 7), which have resulted in making the following recommendations:

8.1 Eligible UK Sikh organisations and individual Sikh aspirants (Sections 7.2 & 7.3) should come together to form the CFM, under one of the following nomenclature:

i. Commission for UK Sikh Representation

ii. Senate for UK Sikh Representation

iii. Confederation for UK Sikh Representation, or

iv. Standing Conference for UK Sikh Representation

Note: This recommendation can be enacted and tested as a new transitional model, for its effectiveness to make further improvement.

8.2 The CFM can embrace UK wide willing Sikh professional groups in arts, business, charities, commerce, culture, education, industry, literature, media, medicine, sports and so on, especially to encourage and support innovation, research, and development advantaging UK Sikh communities.

8.3 The SiL and SiA should develop an expert think tank or an institution, for advancing constitutional, legal, and strategic advice, guidance, and support to develop the CFM. The SiL and SiA think tank/institute should formalise and enable the transitional engagement with government at policy, consultation, and advocacy levels to work efficiently, effectively for good outcomes. A small professional group of SiL and SiA should formulate the nature and characteristics of relationship with the CFM.

8.4 The CFM, through its associated/confederated bodies, should be linked to grassroots and vulnerable populations, for inclusive consultations with diverse UK Sikh communities. This process should strengthen connectivity with hard to reach and hardly reached sections of UK Sikhs. The CFM should develop and provide specialist thematic panels, with appropriate commitment, experience, expertise and skill set to underpin engagement with government on policy, consultation, and advocacy.

(To be continued)

## 3 ਮਾਰਚ ਨੂੰ ਬਰਸੀ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ

# ਡਾ: ਮਹਿੰਦਰ ਸਿੰਘ ਰੰਧਾਵਾ ਨੂੰ ਯਾਦ ਕਰਦਿਆਂ



ਪੰਜਾਬ ਦੇ ਸੱਭਿਆਚਾਰ ਨੂੰ ਦਿਲ ਦੀ ਗਹਿਰਾਈਆਂ ਤੋਂ ਸਨੇਹ ਕਰਨ ਵਾਲੇ, ਪੰਜਾਬ ਲਈ ਆਧੁਨਿਕ ਦਿੱਖ ਵਾਲਾ ਸ਼ਹਿਰ ਚੰਡੀਗੜ੍ਹ ਵਸਾਉਣ ਵਾਲੇ ਅਤੇ ਪੰਜਾਬ ਦੀ ਵੰਡ ਕਾਰਨ ਬੇਘਰ ਹੋਏ ਪੰਜਾਬੀਆਂ ਦਾ ਪੁਨਰ ਵਸੇਵਾ ਕਰਵਾਉਣ ਵਾਲੇ ਡਾ: ਮਹਿੰਦਰ ਸਿੰਘ ਰੰਧਾਵਾ ਦਾ ਜਨਮ 2 ਜਨਵਰੀ, 1909 ਈ: ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੋਦਲ ਵਿਖੇ ਸ: ਸ਼ੇਰ ਸਿੰਘ ਰੰਧਾਵਾ ਅਤੇ ਮਾਤਾ ਬਚਿੰਤ ਕੌਰ ਦੇ ਗ੍ਰਹਿ ਵਿਖੇ ਹੋਇਆ। ਜਨਮ ਸਮੇਂ ਮਾਤਾ ਜੀ ਅਤੇ ਪਿਤਾ ਜੀ ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬਾ ਜ਼ੀਰਾ ਵਿੱਚ ਰਹਿ ਰਹੇ ਸਨ। ਸਕੂਲ ਦੀ ਪੜ੍ਹਾਈ ਪਿੱਛੋਂ ਉਹ ਲਾਹੌਰ ਚਲੇ ਗਏ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐੱਮ. ਐੱਸ. ਸੀ. ਬੋਟਨੀ ਦਾ ਇਮਤਿਹਾਨ 1930 ਈ: ਵਿੱਚ ਪਾਸ ਕੀਤਾ। ਡਾ: ਮਹਿੰਦਰ ਸਿੰਘ ਰੰਧਾਵਾ 1934 ਈ: ਵਿੱਚ ਆਈ. ਸੀ. ਐੱਸ. (ਭਾਰਤੀ ਸਿਵਿਲ ਸੇਵਾਵਾਂ) ਲਈ ਚੁਣੇ ਗਏ। ਆਈ. ਸੀ. ਐੱਸ. ਦੀ ਚੋਣ ਤੋਂ ਪਿੱਛੋਂ ਉਨ੍ਹਾਂ ਦੀ ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜ ਵਿੱਚ ਵੱਖ-ਵੱਖ ਪ੍ਰਬੰਧਕੀ ਅਹੁਦਿਆਂ 'ਤੇ ਨਿਯੁਕਤੀ ਹੁੰਦੀ ਰਹੀ। ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ 1946 ਈ: ਵਿੱਚ ਦੋ ਸਾਲ ਦਿੱਲੀ ਸ਼ਹਿਰ ਦੇ ਡਿਪਟੀ ਕਮਿਸ਼ਨਰ ਵੀ ਰਹੇ।

ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਦੇਸ਼ ਦੇ ਬਟਵਾਰੇ ਸਮੇਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਪੁਨਰਵਾਸ ਸਬੰਧੀ ਮਹਿਕਮੇ ਦੇ 1949 ਤੋਂ 1951 ਈ: ਤੱਕ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਰਹੇ। 1955 ਈ: ਤੋਂ 1966 ਈ: ਤੱਕ ਡਾ: ਰੰਧਾਵਾ ਨਵੀਂ ਦਿੱਲੀ ਵਿਖੇ ਇੰਡੀਅਨ ਐਗਰੀਕਲਚਰ ਕੌਂਸਲ ਦੇ ਉਪ-ਪ੍ਰਧਾਨ, ਯੋਜਨਾ ਕਮਿਸ਼ਨਰ ਦੇ ਕੁਦਰਤੀ ਸਾਧਨਾਂ ਸਬੰਧੀ ਸਲਾਹਕਾਰ ਤੋਂ ਇਲਾਵਾ ਖੁਰਾਕ ਅਤੇ ਖੇਤੀਬਾੜੀ ਮੰਤਰਾਲੇ ਵਿੱਚ ਸਕੱਤਰ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਸੁਸ਼ੋਭਿਤ ਰਹੇ।

1966 ਈ: ਵਿੱਚ ਡਾ: ਰੰਧਾਵਾ ਕੇਂਦਰੀ ਸ਼ਾਸਤ ਖੇਤਰ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਬਣੇ। ਇਸ ਤੋਂ ਛੇਤੀ ਪਿੱਛੋਂ 1968 ਈ: ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਨਿਯੁਕਤ ਹੋਏ। ਪੰਜਾਬ ਦੀ ਖੇਤੀ ਨੂੰ ਆਧੁਨਿਕ ਯੁੱਗ ਦੇ ਹਾਣ ਦਾ ਬਨਾਉਣ ਲਈ ਪੰਜਾਬ ਦਾ ਹਰ ਜ਼ਿਮੀਂਦਾਰ ਅੱਜ ਵੀ ਉਨ੍ਹਾਂ ਨੂੰ ਯਾਦ ਕਰਦਾ ਹੈ। 1979 ਈ: ਵਿੱਚ ਇਨ੍ਹਾਂ ਜ਼ਿੰਮੇਵਾਰ ਸਰਕਾਰੀ ਅਹੁਦਿਆਂ ਤੋਂ ਸੇਵਾ-ਮੁਕਤ ਹੋਏ। ਡਾ: ਮਹਿੰਦਰ ਸਿੰਘ ਰੰਧਾਵਾ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਦਾ ਅਜਿਹਾ ਲਾਡਲਾ ਸਪੁੱਤਰ ਸੀ, ਜਿਸ ਨੇ ਖੇਤੀਬਾੜੀ, ਬਨਸਪਤੀ, ਵਿਗਿਆਨ, ਇਤਿਹਾਸ, ਸਮਾਜਿਕ ਵਿਗਿਆਨ, ਪੇਂਡੂ ਵਿਕਾਸ, ਸਾਹਿਤ, ਸੱਭਿਆਚਾਰ, ਲੋਕਧਾਰਾ, ਪਹਾੜੀ ਚਿੱਤਰਕਲਾ ਖਾਸ ਕਰਕੇ ਕਾਂਗੜਾ ਚਿੱਤਰਕਲਾ ਸਬੰਧੀ ਅੰਗ੍ਰੇਜ਼ੀ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਮਹੱਤਵਪੂਰਨ ਪੁਸਤਕਾਂ ਦੀ ਸਿਰਜਣਾ ਕਰਕੇ ਵੱਡਮੁੱਲਾ ਯੋਗਦਾਨ ਪਾਇਆ।

ਡਾ: ਰੰਧਾਵਾ ਨੇ ਪੰਜਾਬ ਦੇ ਲੋਕ ਗੀਤ, ਕਾਂਗੜਾ ਦੇ ਲੋਕ ਗੀਤ, ਹਰਿਆਣਾ ਦੇ ਲੋਕ ਗੀਤ, ਪ੍ਰੀਤ ਕਹਾਣੀਆਂ, ਪੰਜਾਬੀ ਲੋਕ ਗੀਤ ਪੁਸਤਕਾਂ ਲਿਖ ਕੇ ਪੰਜਾਬੀ ਮਾਂ-ਬੋਲੀ ਪ੍ਰਤੀ ਅਥਾਹ ਸਨੇਹ ਅਤੇ ਪਿਆਰ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬੀ ਵਿੱਚ ਹੀ ਪੰਜਾਬ, ਪ੍ਰੋ: ਪੂਰਨ ਸਿੰਘ ਜੀਵਨੀ ਅਤੇ ਕਵਿਤਾ, ਪੂਰਨ ਸਿੰਘ ਵਾਰਤਕ, ਕਾਂਗੜਾ ਕਲਾ ਅਤੇ ਲੋਕ ਗੀਤ ਪੁਸਤਕਾਂ ਵੀ ਪਾਠਕਾਂ ਦੀ ਝੋਲੀ ਪਾਈਆਂ। 1983 ਈ: ਵਿੱਚ ਡਾ: ਰੰਧਾਵਾ ਨੇ ਆਪ-ਬੀਤੀ ਸਿਰਲੇਖ ਹੇਠ ਆਪਣੀ ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ। 1972 ਈ: ਵਿੱਚ ਡਾ: ਰੰਧਾਵਾ ਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਇਹ ਲਾਡਲਾ ਸਪੁੱਤਰ 3 ਮਾਰਚ 1986 ਈ: ਨੂੰ ਸਦੀਵੀ ਵਿਛੋੜਾ ਦੇ ਕੇ ਹਮੇਸ਼ਾਂ ਲਈ ਸਾਡੇ ਤੋਂ ਉਹਲੇ ਹੋ ਗਿਆ। ਉਨ੍ਹਾਂ ਨੂੰ ਅੱਜ ਵੀ ਹਰ ਸੱਚਾ-ਸੁੱਚਾ ਪੰਜਾਬੀ ਸ਼ਿਦਤ ਨਾਲ ਯਾਦ ਕਰਦਾ ਹੈ।

bhagwansinghjohal@gmail.com

# ਇੰਗਲੈਂਡ ਤੋਂ ਆਏ ਤਰਲੋਚਨ ਮੁਠੱਡਾ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ



ਜਲੰਧਰ- ਇੰਗਲੈਂਡ ਅੰਦਰ ਸਾਹਿਤਕ ਸਭਿਆਚਾਰਕ ਸਰਗਰਮੀਆਂ ਨਾਲ ਜੁੜੇ, ਮਹੱਤਵਪੂਰਨ ਮੁੱਦਿਆਂ ਉਪਰ ਸਮੇਂ ਸਮੇਂ ਲਿਖਣ ਵਾਲੇ, ਆਪਣੀ ਜਨਮ ਭੋਇੰ ਪੰਜਾਬ ਅਤੇ ਦੇਸ ਪ੍ਰਦੇਸ ਅੰਦਰ ਲੋਕ ਸਰੋਕਾਰਾਂ ਨਾਲ ਜੁੜਕੇ ਰਹਿਣ ਵਾਲੇ ਤਰਲੋਚਨ ਸਿੰਘ ਮੁਠੱਡਾ ਗਲਾਸਗੋ (ਸਕਾਟਲੈਂਡ) ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ ਪੁੱਜਕੇ ਮਹਾਨ ਗ਼ਦਰੀ ਦੇਸ਼ ਭਗਤਾਂ ਅਤੇ ਆਜ਼ਾਦੀ ਸੰਗਰਾਮ ਦੇ ਇਨਕਲਾਬੀ ਯੋਧਿਆਂ ਨੂੰ ਸਿਜਦਾ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸਭਿਆਚਾਰਕ ਵਿੰਗ ਪਰਿਵਾਰ ਨਾਲ ਜੁੜੇ ਲੇਖਕਾਂ, ਇਤਿਹਾਸਕਾਰਾਂ, ਰੰਗ ਕਰਮੀਆਂ ਨਾਲ ਉਹਨਾਂ ਦੀ ਮਿਲਣੀ ਮੌਕੇ ਤਰਲੋਚਨ ਮੁਠੱਡਾ ਨੇ ਇੰਗਲੈਂਡ ਦੇ ਤਾਜ਼ਾ ਹਾਲਾਤ, ਪਿਛਲੇ ਅਰਸੇ ਤੋਂ ਓਥੇ ਗਈ ਜੁਆਨੀ ਬਾਰੇ ਵਿਚਾਰਾਂ ਕੀਤੀਆਂ ਅਤੇ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਪੰਜਾਬ ਅਤੇ ਪੂਰੇ ਮੁਲਕ ਦੇ ਜੋ ਹਾਲਾਤ ਕਈ ਪੱਖਾਂ ਤੋਂ ਬਣਦੇ ਜਾ ਰਹੇ ਹਨ, ਉਸ ਬਾਰੇ ਵੀ ਓਥੇ ਵਸਦੇ ਸੁਹਿਰਦ ਪਰਿਵਾਰ ਕਾਫ਼ੀ ਚਿੰਤਾਤੁਰ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਮੁਹਿੰਮ ਸਬੰਧੀ 27 ਫਰਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ 'ਚ ਰੱਖੀ ਵਿਚਾਰ-ਚਰਚਾ, ਸਾਲ ਭਰ ਨਿਰੰਤਰ ਮੁਹਿੰਮ ਦੀ ਰੂਪ ਰੇਖਾ ਅਤੇ ਇਸਦੀ ਸਿਖ਼ਰ 'ਤੇ ਪਹਿਲੀ ਨਵੰਬਰ ਨੂੰ ਹੋਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਤੱਕ ਲਿਜਾਣ ਦੀ ਇਸ ਮੌਕੇ ਜਾਣਕਾਰੀ ਸਾਂਝੀ ਕਰਦਿਆਂ ਪਰਦੇਸ ਵਸਦੇ ਪੰਜਾਬੀਆਂ ਤੋਂ ਭਰਵੇਂ ਯੋਗਦਾਨ ਦੀ ਅਪੀਲ ਕੀਤੀ।

ਕਮੇਟੀ ਆਗੂਆਂ ਨੇ ਹਾਲ ਅੰਦਰ ਲਾਇਬ੍ਰੇਰੀ, ਮਿਊਜ਼ੀਅਮ, ਫ਼ਿਲਮ ਥੀਏਟਰ, ਵੱਖ-ਵੱਖ ਹਾਲਾਂ ਦੀਆਂ ਲੋੜਾਂ ਦੀ ਪੂਰਤੀ ਲਈ ਚੁੱਕੇ ਜਾ ਰਹੇ ਕੰਮਾਂ ਕਾਰਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਸਾਂਝੀ ਵਿਚਾਰ-ਚਰਚਾ ਦਾ ਸਾਰ ਤੱਤ ਇਹ ਸੀ ਕਿ ਪ੍ਰਸਪਰ ਸਹਿਯੋਗ ਅਤੇ ਜਾਣਕਾਰੀ ਉਥੋਂ ਦੀਆਂ ਸੰਸਥਾਵਾਂ ਅਤੇ ਕਮੇਟੀ ਦਰਮਿਆਨ ਭਵਿੱਖ਼ ਵਿੱਚ ਹੋਰ ਵੀ ਵਧੇਰੇ ਨੇੜਿਓ ਜੁੜਕੇ ਰਹਿਣੀ ਚਾਹੀਦੀ ਹੈ।

ਤਰਲੋਚਨ ਮੁਠੱਡਾ ਦਾ ਕਮੇਟੀ ਵੱਲੋਂ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨ ਕੀਤਾ ਗਿਆ। ਉਹਨਾਂ ਨਾਲ ਉਹਨਾਂ ਦੇ ਨਜ਼ਦੀਕੀ ਪਰਿਵਾਰ ਮੈਂਬਰ ਵੀ ਆਏ ਹੋਏ ਸਨ। ਸਨਮਾਨ ਅਤੇ ਵਿਚਾਰ-ਚਰਚਾ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਅਜਮੇਰ ਸਿੰਘ, ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਨਾਲ ਜੁੜੇ ਡਾ. ਹਰਜੀਤ, ਜਸਵਿੰਦਰ ਪੱਪੀ, ਕੁਲਵੰਤ ਕੌਰ ਨਗਰ (ਮਾਨਵਤਾ ਕਲਾ ਮੰਚ ਨਗਰ) ਸ਼ਾਮਲ ਸਨ।


# ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਜ਼ਰੂਰਤ ਹੈ

## ਅਸਾਮੀਆਂ – ਨੌਕਰੀ ਦਾ ਸਿਰਲੇਖ: ਧਾਰਮਿਕ ਵਰਕਰ

ਨਾਨਕਸਰ ਗੁਰਦੁਆਰਾ ਗੁਰਸਿੱਖ ਟੈਂਪਲ ਕਵੈਂਟਰੀ ਵਿਖੇ ਧਾਰਮਿਕ ਵਰਕਰਾਂ ਦੀਆਂ ਅਸਾਮੀਆਂ ਖਾਲੀ ਹਨ

ਸਾਨੂੰ ਹੇਠ ਲਿਖੀਆਂ ਡਿਊਟੀਆਂ ਨਿਭਾਉਣ ਲਈ ਧਾਰਮਿਕ ਵਰਕਰਾਂ ਦੀ ਲੋੜ ਹੈ:

**ਨੌਕਰੀ ਦਾ ਮਕਸਦ:** ਹੇਠ ਲਿਖੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਅਤੇ ਸਮਝਣਾ:

ਰੋਜ਼ਾਨਾ ਤਿੰਨ ਵਾਰ ਲੰਗਰ (ਭੋਜਨ) ਦੀ ਤਿਆਰੀ ਕਰਨੀ ਅਤੇ ਸੇਵਾ ਨਿਭਾਉਣੀ। ਹੈੱਡ ਗ੍ਰੰਥੀ ਦੀ ਸਹਾਇਤਾ ਕਰਨੀ ਜਿਸ ਵਿੱਚ ਨਿਤਨੇਮ, ਸੁਖਮਨੀ ਸਾਹਿਬ ਪਾਠ, ਸਹਿਜ ਪਾਠ ਦੀਆਂ ਰੌਲਾਂ, ਅਰਦਾਸ ਤੇ ਸੁਖਾਸਨ ਦੀਆਂ ਡਿਊਟੀਆਂ ਸ਼ਾਮਲ ਹਨ, ਨਾਲ ਹੀ ਹੋਰ ਆਮ ਗੁਰਦੁਆਰਾ ਸੇਵਾਵਾਂ। ਸਿੱਖ ਮਰਯਾਦਾ ਦੇ ਅਨੁਸਾਰ ਰੋਜ਼ਾਨਾ ਸ਼ਾਕਾਹਾਰੀ ਭੋਜਨ ਦੀ ਤਿਆਰੀ ਕਰਨੀ, ਜੋ ਸੇਵਾ ਅਤੇ ਸੰਗਤ ਲਈ ਹੋਵੇ। ਸਭ ਅੰਦਰੂਨੀ ਟੀਮਾਂ, ਵਿਭਾਗਾਂ ਅਤੇ ਬਾਹਰੀ ਏਜੰਸੀਆਂ ਨਾਲ ਮਿਲਜੁਲ ਕੇ ਕੰਮ ਕਰਨਾ।

ਗੁਰਦੁਆਰਾ ਕਮੇਟੀ ਵੱਲੋਂ ਦਿੱਤੀ ਹੋਰ ਕੋਈ ਵੀ ਡਿਊਟੀ ਨਿਭਾਉਣੀ। ਕਰਮਚਾਰੀਆਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਦੇ ਤਾਲੇ ਲਗਾਉਣੇ ਅਤੇ ਖੋਲ੍ਹਣੇ। ਕਰਮਚਾਰੀ ਸਿਰਫ਼ ਹੈੱਡ ਗ੍ਰੰਥੀ ਦੀ ਸਹਾਇਤਾ ਕਰਨਗੇ ਅਤੇ ਸੰਗਤ ਦੀ ਅਗਵਾਈ ਨਹੀਂ ਕਰਨਗੇ।

**ਕਰਮਚਾਰੀ ਯੋਗਤਾਵਾਂ:** ਲਚਕੀਲੇ ਕੰਮ ਘੰਟਿਆਂ ਵਿੱਚ ਕੰਮ ਕਰਨ ਦੀ ਸਮਰਥਾ: ਹਫ਼ਤੇ ਵਿੱਚ 20–30 ਘੰਟੇ, ਘੱਟੋ-ਘੱਟ 27 ਘੰਟੇ ਕੰਮ ਹੋਵੇਗਾ।

**ਤਨਖਾਹ:** ਸਰਕਾਰ ਵੱਲੋਂ ਨਿਰਧਾਰਤ ਪ੍ਰਤੀ ਘੰਟਾ ਘੱਟੋ-ਘੱਟ ਮਜ਼ਦੂਰੀ ਦਰ।

**ਲਾਭ:** ਰਿਹਾਇਸ਼ ਅਤੇ ਭੋਜਨ ਮੁਫ਼ਤ ਪ੍ਰਦਾਨ ਕੀਤਾ ਜਾਵੇਗਾ।

**ਲੋੜੀਂਦੀਆਂ ਯੋਗਤਾਵਾਂ:** ਗੁਰਮੁਖੀ ਪੜ੍ਹਨ ਅਤੇ ਬੋਲਣ ਦੀ ਸਮਰਥਾ ਹੋਣੀ ਚਾਹੀਦੀ ਹੈ। ਖਾਸ ਮੌਕਿਆਂ 'ਤੇ ਵੱਡੀ ਸੰਗਤ ਲਈ ਭੋਜਨ ਬਣਾਉਣ ਦੀ ਸਮਰੱਥਾ। ਪ੍ਰਾਪਤ ਤਜ਼ਰਬਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਚੰਗੀ ਬੋਲ ਬਾਣੀ ਅਤੇ ਸੰਗਤਾਂ ਨਾਲ ਚੰਗੇ ਸੰਬੰਧ ਬਣਾਉਣ ਦੀ ਕਾਬਲੀਅਤ ਹੋਵੇ।

**ਹੋਰ ਵੇਰਵੇ:** ਬਿਨੈਕਾਰ ਯੂਕੇ ਦਾ ਵਾਸੀ ਹੋਵੇ ਜਾਂ ਉਸ ਕੋਲ ਯੂਕੇ ਵਿੱਚ ਕੰਮ ਕਰਨ ਦਾ ਕਾਨੂੰਨੀ ਅਧਿਕਾਰ ਹੋਣਾ ਲਾਜ਼ਮੀ ਹੈ।

**Closing Date:** Please send your CV to address or email before **9th March 2026**

**For more information contact: S. Bulraj Singh Johal – 07899 937663**

**or Email:info@nanaksarglobal.com / Email:nggtcoventry@gmail.com**

## NANAKSAR GURDWARA GURSIKH TEMPLE

*UK Registered Charity No. 512089*

**224-226 Foleshill Road, Coventry, West Midlands CV1 4HW (UK)**

**Tel: (024) 7622 0434 - www.nanaksarglobal.com**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891


Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 61

# ਇੱਕ ਮੇਰੀ ਅੱਖ ਕਾਸ਼ਣੀ...

**ਡਾਲੀ ਜਿਸ ਮੁੰਡੇ ਨੂੰ ਮੁਹੱਬਤ ਕਰਦੀ ਸੀ, ਉਸ ਦਾ ਨਾਂ ਤਾਂ "ਰਾਜਾ" ਸੀ। ਪਰ ਉਹ ਲਾਡ ਅਤੇ ਕਈ ਵਾਰ ਲਚਤੇੜਵੇਂ ਨਾਲ਼ ਉਸ ਨੂੰ "ਰਾਂਝਾ" ਆਖ ਦਿੰਦੀ ਸੀ। ਉਹ ਵੀ ਕੋਈ ਚੰਗਾ ਜਾਂ ਸਿਆਣਾ ਮੁੰਡਾ ਨਹੀਂ ਸੀ। ਡਰੱਗ ਡੀਲਰਾਂ ਅਤੇ ਗੈਂਗਸਟਰਾਂ ਨਾਲ਼ ਗੇੜੇ ਦੇਣ ਦਾ ਉਹ ਬੁਰੀ ਤਰ੍ਹਾਂ ਨਾਲ਼ ਸ਼ੌਕੀਨ ਸੀ। ਇਸ ਦੇ ਨਤੀਜੇ ਬੁਰੇ ਅਤੇ ਅਤੀਅੰਤ ਬੁਰੇ ਹੋ ਸਕਦੇ ਸਨ, ਇਸ ਗੱਲ ਦੀ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਇੱਕ ਵਾਰ "ਗਰੂਮਿੰਗ" ਦੇ ਚੱਕਰ ਵਿੱਚ ਉਹ ਜੇਲ੍ਹ ਵੀ ਜਾ ਆਇਆ ਸੀ। ਪਰ ਉਸ ਦਾ ਪੱਤਾ ਵੀ ਨਹੀਂ ਹਿੱਲਿਆ ਸੀ। ਸਗੋਂ ਅੰਦਰ ਉਸ ਦੀ ਹੋਰ ਵੱਡੇ ਅਪਰਾਧੀ ਬੰਦਿਆਂ ਨਾਲ਼ ਜਾਣ ਪਹਿਚਾਣ ਵਧੀ ਸੀ। ਡਰੱਗ ਡੀਲਰ ਅਤੇ ਗੈਂਗਸਟਰ ਕਿਵੇਂ ਠਾਠ ਬਾਠ ਨਾਲ਼ ਰਹਿੰਦੇ ਅਤੇ ਗਲੈਮਰ ਦੀ ਜ਼ਿੰਦਗੀ ਜਿਉਂਦੇ ਸਨ, ਉਸ ਤੋਂ ਉਹ ਸਭ ਤੋਂ ਵੱਧ ਪ੍ਰਭਾਵਿਤ ਸੀ। ਉਹ ਰਾਤੋ ਰਾਤ ਅਮੀਰ ਹੋਣ ਦਾ ਇੱਛਕ ਸੀ ਅਤੇ ਉਹ ਡਾਲੀ ਦੀ ਜਾਇਦਾਦ ਉਪਰ ਵੀ ਅੱਖ ਰੱਖੀ ਫਿਰਦਾ ਸੀ।**




## ਕਾਂਡ 26

ਮਾਣੋਂ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦਾ ਛਾਂਟਵਾਂ ਸਰੀਰ ਤਾਣੀਂ ਵਾਂਗ ਕੰਬ ਰਿਹਾ ਸੀ। ਉਸ ਨੇ ਅੰਦਰੋਂ ਫ਼ੋਨ ਜਾ ਚੁੱਕਿਆ ਅਤੇ ਆਪਣੀ ਸੱਸ ਨੂੰ ਕਾਲ ਕਰ ਦਿੱਤੀ। ਉਸ ਦੇ ਹੱਥ ਬੁਰੀ ਤਰ੍ਹਾਂ ਕੰਬ ਰਹੇ ਸਨ। ਕਾਰਪੈੱਟ ਉਪਰ ਲਹੂ ਦਾ ਛੱਪੜ ਲੱਗਦਾ ਜਾ ਰਿਹਾ ਸੀ। ਬਘੇਲ ਸਿਉਂ ਸ਼ਾਇਦ ਮਰ ਚੁੱਕਾ ਸੀ। ਉਹ ਸਪਾਲ਼ ਧਰਤੀ ਉਪਰ ਪਿਆ ਸੀ। ਸਰੀਰ ਵਿੱਚ ਕੋਈ ਹਰਕਤ ਨਹੀਂ ਸੀ।

ਪੰਜ ਕੁ ਮਿੰਟ ਬਾਅਦ ਐਂਬੂਲੈਂਸ ਪਹੁੰਚ ਗਈ।

ਸ਼ਾਇਦ ਮਾਣੋਂ ਦੀ ਸੱਸ ਮਲਕੀਤ ਕੌਰ ਨੇ ਐਂਬੂਲੈਂਸ ਨੂੰ ਫ਼ੋਨ ਕਰ ਦਿੱਤਾ ਸੀ।

ਐਂਬੂਲੈਂਸ ਆਈ ਅਤੇ ਬਘੇਲ ਸਿਉਂ ਨੂੰ ਲੱਦ ਕੇ ਲੈ ਗਈ।

ਮਾਣੋਂ ਦਾ ਡਰ ਅਜੇ ਵੀ ਨਹੀਂ ਲੱਥਿਆ ਸੀ।

ਐਂਬੂਲੈਂਸ ਜਾਣ ਤੋਂ ਦਸ ਕੁ ਮਿੰਟ ਬਾਅਦ ਹੀ ਮਾਣੋਂ ਦੀ ਸੱਸ ਮਲਕੀਤ ਕੌਰ ਅਤੇ ਨਣਾਨ ਡਾਲੀ ਆ ਪਹੁੰਚੀਆਂ। ਹੈਰੀ ਬੜੇ ਅਰਾਮ ਨਾਲ਼ ਸੋਫ਼ੇ ਉਪਰ ਬੈਠਾ ਟੈਲੀ ਦੇਖ ਰਿਹਾ ਸੀ। ਮਾਣੋਂ ਇੱਕ ਖੂੰਜੇ ਖੜ੍ਹੀ ਅਜੇ ਵੀ "ਥਰ-ਥਰ" ਕੰਬੀ ਜਾ ਰਹੀ ਸੀ।

ਸੱਸ ਨੇ ਆ ਕੇ ਮਾਣੋਂ ਨੂੰ ਬੁੱਕਲ਼ ਵਿੱਚ ਲਿਆ ਅਤੇ ਮੁੜ ਹੈਰੀ ਦੇ ਦੁਆਲ਼ੇ ਹੋ ਗਈ।

-"ਵੇ ਟੁੱਟੜਿਆ, ਕੀ ਚੰਦ ਚਾੜ੍ਹਤਾ ਤੂੰ...? ਹੁਣ ਪੁਲ਼ਸ ਲੈਜੂ ਤੈਨੂੰ ਫੜ ਕੇ...!" ਮਲਕੀਤ ਕੌਰ ਪਿੱਟਣ ਵਾਲ਼ਿਆਂ ਵਾਂਗ ਬੋਲੀ।

-"ਭਾਬੀ ਗੱਲ ਕੀ ਹੋਈ ਸੀ...?"

-"ਉਹ ਹੈਰੀ ਨੂੰ ਦਾਰੂ ਪੀਣ ਲਈ ਆਖਦੇ ਸੀ, ਤੇ ਹੈਰੀ ਪੀਂਦੇ ਨਹੀਂ ਸੀ, ਗੱਲ ਸਾਰੀ ਐਥੋਂ ਵਧ ਗਈ, ਤੇ ਹੈਰੀ ਨੇ ਕੋਕ ਦੀ ਬੋਤਲ ਮਾਰੀ ਦੋ ਤਿੰਨ ਵਾਰ...!" ਮਾਣੋਂ ਨੇ ਅੱਖੀਂ ਦੇਖਿਆ ਦ੍ਰਿਸ਼ ਸੰਖੇਪ ਦੱਸਿਆ।

-"ਨੀ ਮੈਂ ਮਰਜਾਂ....!" ਉਹ ਮੱਥਾ ਫੜ ਸੋਫ਼ੇ 'ਤੇ ਬੈਠੀ ਨਹੀਂ, ਇੱਕ ਤਰ੍ਹਾਂ ਨਾਲ਼ ਡਿੱਗ ਪਈ ਸੀ।

-"ਵੇ ਕਿਤੇ ਤੂੰ ਉਹਨੂੰ ਮਾਰ ਤਾਂ ਨੀ ਦਿੱਤਾ...?" ਉਹ ਧਾਹ ਕੇ ਹੈਰੀ ਵੱਲ ਨੂੰ ਆਈ। ਡਾਲੀ ਮੂਕ ਦਰਸ਼ਕ ਬਣੀ ਦੇਖ ਰਹੀ ਸੀ। ਜਿਵੇਂ ਇੱਥੇ ਕੋਈ ਬਾਘੀ ਪੈ ਰਹੀ ਸੀ, ਜਾਂ ਕੋਈ ਤਮਾਸ਼ਾ ਹੋ ਰਿਹਾ ਸੀ। ਉਸ ਦੇ ਮਨ ਜਾਂ ਚਿਹਰੇ ਉਪਰ ਫ਼ਿਕਰ ਜਾਂ ਦੁੱਖ ਦਾ ਕੋਈ ਨਾਮ ਨਿਸ਼ਾਨ ਵੀ ਨਹੀਂ ਸੀ। ਪਰ ਮਾਂ ਪਿੱਟੀ ਜਾ ਰਹੀ ਸੀ। ਉਸ ਨੂੰ ਪਤੀ ਦਾ ਨਹੀਂ, ਸ਼ਾਇਦ ਪੁੱਤ ਦਾ ਫ਼ਿਕਰ ਤੋੜ-ਤੋੜ ਖਾ ਰਿਹਾ ਸੀ। ਪੁੱਤਰ ਉਸ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾਂਦਾ ਪ੍ਰਤੀਤ ਹੋ ਰਿਹਾ ਸੀ।

-"ਕੁੜੀਏ ਤੂੰ ਦੱਸ ਮੈਨੂੰ, ਉਹ ਜਿਉਂਦਾ ਸੀ ਕਿ ਮਾਰਤਾ ਇਹਨੇ ਮਲੰਗ ਨੇ...?" ਮਲਕੀਤ ਕੌਰ ਮਾਣੋਂ ਵੱਲ ਨੂੰ ਹੋਈ। ਮਾਣੋਂ ਡਰ ਕੇ ਕਰਮ ਪਿੱਛੇ ਹਟ ਗਈ।

-"ਪਤਾ ਨਹੀਂ...!" ਉਸ ਦੇ ਮੂੰਹੋਂ ਸਿਰਫ਼ ਇਤਨਾ ਹੀ ਨਿਕਲ਼ਿਆ। ਉਸ ਨੂੰ ਬਘਿਆੜੀ ਬਣੀ ਸੱਸ ਤੋਂ ਭੈਅ ਆ ਰਿਹਾ ਸੀ। ਇਸ ਟੱਬਰ ਦੀ ਉਹ ਹਾਥ ਹੀ ਨਹੀਂ ਪਾ ਸਕੀ ਸੀ ਕਿ ਟੱਬਰ ਕਿਹੋ ਜਿਹਾ ਸੀ...? ਉਹ ਇੱਕ ਖੂੰਜੇ ਸੁੰਗੜੀ ਖੜ੍ਹੀ ਸੀ।

-"ਚੱਲ ਡਾਲੀ, ਚੱਲ ਹਸਪਤਾਲ਼ ਚੱਲੀਏ...!"

ਉਹ ਅੱਗੜ ਪਿੱਛੜ ਹਸਪਤਾਲ਼ ਪਹੁੰਚ ਗਈਆਂ।

ਮਲਕੀਤ ਕੌਰ ਨੂੰ ਟੇਕ ਨਹੀਂ ਆ ਰਹੀ ਸੀ।

-"ਮਾਈ ਹੱਸਬੈਂਡ ਬਘੇਲ ਸਿੰਘ...!" ਉਸ ਨੇ ਹਸਪਤਾਲ਼ ਦੀ ਰਿਸੈਪਸ਼ਨ 'ਤੇ ਜਾ ਕੇ ਸੋਹਣੀ ਸੁਣੱਖੀ ਕੁੜੀ ਨੂੰ ਕਿਹਾ। ਕੁੜੀ ਨੇ ਫ਼ਲ਼ੀਆਂ ਵਰਗੀਆਂ ਸੁੰਦਰ ਉਂਗਲ਼ਾਂ ਕੰਮਪਿਊਟਰ ਦੇ 'ਕੀਅ-ਪੈਡ' ਉਪਰ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮਲਕੀਤ ਕੌਰ ਉਸ ਨੂੰ ਘਬਰਾਹਟ ਵਿੱਚ ਅਤੇ ਬੜੀ ਅਵਾਜ਼ਾਰ ਨਜ਼ਰ ਆ ਰਹੀ ਸੀ।

-"ਵੱਟ ਵਾਜ਼ ਦਾ ਨੇਮ....? ਬਾਗਲ ਸਿੰਘ...?"

-"ਯੈੱਸ ਯੈੱਸ, ਬਘੇਲ ਸਿੰਘ...!"

-"ਸੈਕਿੰਡ ਫ਼ਲੋਰ, ਰੂਮ ਟੂ ਜ਼ੀਰੋ ਟੂ...!"

ਉਹ "ਥੈਂਕਯੂ" ਆਖ ਦੋ ਸੌ ਦੋ ਨੰਬਰ ਕਮਰੇ ਵਿੱਚ ਪਹੁੰਚ ਗਈਆਂ। ਦੇਖ ਕੇ ਮਲਕੀਤ ਕੌਰ ਦੇ ਸਾਹ ਵਿੱਚ ਸਾਹ ਆਇਆ। ਸਾਹਮਣੇ ਬੈੱਡ ਉਪਰ ਬਘੇਲ ਸਿਉਂ ਪੱਟੀਆਂ ਨਾਲ਼ ਮੜ੍ਹਿਆ ਪਿਆ ਸੀ। ਇੱਕ ਪਾਸੇ ਗੁਲੂਕੋਜ਼ ਦੀ ਬੋਤਲ ਲਟਕ ਰਹੀ ਸੀ। ਨਰਸ ਉਸ ਦਾ ਤਾਪਮਾਨ ਅਤੇ ਬਲੱਡ ਪ੍ਰੈਸ਼ਰ ਚੈੱਕ ਕਰ ਰਹੀ ਸੀ। ਉਸ ਦੇ ਇੱਕ ਟੀਕਾ ਵੀ ਲਾਇਆ ਗਿਆ ਸੀ।

-"ਠੀਕ ਐਂ ਤੂੰ...?" ਦੂਜੇ ਮਰੀਜ਼ਾਂ ਦੀ ਲਿਹਾਜ਼ ਜਿਹੀ ਕਰਦੀ ਮਲਕੀਤ ਕੌਰ ਬੜੀ ਧੀਮੀਂ ਬੋਲੀ।

-"ਆਹੋ, ਅਜੇ ਮਰਿਆ ਨੀ...! ਮੈਨੂੰ ਠੀਕ ਹੋ ਕੇ ਆ ਲੈਣ ਦੇ, ਦੇਖੀਂ ਮੇਰੇ ਸਾਲ਼ੇ ਦੇ ਗੋਲ਼ੀ ਮਾਰਦਾ, ਹਰਾਮ ਦੇ ਤੁਖ਼ਮ ਦੇ...!"

-"ਸ਼ਾਬਾਸ਼ੇ ਤੇਰੇ...!"

-"ਤੇ ਹੋਰ ਕੀ ਕਰੂੰ...? ਸਿਰੋਪਾ ਦਿਊਂਗਾ ਸਾਲ਼ੇ ਨੂੰ...?"

-"ਕੱਲੇ - ਕੱਲੇ ਪੁੱਤ ਦਾ ਵੈਰੀ ਬਣੇਂਗਾ...?"

-"ਉਹ ਓਸ ਡੀਂਟਕੀ ਜੀ ਦੇ ਸਾਹਮਣੇ ਹੀਰੋ ਬਣਦਾ ਸੀ, ਉਹਦੀ ਹੀਰੋਪੰਥੀ ਤਾਂ ਮੈਂ ਚੱਕੂੰਗਾ...!"

-"ਜਦੋਂ ਅਗਲੇ ਦੀ ਘਰਵਾਲ਼ੀ ਨੂੰ ਬੈੱਡ 'ਚ ਘੜੀਸੇਂਗਾ, ਅਗਲਾ ਤਾਂ ਮਰੂ ਜਾਂ ਮਾਰੂ...?" ਮਲਕੀਤ ਕੌਰ ਦੀ ਬੱਖਲ਼ 'ਚ ਮਾਰੀ ਗੱਲ ਕਾਰਨ ਬਘੇਲ ਸਿਉਂ ਦਾ ਮੂੰਹ ਚਿਤੌੜਗੜ੍ਹ ਦੇ ਕਿਲ੍ਹੇ ਵਾਂਗ ਬੰਦ ਹੋ ਗਿਆ। ... ਇਹਨੂੰ ਕੀਹਨੇ ਟੈਲੀਗਰਾਮ ਕਰ ਦਿੱਤੀ ਸਾਲ਼ੀ ਨੂੰ...? ਬਘੇਲ ਸਿਉਂ ਦਾ ਮਨ ਬੋਲਿਆ।

-"ਤੂੰ ਭਕਾਈ ਨਾ ਮਾਰਿਆ ਕਰ...! ਆਬਦਾ ਮੂੰਹ ਬੰਦ ਰੱਖਿਆ ਕਰ, ਅੱਠੇ ਪਹਿਰ ਮਾਰੀ ਜਾਊਗੀ ਜਾਭਾਂ ਨੂੰ..!"

-"ਦੁਨੀਆਂ ਉਹ ਪੁਰਾਣੀ ਨੀ ਰਹਿਗੀ...! ਭੁੱਲਿਆ ਨਾ ਫਿਰੀਂ, ਹੁਣ ਤਾਂ ਸਾਰੀ ਦੁਨੀਆਂ ਜਾਣਦੀ ਐ ਬਈ ਡੱਡਾਂ ਪਾਣੀ ਕਦੋਂ ਪੀਂਦੀਐਂ...!"

-"..........!" ਬਘੇਲ ਸਿਉਂ ਚੁੱਪ ਸੀ। ਮਲਕੀਤ ਕੌਰ ਨੇ ਮੂੰਹ 'ਤੇ ਥੋਬਾ ਈ ਤਾਂ ਲਾ ਦਿੱਤਾ ਸੀ।

-"ਨਾਂ ਤੂੰ ਮੁੰਡੇ ਨੂੰ ਦਾਰੂ ਪੀਣ ਨੂੰ ਕਾਹਤੋਂ ਕਹਿੰਦਾ ਸੀ...? ਮਾਂ ਪਿਉ ਤਾਂ ਰੋਕਦੇ ਹੁੰਦੇ ਐ, ਤੇ ਤੂੰ ਬੋਤਲਾਂ ਲਿਆ ਲਿਆ ਦਿੰਨੈ, ਕੋਈ ਤਾਂ ਗੱਲ ਹੈਗੀ ਐ ਨ੍ਹਾਂ...? ਨਾ ਜਾਗਦਿਆਂ ਨੂੰ ਪੈਂਦੀ ਪਾ...! ਧੌਲ਼ੀ ਤੇਰੀ ਦਾਹੜੀ ਐ, ਕੁਛ ਇਹਦੀ ਸ਼ਰਮ ਕਰਲਾ..! ਦੁਨੀਆਂ ਤੈਨੂੰ ਚੋਰਾ ਆਖੂ...! ਨਾ ਘਰ ਦਾ ਤਮਾਸ਼ਾ ਬਣਾ, ਤੇ ਨਾ ਆਬਦਾ ਜਲੂਸ ਕੱਢ...!"

-"ਮੈਂ ਤਾਂ ਪੁਲ਼ਸ ਬੁਲਾ ਕੇ ਸਾਲ਼ੇ ਨੂੰ ਅੰਦਰ ਕਰਵਾਊਂ...!"

-"-"ਤੇ ਜਿਹੜਾ ਨੂੰਹ ਨਾਲ਼ ਜਬਰਦਸਤੀ ਮੂੰਹ ਕਾਲ਼ਾ ਕਰਦੈਂ, ਜੇ ਪੁਲ਼ਸ ਨੂੰ ਉਹਦਾ ਪਤਾ ਲੱਗ ਗਿਆ, ਕਿੰਨੇ ਸਾਲਾਂ ਵਾਸਤੇ ਅੰਦਰ ਜਾਵੇਂਗਾ...?"

-".........!" ਬਘੇਲ ਸਿਉਂ ਦੇ ਕੰਨਾਂ ਵਿੱਚ ਵੈਣ ਬੋਲੇ। ਗੱਲ ਤਾਂ ਸਾਲ਼ੀ ਦੀ ਸਹੀ ਐ...! ਕਿਤੇ ਪੁੱਠਾ ਪੰਗਾ ਨਾ ਗਲ਼ ਪਾ ਲਈਏ...? ਐਥੋਂ ਦੀ ਪੁਲ਼ਸ ਤਾਂ ਹੈ ਵੀ ਬੜੀ ਭੈਣ ਗੜ੍ਹੱਕ...! ਵਾਲ਼ ਦੀ ਖੱਲ ਲਾਹੁੰਦੀ ਐ ਤੇ ਦੁੱਧੋਂ ਪਾਣੀ ਛਾਣਦੀ ਐ...! ਉਹ ਘੁੱਗੂ ਜਿਹਾ ਹੋਇਆ ਪਿਆ ਸੀ। ਲੱਗੀ ਬੋਤਲ ਵਿੱਚੋਂ ਗੁਲੂਕੋਜ਼ ਖ਼ਤਮ ਹੋ ਗਿਆ ਸੀ। ਉਸ ਨੇ ਬੈੱਡ ਨਾਲ਼ ਲੱਗੀ ਬੈੱਲ ਵਜਾ ਦਿੱਤੀ।

"ਠੁੰਮ੍ਹਕ - ਠੁੰਮ੍ਹਕ" ਕਰਦੀ ਨਰਸ ਆ ਗਈ। ਬਘੇਲ ਸਿਉਂ ਨੇ ਮੁੱਕ ਚੁੱਕੀ ਬੋਤਲ ਵੱਲ ਇਸ਼ਾਰਾ ਕੀਤਾ।

ਨਰਸ ਨੇ ਬੋਤਲ ਉਤਾਰ ਕੇ ਦੂਜੀ ਨਵੀਂ ਚਾੜ੍ਹ ਦਿੱਤੀ ਅਤੇ ਡਿੱਗਦੇ ਤੁਪਕਿਆਂ ਨੂੰ ਨਿਰਖਿਆ। ਅੱਧੇ ਕੁ ਘੰਟੇ ਬਾਅਦ ਦੋਨੋਂ ਮਾਂਵਾਂ ਧੀਆਂ ਤੁਰ ਗਈਆਂ।

## ਕਾਂਡ 27

ਡਾਲੀ ਗੱਡੀ ਚਲਾ ਰਹੀ ਸੀ ਅਤੇ ਮਲਕੀਤ ਕੌਰ ਚੁੱਪ ਚਾਪ ਬੈਠੀ ਸੀ। ਡਾਲੀ ਅੰਦਰੋਂ ਬੜੀ ਦੁਖੀ ਜਿਹੀ ਜਾਪਦੀ ਸੀ। ...ਸੋਚਦੀ ਸੀ ਝੋਟਾ ਬੁੜ੍ਹਾ ਮਰ ਗਿਆ ਹੋਊ, ਤੇ ਉਸ ਦੇ ਕਤਲ ਕੇਸ ਵਿੱਚ ਹੈਰੀ ਜੇਲ੍ਹ ਚਲਿਆ ਜਾਊ, ਤੇ ਸਾਰੀ ਜਾਇਦਾਦ ਮੇਰੀ ਹੋਜੂ, ਤੇ ਮੈਂ ਆਪਦੇ 'ਰਾਂਝੇ' ਨਾਲ਼ ਸਾਰੀ ਉਮਰ ਐਸ਼ ਕਰਦੀ...। ਡਾਲੀ ਪਾਗਲਾਂ ਵਾਂਗ ਗੱਡੀ ਚਲਾਉਂਦੀ ਸੋਚਦੀ ਜਾ ਰਹੀ ਸੀ। ....ਐਸ ਬੁੜ੍ਹੀ ਖੱਚਰ ਨੂੰ ਤਾਂ ਮੈਂ ਕੀ ਦਬਾਲ਼ ਸੀ...। ਇਹਨੂੰ ਤਾਂ ਮਾਰ ਕੇ ਚਾਰ ਛਿੱਤਰ, "ਕੇਅਰ ਹੋਮ" ਵਿੱਚ ਲਿਜਾ ਸੁੱਟਦੀ...। ਆਪੇ ਚੂਕੀ ਜਾਂਦੀ ਓਥੇ ਬੁੜ੍ਹੀਆਂ 'ਚ ਪਈ...।

ਡਾਲੀ ਜਿਸ ਮੁੰਡੇ ਨੂੰ ਮੁਹੱਬਤ ਕਰਦੀ ਸੀ, ਉਸ ਦਾ ਨਾਂ ਤਾਂ "ਰਾਜਾ" ਸੀ। ਪਰ ਉਹ ਲਾਡ ਅਤੇ ਕਈ ਵਾਰ ਲਚਤੇੜਵੇਂ ਨਾਲ਼ ਉਸ ਨੂੰ "ਰਾਂਝਾ" ਆਖ ਦਿੰਦੀ ਸੀ। ਉਹ ਵੀ ਕੋਈ ਚੰਗਾ ਜਾਂ ਸਿਆਣਾ ਮੁੰਡਾ ਨਹੀਂ ਸੀ। ਡਰੱਗ ਡੀਲਰਾਂ ਅਤੇ ਗੈਂਗਸਟਰਾਂ ਨਾਲ਼ ਗੇੜੇ ਦੇਣ ਦਾ ਉਹ ਬੁਰੀ ਤਰ੍ਹਾਂ ਨਾਲ਼ ਸ਼ੌਕੀਨ ਸੀ। ਇਸ ਦੇ ਨਤੀਜੇ ਬੁਰੇ ਅਤੇ ਅਤੀਅੰਤ ਬੁਰੇ ਹੋ ਸਕਦੇ ਸਨ, ਇਸ ਗੱਲ ਦੀ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਇੱਕ ਵਾਰ "ਗਰੂਮਿੰਗ" ਦੇ ਚੱਕਰ ਵਿੱਚ ਉਹ ਜੇਲ੍ਹ ਵੀ ਜਾ ਆਇਆ ਸੀ। ਪਰ ਉਸ ਦਾ ਪੱਤਾ ਵੀ ਨਹੀਂ ਹਿੱਲਿਆ ਸੀ। ਸਗੋਂ ਅੰਦਰ ਉਸ ਦੀ ਹੋਰ ਵੱਡੇ ਅਪਰਾਧੀ ਬੰਦਿਆਂ ਨਾਲ਼ ਜਾਣ ਪਹਿਚਾਣ ਵਧੀ ਸੀ। ਡਰੱਗ ਡੀਲਰ ਅਤੇ ਗੈਂਗਸਟਰ ਕਿਵੇਂ ਠਾਠ ਬਾਠ ਨਾਲ਼ ਰਹਿੰਦੇ ਅਤੇ ਗਲੈਮਰ ਦੀ ਜ਼ਿੰਦਗੀ ਜਿਉਂਦੇ ਸਨ, ਉਸ ਤੋਂ ਉਹ ਸਭ ਤੋਂ ਵੱਧ ਪ੍ਰਭਾਵਿਤ ਸੀ। ਉਹ ਰਾਤੋ ਰਾਤ ਅਮੀਰ ਹੋਣ ਦਾ ਇੱਛਕ ਸੀ ਅਤੇ ਉਹ ਡਾਲੀ ਦੀ ਜਾਇਦਾਦ ਉਪਰ ਵੀ ਅੱਖ ਰੱਖੀ ਫ਼ਿਰਦਾ ਸੀ। ਉਸ ਨੂੰ ਭਲੀਭਾਂਤ ਹੀ ਤਾਂ ਪਤਾ ਸੀ ਕਿ ਡਾਲੀ ਦਾ ਬਾਪ ਤੀਮੀਂਆਂ ਦਾ ਸ਼ੌਕੀ ਸੀ ਅਤੇ ਭਰਾ ਮੰਦ-ਬੁੱਧੀ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743

# ਗੁਰੂ ਬੈਠਾ ਅਮਰੁ ਸਰੂਪ ਹੋਇ

**ਕਿਸ਼ਤ–26**



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ

### ਗੁਰ ਕਾ ਦਰਸ਼ਨ ਅਗਮ ਅਪਾਰਾ

ਲਾਹੌਰੋਂ ਸ਼ਾਹੀ ਸੱਦਾ ਆਉਣ 'ਤੇ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ, ਮੁਖੀ ਸਿੱਖਾਂ ਨਾਲ ਸਲਾਹ ਕਰਨ ਉਪਰੰਤ, ਹਰ ਤਰਹ ਯੋਗ ਜਾਣ ਕੇ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਲਾਹੌਰ ਭੇਜਣ ਦਾ ਫ਼ੈਸਲਾ ਕੀਤਾ। ਜਦੋਂ ਇਨ੍ਹਾਂ ਨੇ ਬੇਨਤੀ ਕੀਤੀ ਕਿ ਮੈਂ ਸਦਾ ਆਪ ਜੀ ਦੀ ਦ੍ਰਿੜ ਕਰਵਾਈ ਗੁਰਮਤ ਮਰਯਾਦਾ ਅਨੁਸਾਰ ਚਲਦਾ ਰਿਹਾ ਹੋਣ ਕਰ ਕੇ ਬ੍ਰਾਹਮਣੀ ਧਰਮ-ਸਿਧਾਂਤਾਂ ਤੋਂ ਬਹੁਤੇ ਵਾਕਿਫ਼ ਨਹੀਂ ਕਿ ਸ਼ਾਹੀ ਦਰਬਾਰ ਵਿਚ ਸਹੀ ਉੱਤਰ ਦਿੱਤਾ ਜਾ ਸੱਕੇ:

ਤੁਮਰੇ ਪ੍ਰੇਮ ਬਿਨਾਂ ਕਛ ਆਨ।
(ਤੁਹਾਡੇ ਪ੍ਰੇਮ ਤੋਂ ਬਿਨਾਂ ਹੋਰ ਕੁਝ)
ਮੈਂ ਨਹਿੰ ਜਾਨਤ ਕਹਾਂ ਬਖਾਨ।
(ਮੈਂ ਕੁਝ ਨਹੀਂ ਜਾਣ ਕਹਿ ਸਕਦਾ)
ਗਾਇਤ੍ਰੀ ਸ਼ਰੁਤਿ ਸਿੰਮ੍ਰਿਤਿ ਸਾਰ।
(ਗਾਇਤ੍ਰੀ ਤੇ ਸਿੰਮ੍ਰਤੀਆਂ ਆਦਿ)
ਪਠੇ ਨ ਕਬਹੂੰ ਕਰੇ ਬਿਚਾਰ।7॥
(ਨਾ ਪੜ੍ਹੇ ਅਰ ਨਾ ਕਦੀ ਵਿਚਾਰੇ ਹਨ)

ਹਜ਼ੂਰ ਸ੍ਰੀ ਜੇਠਾ ਜੀ ਪਾਸੋਂ ਅਜਿਹੀ ਆਸ ਹੀ ਰੱਖਦੇ ਸਨ ਕਿ ਗੁਰਮਤ ਵਿਚ ਦ੍ਰਿੜ ਆਪ ਜੀ ਸ਼ਾਹ ਦੇ ਪਾਸ ਪਰਮ-ਗੁਰੂ ਜੀ ਦਾ ਇਸ ਪ੍ਰਕਾਰ ਦੇ ਕਰਮਾਂ ਸਬੰਧੀ ਗੁਰੂ ਕਾ ਦਰਸ਼ਨ (ਫ਼ਲਸਫ਼ਾ/ਸਿਧਾਂਤ) ਸਭਾ ਵਿਚ ਰੱਖਣ। ਅੱਜ ਇਸ ਦੀ ਭਾਰੀ ਜ਼ਰੂਰਤ ਹੈ ਕਿ ਗੁਰੂ ਨਾਨਕ ਨਿਰਮਲ-ਪੰਥ ਬਾਦਸ਼ਾਹ ਪ੍ਰਤੀ ਸਪਸ਼ਟ ਹੋਵੇ ਕਿ ਅਸੀਂ ਇਉਂ ਕਿਉਂ ਚੱਲ ਰਹੇ ਹਾਂ।ਗੁਰੂ ਸਾਹਿਬ ਨੇ ਨਿਰਨਾ ਲਿਆ ਕਿ ਇਹ ਕਾਰਜ ਗੁਰਮਤ ਵਿਚ ਦ੍ਰਿੜ ਭਾਈ ਜੇਠਾ ਹੀ ਕੁਸ਼ਲਤਾ ਨਾਲ ਨਿਭਾ ਸਕਦੇ ਹਨ, ਸੋ, ਇਨ੍ਹਾਂ ਦੀ ਯੋਗਤਾ ਤੋਂ ਭਲੀ ਪ੍ਰਕਾਰ ਵਾਕਿਫ਼ ਗੁਰੂ ਪਾਤਸ਼ਾਹ ਜੀ ਨੇ ਆਪ ਜੀ ਨੂੰ ਕਿਹਾ,

'ਤੁਸੀਂ ਬੇਫ਼ਿਕਰ ਹੋ ਕੇ ਜਾਉ, ਗੁਰੂ ਨਾਨਕ ਸਾਹਿਬ ਤੁਹਾਡੇ ਅੰਗ-ਸੰਗ ਹੋਣਗੇ ਉਨ੍ਹਾਂ ਦਾ ਧਿਆਨ ਧਰਨਾ, ਕੋਈ ਚਿੰਤਾ ਨਹੀਂ ਕਰਨੀ, ਕਾਰਜ ਰਾਸ ਹੋਣਗੇ'।

### ਮਹਿਮਾ ਪ੍ਰਕਾਸ਼ ਵਾਰਤਕ ਅਨੁਸਾਰ:

ਤਬ ਜੇਠਾ ਨੇ ਆਖਿਆ- ਗਰੀਬ ਨਿਵਾਜ ਅਸਾਨੂ ਤਾ ਤੇਰੇ ਨਾਮ ਸਵਾਇ ਕਛ ਜਬਾਬ ਸਵਾਲ ਆਵਦਾ ਨਹੀ। ਤਬ ਬਚਨ ਹੋਆ ਜੇ ਕੋਈ ਤੁਸਾ ਪਾਸੋ ਪੂਛੇਗਾ ਤਦ ਆਪਣੇ ਦਾਹਣੇ ਮੋਢੇ ਵਲ ਦੇਖ ਕਰ ਕਹਨਾ। ਮੈ ਤੇਰੇ ਅੰਗ ਸੰਗ ਰਹਾਗਾ। ਕੁਛ ਚਿਤਾ (ਚਿੰਤਾ) ਨਹੀ ਕਰਨੀ। ਪੰਨਾ 76

ਸੁਨ ਸੁਤ ਤੁਮੇ ਕਹੌਂ ਸਮਝਾਇ।
ਜੋ ਕਹੌਂ ਕਰੋ ਸੁ ਊਹਾਂ ਜਾਇ।
ਕਾਹੂ ਕੋ ਮਨ ਭੈ ਨਹੀ ਕਰਨਾ।
ਜੋ ਪੂਛੇ ਉਤਰ ਦੇਇ ਮਨੁ ਭਰਨਾ ॥42॥
ਮ.ਪ੍ਰ.

ਗੁਰੂ ਪਾਤਸ਼ਾਹ ਜੀ ਦੀ ਆਗਿਆ ਸਨਮੁਖ ਸੀਸ ਨਿਵਾ ਕੇ ਪਿਆਰੇ ਸ੍ਰੀ ਜੇਠਾ ਜੀ ਅਹਿਦੀਏ ਦੇ ਨਾਲ ਰਵਾਨਾ ਹੋ ਗਏ ਅਰ 75 ਕਿਲੋਮੀਟਰ/ 47 ਮੀਲ ਪੰਧ ਕਰ ਕੇ ਅਗਲੇ ਭਲਕ ਲਾਹੌਰ ਚੂਨੇ ਮੰਡੀ ਦੀ ਗਲੀ ਵਿਚ ਆਪਣੇ ਜੱਦੀ ਘਰ ਪਹੁੰਚ ਗਏ। ਅਹਿਦੀਏ ਨੇ ਕਚਹਿਰੀ ਵਿਚ ਇਤਲਾਹ ਕਰ ਦਿੱਤੀ ਜਿਸ ਤੇ ਬਾਦਸ਼ਾਹ ਨੇ ਸ਼ਿਕਾਇਤ ਕਰਤਾ ਬ੍ਰਾਹਮਣਾਂ ਤੇ ਖੱਤ੍ਰੀਆਂ ਨੂੰ ਦੂਜੇ ਦਿਨ ਸੱਦ ਲਿਆ।

ਜਿਸ ਤਰਹ ਉਨ੍ਹਾਂ ਪਹਿਲਾਂ ਸ਼ਿਕਾਇਤ ਕੀਤੀ ਸੀ ਕਿ ਸਭ ਹਿੰਦੂ ਗੰਗਾ-ਸ਼ਨਾਨ ਅਰ ਗਾਇਤ੍ਰੀ ਮੰਤ੍ਰ ਨੂੰ ਮੰਨਦੇ ਹਨ ਪਰ, ਇਹ ਨਾ ਗੰਗਾ ਆਦਿ ਤੀਰਥਾਂ ਨੂੰ ਮੰਨਦੇ ਅਰ ਨ ਹੀ ਗਾਇਤ੍ਰੀ ਮੰਤ੍ਰ ਪੜ੍ਹਦੇ ਹਨ ਸਗੋਂ ਆਪਣੇ ਸਿੱਖਾਂ ਨੂੰ ਅਜਿਹਾ ਸਭ ਕੁਝ ਕਰਨ ਤੋਂ ਵਰਜ ਕੇ ਸਿਰਫ਼ ਆਪਣੀ ਭਾਖਾ (ਬਾਣੀ) ਪੜ੍ਹਣ ਲਈ ਪ੍ਰੇਰਦੇ ਹਨ; ਵਰਨ-ਵੰਡ ਨਹੀਂ ਮੰਨਦੇ ਅਰ ਸਾਰਿਆਂ ਨੂੰ ਇਕ ਥਾਂ ਬਿਠਾ ਲੰਗਰ ਖੁਆਉਂਦੇ ਹਨ'। ਮਹਿਮਾ ਪ੍ਰਕਾਸ਼ ਵਾਰਤਕ ਅਨੁਸਾਰ:

ਤਬ ਪਾਤਸ਼ਾਹ ਨੇ ਕਹਾ ਕੀ ਇਹ ਸਭ ਬ੍ਰਹਮਣ ਕਹਤੇ ਹੈ ਕੀ ਰਾਮ ਨਾਮ ਕਾ ਸਿਮਰਨ ਛੋਡਿ ਦੀਆ ਹੈ ਅਰ ਆਪਣਾ ਨਾਮ ਜਪਾਵਤੇ ਹੈ। ਜੋ ਗੁਰੂ ਨੇ ਤੁਮ ਕੋ ਜਾਪ ਦੀਆ ਹੈ ਸੋ ਤੁਮ ਮੇਰੇ ਤਾਈ ਸੁਨਾਵੋ। ਤਬ ਸਤਿਗੁਰ ਕਾ ਮੰਤਰ ਅਰ ਬਾਨੀ ਸਾਰੀ ਸਭਾ ਕੇ ਬੀਚ ਸੁਨਾਈ।

ਸ੍ਰੀ ਰਾਮਦਾਸ ਜੀ ਨੇ ਸਤਿਗੁਰਾਂ ਦਾ ਧਿਆਨ ਧਰਦਿਆਂ ਗੁਰਬਾਣੀ ਵਿਚੋਂ ਉਦਾਹਰਣਾਂ ਦੇ ਕੇ ਗੁਰੂ-ਘਰ ਦੇ ਆਸ਼ੇ ਨੂੰ ਸਪਸ਼ਟ ਕੀਤਾ,

'ਅਸੀਂ ਸਭਨਾਂ ਮਨੁੱਖਾਂ ਦਾ ਜੀਵਣ ਅਤੇ ਰਿਜ਼ਕ-ਦਾਤਾ ਇਕ ਜਾਣਦਿਆਂ ਸਭਨਾਂ ਨੂੰ ਸਮਾਨ ਮੰਨਦੇ ਹਾਂ, ਇਸੇ ਕਰ ਕੇ ਵਰਨ-ਵੰਡ, ਜਾਤ-ਪਾਤ ਅਰ ਉਚ-ਨੀਚ ਨੂੰ ਨਹੀਂ ਮੰਨਦੇ; ਸਭਨਾਂ ਦਾ ਕਰਤਾ ਕੇਵਲ ਇਕ ਕਰਤਾਰ ਹੋਣ ਕਰ ਕੇ ਦੇਵੀ-ਦੇਵਤਿਆਂ ਦੀ ਸਾਡੇ ਵਿਚ ਕੋਈ ਮਾਨਤਾ ਨਹੀਂ; ਉਸ ਨਾਲ ਪ੍ਰੇਮ ਪੈਦਾ ਕਰਨ ਹਿਤ ਗੁਰੂ-ਘਰ ਵਿਚ ਸਿਰਫ਼ ਗੁਰਬਾਣੀ ਹੀ ਗਾਈ ਵਿਚਾਰੀ ਜਾਂਦੀ ਹੈ; ਮਨੁੱਖ ਮਾਤ੍ਰ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਜਾਂਦੀ ਹੈ ਅਰ ਤੀਰਥ ਯਾਤਰਾ ਦਾ ਕੋਈ ਮਹੱਤਵ ਨਹੀਂ। ਸਤਿਗੁਰੂ ਨਾਨਕ ਸਾਹਿਬ ਜੀ ਦਾ ਦੱਸਿਆ ਗੁਰਬਾਣੀ ਦਾ ਸਾਰ ਇਹ ਮੂਲ-ਮੰਤ੍ਰ ਹੈ:

ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਇਹ ਸਭ ਸੁਣ ਕੇ ਬਾਦਸ਼ਾਹ ਨੇ ਸੁਆਲ ਕੀਤਾ,

'ਸਾਨੂੰ ਗਾਇਤ੍ਰੀ ਮੰਤ੍ਰੀ ਸੁਣਾ ਸਕਦੇ ਹੋ'? ਤਾਂ ਸ੍ਰੀ ਜੇਠਾ ਜੀ ਨੇ ਕਿਹਾ,

'ਕੀਹ ਆਪ ਦੀ ਸਭਾ ਵਿਚ ਗਾਇਤ੍ਰੀ ਸੁਣਾਉਣ ਦੇ ਪਾਪ-ਪੁੰਨ ਦਾ ਜ਼ਿੰਮਾ ਬ੍ਰਾਹਮਣ ਆਪਣੇ ਸਿਰ ਲੈਂਦੇ ਹਨ ਕਿਉਂਕਿ ਇਨ੍ਹਾਂ ਅਨੁਸਾਰ ਬ੍ਰਾਹਮਣ, ਖੱਤ੍ਰੀ ਅਤੇ ਵੈਸ਼ ਤੋਂ ਛੁੱਟ ਕਿਸੇ ਹੋਰ ਨੂੰ ਇਹ ਸੁਨਾਉਣਾ ਪਾਪ ਹੈ'?

ਪੁਨਿ ਜੇਠਾ ਜੀ ਕਹਿਓ ਸੁਨਾਇ।
ਸੁਨੀਏ ਆਦਲ ਅਕਬਰ ਸਾਹ!
ਹਮ ਗਾਇਤ੍ਰੀ ਮੰਤ੍ਰ ਸਨਮੁਖ ਤੁਮ ਪੜ੍ਹੇ।
ਯਹ ਪਾਪ ਪੁੰਨ ਇਨ ਕੇ ਸਿਰ ਚੜ੍ਹੇ।50॥

ਬਾਦਸ਼ਾਹ ਨੇ ਉਨ੍ਹਾਂ ਵੱਲ ਤੱਕਿਆ ਤਾਂ ਉਨ੍ਹਾਂ ਸਿਰ ਹਿਲਾ ਕੇ ਸਹਿਮਤੀ ਦਿੱਤੀ। ਹੁਣ ਆਪ ਜੀ ਨੇ ਬੜੀ ਸਪਸ਼ਟਤਾ ਨਾਲ ਗਾਇਤ੍ਰੀ ਮੰਤ੍ਰ ਸੁਣਾਇਆ ਤਾਂ ਸਾਰੇ ਦਰਬਾਰੀ ਹੈਰਾਨ ਰਹਿ ਗਏ ਕਿ ਜਿਨ੍ਹਾਂ ਵਿਰੁਧ ਸ਼ਿਕਾਇਤ ਹੈ ਕਿ ਇਹ ਨਹੀਂ ਪੜ੍ਹਦੇ, ਇਹ ਕਿਵੇਂ ਹੋ ਸਕਦਾ ਹੈ? ਇਨ੍ਹਾਂ ਨੇ ਏਨਾ ਸੁੰਦਰ ਪੜ੍ਹਿਆ ਹੈ।

ਬਾਦਸ਼ਾਹ ਨੂੰ ਸਭਾ ਵਿਚ ਸਾਰਿਆਂ ਦੇ ਸਾਹਮਣੇ ਸ੍ਰੀ ਰਾਮਦਾਸ ਜੀ ਪਾਸੋਂ ਇਉਂ ਸਭ ਕੁਝ ਸੁਣ ਕੇ ਇਨ੍ਹਾਂ ਕੋਲੋਂ ਜਦੋਂ ਕੁਝ ਹੋਰ ਪੁੱਛਣ ਦੀ ਜ਼ਰੂਰਤ ਮਹਿਸੂਸ ਨਾ ਹੋਈ ਤਾਂ ਉਸ ਨੇ ਬ੍ਰਾਹਮਣਾਂ ਨੂੰ ਕੋਈ ਹੋਰ ਸੁਆਲ ਸ੍ਰੀ ਜੇਠਾ ਜੀ ਨੂੰ ਪੁੱਛਣ ਲਈ ਆਖਿਆ ਤਾਂ ਸਾਰੇ ਚੁੱਪ ਰਹੇ। ਇਹ ਵੇਖ ਕੇ ਬਾਦਸ਼ਾਹ ਨੇ ਉਨ੍ਹਾਂ ਨੂੰ ਈਰਖਾਲੂ ਤੇ ਝੂਠੇ ਜਾਣਦਿਆਂ ਉਨ੍ਹਾਂ ਦੀ ਸ਼ਿਕਾਇਤ ਇਹ ਕਹਿ ਕੇ ਖ਼ਾਰਿਜ ਕਰ ਦਿੱਤੀ ਕਿ ਇਨ੍ਹਾਂ ਦਾ ਮਾਰਗ ਖ਼ੁਦਾ ਦੇ ਦਰਵੇਸ਼ਾਂ ਦਾ ਮਾਰਗ ਹੈ ਜਿਸ 'ਤੇ ਸਾਰੇ ਚੱਲ ਸਕਦੇ ਹਨ,ਇਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਸਾਨੂੰ ਕੋਈ ਫ਼ਰਕ ਨਹੀਂ ਜਾਪਦਾ, ਇਸ ਲਈ ਦਰਵੇਸ਼ਾਂ ਦੇ ਮਾਰਗ 'ਤੇ ਤੁਹਾਡੀ ਸ਼ਿਕਾਇਤ ਵਾਜਿਬ ਨਹੀਂ'।

'ਪਰਮੇਸ਼ਰ ਦਰਵੇਸ਼ ਜਿ ਦੋਊ।
(ਪਰਮੇਸ਼ਰ ਅਤੇ ਦਰਵੇਸ਼ ਦੋਵਾਂ ਵਿਚ)
ਨਹੀਂ ਭੇਦ ਏਕੋ ਇਹ ਸੋਊ।25॥
(ਕੋਈ ਭੇਦ ਨਹੀਂ)
ਇਨ ਸੋ ਸਮਤਾ ਤੁਮ ਹੁਇ ਨਾਹੀ।(ਇਨ੍ਹਾਂ ਦੀ ਬ੍ਰਾਬਰੀ ਤੁਸੀਂ ਨਹੀਂ ਕਰ ਸਕਦੇ)
ਇਹ ਸਾਚੇ ਤੁਮ ਮਿਥਿਆ ਮਾਹੀ'।
..26॥44॥ ਰਾਸ 1
(ਇਹ ਸਹੀ ਹਨ ਤੇ ਤੁਸੀਂ ਗ਼ਲਤ)

ਇਹ ਫ਼ੈਸਲਾ ਸੁਣ ਉਹ ਦਰਬਾਰ ਵਿਚੋਂ ਉੱਠ ਗਏ। ਉਨ੍ਹਾਂ ਦੇ ਜਾਣ ਬਾਅਦ ਬਾਦਸ਼ਾਹ ਅਕਬਰ ਨੇ ਗੁਰਮਤ ਵਿਚਾਰਧਾਰਾ ਨੂੰ ਸਰਬ-ਹਿਤਕਾਰੀ ਜਾਣਦਿਆਂ ਸ੍ਰੀ ਰਾਮਦਾਸ ਜੀ ਨੂੰ ਕਿਹਾ,

'ਸਾਨੂੰ ਪਤਾ ਲੱਗਾ ਹੈ ਕਿ ਪਹਿਲਾਂ ਗੁਰੂ (ਅਮਰਦਾਸ) ਜੀ ਗੰਗਾ ਆਉਂਦੇ ਜਾਂਦੇ ਰਹੇ ਹਨ, ਸਾਡੇ ਵੱਲੋਂ ਉਨ੍ਹਾਂ ਨੂੰ ਪ੍ਰੇਮ ਸਹਿਤ ਕਹਿਣਾ ਕਿ ਤੁਸੀਂ ਮੌਲਾ ਦੇ ਰੂਪ ਫ਼ਕੀਰ ਹੋ ਜੋ ਉਸ ਨਾਲ ਕੇਵਲ ਮੁਹੱਬਤ ਦੀ ਹੀ ਗੱਲ ਕਰਦੇ ਹੋ ਪਰ ਮੂਰਖ ਲੋਕ ਨਹੀਂ ਸਮਝ ਰਹੇ। ਚੰਗਾ ਹੋਵੇ, ਜੇ ਹੋ ਸਕੇ ਤਾਂ ਇਕ ਵਾਰ ਹੋਰ ਗੰਗਾ ਆਦਿ ਸਥਾਨਾਂ 'ਤੇ ਜਾ ਕੇ ਇਸ ਵਿਚਾਰਧਾਰਾ ਦਾ ਪ੍ਰਚਾਰ ਕਰ ਆਉ, ਇਕ ਤਾਂ ਸਮਾਜ ਨੂੰ ਬਰਾਬਰਤਾ ਦੀ ਨਿਰੋਈ ਸੇਧ ਮਿਲੇਗੀ ਅਰ ਨਾਲੇ ਭਰਮੀ ਲੋਕਾਂ ਦੇ ਭਰਮ ਵੀ ਦੂਰ ਹੋ ਜਾਣਗੇ, ਸਾਡੇ ਵੱਲੋਂ ਤੁਹਾਨੂੰ ਕੋਈ ਰੁਕਾਵਟ ਨਹੀਂ'।

### ਇਤਿਹਾਸਕ ਹਵਾਲੇ:

ਤਬ ਜੇਠਾ ਜੀ ਸਿਉ ਕਹਿਓ ਸੁਲਤਾਨ।
ਅਬ ਮੇਰਾ ਕਹਿਆ ਲੇਹੁ ਤੁਮ ਮਾਨ।
ਗੁਰ ਜੀ ਸੋ ਕਹੋ ਪ੍ਰੇਮ ਪ੍ਰਤੀਤ। -ਮੈ ਕਹੋ
ਕਾਮ ਇਕ- ਪਰਮ ਬਿਨੀਤ।57॥
ਤੁਮਰਾ ਗੰਗਾ ਸੌ ਅਤਿ ਪ੍ਰੇਮ।
ਪ੍ਰੇਮ ਨੇਮ ਤੁਮਰੇ ਸਦ ਛੇਮ।
ਏਕ ਬਾਰ ਗੰਗਾ ਤੁਮ ਜਾਈਐ।
ਮੂਰਖ ਲੋਗਨ ਭਰਮ ਮਿਟਾਈਐ।58॥
ਤੁਮ ਵਡ ਵਲੀ ਹੌ ਜਗ ਸਿਉ ਨਿਆਰੋ।
ਸੁਖਦਾਈ ਸਭ ਜਗ ਕੋ ਪਿਆਰੋ।
ਯਹ ਮੂਰਖ ਮਹਿਮਾ ਨਹੀ ਜਾਨੇ।
ਮੌਲਾ ਆਪ ਫਕਰ ਕੌ ਮਾਨੇ।59॥ ਮ.ਪ੍ਰ.

ਮਮ ਦਿਸ ਤੇ ਗੁਰ ਸੌਂ ਕਰਿ ਭਾਖਨਿ।
(ਮੇਰੇ ਵੱਲੋਂ ਗੁਰੂ ਸਾਹਿਬ ਨੂੰ ਕਹਿਣਾ)
ਕਰਨਿ ਤੀਰਥਨ ਕੋ ਇਸਨਾਨ।
(ਤੀਰਥਾਂ ਦਾ ਇਸ਼ਨਾਨ)
ਅੰਗੀਕਾਰ ਕਰਹਿੰ ਰੁਚਿ ਠਾਨਿ।30॥
(ਪ੍ਰੇਮ ਨਾਲ ਕਰ ਆਉ)
ਤੁਮ ਹੋ ਬਡੇ ਰਖਹੁ ਮਿਰਜਾਦਾ।
(ਤੁਸੀਂ ਵੱਡੇ ਹੋ, ਇਉਂ ਕਰਨ ਨਾਲ)
ਅਰ ਸਭਹਿਨਿ ਕੋ ਮਿਟਹਿ ਬਿਬਾਦਾ।
(ਸਭਨਾਂ ਦੀ ਵਿਰੋਧਤਾ ਖਤਮ ਹੋ ਜਾਵੇਗੀ)
ਤੀਰਥ ਪਾਵਨ ਤੁਮ ਤੇ ਹੋਇ। (ਤੁਹਾਡੇ ਜਾਣ ਨਾਲ ਤੀਰਥ ਪਵਿੱਤ੍ਰ ਹੋ ਜਾਣਗੇ)
ਮੂਰਖ ਨਰ ਨਹਿੰ ਜਾਨਹਿ ਕੋਇ।31॥44॥ ਰਾਸ 1 ਗੁ.ਪ੍ਰ.ਸੂ. (ਮੂਰਖ ਲੋਕ ਨਹੀਂ ਜਾਣਦੇ)

**ਚਲਦਾ.....**

# ਹੋਲਾ ਮਹੱਲਾ ਪਾਉਂਟਾ ਸਾਹਿਬ ਦਾ ਦਸਮ ਪਿਤਾ ਦੇ ਲਾਡਲੇ 52 ਕਵੀਆਂ ਦੀ ਪਾਵਨ ਧਰਤੀ

**4 ਮਾਰਚ ਨੂੰ ਹੋਲਾ ਮਹੱਲਾ ਦਿਵਸ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਹੋਲਾ ਮਹੱਲਾ ਪੰਜਾਬ ਦਾ ਵਿਰਾਸਤੀ ਤਿਉਹਾਰ ਹੈ। ਖ਼ਾਲਸਾ ਪੰਥ ਦੀ ਸਾਜਨਾ ਦੇ ਸੰਕਲਪ ਨੂੰ ਆਪਣੇ ਜਿਹਨ ਵਿੱਚ ਲੈ ਕੇ ਸਮੇਂ ਦੀ ਵੰਗਾਰ ਅਨੁਸਾਰ ਸਾਹਿਤ ਸਿਰਜਣਾਂ ਤੇ ਕਲਾਤਮਿਕ ਰੁਚੀਆਂ ਦੀ ਪੂਰਤੀ ਲਈ ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜਵਾਨੀ ਦੇ ਲਗਪਗ ਸਾਢੇ ਚਾਰ ਵਰ੍ਹੇ ਨਾਹਨ ਰਿਆਸਤ ਵਿੱਚ ਯਮਨਾ ਦਰਿਆ ਦੇ ਕਿਨਾਰੇ ਸਥਿਤ ਪਾਉਂਟਾ ਸਾਹਿਬ ਦੀ ਪਾਵਨ ਧਰਤੀ 'ਤੇ ਬਿਤਾਏ। ਗੁਰੂ ਸਾਹਿਬ ਨੇ ਇਸ ਪਵਿੱਤਰ ਧਰਤੀ 'ਤੇ ਆਪਣੇ ਲਾਡਲੇ ਬਵੰਜਾ ਕਵੀਆਂ ਤੇ ਸਾਹਿਤਕ ਰੁਚੀਆਂ ਨੂੰ ਲੈ ਕੇ ਅਦਬੀ ਮਹਿਫਲਾਂ ਨਾਲ ਸ਼ਿੰਗਾਰਿਆ। ਕਲਮ ਦੇ ਧਨੀ ਅਤੇ ਅਨੇਕਾਂ ਭਾਸ਼ਾਵਾਂ ਦੇ ਵਿਦਵਾਨ ਕਲਗੀਧਰ ਪਾਤਸ਼ਾਹ ਨੇ ਇਸੇ ਅਸਥਾਨ 'ਤੇ ਚੰਦਨ ਕਵੀ ਦੀ ਕਵਿਤਾ ਤੋਂ ਪ੍ਰਸੰਨ ਹੋ ਕੇ ਉਸ ਨੂੰ 65000 ਮੋਹਰਾਂ ਦੇ ਕੇ ਸਨਮਾਨਿਤ ਕੀਤਾ। ਯਮਨਾ ਦੇ ਕਲਕਲ ਵਹਿੰਦੇ ਪਾਣੀ ਨਾਲ ਕਲੋਲਾਂ ਕਰਦਿਆਂ ਕੁਦਰਤ ਦੀ ਸੁਹਾਵਣੀ ਗੋਦ ਵਿੱਚ ਬਿਰਾਜਮਾਨ ਹੋ ਕੇ ਸ੍ਰੀ ਦਸਮ ਗ੍ਰੰਥ ਦੀਆਂ ਅਨੇਕਾਂ ਬਾਣੀਆਂ ਦੀ ਰਚਨਾ ਕੀਤੀ। ਇਸੇ ਪਾਉਂਟਾ ਸਾਹਿਬ ਦੀ ਪਵਿੱਤਰ ਭੂਮੀ 'ਤੇ ਸ਼ਸਤਰ ਤੇ ਸ਼ਾਸਤਰ ਵਿੱਦਿਆ ਦੇ ਨਾਲ ਕਾਦਰ ਦੀ ਕੁਦਰਤ ਦੇ ਸੁੰਦਰ ਨਜ਼ਾਰਿਆਂ ਤੋਂ ਬਲਿਹਾਰ ਜਾਂਦਿਆਂ ਅਕਾਲ ਪੁਰਖ ਵਾਹਿਗੁਰੂ ਦੀਆਂ ਗੁੱਝੀਆਂ ਰਮਜ਼ਾਂ ਨੂੰ ਭਾਂਪਦਿਆਂ ਇਕ ਯੋਗ ਕਲਾ ਪਾਰਖੂ ਦੀ ਤਰ੍ਹਾਂ ਆਪਣੇ ਸਿੰਘਾਂ ਨੂੰ ਸੁਹਣੀਆਂ ਦਸਤਾਰਾਂ ਸਜਾਉਣ ਅਤੇ ਚੰਗੇਰੀਆਂ ਸਾਹਿਤਕ ਰਚਨਾਵਾਂ ਤੇ ਮੁਕਾਬਲਿਆਂ ਵਿੱਚ ਇਨਾਮ ਦਿੱਤੇ ਜਾਣ ਲੱਗੇ। ਦੇਸ਼ ਦੇ ਕੋਨੇ-ਕੋਨੇ ਤੋਂ ਸਾਹਿਤਕਾਰ ਵਿਸ਼ੇਸ਼ ਕਰਕੇ ਕਵੀ ਆਪਣੀਆਂ ਆਤਮ-ਰੱਸ ਭਰਪੂਰ ਕਵਿਤਾਵਾਂ, ਜਿਨ੍ਹਾਂ ਵਿੱਚ ਪ੍ਰੇਮ-ਰੱਸ, ਬੀਰ-ਰੱਸ ਤੇ ਹਾਸ-ਰੱਸ ਸੁਣਾਉਣ ਲਈ ਪਹੁੰਚਦੇ ਸਨ। ਇਸੇ ਅਸਥਾਨ 'ਤੇ ਪੀਰ ਬੁੱਧੂ ਸ਼ਾਹ ਸਢੌਰੇ ਤੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਸੀ। ਭੰਗਾਣੀ ਦੇ ਯੁੱਧ ਤੋਂ ਪਿੱਛੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਦੀ ਸ਼ਹਾਦਤ ਤੋਂ ਪਿੱਛੋਂ, ਬਖ਼ਸ਼ਿਸ਼ ਵਜੋਂ ਛੋਟੀ ਦਸਤਾਰ ਤੇ ਕੇਸਾਂ ਸਮੇਤ ਕੰਘਾ ਪ੍ਰਾਪਤ ਕਰਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਸੀ। ਇਸੇ ਪਵਿੱਤਰ ਅਸਥਾਨ 'ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਨਮ ਵੀ ਹੋਇਆ ਸੀ। ਇਥੇ ਹੀ ਕਾਲਪੀ ਰਿਸ਼ੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੋਦ ਵਿੱਚ ਆਖਰੀ ਸੁਆਸ ਲਏ ਸਨ।

ਅਸਲ ਵਿੱਚ ਸਰਬੰਸਦਾਨੀ ਪਿਤਾ, ਨੀਲੇ ਦੇ ਸ਼ਾਹ ਸਵਾਰ, ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ-ਨਰੋਏ ਸਮਾਜ ਦੀ ਸਿਰਜਨਾ ਅਤੇ ਇਤਿਹਾਸਕ ਤਿਉਹਾਰਾਂ ਨੂੰ ਮਨਾਉਣ ਲਈ ਇਕ ਨਿਵੇਕਲੀ ਵਿਚਾਰਧਾਰਾ ਦੀ ਅਰੰਭਤਾ ਹੋਲੇ-ਮਹੱਲੇ ਦੇ ਪਵਿੱਤਰ ਸਮੇਂ ਹੀ ਕੀਤੀ। ਮਨੁੱਖੀ ਸਮਾਜ ਦੇ ਦੋਵੇਂ ਅੰਗਾਂ ਇਸਤਰੀ ਅਤੇ ਪੁਰਸ਼ ਲਈ ਗ੍ਰਹਿਸਥੀ ਹੋਣਾਂ, ਪਰਉਪਕਾਰ, ਸੇਵਾ ਦੇ ਧਾਰਨੀ ਹੋਣ ਦੇ ਨਾਲ-ਨਾਲ ਹਰ ਸਮੇਂ ਗਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਾ ਸਮਰਪਿਤ ਕਰਨ ਲਈ ਆਪਣੇ ਸਿੱਖਾਂ ਨੂੰ ਪਾਬੰਦ ਕੀਤਾ। ਅਜਿਹੇ ਫ਼ਰਜ਼ਾਂ ਦੀ ਪੂਰਤੀ ਲਈ ਮਨੁੱਖ ਦਾ ਆਰੋਗ ਤੇ ਬਲਵਾਨ ਹੋਣਾ ਵੀ ਬਹੁਤ ਜਰੂਰੀ ਹੈ। ਹੋਲੇ-ਮਹੱਲੇ ਦੇ ਪਵਿੱਤਰ ਤਿਉਹਾਰ ਸਮੇਂ ਆਪਣੇ ਸਿੰਘਾਂ ਲਈ ਅਭਿਆਸ ਵਜੋਂ ਖ਼ਾਲਸਾ ਫ਼ੌਜ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਰਣਤੱਤੇ ਅੰਦਰ ਅਸਲੀ ਦਾਅ-ਪੇਚਾਂ, ਚਾਲਾਂ, ਹਰਕਤਾਂ ਨੂੰ ਧਿਆਨ ਗੋਚਰੇ ਕਰਕੇ ਅਭਿਆਸ ਕਰਵਾਉਂਦੇ। ਹਰ ਜਥੇ ਨੂੰ ਵੱਖ-ਵੱਖ ਰੰਗਾਂ ਦੀਆਂ ਜੰਗੀ ਵਰਦੀਆਂ ਪਹਿਨਾਈਆਂ ਜਾਂਦੀਆਂ। ਅਜਿਹੇ ਮੌਕੇ 'ਤੇ ਘੋੜਿਆਂ, ਹਾਥੀਆਂ ਦੀ ਵਰਤੋਂ ਵੀ ਕੀਤੀ ਜਾਂਦੀ। ਨਗਾਰੇ ਵੱਜਦੇ, ਹਥਿਆਰਾਂ ਦੇ ਟਕਰਾਅ ਹੁੰਦੇ, ਜੈਕਾਰੇ ਗੂੰਜਦੇ। ਦਸਮ ਪਾਤਸ਼ਾਹ ਆਪ ਯੋਧਿਆਂ ਨੂੰ ਹੱਲਾਸ਼ੇਰੀ ਦਿੰਦੇ। ਅੰਤ ਵਿੱਚ ਫਤਹਿ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਸਮਾਜ ਨੂੰ ਨਵੀਂ ਸੇਧ ਦੇ ਕੇ ਪਸ਼ੂ ਬਿਰਤੀ ਤੋਂ ਅਜ਼ਾਦ ਕਰਵਾਇਆ। ਭਾਰਤੀ ਤਿਉਹਾਰ ਹੋਲੀ ਨੂੰ ਹੋਲੇ-ਮਹੱਲੇ ਦਾ ਰੂਪ ਦੇ ਕੇ ਮਨੁੱਖਤਾ ਨੂੰ ਮਰਦਾਨਗੀ ਤੇ ਆਤਮਿਕ ਸ਼ੁੱਧਤਾ ਦੇ ਮੰਡਲਾਂ ਦਾ ਵਾਸੀ ਬਣਾਇਆ।

ਅੱਜ ਤੇਜ਼ੀ ਨਾਲ ਮਸ਼ੀਨੀਕਰਨ ਅਤੇ ਸਨਅਤੀਕਰਨ ਵੱਲ ਵੱਧ ਰਹੇ ਕੰਪਿਊਟਰ ਯੁੱਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਰ੍ਹਾਂ ਸ੍ਰੀ ਪਾਉਂਟਾ ਸਾਹਿਬ ਵਿਖੇ ਵੀ ਹੋਲੇ-ਮਹੱਲੇ ਦੀ ਰੌਣਕ ਵੀ ਵੇਖਣ ਯੋਗ ਹੁੰਦੀ ਹੈ। ਪਾਉਂਟਾ ਸਾਹਿਬ ਦੀ ਧਰਤੀ ਹਿਮਾਚਲ, ਹਰਿਆਣਾ, ਪੰਜਾਬ, ਦਿੱਲੀ, ਉਤਰਾਂਚਲ ਖਾਸ ਕਰਕੇ ਦੂਨ ਅਤੇ ਤਰਾਈ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਲਈ ਵਿਸ਼ੇਸ਼ ਖਿੱਚ ਰੱਖਦੀ ਹੈ। ਲੱਖਾਂ ਸਿੱਖ ਸੰਗਤਾਂ ਇਸ ਪਾਵਨ ਧਰਤੀ ਨੂੰ ਨਤਮਸਤਿਕ ਹੁੰਦੀਆਂ ਹਨ। ਇਹ ਪਾਉਂਟਾ ਸਾਹਿਬ ਦਾ ਇਤਿਹਾਸਕ ਗੁਰੂ ਘਰ ਪਹਾੜੀ ਤੇ ਪੰਜਾਬੀ ਸੱਭਿਆਚਾਰ ਦਾ ਸੁੰਦਰ ਸੁਮੇਲ ਬਣ ਜਾਂਦਾ ਹੈ। ਇਹ ਮੇਲਾ ਚਾਰ ਦਿਨ ਚੱਲਦਾ ਹੈ। ਇਨ੍ਹਾਂ ਦੀਵਾਨਾਂ ਵਿੱਚ ਕਵੀ ਦਰਬਾਰ, ਕਥਾ-ਕੀਰਤਨ, ਦਰਬਾਰਾਂ ਵਿੱਚ ਗੁਰੂ ਘਰ ਦੇ ਕੀਰਤਨੀਆਂ, ਕਥਾਕਾਰਾਂ, ਕਵੀਆਂ, ਢਾਡੀਆਂ, ਕਵੀਸ਼ਰਾਂ ਨੂੰ ਲਖਾਂ ਸਿੱਖ ਸੰਗਤਾਂ ਸ਼ਰਧਾ ਦੀ ਮੂਰਤੀ ਬਣ ਕੇ ਸਰਵਣ ਕਰਦੀਆਂ ਹਨ। ਮੇਲੇ ਦੇ ਆਖਰੀ ਦਿਨ ਹਿਮਾਚਲ ਦੇ ਲੋਕ ਆਪਣੇ ਰਵਾਇਤੀ ਪਹਿਰਾਵੇ ਵਿੱਚ ਗੁਰੂ ਸਾਹਿਬ ਨੂੰ ਪ੍ਰਣਾਮ ਕਰਨ ਪੁੱਜਦੇ ਹਨ। ਮੇਲੇ ਨੂੰ ਜਾਣ ਵਾਲੇ ਸਾਰੇ ਰਸਤੇ ਸੰਗਤਾਂ ਦੇ ਕਾਫ਼ਲਿਆਂ ਨਾਲ ਭਰੇ ਨਜ਼ਰ ਆਉਂਦੇ ਹਨ।

ਯਮਨਾ ਦਰਿਆ ਕਿਨਾਰੇ ਬਣੀ ਗੁਰ-ਦੁਆਰਾ ਪਾਉਂਟਾ ਸਾਹਿਬ ਦੀ ਆਲੀਸ਼ਾਨ ਸੰਗਮਰਮਰ ਇਮਾਰਤ ਸਿੱਖ ਇਤਿਹਾਸ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਗੁਰਦੁਆਰਾ ਕੰਪਲੈਕਸ ਵਿੱਚ ਗੁ: ਦਸਤਾਰ ਅਸਥਾਨ, ਗੁ: ਕਵੀ ਦਰਬਾਰ, ਗੁ: ਕਾਲਪੀ ਰਿਸ਼ੀ ਵੀ ਸੁਸ਼ੋਭਿਤ ਹਨ। ਸਾਹਿਤਕਾਰਾਂ ਤੇ ਖੋਜੀਆਂ ਲਈ ਇਕ ਵੱਖਰੀ ਇਮਾਰਤ ਵਿਦਿਆਸਰ ਹੈ, ਜਿਸ ਵਿੱਚ ਲਾਇਬਰੇਰੀ ਅਤੇ ਸਿੱਖ ਅਜਾਇਬ ਘਰ ਬਣੇ ਹੋਏ ਹਨ। ਇਸ ਅਸਥਾਨ ਉਪਰ 22 ਮਈ, 1964 ਨੂੰ ਇਕ ਵੱਡਾ ਸ਼ਹੀਦੀ ਖ਼ੂਨੀ ਸਾਕਾ ਵੀ ਵਾਪਰਿਆ। ਗੁਰਦੁਆਰਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਵਾਉਣ ਸਮੇਂ ਗਿਆਰਾਂ ਸਿੰਘਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਇਸ ਅਸਥਾਨ ਦਾ ਪ੍ਰਬੰਧ ਹਾਈ ਕੋਰਟ ਵੱਲੋਂ ਬਣਾਈ ਪ੍ਰਬੰਧਕ ਕਮੇਟੀ ਕਰਦੀ ਹੈ। ਜਿਸ ਦਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੀ ਮੁਖੀ ਹੁੰਦਾ ਹੈ। ਸਾਰਾ ਸਾਲ ਇਸ ਅਸਥਾਨ ਦੀ ਯਾਤਰਾ ਲਈ ਵੱਡੀ ਗਿਣਤੀ ਵਿੱਚ ਸੰਗਤ ਪੁੱਜਦੀ ਹੈ। ਹੋਲੇ-ਮਹੱਲੇ ਦੀ ਰੌਣਕ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇਂ ਹਰ ਰੋਜ਼ ਸੰਗਤ ਇਥੇ ਪੜਾਅ ਕਰਦੀ ਹੈ। ਚੰਡੀਗੜ੍ਹ ਤੋਂ 120 ਕਿਲੋਮੀਟਰ ਦੂਰ ਵਸਿਆ ਇਹ ਇਤਿਹਾਸਕ ਅਸਥਾਨ ਨਾਹਨ (ਹਿਮਾਚਲ), ਯਮਨਾ ਨਗਰ (ਹਰਿਆਣਾ), ਦੇਹਰਾਦੂਨ (ਉਤਰਾਖੰਡ) ਤੋਂ ਸਿੱਧੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ। ਹੋਲੇ-ਮਹੱਲੇ ਦਾ ਇਹ ਜੋੜ-ਮੇਲਾ ਆਤਮਿਕ-ਅਨੰਦ ਵਾਲੇ ਰੰਗੀਨ ਸੁਪਨੇ ਛੱਡ ਜਾਂਦਾ ਹੈ।

**ਮੋਬਾਇਲ: 98143-24040**

## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

ਮੁੱਖ ਕੰਮ:- ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
ਸਮਾਂ:- ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
ਸ਼ਰਤਾਂ:- ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
ਬੰਦ ਹੋਣ ਦੀ ਤਾਰੀਕ:- ਬਿਨੈਕਾਰ ਆਪਣੀਆਂ ਅਰਜ਼ੀਆਂ 6 ਮਾਰਚ 2026 ਤੋਂ ਪਹਿਲਾਂ ਭੇਜਣ

## JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**

**Please contact: Parkash Singh on 07909 517494 or Tel: 0161 2267233**

**Closing Date : Please Apply before 6th March 2026**

SRI GURU GOBIND SINGH GURDWARA Educational & Cultural Centre,
57 UPPER CHORLTON ROAD, WHALLEY RANGE, MANCHESTER, M16 7RQ.
www.manchestergurdwara.co.uk - Email:info@manchestergurdwara.co.uk
Charity Registration No. 1104110

# ਦੱਖਣ, ਪੂਰਬੀ ਰਾਜਾਂ ਵਿੱਚ ਚੋਣਾਂ ਦਾ ਘਮਸਾਣ

ਗੁਰਮੀਤ ਸਿੰਘ ਪਲਾਹੀ
-9815802070



ਭਾਰਤ ਦੇ ਪੂਰਬੀ ਹਿੱਸੇ ਦੇ ਮਹੱਤਵਪੂਰਣ ਸੂਬੇ ਪੱਛਮੀ ਬੰਗਾਲ ਵਿੱਚ ਸਿਆਸੀ ਧਿਰ ਤ੍ਰਿਮੂਲ ਕਾਂਗਰਸ ਦੀ ਤਿੰਨ ਵਾਰ ਚੁਣੀ ਗਈ ਮੁੱਖ ਮੰਤਰੀ ਚੋਣ ਮੋਰਚੇ 'ਤੇ ਅਡਿੱਗ ਖੜੀ ਦਿਖਾਈ ਦੇ ਰਹੀ ਹੈ, ਜਦਕਿ ਦੇਸ਼ ਦੇ ਦੱਖਣੀ ਸੂਬੇ ਤਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ.ਡੀ.ਐੱਮ.ਕੇ. ਵਿਚਕਾਰ ਸਖ਼ਤ ਟੱਕਰ ਹੈ। ਭਾਜਪਾ ਬੰਗਾਲ ਵਿੱਚ ਕਿਸੇ ਮਜ਼ਬੂਤ ਚਿਹਰੇ ਦੀ ਤਲਾਸ਼ ਵਿੱਚ ਹੈ।

ਬੰਗਾਲ ਦੀ ਸਿਆਸੀ ਹਵਾ ਵਿੱਚ ਮਹਿਲਾ, ਮੁਸਲਿਮ, ਮਸਜਿਦ, ਮੰਦਰ, ਮਟਨ, ਮੱਛਲੀ, ਮਨੀ ਪਾਵਰ, ਮਸਲ ਪਾਵਰ, ਮਮਤਾ ਅਤੇ ਮੋਦੀ ਹਾਵੀ ਹਨ। ਤ੍ਰਿਮੂਲ ਕਾਂਗਰਸ ਦੀ ਕੋਸ਼ਿਸ਼ ਚੋਣਾਂ ਵਿੱਚ ਦੀਦੀ ਬਨਾਮ ਮੋਦੀ ਬਣਾਉਣ ਦੀ ਹੈ, ਜਦਕਿ ਮੁੱਖ ਮੁਕਾਬਲੇ ਵਿੱਚ ਖੜੀ ਭਾਜਪਾ ਚੋਣਾਂ, ਹਿੰਦੂ-ਮੁਸਲਿਮ ਘੁਸਪੈਂਠ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਲੜਨ ਦੀ ਚਾਹਵਾਨ ਹੈ।

ਦੱਖਣ ਦੇ ਮਹੱਤਵਪੂਰਨ ਸੂਬੇ ਤਾਮਿਲਨਾਡੂ 'ਚ ਪਿਛਲੇ ਪੰਜ ਦਹਾਕਿਆਂ ਤੋਂ ਕੋਈ ਵੀ ਰਾਸ਼ਟਰ ਪਾਰਟੀ ਸੂਬਾ ਸਰਕਾਰ ਨਾ ਬਣਾ ਸਕੀ ਅਤੇ ਨਾ ਹੀ ਕਿਸੇ ਗਠਬੰਧਨ ਦੇ ਬਾਵਜੂਦ ਸੱਤਾ 'ਚ ਸ਼ਾਮਲ ਹੋ ਸਕੀ ਹੈ। ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. 'ਚ ਸੂਬੇ ਦੀ ਸੱਤਾ ਲਈ ਲੜਾਈ ਹੁੰਦੀ ਰਹੀ ਹੈ।

ਮਈ 2026 ਵਿੱਚ ਦੱਖਣੀ ਸੂਬਿਆਂ ਕੇਰਲਾ ਅਤੇ ਤਾਮਿਲਨਾਡੂ 'ਚ ਵਿਧਾਨ ਸਭਾ ਚੋਣ ਹੈ। ਕੇਰਲ ਵਿੱਚ ਖੱਬੀ ਲੋਕਤੰਤਰਿਕ ਧਿਰ ਅਤੇ ਤਾਮਿਲਨਾਡੂ 'ਚ ਡੀ.ਐੱਮ.ਕੇ, ਦਾ ਰਾਜ-ਭਾਗ ਹੈ। ਪੂਰਬੀ ਸੂਬੇ ਬੰਗਾਲ ਵਿੱਚ ਚੋਣਾਂ ਮਈ 'ਚ ਤਹਿ ਹਨ। ਉੱਤਰੀ ਪੂਰਬੀ ਸੂਬੇ ਅਸਾਮ ਅਤੇ ਪਾਂਡੀਚੇਰੀ 'ਚ ਵਿਧਾਨ ਸਭਾ ਚੋਣਾਂ ਮਈ 2026 'ਚ ਨਿਰਧਾਰਤ ਹਨ। ਅਸਾਮ 'ਚ ਭਾਜਪਾ ਅਤੇ ਪਾਂਡੀਚੇਰੀ 'ਚ ਆਲ ਇੰਡੀਆ ਐਨ.ਆਰ. ਕਾਂਗਰਸ ਅਤ ਭਾਜਪਾ ਭਾਈਵਾਲੀ ਨਾਲ ਰਾਜ ਕਰ ਰਹੇ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ ਐੱਸ.ਆਈ.ਆਰ. ਕਾਰਨ ਸਿਆਸੀ ਪਾਰਾ ਵਧਦਾ ਰਿਹਾ। ਸੂਬੇ ਦਾ ਪੱਖ ਪੇਸ਼ ਕਰਨ ਲਈ ਮੁੱਖ ਮੰਤਰੀ ਮਮਤਾ ਬੈਨਰਜੀ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਈ, ਕਿਉਂਕਿ ਭਾਜਪਾ ਵੱਲੋਂ ਤ੍ਰਿਮੂਲ ਕਾਂਗਰਸ ਨੂੰ ਪ੍ਰੇਸ਼ਾਨ ਕਰਨ ਲਈ ਅਤੇ ਰਾਜ ਸ਼ਕਤੀ ਪ੍ਰਾਪਤ ਕਰਨ ਲਈ ਪੂਰਾ ਤਾਣ ਲਗਾਇਆ ਜਾ ਰਿਹਾ ਹੈ। ਇਸ ਵੇਲੇ ਟੱਕਰ ਵੀ ਤ੍ਰਿਮੂਲ ਕਾਂਗਰਸ ਅਤੇ ਭਾਜਪਾ ਵਿਚਕਾਰ ਹੈ। ਕਦੇ ਇਹ ਟੱਕਰ ਕਾਂਗਰਸ ਅਤੇ ਖੱਬੀਆਂ ਧਿਰਾਂ ਦਰਮਿਆਨ ਹੋਇਆ ਕਰਦੀ ਸੀ। ਖੱਬੀਆਂ ਧਿਰਾਂ ਨੇ ਬੰਗਾਲ 'ਚ 34 ਸਾਲ ਰਾਜ ਕੀਤਾ। ਖੱਬੀ ਧਿਰ ਦਾ ਰਾਜ ਖ਼ਤਮ ਕਰਕੇ ਮਮਤਾ ਬੈਨਰਜੀ ਡੇਢ ਦਹਾਕੇ ਤੋਂ ਸੱਤਾ 'ਚ ਹੈ। ਕੁੱਲ ਮਿਲਾਕੇ 294 ਸੀਟਾਂ ਵਿੱਚੋਂ 213 ਸੀਟਾਂ 'ਤੇ ਕਾਬਜ਼ ਹੈ।

ਸਾਲ 2021 ਵਿਧਾਨ ਸਭਾ ਚੋਣ ਸਮੇਂ ਟੀ.ਐੱਮ.ਸੀ. ਨੇ 48.5 ਫ਼ੀਸਦੀ ਵੋਟ ਲਈ ਅਤੇ ਭਾਜਪਾ ਨੇ 38.5 ਫ਼ੀਸਦੀ ਵੋਟ ਪ੍ਰਾਪਤ ਕਰਕੇ 77 ਸੀਟਾਂ ਜਿੱਤੀਆਂ, ਕਾਂਗਰਸ ਅਤੇ ਖੱਬੀ ਧਿਰ ਨੂੰ ਕੋਈ ਵੀ ਸੀਟ ਨਾ ਮਿਲੀ। ਕਾਂਗਰਸ ਨੂੰ ਤਿੰਨ ਫ਼ੀਸਦੀ ਅਤੇ ਖੱਬੀ ਧਿਰ ਨੂੰ 2.7 ਫ਼ੀਸਦੀ ਵੋਟ ਮਿਲੇ ਸਨ।

ਮਮਤਾ ਬੈਨਰਜੀ ਸਰਕਾਰ ਦੇ ਸਾਹਮਣੇ ਇਸ ਵੇਲੇ ਵੱਡੀਆਂ ਚੁਣੌਤੀਆਂ ਹਨ। ਉਸਦੇ ਕਈ ਮੰਤਰੀ ਭ੍ਰਿਸ਼ਟਾਚਾਰ, ਭਰਤੀ ਘੁਟਾਲੇ ਕਾਰਨ ਵੱਡੀ ਚਰਚਾ 'ਚ ਹੈ। ਪਰ ਐੱਸ.ਆਈ.ਆਰ. ਦੇ ਮੁੱਦੇ 'ਤੇ ਤ੍ਰਿਮੂਲ ਕਾਂਗਰਸ ਦੇ ਵਰਕਰ ਪਿੰਡਾਂ, ਸ਼ਹਿਰਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ। ਉੱਧਰ ਭਾਜਪਾ ਵਰਕਰ ਪੂਰੀ ਤੇਜ਼ੀ ਨਾਲ ਹੁਣੇ ਤੋਂ ਹੀ ਵੋਟਰਾਂ ਕੋਲ ਘਰ-ਘਰ ਜਾ ਕੇ ਪ੍ਰਚਾਰ ਆਰੰਭ ਕਰ ਚੁੱਕੇ ਹਨ। ਭਾਵੇਂ ਤ੍ਰਿਮੂਲ ਕਾਂਗਰਸ ਅਤੇ ਭਾਜਪਾ ਸਿੱਧੀ ਟੱਕਰ ਵਿੱਚ ਹਨ, ਪਰ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਨੂੰ ਐੱਮ.ਪੀ. ਦੀ ਇੱਕ ਸੀਟ ਮਿਲੀ ਸੀ ਅਤੇ ਪੂਰੇ ਰਾਜ ਵਿੱਚ ਉਸ ਦੀ ਵੋਟ ਪ੍ਰਤੀਸ਼ਤ 15.7 ਹੋ ਗਈ। ਜਦ ਕਿ ਟੀ.ਐੱਮ.ਸੀ. 46.2 ਫ਼ੀਸਦੀ ਅਤੇ ਭਾਜਪਾ 39.1 ਫ਼ੀਸਦੀ ਵੋਟ ਪ੍ਰਾਪਤ ਕਰ ਸਕੀ। ਟੀ.ਐੱਮ.ਸੀ. ਨੇ 29 ਲੋਕ ਸਭਾ ਸੀਟਾਂ, ਭਾਜਪਾ ਨੇ 12 ਸੀਟਾਂ ਅਤੇ ਕਾਂਗਰਸ ਨੇ ਇੱਕ ਸੀਟ ਜਿੱਤੀ। ਲੋਕ ਸਭਾ ਦੀਆਂ ਬੰਗਾਲ 'ਚ ਕੁੱਲ 42 ਸੀਟਾਂ ਹਨ।

ਦੂਜੇ ਪਾਸੇ ਦੱਖਣੀ ਰਾਜ ਤਾਮਿਲਨਾਡੂ 'ਚ ਡੀ. ਐੱਮ. ਕੇ. ਅਤੇ ਅੰਨਾ ਡੀ. ਐੱਮ. ਕੇ. ਦੇ ਦਰਮਿਆਨ ਜਦੋਂ 2021 'ਚ ਵਿਧਾਨ ਸਭਾ ਚੋਣ ਯੁੱਧ ਹੋਇਆ ਤਾਂ ਡੀ.ਐੱਮ.ਕੇ. 133, ਅੰਨਾ ਡੀ.ਐੱਮ.ਕੇ. 66 ਸੀਟਾਂ ਲਿਜਾ ਸਕੀ। ਡੀ.ਐੱਮ.ਕੇ. ਨੇ 37.70 ਫ਼ੀਸਦੀ ਅਤੇ ਅੰਨਾ ਡੀ.ਐੱਮ.ਕੇ. ਨੇ 33.23 ਫ਼ੀਸਦੀ ਵੋਟ ਪ੍ਰਾਪਤ ਕੀਤੇ ਜਦ ਕਿ ਕਾਂਗਰਸ 18 ਸੀਟਾਂ ਲੈ ਕੇ 4.27 ਫ਼ੀਸਦੀ, ਭਾਜਪਾ 04 ਸੀਟਾਂ ਲੈ ਕੇ 2.62 ਫ਼ੀਸਦੀ ਵੋਟ ਲਿਜਾ ਸਕੀ ਸੀ। ਲੋਕ ਸਭਾ ਦੀਆਂ 39 ਸੀਟਾਂ ਵਿੱਚ 22 ਡੀ.ਐੱਮ.ਕੇ., ਕਾਂਗਰਸ 09, ਸੀ.ਪੀ.ਐੱਮ. 02, ਅਤੇ ਹੋਰ 06 ਸੀਟਾਂ ਪ੍ਰਾਪਤ ਕਰ ਸਕੇ ਪਰ ਅੰਨਾ ਡੀ.ਐੱਮ.ਕੇ. 20.7 ਫ਼ੀਸਦੀ ਵੋਟ ਬੈਂਕ ਲੈ ਕੇ ਵੀ ਕੋਈ ਸੀਟ ਨਾ ਜਿੱਤ ਸਕੀ। ਵਿਧਾਨ ਸਭਾ ਚੋਣਾਂ 'ਚ ਏ.ਆਈ. ਡੀ.ਐੱਮ.ਕੇ. ਅਤੇ ਭਾਜਪਾ ਇਕੱਠਿਆਂ ਚੋਣ ਲੜੇਗੀ। ਜਦ ਕਿ ਡੀ.ਐੱਮ.ਕੇ. ਅਤੇ ਕਾਂਗਰਸ ਦਾ ਗੱਠਜੋੜ ਸੀਟਾਂ ਦੀ ਆਪਸੀ ਵੰਡ ਨਾਲ ਚੋਣ ਲੜੇਗਾ। ਸੂਬੇ ਵਿੱਚ ਅੰਨਾ ਡੀ.ਐੱਮ.ਕੇ. ਤੇ ਭਾਜਪਾ ਭ੍ਰਿਸ਼ਟਾਚਾਰ, ਰੁਜ਼ਗਾਰ, ਪਰਿਵਾਰਵਾਦ ਦੋਸ਼ ਲਗਾ ਰਹੇ ਹਨ ਜਦ ਕਿ ਸੱਤਾ ਧਿਰ ਡੀ. ਐੱਮ. ਕੇ. ਆਪਣੀ ਲੋਕ-ਹਿਤੈਸ਼ੀ ਸਕੀਮ ਅਤੇ ਕੇਂਦਰ ਵੱਲੋਂ ਸੂਬੇ ਵਿੱਚ ਹਿੰਦੀ ਨੂੰ ਜ਼ਬਰੀ ਥੋਪਣ, ਐੱਸ. ਆਈ. ਆਰ. ਅਤੇ ਸੂਬੇ ਨਾਲ ਲਗਾਤਾਰ ਵਿਤਕਰਿਆਂ ਨੂੰ ਚੋਣ ਮੁੱਦਾ ਬਣਾ ਰਹੀ ਹੈ। ਤਾਮਿਲਨਾਡੂ ਉਹ ਰਾਜ ਹੈ, ਜਿੱਥੇ ਫਿਲਮੀ ਅਦਾਕਾਰਾ ਜੈ ਲਲਿਤਾ ਨੇ ਲੰਮਾ ਸਮਾਂ ਰਾਜ ਕੀਤ। ਤਾਮਿਲਨਾਡੂ 'ਚ ਇਸ ਵਾਰ ਇੱਕ ਤੀਜੀ ਧਿਰ ਦੋ ਸਾਲ ਪੁਰਾਣੀ ਟੀ.ਵੀ.ਕੇ. ਅਦਾਕਾਰ ਥਲਾਪਤੀ ਵਿਜੈ ਦੀ ਅਗਵਾਈ 'ਚ ਚੋਣ ਚੁਣੌਤੀ ਪੇਸ਼ ਕਰ ਰਹੀ ਹੈ, ਜਿਸ ਨਾਲ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾਵਾਂ ਬਣੀਆਂ ਹੋਈਆਂ ਹਨ। ਭਾਵੇਂ ਕਿ ਰਜਨੀਕਾਂਤ ਅਤੇ ਕਮਲ ਹਸਨ ਦੀਆਂ ਕੋਸ਼ਿਸ਼ਾਂ ਸਫ਼ਲ



ਨਹੀਂ ਹੋਈਆਂ, ਪਰ ਅਦਾਕਾਰ ਥਲਾਪਤੀ ਵਿਜੈ ਦੀ ਵੱਡੀ ਚਰਚਾ ਅਤੇ ਲੋਕ ਪ੍ਰਿਯਤਾ ਹੈ।

ਤਾਮਿਲਨਾਡੂ 'ਚ ਕਰੂਰ ਰੈਲੀ 'ਚ 41 ਲੋਕਾਂ ਦੀ ਥਲਾਪਤੀ ਵਿਜੈ ਦੀ ਬਹਿਤ ਵੱਡੀ ਰੈਲੀ 'ਚ ਭਗਦੜ ਕਾਰਨ ਮੌਤ ਹੋ ਗਈ, ਪਰ ਲੋਕ ਇਸ ਹਾਦਸੇ 'ਚ ਡੀ.ਐੱਮ.ਕੇ. ਸਰਕਾਰ ਦੀ ਗ਼ੈਰ-ਜ਼ਿੰਮੇਵਾਰੀ ਮਨ ਰਹੇ ਹਨ। ਉਂਞ ਦੱਖਣੀ ਤਾਮਿਲਨਾਡੂ ਅਤੇ ਨੌਜਵਾਨਾਂ 'ਚ ਟੀ.ਵੀ.ਕੇ. ਦਾ ਪ੍ਰਭਾਵ ਹੈ ਅਤੇ ਉਸ ਵੱਲੋਂ 15 ਫ਼ੀਸਦੀ ਵੋਟਾਂ ਲੈ ਜਾਣ ਦੀ ਸੰਭਾਵਨਾ ਹੈ।

ਦੱਖਣੀ ਰਾਜ ਕੇਰਲਾ 'ਚ ਰਾਜ-ਭਾਗ ਸੀ. ਪੀ. ਐੱਮ. ਅਤੇ ਖੱਬੇ ਫਰੰਟ ਦੇ ਕੋਲ ਹੈ। 2021 'ਚ 140 ਵਿੱਚ 99 ਸੀਟਾਂ ਇਸ ਫਰੰਟ ਨੇ ਜਿੱਤੀਆਂ। 2024 ਦੀਆਂ ਲੋਕ ਸਭਾ ਚੋਣਾਂ 'ਚ ਇੰਡੀਆ ਫਰੰਟ, ਜਿਸ ਵਿੱਚ ਕਾਂਗਰਸ ਤੇ ਖੱਬੀਆਂ ਧਿਰਾਂ ਸ਼ਾਮਲ ਸਨ। ਕੁੱਲ 20 ਲੋਕ ਸਭਾ ਸੀਟਾਂ ਵਿੱਚੋਂ 19 ਸੀਟਾਂ ਜਿੱਤੀਆਂ ਅਤੇ ਐਨ.ਡੀ.ਏ. ਨੇ ਸਿਰਫ਼ ਇੱਕ। ਕਾਂਗਰਸ ਨੇ 14, ਸੀ.ਪੀ.ਐੱਮ. ਇੱਕ ਤੇ ਹੋਰ ਭਾਈਵਾਲ ਚਾਰ ਸੀਟਾਂ ਜਿੱਤੇ ਜਦ ਕਿ ਭਾਜਪਾ ਇੱਕ ਸੀਟ ਹੀ ਲੈ ਜਾ ਸਕੀ।

ਕੇਰਲ 'ਚ ਮੁਕਾਬਲਾ ਖੱਬੀਆਂ ਧਿਰਾਂ ਫਰੰਟ, ਜਿਸ ਵਿੱਚ ਸੀਪੀ.ਐੱਮ.,ਸੀ.ਪੀ.ਆਈ., ਕੇਰਲਾ ਕਾਂਗਰਸ ਦਰਮਿਆਨ ਅਤੇ ਯੁਨਾਈਟਿਡ ਡੈਮੋਕਰੇਟਿਕ ਫਰੰਟ ਦਰਮਿਆਨ ਹੈ, ਜਿਸ ਵਿੱਚ ਕਾਂਗਰਸ, ਆਰ.ਐੱਸ.ਪੀ., ਇੰਡੀਅਨ ਯੂਨੀਅਨ ਮੁਸਲਿਮ ਦਰਮਿਆਨ ਹੈ। ਜਦ ਕਿ ਐੱਨ.ਡੀ.ਏ. ਜਿਸ ਵਿੱਚ ਭਾਰਤੀ ਜਨਤਾ ਪਾਰਟੀ ਸ਼ਾਮਲ ਹੈ, ਵੀ ਇੱਕ ਧਿਰ ਹੈ। ਚੋਣਾਂ 'ਚ ਬੇਰਜ਼ੁਗਾਰੀ, ਭ੍ਰਿਸ਼ਟਾਚਾਰ ਘੱਟ ਗਿਣਤੀਆਂ ਦੇ ਹਿੱਤ ਮੁੱਖ ਮੁੱਦੇ ਹਨ। ਇਸ ਸੂਬੇ 'ਚ ਭਾਜਪਾ ਦਾ ਖ਼ਾਸ ਅਧਾਰ ਵੇਖਣ ਨੂੰ ਨਹੀਂ ਮਿਲਦਾ।

ਅਸਾਮ 'ਚ ਭਾਜਪਾ ਅਤੇ ਏ.ਐੱਸ.ਓ.ਐੱਮ. ਵਿਚਕਾਰ ਟੱਕਰ ਰਹਿੰਦੀ ਹੈ। ਇਸ ਸਮੇਂ ਰਾਜ ਭਾਜਪਾ ਦਾ ਹੈ। ਪਾਂਡੀਚੇਰੀ ਵਿੱਚ ਐੱਨ.ਡੀ.ਏ. ਜਿਸ ਵਿੱਚ ਭਾਜਪਾ ਅਤੇ ਏ.ਆਈ. ਐੱਨ. ਆਰ. ਸੀ. ਸ਼ਾਮਲ ਹਨ ਅਤੇ ਐੱਸ. ਪੀ. ਏ., ਜਿਸ ਵਿੱਚ ਡੀ.ਐੱਮ.ਕੇ. ਅਤੇ ਕਾਂਗਰਸ ਸ਼ਾਮਲ ਹਨ, ਵਿੱਚ ਮੁਕਾਬਲਾ ਹੋਏਗਾ। ਭਾਵੇਂ ਕਿ ਨਵੀਂ ਪਾਰਟੀ ਟੀ.ਵੀ.ਕੇ. ਪਾਰਟੀ ਦਾ ਐਕਟਰ ਵਿਜੈ ਦੋਹਾਂ ਫਰੰਟਾਂ ਦੇ ਵਿਚਕਾਰ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੈ।

ਇਹਨਾਂ ਪੰਜਾਂ ਰਾਜਾਂ ਵਿੱਚ ਕੇਰਲਾ ਨੂੰ ਛੱਡਕੇ ਭਾਜਪਾ ਆਪਣੀ ਵਿਸ਼ੇਸ਼ ਭੂਮਿਕਾ 'ਚ ਹੈ। ਭਾਜਪਾ ਉੱਤੇ ਦੋਸ਼ ਲੱਗ ਰਹੇ ਹਨ ਕਿ ਉਹ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਹਿੱਤ ਵਿੱਚ ਵਰਤਕੇ ਕਿਸੇ ਵੀ ਹੀਲੇ ਖ਼ਾਸ ਕਰਕੇ ਪੱਛਮੀ ਬੰਗਾਲ ਦੀ ਖਾੜਕੂ ਨੇਤਾ ਮਮਤਾ ਬੈਨਰਜੀ ਨੂੰ ਹਰਾਉਣਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬੰਗਾਲ ਦੌਰਿਆਂ ਦਰਮਿਆਨ ਚੋਣ ਮਾਹੌਲ ਭੱਖਵਾਂ ਦਿਖਦਾ ਹੈ। ਚੋਣਾਂ ਜਿੱਤਣ ਲਈ ਹਰ ਸੱਤਾ ਧਾਰੀ ਧਿਰ, ਹਰ ਹਰਵਾ ਵਰਤ ਰਹੀ ਹੈ। ਵਿਰੋਧੀ ਧਿਰਾਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਮੰਗ ਕਰ ਰਹੀਆਂ ਹਨ, ਜਿਸਦਾ ਖ਼ਦਸ਼ਾ ਲਗਾਤਾਰ ਬਣਿਆ ਦਿਖਾਈ ਦਿੰਦਾ ਹੈ। ਪਿਛਲੇ ਦਿਨਾਂ 'ਚ ਬਿਹਾਰ 'ਚ ਸੱਤਾ ਧਿਰ ਨੇ ਕਿਵੇਂ ਵਿਟਰਾਂ ਲਈ ਕੈਸ਼ ਟ੍ਰਾਂਸਫ਼ਰ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਵੱਲੋਂ ਇਸ "ਭ੍ਰਿਸ਼ਟਾਚਾਰ" ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਰਹੀ ਕਿ ਜਦੋਂ ਪ੍ਰਸ਼ਾਂਤ ਕਿਸ਼ੋਰ ਦੀ ਜਨ ਪਾਰਟੀ (ਜੇ.ਐੱਸ.ਪੀ.) ਵੱਲੋਂ ਸੁਪਰੀਮ ਕੋਰਟ 'ਚ ਇਸ ਸੰਬੰਧੀ ਪਟੀਸ਼ਨ ਦਾਇਰ ਕੀਤੀ ਗਈ ਤਾਂ ਇਸ ਮਾਮਲੇ ਨੂੰ ਸੁਪਰੀਮ ਕੋਰਟ ਵੱਲੋਂ ਵੀ ਅਣਦੇਖਿਆ ਕੀਤਾ ਗਿਆ। ਕੇ.ਐੱਸ.ਪੀ. ਨੇ ਇਕ ਪਟੀਸ਼ਨ ਦਾਇਰ ਕੀਤੀ ਸੀ। ਉਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ "ਮੁੱਖ ਮੰਤਰੀ ਨੇ ਮਹਿਲਾ ਰੁਜ਼ਗਾਰ ਯੋਜਨਾ" ਤਹਿਤ ਮਹਿਲਾ ਲਾਭਪਾਤਰੀਆਂ ਨੂੰ 10,000 ਰੁਪਏ ਟ੍ਰਾਂਸਫ਼ਰ ਕਰਕੇ ਆਦਰਸ਼ ਚੋਣ ਜਾਬਤਾ ਦੀ ਉਲੰਘਣਾ ਕੀਤੀ ਹੈ, ਜਿਸਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਵਰਚੁਆਲੀ ਕੀਤੀ ਗਈ। ਕੀ ਇਸ ਕਿਸਮ ਦਾ "ਮਨੀ ਟ੍ਰਾਂਸਫ਼ਰ" ਪਾਂਡੀਚੇਰੀ ਅਤੇ ਅਸਾਮ ਵਿੱਚ ਨਹੀਂ ਹੋਏਗਾ, ਜਿੱਥੇ ਭਾਜਪਾ ਸਰਕਾਰ ਹੈ?

ਭਾਵੇਂ ਕਿ ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਵੋਟਾਂ ਪ੍ਰਾਪਤ ਕਰਨ ਲਈ ਮੁਫ਼ਤ ਰਿਉੜੀਆਂ ਵੰਡਣ ਉੱਤੇ ਨਾ ਖ਼ੁਸ਼ੀ ਪ੍ਰਗਟ ਕੀਤੀ ਹੈ, ਪਰ ਇਹ ਚਲਨ ਦੇਸ਼ ਵਿੱਚ ਲਗਾਤਾਰ ਜਾਰੀ ਹੈ। ਉਸ ਤੋਂ ਉੱਪਰ ਭਾਰਤੀ ਚੋਣ ਕਮਿਸ਼ਨ ਦੀ ਐੱਸ.ਆਈ.ਆਰ. ਨੇ ਭਾਰਤੀ ਵੋਟਰਾਂ ਲਈ ਖ਼ਦਸ਼ੇ ਪ੍ਰਗਟ ਕੀਤੇ ਹਨ। ਕਾਬਜ਼ ਸਰਕਾਰੀ ਧਿਰਾਂ ਵੱਲੋਂ ਬੇਵਜਹ ਵੋਟਾਂ ਵੋਟਰ ਸੂਚੀਆਂ ਵਿੱਚੋਂ ਕੱਟੀਆਂ ਗਈਆਂ ਹਨ, ਜਿਸ ਨਾਲ ਲੋਕਾਂ ਵਿੱਚ ਲੋਕਤੰਤਰੀ ਵੋਟ ਪ੍ਰਕਿਰਿਆ ਸੁਖਾਵੀਂ ਬਣਾਈ ਰੱਖਣ ਲਈ ਰੁਕਾਵਟ ਪੈਦਾ ਹੋਈ ਹੈ। ਜਿਵੇਂ ਦੇਸ਼ ਦੀ ਮੁੱਖ ਹਾਕਮ ਧਿਰ ਵੱਲੋਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਯੋਜਨਾ ਬੱਧ ਉਲੰਘਣਾ, ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਕੀਤੀ ਜਾ ਰਹੀ ਹੈ ਅਤੇ ਜਿਵੇਂ ਵੋਟਰਾਂ ਨੂੰ ਵਿਆਪਕ ਪ੍ਰੇਰਨਾ ਜਾਂ ਰਿਸ਼ਵਤਖੋਰੀ ਨਾਲ ਪ੍ਰਭਾਵਤ ਕੀਤੇ ਜਾਣ ਦੇ ਅਮਲ ਜਾਰੀ ਹਨ ਉਹ ਭਾਰਤ ਦੇ ਸੰਵਿਧਾਨ ਦੇ ਮੂਲ ਢਾਂਚੇ ਲਈ ਸਿੱਧਾ ਖ਼ੋਰਾ ਹਨ।

ਦੱਖਣ, ਪੂਰਬੀ ਰਾਜਾਂ ਦੇ ਸੂਝਵਾਨ ਵੋਟਰ ਆਪਣੇ ਵਿਵੇਕ ਅਤੇ ਬੁੱਧੀ ਨਾਲ ਕੀ ਉਹਨਾਂ ਸਾਰੇ ਗ਼ਲਤ ਅਮਲਾਂ ਨੂੰ ਪਿਛਾੜ ਦੇਣਗੇ, ਜਿਸ ਦਾ ਹਮਲਾ ਉਹ ਆਉਣ ਵਾਲੇ ਦਿਨਾਂ 'ਚ ਆਪਣੇ 'ਤੇ ਝੱਲਣਗੇ? ਸਾਮ,ਦਾਮ,ਦੰਡ ਅਤੇ ਧੂੰਆਧਾਰ ਫ਼ਿਰਕੂ ਪ੍ਰਚਾਰ ਉਹਨਾਂ ਦੇ ਇਰਾਦਿਆਂ ਨੂੰ ਕੀ ਦ੍ਰਿੜ ਰੱਖ ਸਕੇਗਾ ਜਾਂ ਫਿਰ ਮੁੱਠੀ ਭਰ "ਸਿੱਧੀ ਨਕਦੀ ਰਕਮ" ਦੇ ਵਹਾਅ ਵਿੱਚ ਵਹਿ ਕੇ ਉਹ ਦੇਸ਼ ਦੀ ਸੰਵਿਧਾਨਕ ਲੋਕਤੰਤਰੀ ਤਾਕਤ ਨੂੰ ਖੇਰੂ-ਖੇਰੂ ਕਰਨ ਵਾਲਿਆਂ ਦੇ ਪੱਖ 'ਚ ਖੜ੍ਹੋ ਜਾਣਗੇ?

## ਫਿਲਮੀ ਦੁਨੀਆ



# ਭਾਰਤੀ ਫਿਲਮ "ਬੂੰਗ" ਨੇ ਬਾਫਟਾ ਪੁਰਸਕਾਰ ਜਿੱਤ ਕੇ ਰਚਿਆ ਇਤਿਹਾਸ ਆਲੀਆ ਭੱਟ ਨੇ ਹਿੰਦੀ ਨਾਲ ਕੀਤੀ ਪੁਰਸਕਾਰ ਸਮਾਰੋਹ ਦੀ ਸ਼ੁਰੂਆਤ






ਪ੍ਰਿੰਸ ਵਿਲੀਅਮ ਅਤੇ ਕੇਟ ਮਿਡਲਟਨ, ਆਲੀਆ ਭੱਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਰਾਇਲ ਫੈਸਟੀਵਲ ਹਾਲ ਵਿੱਚ 79ਵਾਂ ਬਾਫਟਾ ਪੁਰਸਕਾਰ ਸਮਾਰੋਹ ਆਯੋਜਿਤ ਕੀਤਾ ਗਿਆ। ਜਿਸ ਵਿੱਚ ਬਰਤਾਨੀਆ ਦੇ ਰਾਜਕੁਮਾਰ ਵਿਲੀਅਮ ਆਪਣੀ ਪਤਨੀ ਕੇਟ ਮਿਡਲਟਨ ਨਾਲ ਉਚੇਚੇ ਤੌਰ ਤੇ ਪਹੁੰਚੇ। ਜਿਸ ਵਿੱਚ ਭਾਰਤੀ ਫਿਲਮ "ਬੂੰਗ" ਨੇ ਪੁਰਸਕਾਰ ਜਿੱਤ ਕੇ ਨਵਾਂ ਇਤਿਹਾਸ ਰਚਿਆ ਅਤੇ ਭਾਰਤੀ ਸਿਨੇਮਾ ਦੇ ਹੁਨਰ ਨੂੰ ਦੁਨੀਆ ਸਾਹਮਣੇ ਪੇਸ਼ ਕੀਤਾ। ਭਾਰਤੀ ਫਿਲਮ "ਬੂੰਗ" ਨੇ ਬੱਚਿਆਂ ਅਤੇ ਪਰਿਵਾਰਕ ਫਿਲਮ ਸ਼੍ਰੇਣੀ ਵਿੱਚ ਸਰਵੋਤਮ ਫਿਲਮ ਦਾ ਪੁਰਸਕਾਰ ਜਿੱਤਿਆ ਹੈ। ਇਸ ਤੋਂ ਇਲਾਵਾ, "ਵਨ ਬੈਟਲ ਆਫਟਰ ਅਦਰ" ਅਤੇ "ਸਿਨਰਸ" ਨੇ ਇਸ ਸਾਲ ਬਾਫਟਾ ਪੁਰਸਕਾਰਾਂ 'ਤੇ ਦਬਦਬਾ ਬਣਾਇਆ। ਲਿਓਨਾਰਡੋ ਡੀਕੈਪ੍ਰੀਓ ਦੀ ਐਕਸ਼ਨ ਫ਼ਿਲਮ "ਵਨ ਬੈਟਲ ਆਫਟਰ ਅਦਰ" ਨੇ ਸਰਵੋਤਮ ਫਿਲਮ ਸਮੇਤ ਛੇ ਪੁਰਸਕਾਰ ਜਿੱਤੇ। ਅਮਰੀਕੀ ਫਿਲਮ "ਸਿਨਰਸ" ਅਤੇ ਡਰਾਉਣੀ ਕਹਾਣੀ "ਫ੍ਰੈਂਕਨਸਟਾਈਨ" ਨੇ ਤਿੰਨ-ਤਿੰਨ ਪੁਰਸਕਾਰ ਜਿੱਤੇ। ਜੈਸੀ ਬਕਲੇ ਨੇ "ਹੈਮਨੇਟ" ਲਈ ਸਰਵੋਤਮ ਅਭਿਨੇਤਰੀ ਦਾ ਪੁਰਸਕਾਰ ਜਿੱਤਿਆ, ਜਦੋਂ ਕਿ ਰੌਬਰਟ ਅਰਾਮਾਇਓ ਨੇ "ਆਈ ਸਵੇਅਰ" ਲਈ ਸਰਵੋਤਮ ਅਦਾਕਾਰ ਦਾ ਪੁਰਸਕਾਰ ਜਿੱਤਿਆ। ਪਾਲ ਥਾਮਸ ਐਂਡਰਸਨ ਦੀ ਰਾਜਨੀਤਿਕ ਥ੍ਰਿਲਰ "ਵਨ ਬੈਟਲ ਆਫਟਰ ਅਦਰ" ਨੇ ਸ਼ਾਮ ਨੂੰ ਦਬਦਬਾ ਬਣਾਇਆ, ਛੇ ਪੁਰਸਕਾਰ ਜਿੱਤੇ, ਜਿਨ੍ਹਾਂ ਵਿੱਚ ਸਰਬੋਤਮ ਫਿਲਮ ਅਤੇ ਸਰਬੋਤਮ ਨਿਰਦੇਸ਼ਕ ਸ਼ਾਮਲ ਹਨ। ਇਨ੍ਹਾਂ ਵਿੱਚ ਸਰਬੋਤਮ ਫਿਲਮ, ਨਿਰਦੇਸ਼ਕ, ਅਨੁਕੂਲਿਤ ਸਕ੍ਰੀਨਪਲੇ, ਸਿਨੇਮੈਟੋਗ੍ਰਾਫੀ, ਸੰਪਾਦਨ ਅਤੇ ਸਹਾਇਕ ਅਦਾਕਾਰ (ਪੁਰਸ਼) ਸ਼ਾਮਲ ਸਨ।

ਸੀਨ ਪੇਨ ਨੇ ਸਰਬੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਜਿੱਤਿਆ। ਭਾਰਤੀ ਅਦਾਕਾਰਾ ਆਲੀਆ ਭੱਟ ਨੇ ਵੀ ਬਾਫਟਾ ਰੈੱਡ ਕਾਰਪੇਟ 'ਤੇ ਟਹਿਲਦਿਆਂ ਸਟੇਜ ਦਾ ਸੰਚਾਲਨ ਕਰਦਿਆਂ ਹਿੰਦੀ ਭਾਸ਼ਾ ਬੋਲ ਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਆਲੀਆ ਭੱਟ ਇੱਕ ਪੇਸ਼ਕਾਰ ਵਜੋਂ ਸ਼ਾਮਲ ਹੋਈ ਅਤੇ ਸਰਬੋਤਮ ਗੈਰ-ਅੰਗਰੇਜ਼ੀ ਭਾਸ਼ਾ ਫਿਲਮ ਲਈ ਪੁਰਸਕਾਰ ਵੀ ਪੇਸ਼ ਕੀਤਾ। "ਬੂੰਗ" ਦੇ ਨਿਰਮਾਤਾ ਫਰਹਾਨ ਅਖਤਰ ਨੇ ਵੀ ਬਾਫਟਾ ਵਿੱਚ ਸ਼ਿਰਕਤ ਕੀਤੀ।




ਫਰਹਾਨ ਅਖਤਰ ਪੁਰਸਕਾਰ ਨਾਲ

## * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***'ਆਪ' ਸਰਕਾਰ ਅਫ਼ਸਰਸ਼ਾਹੀ ਦਾ ਕਰ ਰਹੀ ਹੈ ਸਿਆਸੀਕਰਣ- ਸੁਨੀਲ ਜਾਖੜ**

-ਜਾਖੜ ਸਾਹਿਬ ਜ਼ਰਾ ਉੱਪਰ ਵਲ ਵੀ ਨਜ਼ਰ ਮਾਰ ਲੈਣੀ ਸੀ।



***ਏ.ਆਈ. ਦਾ ਪ੍ਰਯੋਗ ਵਧਣ ਕਾਰਨ ਘਟ ਰਹੀਆਂ ਨੇ ਦਾਖ਼ਲਾ ਪੱਧਰ ਦੀਆਂ ਨੌਕਰੀਆਂ- ਇਕ ਰਿਪੋਰਟ**

-ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।



***ਗਿਆਨੀ ਰਘਬੀਰ ਸਿੰਘ ਨੇ ਸਰਬੱਤ ਖ਼ਾਲਸਾ ਬੁਲਾਉਣ ਦੀ ਗੱਲ ਕੀਤੀ- ਇਕ ਖ਼ਬਰ**

-ਤਾਲੋਂ ਘੁੱਥੀ ਡੂੰਮਣੀ ਬੋਲੇ ਆਲ ਪਤਾਲ।



***ਰੈਲੀਆਂ ਤੇ ਯਾਤਰਾਵਾਂ ਨਾਲ ਨਸ਼ਾ ਖ਼ਤਮ ਨਹੀਂ ਹੋ ਸਕਦਾ- ਰਾਜਾ ਵੜਿੰਗ**

-ਤੱਤੇ ਪਾਣੀਆਂ ਨਾਲ ਅੱਗਾਂ ਨਹੀਂ ਬੁਝਦੀਆਂ।

***27 ਦੀਆਂ ਚੋਣਾਂ ਲਈ ਸਿਆਸੀ ਧਿਰਾਂ ਦੀਆਂ ਲੱਖਾਂ ਪਰਵਾਸੀ ਮਜ਼ਦੂਰਾਂ ਉਤੇ ਨਜ਼ਰਾਂ ਸਵੱਲੀਆਂ- ਇਕ ਖ਼ਬਰ**

-ਤੁਸੀਂ ਕਰੋ ਅਸਾਡੀ ਕਾਰੀ ਜੀ, ਹੁਣ ਹੋ ਗਈ ਮੁਸ਼ਕਿਲ ਭਾਰੀ ਜੀ।



***ਸੱਤਾ 'ਚ ਆਉਂਦਿਆਂ ਹੀ ਪੰਜਾਬ ਵਿਚ ਗੈਂਗਸਟਰ ਖ਼ਤਮ ਕਰਾਂਗੇ- ਨਾਇਬ ਸੈਣੀ**

-ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ।



***ਡਾ. ਨਵਜੋਤ ਕੌਰ ਸਿੱਧੂ ਸੰਭਾਲਣਗੇ ਨਵੀਂ ਪਾਰਟੀ ਦੀ ਕਮਾਂਡ- ਇਕ ਖ਼ਬਰ**

-ਨਾਂ ਦੱਸ ਜਾ ਮੁਟਿਆਰੇ, ਘਰ ਤੇਰਾ ਲੱਭ ਲਾਂਗੇ।


***1947 ਦੀ ਵੰਡ ਪਿੱਛੋਂ ਅੱਜ ਵੀ ਦਿੱਲੀ ਵਿਚ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਿਆ- ਇਕ ਖ਼ਬਰ**

-ਓ ਭਾਈ, ਜਿੱਥੇ ਰਾਜ- ਭਾਸ਼ਾ ਦਾ ਦਰਜਾ ਮਿਲਿਆ ਹੋਇਐ, ਉੱਥੇ ਆ ਕੇ ਹਾਲ ਦੇਖ ਲੈ।



***ਸ਼੍ਰੋਮਣੀ ਕਮੇਟੀ 'ਚ ਫ਼ੈਲੇ ਭ੍ਰਿਸ਼ਟਾਚਾਰ ਲਈ ਬਾਦਲ ਪਰਵਾਰ ਜ਼ਿੰਮੇਵਾਰ- ਗਿਆਨੀ ਰਘਬੀਰ ਸਿੰਘ**

-ਬੋਤਲ ਦਾਰੂ ਦੀ, ਜੱਟ ਚਾੜ੍ਹ ਗਿਆ ਖੁੰਢਾਂ 'ਤੇ ਬਹਿ ਕੇ।



***ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਨੂੰ ਟੈਰਿਫ਼ ਦਾ ਲਗਾਇਆ 'ਕਰੰਟ'- ਇਕ ਖ਼ਬਰ**

-ਪਾਣੀ ਡੋਲ੍ਹ ਗਈ ਝਾਂਜਰਾਂ ਵਾਲ਼ੀ, ਕੈਂਠੇ ਵਾਲਾ ਤਿਲਕ ਗਿਆ।



***ਸੁਖਬੀਰ ਦੇ ਕਹਿਣ 'ਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਵੇਚੀਆਂ ਜਾ ਰਹੀਆਂ ਹਨ- ਗਿਆਨੀ ਹਰਪ੍ਰੀਤ ਸਿੰਘ**

-ਦੇਖੋ ਨੀ ਅਮਲੀ ਵੇਚ ਰਿਹਾ, ਘਰ ਦੇ ਤਵੇ ਪਰਾਤਾਂ।

***ਅਕਾਲੀ ਦਲ ਅਤੇ ਭਾਜਪਾ ਵਿਚਕਾਰ ਅਜੇ ਕੋਈ ਚੋਣ ਸਮਝੌਤਾ ਨਹੀਂ- ਇਕ ਖ਼ਬਰ**

-ਤੇਰੀ ਮੇਰੀ ਇਉਂ ਲੱਗ ਜਾਏ, ਜਿਵੇਂ ਗੁੱਤ ਦੀ ਪਰਾਂਦੇ ਨਾਲ ਯਾਰੀ।



***ਸਾਡੀ ਸਰਕਾਰ ਆਉਣ ਤੇ ਅਸੀਂ ਬੁਢਾਪਾ ਪੈਨਸ਼ਨ 3100 ਕਰ ਦਿਆਂਗੇ- ਸੁਖਬੀਰ ਬਾਦਲ**

-ਤੇਰਾ ਲਾਰਾ ਵੇ ਸ਼ਰਾਬੀਆਂ ਦੀ ਗੱਪ ਵਰਗਾ।



***ਯੂਰਪੀ ਦੇਸ਼ ਆਪਣੀ ਰੱਖਿਆ ਲਈ ਖ਼ੁਦਮੁਖਤਿਆਰੀ ਦਾ ਰਾਹ ਚੁਣਨ- ਬਰਤਾਨਵੀ ਪ੍ਰਧਾਨ ਮੰਤਰੀ**

-ਆਪਣੇ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ। (ਗੁਰੂ ਗ੍ਰੰਥ ਸਾਹਿਬ-474)



***ਬੰਗਲਾ ਦੇਸ਼ ਗੁਆਂਢੀ ਦੇਸ਼ਾਂ ਨਾਲ ਸਨਮਾਨਜਨਕ ਰਿਸ਼ਤੇ ਚਾਹੁੰਦਾ ਹੈ- ਪ੍ਰਧਾਨ ਮੰਤਰੀ ਰਹਿਮਾਨ**

-ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ਼।

* * * * *


# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-31

**ਕਬੀਰ ਜੀ ਨੇ ਆਪਣੀ ਰਚਨਾ ਵਿੱਚ ਜ਼ੁਲਮ ਕਰਨ ਵਾਲੇ ਸੁਲਤਾਨ ਦਾ ਨਾਮ ਨਹੀਂ ਲਿਖਿਆ । ਇਸ ਲਈ (ਡਾ। ਰਾਮ ਪ੍ਰਸਾਦ ਤ੍ਰਿਪਾਠੀ ਆਦਿ) ਕੁਝ ਲੋਕਾਂ ਨੂੰ ਕਲਪਨਾ ਕਰਨ ਦੀ ਗੁੰਜਾਇਸ਼ ਮਿਲ ਗਈ ਹੈ : ਸਿਕੰਦਰ ਲੋਧੀ ਤੋਂ ਪਹਿਲਾਂ ਕੋਈ ਹੋਰ ਬਾਦਸ਼ਾਹ ਹੋਇਆ ਹੋਵੇਗਾ । ਤ੍ਰਿਪਾਠੀ ਜੀ ਨੇ ਭਾਵੇਂ ਕਬੀਰ ਜੀ ਨੂੰ ਫਕੀਰ ਤਕੀ ਦਾ ਚੇਲਾ ਸਿੱਧ ਕਰਨ ਵਿੱਚ ਕਸਰ ਨਹੀਂ ਛੱਡੀ । ਪਰ ਕੀ ਤਕੀ ਸਿਕੰਦਰ ਲੋਧੀ ਤੋਂ ਪਹਿਲਾਂ ਹੋਇਆ ਸੀ ? ਕਬੀਰ ਪੰਥੀ ਧਰਮ ਦਾਸ, ਗਰੀਬ ਦਾਸ ਨੇ, ਸਿਕੰਦਰ ਲੋਧੀ ਦਾ ਨਾਮ ਲਿਖਿਆ ਹੈ । ਹਿੰਦੂ ਯੂਨੀਵਰਸਿਟੀ ਦੇ ਪ੍ਰਸਿੱਧ ਵਿਦਵਾਨ ਚੰਦਬਲੀ ਪਾਂਡੇ ਦਾ ਕਥਨ ਹੈ, ਸਿਕੰਦਰ ਲੋਧੀ ਦੀ ਆਮਤ ਤੋਂ ਪਹਿਲਾਂ, ਕਾਸ਼ੀ ਦੇ ਆਸ ਪਾਸ ਦੀ ਬੋਲੀ ਫਾਰਸੀ ਪ੍ਰਭਾਵਾਂ ਤੋਂ ਰਹਿਤ ਸੀ ।**




## ਕਬੀਰ ਜੀ ਕਦੋਂ ਹੋਏ ?

ਕਬੀਰ ਜੀ ਦੇ ਸਮੇਂ ਬਾਰੇ, ਖਾਸ ਕਰਕੇ ਚਲਾਣੇ ਦੀ ਤਿਥੀ, ਪਹਿਲਾ ਨੁਕਤਾ ਹੈ, ਜਿਸ ਦੇ ਆਧਾਰ ਉੱਤੇ ਵਾਰਤਾ ਦੀ ਭੂਮਿਕਾ ਬੱਝਦੀ ਹੈ। ਕਬੀਰ ਪੰਥੀਆਂ ਨੇ ਕਬੀਰ ਜੀ ਦੇ ਚਲਾਣੇ ਦਾ ਮੁੱਢ ਤੋਂ ਹੀ ਇਕ ਸੰਮਤ ਪ੍ਰਵਾਨ ਕੀਤਾ ਅਤੇ ਪ੍ਰਚਾਰਿਆ ਹੈ। ਉਨ੍ਹਾਂ ਦੇ ਭਿੰਨ-ਭਿੰਨ ਗ੍ਰੰਥਾਂ ਵਿੱਚ ਕਬੀਰ ਜੀ ਦੇ ਮੁੱਖ ਚੇਲੇ ਧਰਮ ਦਾਸ ਤੋਂ ਲੈਕੇ ਹੁਣ ਤੱਕ ਲਿਖੇ ਤੇ ਛਾਪੇ ਗਏ ਕਬੀਰ ਪੰਥੀ ਗ੍ਰੰਥਾਂ, ਰਸਾਲਿਆਂ ਤੇ ਹੋਰ ਲਿਖਤਾਂ ਅੰਦਰ ਇਕ ਮੱਤ ਨਾਲ ਇਹ ਸੰਮਤ ਮੰਨਿਆ ਜਾਂਦਾ ਹੈ:-

ਪੰਦਰਾਂ ਸੌ ਪਛੱਤਰਾ
ਮਗਹਰ ਕੀਓ ਗਉਣ॥
ਮਾਘ ਸੁਦੀ ਇਕਾਦਸ਼ੀ
ਮਿਲੀ ਪਵਨ ਮੇਂ ਪਉਨ ॥

ਕਬੀਰ ਜੀ ਦੇ ਚਲਾਣੇ ਸੰਬੰਧੀ ਕਬੀਰ ਜੀ ਦੀ ਹੀ ਪੱਧਤੀ ਦੇ ਇਕ ਹੋਰ ਭਗਤ ਅਨੰਤ ਦਾਸ ਜੀ ਦਾ ਨਾਮ ਹੈ। ਉਨ੍ਹਾਂ ਨੇ ਭਗਤਾਂ ਦੀਆਂ ਪਰਚੀਆਂ ਲਿਖੀਆਂ ਹਨ। ਇਸ ਪਰਚਈ ਗ੍ਰੰਥ ਦਾ ਪੁਰਾਣਾ ਹੋਣਾ, ਨਿਰ-ਵਿਵਾਦ ਹੈ। ਹਸਤ ਲਿਖਤ ਹਿੰਦੀ ਗ੍ਰੰਥ ਦੇ ਸੰਖਿਪਤ ਵਿਵਰਣ ਨਾਗਰੀ ਸਭਾ ਕਾਂਸ਼ੀ ਵਿੱਚ, ਇਸ ਦਾ ਲੇਖਣ ਕਾਲ 1642 ਸੰਮਤ ਦੱਸਿਆ ਹੈ। ਪੋਥੀ ਦੇ ਅੰਤ ਵਿੱਚ ਭੀ ਇਹ ਸੰਮਤ ਲਿਖਿਆ ਹੈ:

ਸੰਮਤ ਸੋਲਹ ਸੌ ਬੇਤਾਲੀ ॥
ਬਾਣੀ ਬੋਲੈ ਬਚਨ ਰਸਾਲਾ ॥
ਅੰਤਰਜਾਮੀ ਆਗਿਆ ਕੀਨੀ ॥
ਦਾਸ ਅਨੰਤ ਕਥਾ ਕਰ ਲੀਨੀ ॥

ਗ੍ਰੰਥ ਦੇ ਦੂਜੇ ਭਾਗ ਵਿੱਚ ਪੀਪਾ, ਰਵਿਦਾਸ ਜੀ ਦੀਆਂ ਪਰਚੀਆਂ ਭੀ ਲਿਖੀਆਂ ਗਈਆਂ ਹਨ। ਇਸ ਗ੍ਰੰਥ ਵਿੱਚ ਕਬੀਰ ਜੀ ਬਾਰੇ ਸਮਕਾਲੀ ਭਗਤਾਂ, ਜਿਨ੍ਹਾਂ ਵਿੱਚ ਨਾਮਦੇਵ ਜੀ ਦਾ ਭੀ ਨਾਮ ਆਉਂਦਾ ਹੈ, ਭਗਤਾਂ ਦੇ ਮੇਲ ਜੋਲ, ਯਾਤਰਾਵਾਂ ਉੱਤੇ ਜਾਣ ਦੇ ਹਾਲਾਤ ਦਿੱਤੇ ਗਏ ਹਨ। ਅਨੰਤ ਦਾਸ ਅਨੁਸਾਰ ਜਦੋਂ ਸਿਕੰਦਰ ਲੋਧੀ ਕਾਂਸ਼ੀ ਵਿੱਚ ਆਇਆ, ਉਸ ਨੇ ਕਬੀਰ ਜੀ ਉੱਪਰ ਅਤਿਆਚਾਰ ਕੀਤੇ। ਇਹ ਲੇਖ ਭੀ ਹੈ ਕਿ ਕਬੀਰ ਜੀ ਨੇ 120 ਵਰ੍ਹੇ ਦੀ ਉਮਰ ਵਿੱਚ ਚਲਾਣਾ ਕੀਤਾ ਸੀ।*

ਕਬੀਰ ਜੀ ਦੇ ਜੀਵਨ ਦੀ ਮਹੱਤਵਪੂਰਨ ਅਤੇ ਇਤਿਹਾਸਕ ਘਟਨਾ ਸਿਕੰਦਰ ਲੋਧੀ ਦੇ ਸਮੇਂ ਹੋਣ ਦੀ ਹੈ। ਸਿਕੰਦਰ ਲੋਧੀ ਦੋ ਵਾਰ ਕਾਸ਼ੀ ਵਿੱਚ ਆਇਆ। ਪਹਿਲੀ ਵਾਰ 1553 ਬਿਕਰਮੀ (1464 ਈ: ਵਿੱਚ) ਬਨਾਰਸ ਤੋਂ 18 ਮੀਲ ਦੀ ਦੂਰੀ ਉੱਤੇ ਬਿਹਾਰ ਦੇ ਹੁਸੈਨ

---------

* ਕਾਸ਼ੀ ਵਸੇ ਜੁਲਾਹਾ ਏਕ।
ਹਰਿ ਭਗਤਿਨ ਕੀ ਪਕੜੀ ਟੇਕ।
ਨਿਰਮਲ ਭਗਤ ਕਬੀਰ ਕੀ ਚੀਨੀ।
ਪਰਦਾ ਖੋਲ੍ਹਿਆ ਦੀਛਿਆ ਦੀਨੀ।
ਭਾਗ ਬੜੇ ਰਾਮਾਨੰਦ ਗੁਰ ਪਾਯਾ।
ਜਨਮ ਮਰਨ ਕਾ ਭਰਮ ਗਵਾਯਾ।
ਬੀਰ ਸਿੰਘ ਬਾਘੋ ਗੜ੍ਹ ਰਾਜਾ,
ਕਬੀਰ ਕਾਰਨ ਤਜੀ ਸਭ ਲਾਜਾ।
ਸ਼ਾਹ ਸਿਕੰਦਰ ਕਾਸ਼ੀ ਆਇਆ।
ਕਾਜ਼ੀ ਮੁਲਾਂ ਕੇ ਮਨ ਭਾਯਾ।
ਕਹੈ ਸਿਕੰਦਰ ਐਸੀ ਬਾਤਾ।
ਮੈਂ, ਤੋਹੇ ਦੇਖੂੰ ਦੋਜਖ ਜਾਤਾ।
(ਪਰਚੀਆਂ ਅਨੰਤ ਦਾਸ)

ਸ਼ਾਹ ਨਾਲ ਜੰਗ ਕਰਨ ਆਇਆ ਸੀ, ਜਿਸ ਦੀ ਜਿੱਤ ਪਿੱਛੋਂ ਕਾਂਸ਼ੀ ਭੀ ਰਿਹਾ। ਸਿਕੰਦਰ ਲੋਧੀ ਅੱਗੇ ਕਾਜ਼ੀਆਂ ਮੁੱਲਾਂ ਅਤੇ ਬ੍ਰਹਿਮਣਾਂ ਨੇ ਕਬੀਰ ਜੀ ਦੀਆਂ ਚੁਗਲੀਆਂ ਕੀਤੀਆਂ, ਕਬੀਰ ਪੰਥੀਆਂ ਦੇ ਕਹਿਣ ਮੁਤਾਬਕ ਕਬੀਰ ਜੀ ਦੇ ਪਹਿਲੇ ਉਸਤਾਦ ਫਕੀਰ ਤਕੀ ਨੇ ਭੀ ਕਬੀਰ ਜੀ ਦੇ ਵਿਰੁੱਧ ਸਿਕੰਦਰ ਲੋਧੀ ਦੇ ਕੰਨ ਭਰੇ। ਸਿਕੰਦਰ ਲੋਧੀ ਫਕੀਰ ਤਕੀ ਨੂੰ ਆਪਣਾ ਪੀਰ ਮੰਨਦਾ ਸੀ, ਖੁਦ ਨੂੰ ਕੱਟੜ ਮੁਸਲਮਾਨ ਦਰਸਾਉਣ ਲਈ ਕਬੀਰ ਜੀ ਚਾਂਦਮਾਰੀ ਦਾ ਨਿਸ਼ਾਨਾ ਬਣਾਏ ਗਏ। ਸਿਕੰਦਰ ਨੇ ਕਬੀਰ ਜੀ ਨੂੰ ਨੀਚਾ ਦਿਖਾਉਣ ਲਈ ਲੋਹੇ ਦੀ ਜੰਜ਼ੀਰ ਨਾਲ ਭੁਜਾ ਤੋਂ ਬੰਨ੍ਹਕੇ ਗੰਗਾ ਵਿੱਚ ਸੁੱਟਵਾਇਆ*। ਕਬੀਰ ਜੀ ਬਚ ਨਿਕਲੇ ਤਾਂ ਫਿਰ ਮਸਤ ਹਾਥੀ ਅੱਗੇ ਬੰਨ੍ਹਕੇ ਸੁੱਟਿਆ। ਹਾਥੀ ਚੀਖਾਂ ਮਾਰਦਾ ਹੋਇਆ ਨੱਸ ਗਿਆ। ਇਕ ਸ਼ਬਦ- ਆਪੇ ਪਾਵਕੁ ਆਪੇ ਪਵਨਾ ਤੋਂ ਪਤਾ ਚੱਲਦਾ ਹੈ ਕਬੀਰ ਜੀ ਅੱਗ ਵਿੱਚ ਭੀ ਸੁੱਟੇ ਗਏ ਸੀ, ਭਾਈ ਗੁਰਦਾਸ ਜੀ ਨੇ ਬੰਦੀਖਾਨੇ ਤੋਂ ਉਡ ਜਾਣ ਦੀ ਵਾਰਤਾ ਭੀ ਲਿਖੀ ਹੈ। ਕਬੀਰ ਜੀ ਦੀ ਇਨ੍ਹਾਂ ਸਾਰੀਆਂ ਪ੍ਰੀਖਿਆਵਾਂ ਸਮੇਂ, ਜਲ ਥਲ ਰਾਖਨਹਾਰ ਪ੍ਰਭੂ ਨੇ ਰੱਖਿਆ ਕੀਤੀ। ਕਬੀਰ ਜੀ ਇਸ ਕਸਵੱਟੀ ਉੱਤੇ ਬਾਰਾਂ-ਬੰਨੀ ਦੇ ਸੋਨੇ ਹੋਕੇ ਪ੍ਰਚੰਡ ਰੂਪ ਵਿੱਚ ਚਮਕੇ। ਕਬੀਰ ਜੀ ਨਾਲ ਵਰਤੀਆਂ ਇਹ ਘਟਨਾਵਾਂ ਉਨ੍ਹਾਂ ਦੇ ਜੀਵਨ ਲਈ ਪ੍ਰਭਾਵਸ਼ੀਲ ਸਿੱਧ ਹੋਈਆਂ। ਸਿਕੰਦਰ ਲੋਧੀ ਨੇ ਦੋਵੇਂ ਦੌਰਿਆਂ ਸਮੇਂ, ਕਬੀਰ ਜੀ ਨੂੰ ਦੁਖਾਇਆ। ਜਿਸ ਵਿੱਚ ਵਿਰੋਧੀ ਹਿੰਦੂ ਪੰਡਿਆਂ, ਮੁਸਲਮਾਨਾਂ, ਕਾਜ਼ੀਆਂ ਦੇ ਨਾਲ; ਅਨੰਤ ਦਾਸ ਜੀ ਨੇ ਕਬੀਰ ਜੀ ਦੀ ਮਾਤਾ ਭੀ ਸ਼ਿਕਾਇਤੀਆਂ ਵਿੱਚ ਸ਼ਾਮਿਲ ਦੱਸੀ ਹੈ। ਚਮਤਕਾਰੀ ਘਟਨਾਵਾਂ ਨੇ ਕਬੀਰ ਜੀ ਦੀ ਧਾਂਕ ਪਾ ਦਿੱਤੀ, ਜੇ ਇਹ ਚਮਤਕਾਰੀ ਘਟਨਾਵਾਂ ਕਬੀਰ ਜੀ ਦੇ ਜੀਵਨ ਵਿੱਚੋਂ ਕੱਢ ਦਿੱਤੀਆਂ ਜਾਣ, ਤਾਂ ਕਬੀਰ ਜੀ ਉਹ ਨਾ ਬਣਦੇ ਜੋ ਚਮਤਕਾਰੀ ਭਗਤ ਅਤੇ ਮਹਾਨ ਪੁਰਖ ਹੋਣ ਦੇ ਨਾਤੇ ਉੱਭਰੇ ਤੇ ਜਾਣੇ ਗਏ। ਕਟਾਖਸ਼ੀ ਤੇ ਉਲਟਵਾਸੀ ਕਵੀ, ਮਜ਼ਹਬੀ ਜਨੂੰਨਾਂ ਦੇ ਵਿਰੋਧੀ, ਸੁਧਾਰਕ ਬਾਣੀਕਾਰ ਮਾਤਰ ਹੀ ਰਹਿ ਜਾਣੇ ਸਨ। ਇਨ੍ਹਾਂ ਘਟਨਾ ਦੇ ਸੱਚ ਨੂੰ ਕਬੀਰ ਜੀ ਨੇ ਆਪ ਦੱਸਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗੋਂਡ* ਅਤੇ ਰਾਗ ਭੈਰਵੀ (ਭੈਰਉ) **ਤੇ ਰਾਗ ਗਉੜੀ ***ਵਿੱਚ ਸੰਬੰਧਿਤ ਸ਼ਬਦ ਦਰਜ ਹਨ। ਦੂਜੇ ਸਮਕਾਲੀ ਭਗਤਾਂ ਨੇ ਇਨ੍ਹਾਂ ਘਟਨਾਵਾਂ ਦੀ ਸਾਖੀ ਭਰੀ ਹੈ। ਕਬੀਰ ਜੀ ਬਾਰੇ ਲਿਖੀਆਂ ਰਚਨਾਵਾਂ, ਪਰਚੀਆਂ ਅਤੇ ਹੋਰ ਪੁਰਾਣੇ ਗ੍ਰੰਥਾਂ ਵਿੱਚ ਇਨ੍ਹਾਂ ਵਿਥਿਆ ਸੰਬੰਧੀ ਪ੍ਰਾਚੀਨ ਹਵਾਲੇ ਮਿਲਦੇ ਹਨ। ਜਿਨ੍ਹਾਂ ਤੋਂ ਇਨ੍ਹਾਂ ਹਾਦਸਿਆਂ ਬਾਰੇ ਸ਼ੰਕਾ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

ਕਬੀਰ ਜੀ ਨੇ ਆਪਣੀ ਰਚਨਾ ਵਿੱਚ ਜ਼ੁਲਮ ਕਰਨ ਵਾਲੇ ਸੁਲਤਾਨ ਦਾ ਨਾਮ ਨਹੀਂ ਲਿਖਿਆ। ਇਸ ਲਈ (ਡਾ. ਰਾਮ ਪ੍ਰਸਾਦ ਤ੍ਰਿਪਾਠੀ ਆਦਿ) ਕੁਝ ਲੋਕਾਂ ਨੂੰ ਕਲਪਨਾ ਕਰਨ ਦੀ ਗੁੰਜਾਇਸ਼ ਮਿਲ ਗਈ ਹੈ: ਸਿਕੰਦਰ ਲੋਧੀ ਤੋਂ ਪਹਿਲਾਂ ਕੋਈ ਹੋਰ ਬਾਦਸ਼ਾਹ ਹੋਇਆ ਹੋਵੇਗਾ। ਤ੍ਰਿਪਾਠੀ ਜੀ ਨੇ ਭਾਵੇਂ ਕਬੀਰ ਜੀ ਨੂੰ ਫਕੀਰ ਤਕੀ ਦਾ ਚੇਲਾ ਸਿੱਧ ਕਰਨ ਵਿੱਚ ਕਸਰ ਨਹੀਂ ਛੱਡੀ। ਪਰ ਕੀ ਤਕੀ ਸਿਕੰਦਰ ਲੋਧੀ ਤੋਂ ਪਹਿਲਾਂ ਹੋਇਆ ਸੀ? ਕਬੀਰ ਪੰਥੀ ਧਰਮ ਦਾਸ, ਗਰੀਬ ਦਾਸ ਨੇ, ਸਿਕੰਦਰ ਲੋਧੀ ਦਾ ਨਾਮ ਲਿਖਿਆ ਹੈ। ਹਿੰਦੂ ਯੂਨੀਵਰਸਿਟੀ ਦੇ ਪ੍ਰਸਿੱਧ ਵਿਦਵਾਨ ਚੰਦਬਲੀ ਪਾਂਡੇ ਦਾ ਕਥਨ ਹੈ, ਸਿਕੰਦਰ ਲੋਧੀ ਦੀ ਆਮਤ ਤੋਂ ਪਹਿਲਾਂ, ਕਾਸ਼ੀ ਦੇ ਆਸ ਪਾਸ ਦੀ ਬੋਲੀ ਫਾਰਸੀ ਪ੍ਰਭਾਵਾਂ ਤੋਂ ਰਹਿਤ ਸੀ। ਉਨ੍ਹਾਂ ਨੇ ਕਬੀਰ ਦੀ ਬਾਣੀ ਵਿੱਚ ਫਾਰਸੀ ਸ਼ਬਦਾਂ ਦੀ ਵਰਤੋਂ ਦਾ ਸਮੇਂ ਨੂੰ ਦੱਸਣ ਵਾਲਾ ਇਕ ਖਾਸ ਪ੍ਰਮਾਣ ਮੰਨਿਆ ਹੈ। ਦਾਹਵੇ ਨਾਲ ਕਿਹਾ ਹੈ ਕਬੀਰ ਜੀ ਸਿਕੰਦਰ ਤੋਂ ਪਹਿਲਾਂ ਨਹੀਂ ਹੋ ਸਕਦੇ, ਉਸੇ ਦੇ ਸਮੇਂ ਦੇ ਵਿਅਕਤੀ ਹਨ। ਫਕੀਰ ਤਕੀ ਦਾ ਜ਼ਿਕਰ ਕਬੀਰ ਜੀ ਨੇ ਖੁਦ ਕੀਤਾ ਹੀ ਹੈ। ਜਿਸ ਦਾ ਚਲਾਣਾ 1603 ਸੰਮਤ (ਬਿਕਰਮੀ) ਵਿੱਚ, ਕੁਝ ਨੇ ਹੋਰ ਭੀ ਪਿੱਛੋਂ ਦੱਸਿਆ ਹੈ। ਇਸ ਲਈ ਕਬੀਰ ਨੂੰ ਇਸ ਪੱਖੋਂ ਵੀ ਪਹਿਲਾਂ ਹੋਇਆ ਕਹਿਣਾ ਪਾਣੀ ਰਿੜਕਣ ਦਾ ਨਿਰਾਰਥਕ ਯਤਨ ਹੈ।

ਚਲਦਾ......

----------

* ਭੁਜਾ ਬਾਂਧਿ, ਭਿਲਾ ਕਰਿ ਡਾਰਿਓ॥
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥
ਹਸਤਿ ਭਾਗਿ ਕੈ ਚੀਸਾ ਮਾਰੈ॥
ਇਆ ਮੂਰਤਿ ਕੈ ਹਉ ਬਲਿਹਾਰੈ॥1॥

ਆਹਿ ਮੇਰੇ ਠਾਕੁਰ ਤੁਮਰਾ ਜੋਰੁ॥
ਕਾਜੀ ਬਕਿਬੋ ਹਸਤੀ ਤੋਰੁ॥1॥ਰਹਾਉ॥
ਕਹਿ ਕਬੀਰ, ਹਮਰਾ ਗੋਬਿੰਦੁ॥
ਚਉਥੇ ਪਦ ਮਹਿ ਜਨ ਕੀ ਜਿੰਦੁ॥4॥1॥4॥
(ਰਾਗ ਗੋਂਡ ਬਾਣੀ ਕਬੀਰ ਜੀ ਓਕੀ 870)

** ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਂਧਿ ਕਰਿ ਖਰੇ ਕਬੀਰ॥1॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥ਰਹਾਉ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥2॥
ਕਹਿ ਕੰਬੀਰ ਕੋਊ ਸੰਗ ਨਾ ਸਾਥ॥
ਜਲ ਥਲ ਰਾਖਨ ਹੈ ਰਘੁਨਾਥ॥
(ਰਾਗ ਭੈਰਉ 1162)

*** ਆਪੇ ਪਾਵਕੁ ਆਪੇ ਪਵਨਾ॥
ਜਾਰੈ ਖਸਮੁ ਤ ਰਾਖੈ ਕਵਨਾ॥1॥
ਰਾਮ ਜਪਤ ਤਨੁ ਜਰਿ ਕੀ ਨਾ ਜਾਇ॥
ਰਾਮ ਨਾਮ ਚਿਤੁ ਰਹਿਆ ਸਮਾਇ॥
1॥ਰਹਾਉ॥
ਕਾ ਕੋ ਜਰੈ ਕਾਹਿ ਹੋਇ ਹਾਨਿ॥
ਨਟ ਵਟ ਖੇਲੈ ਸਾਰਿਗਪਾਨਿ॥
ਕਹੁ ਕਬੀਰ ਅਖਰ ਦੁਇ ਭਾਖਿ॥
ਹੋਇਗਾ ਖਸਮੁ ਤਾਂ ਲੇਇਗਾ ਰਾਖਿ॥
(ਗਉੜੀ ਕਬੀਰ ਜੀ 329)

# ਸਮਕਾਲੀਆਂ ਦੀਆਂ ਨਜ਼ਰਾਂ ਵਿਚ ਗਿਆਨੀ ਗੁਰਦਿੱਤ ਸਿੰਘ

**ਜਨਮ ਦਿਵਸ 'ਤੇ ਵਿਸ਼ੇਸ਼**

***ਕੁਲਦੀਪ ਸਿੰਘ ਧਨੌਲਾ***



ਸਿੱਖ ਧਰਮ ਦੇ ਵਿਦਵਾਨ, ਖ਼ੋਜੀ ਨੀਤੀਵਾਨ ਅਤੇ ਪੱਤਰਕਾਰ ਗਿਆਨੀ ਗੁਰਦਿੱਤ ਸਿੰਘ ਨੇ ਅੱਜ ਦੇ ਦਿਨ 24 ਫਰਵਰੀ, 1923 ਨੂੰ ਪਿੰਡ ਮਿੱਠੇਵਾਲ (ਰਿਆਸਤ ਮਾਲੇਰਕੋਟਲਾ) ਵਿਖੇ ਜਨਮ ਲਿਆ ਸੀ। ਉਨ੍ਹਾਂ ਦਾ ਬਚਪਨ ਆਧੁਨਿਕ ਸਾਧਨਾਂ ਦੀ ਪਹੁੰਚ ਤੋਂ ਬਹੁਤ ਦੂਰ ਪੰਜਾਬ ਦੇ ਨਰੋਈ ਜਾਨ ਵਾਲੇ ਲੋਕਾਂ ਦੀਆਂ ਜੀਵਨ ਝਲਕੀਆਂ ਵੇਖਦਿਆਂ ਬਤੀਤ ਹੋਇਆ। ਪਿੰਡਾਂ ਦੀ ਸ਼ਹਿਦ ਵਰਗੇ ਗੀਤਾਂ ਨਾਲ ਨਸ਼ਿਆਈ, ਠੁੱਕਦਾਰ ਬੋਲੀ ਦੀ ਗੁੜ੍ਹਤੀ ਉਨ੍ਹਾਂ ਨੂੰ ਪਿੰਡ ਦੇ ਵੱਡੇ-ਵਡੇਰਿਆਂ ਤੋਂ ਮਿਲੀ। ਉਨ੍ਹਾਂ ਦੇ ਸਿਆਸੀ ਜੀਵਨ ਦੀਆਂ ਪ੍ਰਾਪਤੀਆਂ ਪਦਵੀਆਂ ਨਹੀਂ, ਬਲਕਿ ਪੰਜਾਬੀ ਬੋਲੀ ਤੇ ਸਿੱਖ ਧਰਮ ਦੀ ਸੇਵਾ ਨਾਲ ਸਬੰਧਿਤ ਹਨ। ਗੁਰੂ ਕਾਂਸ਼ੀ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਸਿੱਖਾਂ ਦੇ 5ਵੇਂ ਤਖ਼ਤ ਮੰਨੇ ਜਾਣਾ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਹੋਣ ਵਿਚ ਉਨ੍ਹਾਂ ਦਾ ਮਹੱਤਵਪੂਰਨ ਰੋਲ ਸੀ। ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਰਾਜ਼ ਇਕ ਖ਼ੋਜੀ ਹੋਣਾ ਹੈ। ਇਹ ਉਨ੍ਹਾਂ ਦੀ ਪੱਤਰਕਾਰਤਾ ਅਤੇ ਸਭਿਆਚਾਰ, ਧਰਮ ਨਾਲ ਸਬੰਧਤ ਲੇਖਣੀ ਵਿਚ ਪ੍ਰਤੱਖ ਹੈ।

ਉਹ ਪੰਜਾਬ ਵਿਧਾਨ ਪ੍ਰੀਸ਼ਦ ਦੇ 1956 ਤੋਂ 1962 ਤਕ ਮੈਂਬਰ ਰਹੇ। ਉਨ੍ਹਾਂ ਸ਼ਾਹਕਾਰ `ਮੇਰਾ ਪਿੰਡ' ਕਿਤਾਬ ਤੋਂ ਬਿਨਾਂ ਚਾਰ ਅੰਕਾਂ ਵਿਚ ਪੰਜਾਬ ਦੀਆਂ ਲੋਕ ਕਹਾਣੀਆਂ ਲਿਖੀਆਂ।

ਉਨ੍ਹਾਂ ਰੋਜ਼ਾਨਾ 'ਪ੍ਰਕਾਸ਼' (1947-1961), ਸਪਤਾਹਿਕ 'ਪ੍ਰਕਾਸ਼' (1962-1978) ਅਤੇ ਮਾਸਿਕ `ਜੀਵਨ ਸੰਦੇਸ਼' ਦੀ ਸੰਪਾਦਨਾ ਕੀਤੀ। ਇਨ੍ਹਾਂ ਪੱਤਰਾਂ ਦੇ ਮਾਲਕ ਅਤੇ ਪ੍ਰਕਾਸ਼ਕ ਵੀ ਉਹ ਆਪ ਹੀ ਸਨ। ਸਿੰਘ ਸਭਾ ਲਹਿਰ ਦੀ ਸ਼ਤਾਬਦੀ ਮਨਾਉਣ ਲਈ ਕੇਂਦਰੀ ਸਿੰਘ ਸਭਾ ਬਣਾਈ ਗਈ ਤਾਂ ਗਿਆਨੀ ਜੀ ਨੂੰ ਇਸ ਦਾ ਪਹਿਲਾ ਜਨਰਲ ਸਕੱਤਰ ਅਤੇ ਫਿਰ ਪ੍ਰਧਾਨ ਬਣਾਇਆ ਗਿਆ। ਗਿਆਨੀ ਜੀ ਨੇ ਕੇਂਦਰੀ ਸਿੰਘ ਸਭਾ ਵੱਲੋਂ ਪ੍ਰਕਾਸ਼ਿਤ `ਸਿੰਘ ਸਭਾ ਪੱਤ੍ਰਿਕਾ' ਦੀ 15 ਸਾਲ ਸੰਪਾਦਨਾ ਕੀਤੀ। ਉਨ੍ਹਾਂ ਨੇ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ) ਅਤੇ ਮੁੰਦਾਵਣੀ ਵਰਗੀਆਂ ਖੋਜ ਭਰੀਆਂ ਪੁਸਤਕਾਂ ਵੀ ਲਿਖੀਆਂ।

ਗਿਆਨੀ ਗੁਰਦਿੱਤ ਸਿੰਘ ਜੀ ਦੇ ਜੀਵਨ ਬਾਰੇ ਤਾਂ ਕਾਫ਼ੀ ਜਾਣਕਾਰੀ ਹੈ। ਉਨ੍ਹਾਂ ਦੇ ਇਸ ਜਨਮ ਦਿਵਸ ਉਤੇ ਆਓ ਆਪਾਂ ਪੜ੍ਹੀਏ ਕਿ ਗਿਆਨੀ ਜੀ ਦੇ ਉੱਘੇ ਸਮਕਾਲੀਆਂ ਨੇ ਉਨ੍ਹਾਂ ਬਾਰੇ ਕੀ ਲਿਖਿਆ:-

ਪੰਜਾਬ ਦੇ ਚਰਚਿਤ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਲਿਖਿਆ ਸੀ, ਦੋ ਵਰ੍ਹੇ ਹੋਣ ਲੱਗੇ ਹਨ ਮੈਂ ਗਿਆਨੀ ਗੁਰਦਿੱਤ ਸਿੰਘ ਨਾਲ ਉਸ ਦੇ ਪਿੰਡ ਗਿਆ ਸੀ। ਰਸਤੇ ਵਿੱਚ ਇਸ ਕਿਤਾਬ ਦੇ ਅਧ-ਛਪੇ ਜਿਹੇ ਖਰੜੇ ਦੇ ਤਿੰਨ-ਚਾਰ ਲੇਖ ਆਪ ਪੜ੍ਹੇ ਤੇ ਕੁਝ ਗੁਰਦਿੱਤ ਸਿੰਘ ਪਾਸੋਂ ਸੁਣੇ। ਪੜ੍ਹ, ਸੁਣ ਕੇ ਜੋ ਸੁਆਦ ਆਇਆ, ਉਹ ਮੇਰੇ ਮਨ ਵਿੱਚ ਡੂੰਘਾ ਬੈਠ ਗਿਆ। ਮੈਨੂੰ ਯਾਦ ਹੈ ਉਸ ਦਿਨ ਗਿਆਨੀ ਗੁਰਦਿੱਤ ਸਿੰਘ ਨੇ ਪਬਲਿਕ ਇਕੱਠ ਵਿੱਚ ਆਪਣੀ ਸਪੀਚ ਵੀ ਇਸੇ ਰੰਗ ਵਿੱਚ ਕੀਤੀ ਸੀ। ਮੈਂ ਫ਼ੈਸਲਾ ਕੀਤਾ ਕਿ ਇਸ ਗੁਣਵਾਨ ਆਦਮੀ ਦੀ ਇਹ ਕਲਾ ਐਵੇਂ ਹੀ ਨਹੀਂ ਜਾਣ ਦੇਣੀ। ਉਸ ਪਿੱਛੋਂ ਜਦੋਂ ਵੀ ਗੁਰਦਿੱਤ ਸਿੰਘ ਨਾਲ ਮੇਰਾ ਮੇਲ ਹੁੰਦਾ ਰਿਹਾ ਤਾਂ ਮੈਨੂੰ ਇਸ ਦੀ 'ਕਲਾ' ਨੂੰ ਪ੍ਰੇਰਨ ਤੇ ਟੁੰਬਣ ਵਾਲੀ ਗੱਲ ਝੱਟ ਯਾਦ ਆਉਂਦੀ ਰਹੀ ਤੇ ਮੈਂ ਮੁੜ-ਮੁੜ ਇਸ ਲੇਖਕ ਉੱਪਰ ਜ਼ੋਰ ਪਾਉਂਦਾ ਰਿਹਾ ਕਿ ਇਸ ਅੰਦਰ ਜੋ ਇਸ ਵੇਲੇ ਇਹ ਰਸੀਲੀ ਰੌਂਅ ਆਈ ਹੋਈ ਹੈ, ਹੋਰ ਕੰਮਾਂ ਤੋਂ ਪਹਿਲਾਂ ਇਸ ਨੂੰ ਸੰਭਾਲੇ ਤੇ ਆਪਣੀ ਕਿਤਾਬ ਨੂੰ ਇਸੇ ਰਸ ਵਿੱਚ ਪੂਰੀ ਕਰ ਕੇ ਮੈਨੂੰ ਛੇਤੀ ਹੀ ਦਿਖਾਵੇ। ਮੇਰੀ ਦਿੱਤੀ ਹੱਲਾਸ਼ੇਰੀ ਦਾ ਨਤੀਜਾ 'ਮੇਰਾ ਪਿੰਡ' ਕਿਤਾਬ, ਨੀਝਾਂ ਨਾਲ ਲਿਖੀ ਤੇ ਰੀਝਾਂ ਨਾਲ ਛਾਪੀ, ਹੁਣ ਮੇਰੇ ਹੱਥਾਂ ਵਿੱਚ ਹੈ।''

ਡਾ. ਮਹਿੰਦਰ ਸਿੰਘ ਰੰਧਾਵਾ ਦਾ ਕਹਿਣਾ ਸੀ: ਮੇਰਾ ਪਿੰਡ ਦੀ ਬੋਲੀ ਕਿਸੇ ਸ਼ਕਤੀਵਰ ਤੇ ਆਪਣੇ ਜ਼ੋਰ ਨਾਲ ਵਧ-ਫੁੱਲ ਰਹੀ ਬੋਲੀ ਦੀ ਪ੍ਰਤੀਨਿਧ ਹੈ। ਕੁਦਰਤੀ ਸ਼ੈਲੀ ਨਿਭਾਉਂਦਿਆਂ ਪੰਜਾਬ ਦੇ ਅਸਲੀ ਪੇਂਡੂ ਜੀਵਨ ਵਿਚ ਆਪਣਾ ਆਪ ਸਮੋ ਕੇ ਉਸ ਨੂੰ ਇਸ ਤਰ੍ਹਾਂ ਸਾਹਮਣੇ ਲਿਆਂਦਾ ਹੈ, ਜਿਵੇਂ ਕੋਈ ਡਬੋਲੀਆ ਖੂਹ ਵਿਚੋਂ ਕਈ ਚੀਜ਼ਾਂ ਕੱਢ ਲਿਆਉਂਦਾ ਹੈ, ਆਪ ਪ੍ਰਗਟ ਨਹੀਂ ਹੁੰਦਾ। ਗਿਆਨੀ ਜੀ ਨੇ ਨਾ ਸਿਰਫ਼ ਕਲਾਮਈ ਢੰਗ ਨਾਲ ਪਿੰਡਾਂ ਦੀ ਬਾਹਰਲੀ ਸੂਰਤ ਦਾ ਨਕਸ਼ਾ ਹੀ ਨਹੀਂ ਖਿੱਚਿਆ ਬਲਕਿ ਪੇਂਡੂ ਲੋਕਾਂ ਦੇ ਦਿਮਾਗਾਂ, ਰੂਹਾਂ ਤੇ ਜਜ਼ਬਿਆਂ ਦੀ ਝਾਤੀ ਵੀ ਵਿਖਾਈ ਹੈ। ਪੇਂਡੂਆਂ ਦੇ ਇਸ਼ਟ ਗੁਰੂ ਪੀਰ, ਦੇਵਤੇ ਤੇ ਸਾਧ ਸੰਤ ਕਈ ਤਰ੍ਹਾਂ ਦੇ ਰੂਪਾਂ ਵਿਚ ਸਾਡੇ ਸਾਹਮਣੇ ਆਉਂਦੇ ਹਨ।''



ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਇਸ ਰਚਨਾ ਨੂੰ ਵਡਿਆਉਂਦਿਆਂ ਕਿਹਾ ਸੀ, `ਪੰਜਾਬ ਦੀ ਰੂਹ ਦੇ ਦਰਸ਼ਨ ਮੈਨੂੰ ਗਿਆਨੀ ਜੀ ਨੇ ਘਰ ਬੈਠਿਆਂ ਹੀ ਕਰਾ ਦਿੱਤੇ ਹਨ। ਕਹਾਣੀ ਭਾਵੇਂ ਉਨ੍ਹਾਂ ਆਪਣੇ ਪਿੰਡ ਦੀ ਲਿਖੀ ਹੈ, ਪਰ ਚਿੱਤਰ ਮੇਰੇ ਪ੍ਰਿਯ ਪੰਜਾਬ ਦਾ ਖਿੱਚ ਧਰਿਆ ਹੈ।''

ਨਾਵਲਕਾਰ ਨਾਨਕ ਸਿੰਘ ਭਾਵੇਂ ਛੋਟੀ ਉਮਰੇ ਹੀ ਪ੍ਰਸਥਿਤੀਆਂ ਨੇ ਮੈਨੂੰ ਆਪਣੇ ਪਿੰਡਾਂ ਚੋਂ ਘਸੀਟ ਕੇ ਸ਼ਹਿਰੀ ਵਾਤਾਵਰਣ ਵਿਚ ਲਿਆ ਸੁੱਟਿਆ, ਪਰ ਉਨ੍ਹਾਂ ਗਲੀਆਂ ਵਿਚ ਮਾਣੀ ਹੋਈ ਬਾਲ ਬਰੇਸ ਦੇ ਸੁਪਨੇ ਹਾਲੀਂ ਤਕ ਵੀ ਕਈ ਵੇਰਾਂ ਰਾਤੀਂ ਸੁੱਤਿਆਂ ਆਉਂਦੇ ਨੇ। ...ਗਿਆਨੀ ਜੀ ਨੇ ਜਿੰਨੀ ਡੂੰਘਾਈ ਨਾਲ ਪੰਜਾਬ ਦੇ ਪੇਂਡੂ ਜ਼ਿੰਦਗੀ ਨੂੰ ਖ਼ੁਦ ਤੱਕਿਆ ਹੈ, ਓਨੀ ਹੀ ਡੂੰਘਾਈ ਤੇ ਵਿਸਥਾਰ ਨਾਲ ਉਨ੍ਹਾਂ ਨੇ ਆਪਣੇ ਪਾਠਕਾਂ ਨੂੰ ਦਿਖਾਉਣ ਦਾ ਸਫ਼ਲ ਯਤਨ ਕੀਤਾ ਹੈ।''

ਹਰਿਭਜਨ ਸਿੰਘ (ਐਮ.ਏ., ਪੀਐਚ.ਡੀ.) ਗਿਆਨੀ ਜੀ ਦੀ ਸਮਰੱਥ ਕਲਪਨਾ ਦੇ ਸੰਜੋਗ ਨਾਲ ਕੱਚਿਆਂ ਕੋਠਿਆਂ' ਦਾ ਪਿੰਡ ਮਿੱਟੀ ਗਾਰੇ ਦਾ ਨਹੀਂ, ਨਿਰੀ ਮਹਿਕ ਦਾ ਬਣਿਆ ਪ੍ਰਤੀਤ ਹੁੰਦਾ ਹੈ। ਤੁਸੀਂ ਮਿੱਠੇਵਾਲ ਜਾਓ, ਤੁਹਾਨੂੰ ਉਹ ਸਭ ਕੁਝ ਮਿਲੇਗਾ, ਜਿਸ ਦਾ ਜ਼ਿਕਰ ਇਸ ਪੁਸਤਕ ਵਿੱਚ ਹੈ, ਪਰ ਇਸ ਪੁਸਤਕ ਦੀ ਮਹਿਕ, ਉਸ ਦੀ ਮਿੱਠੀ ਨਿਝੱਕ ਮਾਨਵਤਾ, ਉਸ ਦੀ ਕਰੁਣ, ਕੋਮਲ ਕਲਾਕਾਰੀ ਉਸ ਪਿੰਡ ਵਿੱਚ ਨਹੀਂ ਮਿਲੇਗੀ। ਮਿੱਠੇਵਾਲ ਦਾ ਸਹਾਰਾ ਲੈ ਕੇ ਲੇਖਕ ਨੇ ਆਪਣੀ ਹੀ ਮਲੂਕ ਸ਼ਖ਼ਸੀਅਤ ਦਾ ਪ੍ਰਗਟਾਓ ਕੀਤਾ ਹੈ।''

ਸ਼ਾਮ ਸਿੰਘ (ਅੰਗ ਸੰਗ) ਵੱਲੋਂ ਕੀਤੀ ਮੁਲਾਕਾਤ ਵਿਚ ਗਿਆਨੀ ਜੀ ਨੇ ਦੱਸਿਆ ਸੀ, ਉੱਘੇ ਵਿਦਵਾਨ ਜੈ ਚੰਦ ਵਿਦਿਆਲੰਕਾਰ ਨੇ ਕਿਹਾ ਸੀ ਮੇਰਾ ਪਿੰਡ' ਪੁਸਤਕ ਪੰਜਾਬ ਦਾ ਇਤਿਹਾਸ ਹੈ। ਜਿਉਂ-ਜਿਉਂ ਸਮਾਂ ਬੀਤਦਾ ਜਾਏਗਾ ਪੁਸਤਕ ਦੀ ਕੀਮਤ ਵਧਦੀ ਜਾਏਗੀ। ਵਿਦਵਾਨਾਂ ਨੇ ਕੁਝ ਚਿਰ ਪਹਿਲਾਂ ਅਹਿਸਾਸ ਕਰਵਾ ਦਿੱਤਾ ਸੀ ਕਿ ਪੁਸਤਕ ਦੀ ਸਮੱਗਰੀ ਚਿਰੰਜੀਵੀ ਹੈ। ਮੇਰਾ ਸ਼ਹਿਰ' ਬਾਰੇ ਲਿਖਣ ਉੱਤੇ ਉਨ੍ਹਾਂ ਜਵਾਬ ਵਿਚ ਕਿਹਾ ਸੀ ਪਹਿਲਾਂ ਪਟਿਆਲਾ 'ਚ ਰਹਿ ਕੇ ਪ੍ਰਕਾਸ਼' ਨਾਂ ਦਾ ਰੋਜ਼ਾਨਾ ਅਖ਼ਬਾਰ ਕੱਢਿਆ। ਫੇਰ ਇਸੇ ਨਾਂ 'ਤੇ ਚੰਡੀਗੜ੍ਹ ਤੋਂ। ਪਰ ਕਦੇ ਸ਼ਹਿਰਾਂ ਨੇ ਮੈਨੂੰ ਮੋਹਿਆ ਨਹੀਂ। ਇਨ੍ਹਾਂ ਦਾ ਕੋਈ ਸਭਿਆਚਾਰ ਨਹੀਂ ਬਣਿਆ। ਇਥੋਂ ਦੇ ਸ਼ਹਿਰ ਤਾਂ ਵਲੈਤ ਦੀ ਪੂਛ ਲਗਦੇ ਨੇ। ਮੇਰਾ ਸ਼ਹਿਰ' ਲਿਖਣ ਬਾਰੇ ਕਦੀ ਨਹੀਂ ਸੋਚਿਆ। ਫੇਰ ਵੀ ਜੇ ਕਿਤੇ ਮਨ ਬਣਿਆ ਤਾਂ ਮੈਂ ਸ਼ਹਿਰ ਦੇ ਜੀਵਨ ਬਾਰੇ ਲਿਖ ਸਕਦਾ ਹਾਂ।''

ਪ੍ਰੋ. ਪ੍ਰੀਤਮ ਸਿੰਘ ਸੱਚ ਪੁਰਾਣਾ ਨਾ ਥੀਏ' ਲੇਖ ਲਿਖਦੇ ਹਨ `ਕਪਾਹ ਚੁਗਦੀਆਂ ਮੁਟਿਆਰਾਂ ਵਾਂਗ ਗਿਆਨੀ ਜੀ ਨੇ ਪਿੰਡ ਦੇ ਸਾਰੇ ਖੇੜੇ ਇੱਕੋ ਥਾਂ ਇਕੱਤਰ ਕਰ ਦਿੱਤੇ ਹਨ। ਕਥਨੀ ਜਾਂ ਕਰਨੀ ਦਾ ਕੋਈ ਵੀ ਗੁੱਝਾ ਜਾਂ ਪ੍ਰਗਟ ਲੱਛਣ, ਜਿਸ ਵਿਚ ਰੱਤੀ ਭਰ ਵੀ ਮਜ਼ਾਸ ਮੌਜੂਦ ਸੀ, ਉਸ ਦੀ ਸੂਖਮ ਸੂਝ ਤੋਂ ਬਚ ਨਹੀਂ ਸਕਿਆ। ਖੁੱਲ੍ਹੇ ਖ਼ੁਲਾਸੇ, ਨਿਸ਼ੰਗ, ਨਿਝੱਕ, ਅਠਲ੍ਹ ਲੋਕ ਦਰਸਾਉਣ ਲਈ ਜਿਹੋ ਜਿਹੀ ਛਣਕਦੀ, ਚੁਲਬੁਲੀ, ਬੁੜ੍ਹਕਦੀ ਸ਼ੈਲੀ ਦੀ ਲੋੜ ਸੀ, ਓਹੋ ਜਿਹੀ ਹੀ ਇਸ ਵਿਚ ਵਰਤੀ ਗਈ ਹੈ। ਜਿੱਥੇ ਸਾਧਾਂ, ਸੰਤਾਂ ਦੀ ਸ਼ਰਧਾ ਵਾਲੇ ਲੇਖ ਦਾ ਸ਼ੀਰਸ਼ਕ ਹੀ ਕੀਹਦੇ ਕਹੀਦੇ ਪੈਰੀਂ ਹੱਥ ਲਾਈਏ ਸੰਤਾਂ ਦੇ ਵੱਗ ਫਿਰਦੇ' ਹੋਵੇ ਉਸ ਦੇ ਚਟਖਾਰਿਆਂ ਦਾ ਅਨੁਮਾਨ ਸਹਿਜੇ ਹੀ ਲਗ ਸਕਦਾ ਹੈ। ਇਹ ਟੋਟਕੇ ਮੇਰਾ ਪਿੰਡ' ਤੋਂ ਬਿਨਾਂ ਹੋਰ ਕਿੱਥੋਂ ਲੱਭਣਗੇ?''

ਸੰਪਰਕ: 94642-91023

## ਮੈਨੂੰ ਟਕੋਮਾ ਡਿਟੈਨਸ਼ਨ ਸੈਂਟਰ ਵਿੱਚ ਜਾਣ ਤੋਂ ਰੋਕਿਆ ਗਿਆ-ਪ੍ਰਾਮਿਲਾ ਜਯਾਪਾਲ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸਦਨ ਦੀ ਇਮੀਗ੍ਰੇਸ਼ਨ, ਇਨਟੈਗਰਿਟੀ, ਸਕਿਊਰਿਟੀ ਅਤੇ ਇਨਫੋਰਸਮੈਂਟ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜਯਾਪਾਲ ਨੇ ਕਿਹਾ ਹੈ ਕਿ ਉਸ ਵਲੋਂ ਕੀਤੇ ਉੱਤਰ ਪੱਛਮੀ ਆਈ ਸੀ ਈ ਪ੍ਰਾਸੈਸਿੰਗ ਸੈਂਟਰ ਦੇ ਨਰੀਖਣ ਵਿੱਚ ਰੁਕਾਵਟਾਂ ਪਾਈਆਂ ਗਈਆਂ, ਜਾਣ ਬੁਝ ਕੇ ਕਈ ਘੰਟੇ ਦੇਰੀ ਕੀਤੀ ਗਈ ਹਾਲਾਂ ਕਿ ਉਸ ਨੇ ਇਸ ਸਬੰਧੀ ਅਗਾਊਂ ਸੂਚਿਤ ਕੀਤਾ ਸੀ। ਟਕੋਮਾ ਡਿਟੈਨਸ਼ਨ ਸੈਂਟਰ ਦੇ ਦੌਰੇ ਤੋਂ ਬਾਅਦ ਕਾਂਗਰਸ ਮੈਂਬਰ ਜਯਾਪਾਲ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਉਸ ਨੇ ਡਿਟੈਨਸ਼ਨ ਸੈਂਟਰ ਦੇ ਨਰੀਖਣ ਤੇ ਫੜੇ ਕੁਝ ਲੋਕਾਂ ਲਈ ਰਲੀਜ ਫਾਰਮ ਲੈਣ ਵਾਸਤੇ 8 ਦਿਨਾਂ ਦਾ ਨੋਟਿਸ ਦਿੱਤਾ ਸੀ। ਇਸ ਦੇ ਬਾਵਜੂਦ ਅਧਿਕਾਰੀਆਂ ਨੇ ਮੈਨੂੰ ਕਿਹਾ ਕਿ ਉਨਾਂ ਨੂੰ ਕੇਵਲ ਡਿਟੈਨਸ਼ਨ ਸੈਂਟਰ ਦੇ ਦੌਰੇ ਦੀ ਪ੍ਰਵਾਨਗੀ ਦਿੱਤੀ ਗਈ ਹੈ ਤੇ ਉਹ ਫੜੇ ਵਿਅਕਤੀਆਂ ਜਾਂ ਸੀਨੀਅਰ ਸਟਾਫ ਨੂੰ ਨਹੀਂ ਮਿਲ ਸਕਦੇ। ਇਸ 'ਤੇ ਉਸ ਨੇ ਡਿਟੈਨਸ਼ਨ ਸੈਂਟਰ ਵਿਚੋਂ ਜਾਣ ਤੋਂ ਨਾਂਹ ਕਰ ਦਿੱਤੀ ਤੇ ਕਈ ਘੰਟਿਆਂ ਤੋਂ ਬਾਅਦ ਉਸ ਨੂੰ ਇਕ ਵਿਅਕਤੀ ਨੂੰ ਮਿਲਾਇਆ ਗਿਆ ਜਿਸ ਦਾ ਵਕੀਲ ਵੀ ਉਥੇ ਮੌਜੂਦ ਸੀ। ਉਨਾਂ ਕਿਹਾ ਕਿ ਇਹ ਮੁਲਾਕਾਤ ਵੀ ਵਕੀਲ ਦੇ ਪ੍ਰਾਈਵੇਟ ਕਮਰੇ ਦੀ ਬਜਾਏ ਜਨਤਿਕ ਆਵਾਜਾਈ ਵਾਲੇ ਖੇਤਰ ਵਿਚ ਕਰਵਾਈ ਗਈ ਜਦ ਕਿ ਇਕ ਕਾਂਗਰਸ ਮੈਂਬਰ ਵਜੋਂ ਮੈਨੂੰ ਪਹਿਲਾਂ ਨਿੱਜੀ ਕਮਰੇ ਵਿਚ ਮਿਲਣ ਦੀ ਇਜਾਜਤ ਦਿੱਤੀ ਗਈ ਸੀ। ਜਯਾਪਾਲ ਨੇ ਕਿਹਾ ਕਿ ਮੇਰਾ ਇਹ ਤਜ਼ਰਬਾ ਬਹੁਤ ਮਾੜਾ ਰਿਹਾ ਜਦ ਕਿ ਫੜਿਆ ਗਿਆ ਵਿਅਕਤੀ ਜਿਸ ਨੂੰ ਉਹ ਮਿਲਣ ਗਈ ਸੀ, ਆਪਣੀ 8 ਸਾਲਾ ਅਮਰੀਕੀ ਨਾਗਰਿਕ ਧੀ ਦੀ ਦੇਖਭਾਲ ਕਰਨ ਵਾਲਾ ਇਕੋ ਇਕ ਵਿਅਕਤੀ ਹੈ। ਇਸ ਵਿਅਕਤੀ ਨੂੰ ਗੰਭੀਰ ਸਿਹਤ ਸਮੱਸਿਆਵਾਂ ਹਨ।ਉਨਾਂ ਦੋਸ਼ ਲਾਇਆ ਕਿ ਇਸ ਸਭ ਲਈ ਹੋਮਲੈਂਡ ਸਕਿਉਰਿਟੀ ਵਿਭਾਗ ਦੀ ਅੰਡਰ ਸੈਕਟਰੀ ਕ੍ਰਿਸਟੀ ਨੋਏਮ ਜਿੰਮੇਵਾਰ ਹੈ। ਜਯਾਪਾਲ ਨੇ ਜੋਰ ਦੇ ਕੇ ਕਿਹਾ ਹੈ ਕਿ ਉਹ ਦੁਬਾਰਾ ਫਿਰ ਡਿਟੈਨਸ਼ਨ ਸੈਂਟਰ ਜਾਵੇਗੀ ਤੇ ਉਹ ਆਪਣੀਆਂ ਜਿੰਮੇਵਾਰੀਆਂ ਨਿਰੰਤਰ ਨਿਭਾਉਂਦੀ ਰਹੇਗੀ।

# ‘ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨਾ ਸਿੱਖਾਂ ਨਾਲ ਸਰਾਸਰ ਵਿਤਕਰਾ’

## ✪ ਐਡਵੋਕੇਟ ਧਾਮੀ ਵਲੋਂ ਭਾਜਪਾ ਦੀ ਨਿੰਦਾ ✪ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇੱਕ ਅਹਿਮ ਇਕੱਤਰਤਾ ਹੋਈ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇੱਕ ਅਹਿਮ ਇਕੱਤਰਤਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਬੰਦੀ ਸਿੰਘਾਂ ਦੀ ਰਿਹਾਈ, ਸਿੱਖਾਂ ਨਾਲ ਹੋ ਰਹੇ ਵਿਤਕਰੇ ਅਤੇ ਆਧੁਨਿਕ ਤਕਨਾਲੋਜੀ ਦੇ ਦੁਰਉਪਯੋਗ ਵਰਗੇ ਕਈ ਗੰਭੀਰ ਮੁੱਦਿਆਂ 'ਤੇ ਮਤੇ ਪਾਸ ਕੀਤੇ ਗਏ। ਐਡਵੋਕੇਟ ਧਾਮੀ ਨੇ ਦਿੱਲੀ ਦੀ ਭਾਜਪਾ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਰੱਦ ਕੀਤੇ ਜਾਣ ਨੂੰ ਅਤਿ ਦੁਖਦਾਈ ਦੱਸਿਆ। ਉਨ੍ਹਾਂ ਕਿਹਾ ਕਿ ਪਹਿਲਾਂ ‘ਆਮ ਆਦਮੀ ਪਾਰਟੀ’ ਅਤੇ ਹੁਣ ‘ਭਾਜਪਾ’ ਸਰਕਾਰ ਸਿੱਖ ਵਿਰੋਧੀ ਲੀਹਾਂ 'ਤੇ ਚੱਲ ਰਹੀਆਂ



ਹਨ। ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਹੋਰ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਭਾਜਪਾ ਵਿੱਚ ਮੌਜੂਦ ਸਿੱਖ ਆਗੂਆਂ ਦੀ ਚੁੱਪ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਨੂੰ ‘ਦੋਗਲੇ ਚਿਹਰੇ’ ਵਾਲੇ ਕਰਾਰ ਦਿੱਤਾ।

ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਵਿਰੋਧੀ ਪ੍ਰਚਾਰ 'ਤੇ ਸਖ਼ਤੀ-ਸ਼੍ਰੋਮਣੀ ਕਮੇਟੀ ਨੇ ਏਆਈ ਤਕਨੀਕ ਰਾਹੀਂ ਸਿੱਖ ਧਰਮ ਅਤੇ ਇਤਿਹਾਸ ਵਿਰੁੱਧ ਕੀਤੀਆਂ ਜਾ ਰਹੀਆਂ ਹਰਕਤਾਂ ਦਾ ਸਖ਼ਤ ਨੋਟਿਸ ਲਿਆ ਹੈ। ਇਸ ਸਬੰਧੀ ਕੀਤੇ ਜਾਣ ਵਾਲੇ ਉਪਰਾਲੇ:

ਡਾਟਾ ਬੈਂਕ: ਸਿੱਖ ਸਿਧਾਂਤਾਂ ਅਤੇ ਇਤਿਹਾਸ ਦੀ ਸਹੀ ਜਾਣਕਾਰੀ ਲਈ ਸ਼ਘਫਛ ਆਪਣਾ ਅਧਿਕਾਰਤ ਡਾਟਾ ਬੈਂਕ ਤਿਆਰ ਕਰੇਗੀ।

ਸਾਫਟਵੇਅਰ: ਗਲਤ ਸਮੱਗਰੀ ਨੂੰ ਰੋਕਣ ਲਈ ਜਲਦ ਹੀ ਇੱਕ ‘ਮਾਸ ਰਿਪੋਟਿੰਗ ਸਾਫਟਵੇਅਰ’ ਜਾਰੀ ਕੀਤਾ ਜਾਵੇਗਾ।

ਕਾਨੂੰਨੀ ਕਾਰਵਾਈ: ਏਆਈ ਕੰਪਨੀਆਂ ਨਾਲ ਰਾਬਤਾ ਕਾਇਮ ਕਰਨ ਦੇ ਨਾਲ-ਨਾਲ ਕਾਨੂੰਨ ਵਿਭਾਗ ਰਾਹੀਂ ਵੀ ਕਾਰਵਾਈ ਕੀਤੀ ਜਾ ਰਹੀ ਹੈ।

ਅੰਤਰਰਾਸ਼ਟਰੀ ਮੁੱਦੇ-ਧਾਮੀ ਨੇ ਆਸਟ੍ਰੇਲੀਆ ਵਿੱਚ ਇੱਕ ਸਿੱਖ ਨੌਜਵਾਨ 'ਤੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਦੂਜੇ ਦੇਸ਼ਾਂ ਨਾਲ ਕੂਟਨੀਤਕ ਪੱਧਰ 'ਤੇ ਗੱਲਬਾਤ ਕਰਕੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਏ।

ਇਸ ਮੀਟਿੰਗ ਵਿੱਚ ਰਘੂਜੀਤ ਸਿੰਘ ਵਿਰਕ (ਸੀਨੀਅਰ ਮੀਤ ਪ੍ਰਧਾਨ), ਬਲਦੇਵ ਸਿੰਘ ਕਲਿਆਣ (ਜੂਨੀਅਰ ਮੀਤ ਪ੍ਰਧਾਨ), ਸ਼ੇਰ ਸਿੰਘ ਮੰਡਵਾਲਾ (ਜਨਰਲ ਸਕੱਤਰ) ਅਤੇ ਹੋਰ ਅੰਤ੍ਰਿੰਗ ਕਮੇਟੀ ਮੈਂਬਰ ਤੇ ਸਕੱਤਰ ਹਾਜ਼ਰ ਸਨ।

# ਸੋਸ਼ਲ ਮੀਡੀਆ ਤੁਹਾਡੀ ਮਾਨਸਿਕ ਸਿਹਤ ਨੂੰ ਖ਼ਤਰੇ ਵਿੱਚ ਤਾਂ ਨਹੀਂ ਪਾ ਰਿਹਾ ?

ਅੱਜਕੱਲ੍ਹ ਸਵੇਰੇ ਉੱਠਦੇ ਹੀ ਸਭ ਤੋਂ ਪਹਿਲਾਂ ਫ਼ੋਨ ਚੈੱਕ ਕਰਨਾ ਆਮ ਗੱਲ ਬਣ ਗਈ ਹੈ। ਸਕ੍ਰੌਲ ਕਰਦੇ ਸਮੇਂ ਨਕਾਰਾਤਮਕ ਖ਼ਬਰਾਂ, ਰਾਜਨੀਤਿਕ ਵਿਵਾਦ ਅਤੇ ਨਫ਼ਰਤ ਭਰੀਆਂ ਟਿੱਪਣੀਆਂ ਨਾਲ ਭਰੇ ਪੋਸਟਾਂ ਨਾਲ ਸਾਡਾ ਸਾਹਮਣਾ ਹੁੰਦਾ ਰਹਿੰਦਾ ਹੈ। ਇਹ ਨਕਾਰਾਤਮਕਤਾ ਦਿਨ ਭਰ ਸਾਨੂੰ ਘੇਰੀ ਰੱਖਦੀ ਹੈ ਅਤੇ ਮਾਨਸਿਕ ਸਿਹਤ 'ਤੇ ਗੰਭੀਰ ਪ੍ਰਭਾਵ ਪਾਉਂਦੀ ਹੈ। ਸੋਸ਼ਲ ਮੀਡੀਆ 'ਤੇ ਲਗਾਤਾਰ ਹਿੰਸਾ, ਦੁਖਦਾਈ ਖ਼ਬਰਾਂ ਜਾਂ ਗੁੱਸੇ ਭਰੀਆਂ ਬਹਿਸਾਂ ਦੇਖਣ ਨਾਲ ਦਿਮਾਗ ਕੋਰਟੀਸੋਲ ਹਾਰਮੋਨ ਵਧਾਉਂਦਾ ਹੈ, ਜਿਸ ਨਾਲ ਤਣਾਅ ਅਤੇ ਚਿੰਤਾ ਵਧ ਜਾਂਦੀ ਹੈ। ਡੂਮਸਕ੍ਰੌਲਿੰਗ ਦੀ ਲਤ ਵੀ ਆਮ ਹੈ, ਜਿੱਥੇ ਬੁਰੀਆਂ ਖ਼ਬਰਾਂ ਵੇਖਦੇ ਰਹਿਣ ਨਾਲ ਨੀਂਦ ਦੀ ਕਮੀ, ਸਿਰਦਰਦ ਅਤੇ ਮਾਨਸਿਕ ਥਕਾਵਟ ਹੁੰਦੀ ਹੈ। ਦੂਜਿਆਂ ਦੀਆਂ ਫਿਲਟਰ ਕੀਤੀਆਂ ਜ਼ਿੰਦਗੀਆਂ ਨਾਲ ਤੁਲਨਾ ਕਰਨ ਨਾਲ ਹੀਣਤਾ ਕੰਪਲੈਕਸ ਅਤੇ ਉਦਾਸੀ ਵਧਦੀ ਹੈ। ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਤਣਾਅ ਵਧ ਜਾਂਦਾ ਹੈ। ਇਸ ਤੋਂ ਇਲਾਵਾ ਧਿਆਨ ਦੀ ਘਾਟ, ਹਮਦਰਦੀ ਦਾ ਨੁਕਸਾਨ ਅਤੇ ਚਿੜਚਿੜਾਪਨ ਵੀ ਵਧਦਾ ਹੈ। ਲਗਾਤਾਰ ਨਕਾਰਾਤਮਕ ਸਮੱਗਰੀ ਨਾਲ ਦਿਮਾਗ ਸੁੰਨ ਹੋ ਜਾਂਦਾ ਹੈ ਅਤੇ ਛੋਟੀਆਂ ਗੱਲਾਂ 'ਤੇ ਵੀ ਗੁੱਸਾ ਆਉਣ ਲੱਗਦਾ ਹੈ। ਸੋਸ਼ਲ ਮੀਡੀਆ ਦੀ ਸੀਮਤ ਵਰਤੋਂ ਅਤੇ ਸਕਾਰਾਤਮਕ ਸਮੱਗਰੀ ਨੂੰ ਤਰਜੀਹ ਦੇਣ ਨਾਲ ਇਨ੍ਹਾਂ ਪ੍ਰਭਾਵਾਂ ਨੂੰ ਘਟਾਇਆ ਜਾ ਸਕਦਾ ਹੈ। ਆਪਣੀ ਮਾਨਸਿਕ ਸਿਹਤ ਨੂੰ ਬਚਾਉਣ ਲਈ ਸਮੇਂ ਦੀ ਹੱਦ ਬਣਾਓ ਅਤੇ ਨਕਾਰਾਤਮਕਤਾ ਤੋਂ ਦੂਰ ਰਹੋ।

# ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਨੂੰ ਜਾਇਜ਼ ਠਹਿਰਾਇਆ

## ✪ ਕਿਹਾ ਕਿ ਰਿਹਾਈ ਨਾਲ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਲਗਾਤਾਰ ਨਜ਼ਰਬੰਦੀ ਨੂੰ ਸਹੀ ਠਹਿਰਾਇਆ ਹੈ। ਸਰਕਾਰ ਵੱਲੋਂ ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਦੱਸਿਆ ਕਿ




ਅੰਮ੍ਰਿਤਪਾਲ ਦੀ ਰਿਹਾਈ ਨਾਲ ਦੇਸ਼ ਦੀ ਸੁਰੱਖਿਆ ਨੂੰ ਵੱਡਾ ਖ਼ਤਰਾ ਪੈਦਾ ਹੋ ਸਕਦਾ ਹੈ। ਨਜ਼ਰਬੰਦੀ ਦੇ ਮੁੱਖ ਕਾਰਨ ਵਜੋਂ ਦੋ ਗੱਲਾਂ ਅੱਗੇ ਰੱਖੀਆਂ ਗਈਆਂ ਹਨ। ਪਹਿਲਾ, ਅੰਮ੍ਰਿਤਪਾਲ ਦੇ ਕੈਨੇਡਾ ਸਥਿਤ ਅੱਤਵਾਦੀ ਅਰਸ਼ ਡੱਲਾ ਵਰਗੇ ਨਾਮੀ ਅੱਤਵਾਦੀਆਂ ਤੇ ਗੈਂਗਸਟਰਾਂ ਨਾਲ ਗੂੜ੍ਹੇ ਸਬੰਧ ਹਨ। ਦੂਜਾ, ਉਸ ਦੇ ਵਿਰੋਧੀਆਂ ਵੱਲੋਂ 15 ਵਿਅਕਤੀਆਂ ਦੀ ‘ਹਿੱਟ ਲਿਸਟ’ ਤਿਆਰ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਹੈ। ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਕਿ ਅੰਮ੍ਰਿਤਪਾਲ ਤੇ ਉਸ ਦੇ ਸਾਥੀ ‘ਜੰਗੀ’ ਨਾਮਕ ਇੱਕ ਐਨਕ੍ਰਿਪਟਡ ਐਪ ਵਰਤਦੇ ਹਨ, ਜੋ ਵਟਸਐਪ ਨਾਲੋਂ ਵੱਧ ਸੁਰੱਖਿਅਤ ਹੈ ਅਤੇ ਖੁਫੀਆ ਏਜੰਸੀਆਂ ਲਈ ਟਰੈਕ ਕਰਨਾ ਮੁਸ਼ਕਿਲ ਹੈ। ਸਰਕਾਰ ਮੁਤਾਬਕ ਇਹ ਸਭ ਕਾਰਨ ਉਸ ਦੀ ਨਜ਼ਰਬੰਦੀ ਜਾਰੀ ਰੱਖਣ ਲਈ ਕਾਫ਼ੀ ਹਨ।

# ਲਾਲ ਕਿਲ੍ਹੇ ਨੇੜੇ ਨਕਲੀ ਐਨਆਈਏ ਅਧਿਕਾਰੀ ਗ੍ਰਿਫਤਾਰ

## ✪ ਜੰਮੂ-ਕਸ਼ਮੀਰ ਦੇ ਮੁਲਜ਼ਮ ਨੇ ਨੌਕਰੀਆਂ ਦੇ ਬਹਾਨੇ ਠੱਗੀ ਮਾਰੀ

ਦਿੱਲੀ ਪੁਲੀਸ ਨੇ ਲਾਲ ਕਿਲ੍ਹੇ ਨੇੜੇ ਇੱਕ ਨਕਲੀ ਐਨਆਈਏ ਅਧਿਕਾਰੀ ਨੂੰ ਕਾਬੂ ਕੀਤਾ ਹੈ। ਮੁਲਜ਼ਮ ਮੁਦੱਸਰ, ਜੋ ਪੁਲਵਾਮਾ (ਜੰਮੂ-ਕਸ਼ਮੀਰ) ਦਾ ਰਹਿਣ ਵਾਲਾ ਹੈ, ਨੇ ਜਾਅਲੀ ਸ਼ਨਾਖਤੀ ਕਾਰਡ ਵਰਤ ਕੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਨੌਕਰੀਆਂ ਦਿਵਾਉਣ ਦਾ ਝੂਠਾ ਵਾਅਦਾ ਕੀਤਾ ਸੀ ਅਤੇ ਅਡਵਾਂਸ ਪੈਸੇ ਲਏ ਸਨ। ਉਸ ਨੇ ਇੱਕ ਨਾਬਾਲਗ ਲੜਕੇ ਨੂੰ ਦਿੱਲੀ ਲਿਆਂਦਾ ਸੀ। ਗਸ਼ਤ ਦੌਰਾਨ ਸ਼ੱਕੀ ਕਾਰ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਸੀ। ਜਾਂਚ ਵਿੱਚ ਜਾਅਲੀ ਕਾਰਡ ਪੁਸ਼ਟੀ ਹੋਈ ਹੈ।



# ਹਥੋਆ ਪਿੰਡ ਵਿੱਚ ਕੈਂਸਰ ਨੇ ਲਈਆਂ 45 ਜਾਨਾਂ

ਮਾਲੇਰਕੋਟਲਾ-ਇਥੋਂ ਦੇ ਨੇੜਲੇ ਪਿੰਡ ਹਥੋਆ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਕੈਂਸਰ ਕਾਰਨ 45 ਮੌਤਾਂ ਹੋ ਚੁੱਕੀਆਂ ਹਨ। ਲਗਭਗ 250 ਘਰਾਂ ਵਾਲੇ ਇਸ ਪਿੰਡ ਵਿੱਚ ਲਗਾਤਾਰ ਮੌਤਾਂ ਨੇ ਲੋਕਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਕਿਸਾਨ



ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਵੱਡੀ ਗਿਣਤੀ ਵਿੱਚ ਲੋਕ ਹੈਪੇਟਾਈਟਸ ‘ਸੀ’ ਤੋਂ ਪੀੜਤ ਹਨ, ਜੋ ਅੱਗੇ ਜਾ ਕੇ ਕੈਂਸਰ ਦਾ ਕਾਰਨ ਬਣ ਰਿਹਾ ਹੈ। ਲੋਕਾਂ ਨੂੰ ਸ਼ੱਕ ਹੈ ਕਿ ਦੂਸ਼ਿਤ ਪਾਣੀ ਇਸ ਰੋਗ ਦਾ ਮੁੱਖ ਕਾਰਨ ਹੈ।

# ਹੁਸ਼ਿਆਰਪੁਰ ਵਿਚ ਨਸ਼ੇੜੀ ਵਲੋਂ ਬਜ਼ੁਰਗ ਔਰਤ ਦਾ ਬੇਰਹਿਮੀ ਨਾਲ ਕਤਲ, ਪੇਟੀ ਵਿਚੋਂ ਮਿਲੀ ਲਾਸ਼

ਹੁਸ਼ਿਆਰਪੁਰ-ਬੀਤੇ ਦਿਨੀਂ ਹੁਸ਼ਿਆਰਪੁਰ ਦੇ ਪਿੰਡ ਭਾਮ ਤੋਂ ਸਾਹਮਣੇ ਆਇਆ ਹੈ, ਜਿੱਥੇ



ਇੱਕ 99 ਸਾਲਾ ਬਜ਼ੁਰਗ ਔਰਤ, ਜੋਗਿੰਦਰ ਕੌਰ ਪਤਨੀ ਮਲਕੀਤ ਸਿੰਘ, ਦਾ ਅਣਪਛਾਤੇ ਵਿਅਕਤੀ ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਕਾਤਲ ਨੇ ਕਤਲ ਤੋਂ ਬਾਅਦ ਬਜ਼ੁਰਗ ਔਰਤ ਦੀ ਲਾਸ਼ ਨੂੰ ਘਰ ਵਿੱਚ ਪਈ ਇੱਕ ਪੇਟੀ ਵਿੱਚ ਛੁਪਾ ਦਿੱਤਾ ਘਟਨਾ ਦਾ ਖ਼ੁਲਾਸਾ ਉਦੋਂ ਹੋਇਆ ਜਦੋਂ ਦੁੱਧ ਵਾਲੇ ਨੇ ਗੁਆਂਢੀਆਂ ਨੂੰ ਦੱਸਿਆ ਕਿ ਮਾਤਾ ਜੀ ਦੋ ਦਿਨਾਂ ਤੋਂ ਦੁੱਧ ਨਹੀਂ ਲੈ ਰਹੇ। ਜਦੋਂ ਰਿਸ਼ਤੇਦਾਰਾਂ ਨੇ ਘਰ ਜਾ ਕੇ ਦੇਖਿਆ ਤਾਂ ਜੋਗਿੰਦਰ ਕੌਰ ਦੀ ਲਾਸ਼ ਪੇਟੀ ਵਿੱਚੋਂ ਬਰਾਮਦ ਹੋਈ। ਮ੍ਰਿਤਕ ਮਹਿਲਾ ਘਰ ਵਿੱਚ ਇਕੱਲੀ ਰਹਿੰਦੀ ਸੀ। ਵਾਰਦਾਤ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਮੌਕੇ 'ਤੇ ਪਹੁੰਚਿਆ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਤਾਜ਼ਾ ਜਾਣਕਾਰੀ ਅਨੁਸਾਰ, ਪੁਲਿਸ ਨੇ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਂਦੇ ਹੋਏ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਫੜਿਆ ਗਿਆ ਵਿਅਕਤੀ ਉਸੇ ਪਿੰਡ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਮੁੱਢਲੀ ਜਾਣਕਾਰੀ ਮੁਤਾਬਕ ਮੁਲਜ਼ਮ ਨਸ਼ੇ ਦਾ ਆਦੀ ਹੈ, ਜਿਸ ਕਾਰਨ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਨਸ਼ੇ ਦੀ ਪੂਰਤੀ ਲਈ ਕੀਤੀ ਲੁੱਟ-ਖੋਹ ਦੌਰਾਨ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਪੁਲਿਸ ਵੱਲੋਂ ਮੁਲਜ਼ਮ ਤੋਂ ਪੁੱਛਗਿੱਛ ਜਾਰੀ ਹੈ ਅਤੇ ਉਮੀਦ ਹੈ ਕਿ ਜਲਦ ਹੀ ਕਤਲ ਦੇ ਅਸਲ ਕਾਰਨਾਂ ਬਾਰੇ ਵੱਡੇ ਖ਼ੁਲਾਸੇ ਹੋਣਗੇ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸੇਖਾ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਸੰਗਰੂਰ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਬਰਨਾਲਾ ਦਾ ਇਕ ਪਿੰਡ ਸੇਖਾ ਹੈ। ਇਹ ਬਰਨਾਲਾ ਤੋਂ 11 ਕਿਲੋਮੀਟਰ ਪੂਰਬ ਦਿਸ਼ਾ ਵੱਲ ਹੈ। ਬਰਨਾਲਾ ਦਾ ਅਕਸ਼ਾਂਸ਼ 300-23 ਅਤੇ ਰੇਖਾਂਸ਼ ਦੇਸ਼ਾਂਤਰ 750-32 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਗੁਰੂਸਰ ਪਾਤਸ਼ਾਹੀ ਨੌਵੀਂ, ਛੋਟੀ ਟਿੱਬੀ 'ਤੇ ਬਣਿਆ ਹੈ।

ਮੁਕਾਮੀ ਰਿਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਮੂਲੋਵਾਲ ਤੋਂ 22 ਦਸੰਬਰ 1665 ਨੂੰ ਇਸ ਨਗਰ ਆਏ ਸਨ ਅਤੇ ਦੋ ਦਿਨ ਠਹਿਰੇ ਸਨ। ਉਸ ਸਮੇਂ ਇਸ ਪਿੰਡ ਦੇ ਆਸ-ਪਾਸ 22 ਪਿੰਡ ਸਨ, ਜਿਨ੍ਹਾਂ ਵਿੱਚ ਜਵੰਦਾ ਜਾਤ ਦੇ ਕਿਸਾਨ ਨਿਵਾਸ ਰੱਖਦੇ ਸਨ। ਇਹ ਸਾਰੇ ਦੁਰਗਾ ਦਾਸ ਬੈਰਾਗੀ ਸੰਪਰਦਾ ਦੇ ਪੈਰੋਕਾਰ ਸਨ। ਇਨ੍ਹਾਂ ਦੇ ਮੁਖੀ ਤਿਲੋਕਾ ਨੇ ਗੁਰੂ ਸਾਹਿਬ ਅਤੇ ਸਿੱਖਾਂ ਵੱਲ ਕੋਈ ਖ਼ਾਸ ਧਿਆਨ ਨਾ ਦਿੱਤਾ।

ਇਕ ਦਰਗੂ ਨਾਂ ਦੇ ਕਿਸਾਨ ਨੇ ਗੁਰੂ ਸਾਹਿਬ ਦੀ ਸੇਵਾ ਤਨਦੇਹੀ ਨਾਲ ਕੀਤੀ। ਜਦੋਂ ਗੁਰੂ ਸਾਹਿਬ ਨੇ ਵੇਖਿਆ ਤਾਂ ਤਿਲੋਕਾ ਬੜੇ ਹੰਕਾਰ ਵਿੱਚ ਤੁਰ ਰਿਹਾ ਸੀ। ਉਸ ਨੇ ਬੜਾ ਕੀਮਤੀ ਜੋੜਾ ਪਹਿਨਿਆ ਹੋਇਆ ਸੀ। ਜਦੋਂ ਗੁਰੂ ਸਾਹਿਬ ਨੇ ਸੰਗਤਾਂ ਨੂੰ ਪੁੱਛਿਆ, ਇਹ ਕੌਣ ਹੈ ਤਾਂ ਸੰਗਤਾਂ ਦੱਸਿਆ, ਇਹ 22 ਪਿੰਡਾਂ ਦੇ ਜਵਨ ਦਾਸ ਦਾ ਮੁਖੀ ਹੈ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਸ ਦੀ ਬੁੱਧੀ ਘੱਟ ਹੈ। ਆਪਣੀ ਗਲਤੀ ਨੂੰ ਸਵੀਕਾਰ ਕਰਦਿਆਂ ਤਿਲੋਕਾ ਨੇ ਗੁਰੂ ਸਾਹਿਬ ਤੋਂ ਭੁੱਲ ਦੀ ਖਿਮਾ ਮੰਗੀ, ਆਪਣੀ ਭੈਣ ਰਾਹੀਂ। ਗੁਰੂ ਸਾਹਿਬ ਨੇ ਕਟੂ ਵਿੱਚ ਦੂਜਾ ਠਹਿਰਾਉ ਕੀਤਾ ਸੀ।

ਤਲਾਬ ਦੇ ਕੋਲ ਇਕ ਯਾਦਗਾਰੀ ਥੜ੍ਹਾ ਬਣਿਆ ਸੀ। ਸਮੇਂ ਦੇ ਗੁਜ਼ਰਨ ਨਾਲ ਗੁਰਦੁਆਰਾ ਤਾਮੀਰ ਕੀਤਾ ਗਿਆ। ਅਜੋਕੀ ਇਮਾਰਤ ਦਾ ਨੀਂਹ-ਪੱਥਰ 20 ਮਈ 1940 ਨੂੰ ਸੰਤ ਕਿਰਪਾਲ ਸਿੰਘ (ਛੰਨਾ) ਨੇ ਰੱਖਿਆ। ਇਸ ਵਿੱਚ ਇਕ ਹਾਲ, ਜਿਸ ਦੇ ਅੰਦਰ ਪ੍ਰਕਾਸ਼ ਅਸਥਾਨ ਅਤੇ ਤਿੰਨ ਪਾਸਿਆਂ ਤੋਂ ਵਰਾਂਡਾ ਬਣਿਆ ਹੈ। ਪ੍ਰਕਾਸ਼ ਅਸਥਾਨ ਉਪਰ ਕੰਵਲ ਗੁੰਬਦ ਬਣਿਆ ਹੈ। ਪੁਰਾਣੇ ਪਾਣੀ ਵਾਲੇ ਤਾਲਾਬ ਨੂੰ ਹੁਣ ਸਰੋਵਰ ਵਿੱਚ ਬਦਲ ਦਿੱਤਾ ਗਿਆ ਹੈ। ਇਕ ਪਾਸੇ ਗੁਰੂ ਕਾ ਲੰਗਰ ਵੀ ਬਣਿਆ ਹੈ। ਗੁਰਦੁਆਰੇ ਨਾਲ 25 ਏਕੜ ਜ਼ਮੀਨ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਦੋ ਗੁਰਦੁਆਰੇ ਹਨ। ਪਹਿਲਾ ਉਸ ਥਾਂ ਹੈ, ਜਿਥੇ ਗੁਰੂ ਸਾਹਿਬ ਨੇ ਡੇਰੇ ਲਾਏ ਸਨ ਅਤੇ ਦੂਜਾ ਗੁਰਦੁਆਰਾ ਉਸ ਥਾਂ ਹੈ, ਜਿਥੇ ਇਕ ਮਾਈ ਦਾ ਪ੍ਰੇਮ ਦੇਖ ਕੇ ਦੁੱਧ ਛਕਣ ਲਈ ਠਹਿਰ ਗਏ ਸਨ। ਇਹ ਮੰਜੀ ਸਾਹਿਬ ਪਿੰਡ ਤੋਂ ਇਕ ਕਿਲੋਮੀਟਰ ਪੱਛਮ ਦਿਸ਼ਾ ਵੱਲ ਹੈ।



ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਰਨਾਲਾ

ਪੁਸਤਕ ਸੂਚੀ:- 1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਠਾਕਰ ਸਿੰਘ- ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923 3. ਫੌਜਾ ਸਿੰਘ- ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976 4. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998 5. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸ਼ੇਖੂਪੁਰਾ

ਸ਼ੇਖੂਪੁਰਾ ਜ਼ਿਲ੍ਹਾ ਪਟਿਆਲਾ (ਪੰਜਾਬ) ਵਿੱਚ ਬਹਾਦਰਗੜ੍ਹ-ਸਨੌਰ ਸੜਕ 'ਤੇ ਆਉਂਦਾ ਹੈ। ਇਸ ਥਾਂ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਪ੍ਰਚਾਰ ਫੇਰੀ ਸੰਬੰਧੀ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ।

## ਸ਼ੇਰਗੜ੍ਹ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਫਿਰੋਜ਼ਪੁਰ ਅਤੇ ਅੱਜ-ਕੱਲ੍ਹ ਜ਼ਿਲ੍ਹਾ ਬਰਨਾਲਾ ਦਾ ਇਕ ਪਿੰਡ ਸ਼ੇਰਗੜ੍ਹ ਹੈ, ਜੋ ਜਲਾਲਾਬਾਦ ਦੇ ਉੱਤਰ ਵੱਲ 9 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਗੋਬਿੰਦ ਸਿੰਘ ਜੀ ਆਏ ਸਨ। ਇਸ ਪਿੰਡ ਦੇ ਪੂਰਬ ਵੱਲ ਗੁਰੂ ਗੋਬਿੰਦ ਸਿੰਘ ਜੀ ਦਾ ਟਾਲ੍ਹੀਆਂ ਫੱਤੂ ਸੰਮੂ ਕੀਆਂ ਪਾਸ ਗੁਰਦੁਆਰਾ ਹੈ। ਜਦੋਂ ਗੁਰੂ ਸਾਹਿਬ ਇਥੇ ਆਏ ਤਾਂ ਇਥੋਂ ਦੇ ਫੱਤੂ ਅਰ ਸੰਮੂ ਡੋਗਰਾਂ ਨੇ ਗੁਰੂ ਜੀ ਦੀ ਭੇਟਾ ਲੁੰਗੀ ਅਤੇ ਖੇਸ ਕੀਤਾ, ਜੋ ਇਸ ਇਲਾਕੇ ਦੀ ਸੌਗਾਤ ਮੰਨੇ ਜਾਂਦੇ ਸਨ। ਮੰਜੀ ਸਾਹਿਬ ਬਣਿਆ ਹੈ, ਜੋ ਗੁਰਦੁਆਰਾ ਮੰਜੀ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰਦੁਆਰੇ ਨੂੰ ਟਾਲ੍ਹੀਆਂ ਫੱਤੂ ਸੰਮੂ ਕੀਆਂ ਵੀ ਆਖਿਆ ਜਾਂਦਾ ਹੈ। ਗੁਰਦੁਆਰੇ ਨਾਲ 85 ਏਕੜ ਜ਼ਮੀਨ ਸੀ, ਜੋ ਹੁਣ ਕੇਵਲ 30 ਏਕੜ ਰਹਿ ਗਈ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਕਮੇਟੀ ਕਰਦੀ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:- 1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸੋਹੀਵਾਲ (ਸੋਹੀਆਣਾ ਧੌਲਾਂ)

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਸੰਗਰੂਰ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਬਰਨਾਲਾ ਦਾ ਇਕ ਪਿੰਡ ਸੋਹੀਵਾਲ ਹੈ, ਜੋ ਬਰਨਾਲਾ ਤੋਂ 11 ਕਿਲੋਮੀਟਰ ਦੂਰ ਹੈ। ਇਹ ਪਿੰਡ ਢਿੱਲੋਂ ਅਤੇ ਧੌਲੇ ਦੇ ਵਿੱਚਕਾਰ ਆਉਂਦਾ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਹੈ। ਇਸ ਥਾਂ ਗੁਰੂ ਸਾਹਿਬ ਨੇ ਦੁਪਹਿਰ ਦੇ ਸਮੇਂ ਆਰਾਮ ਕੀਤਾ ਸੀ। ਹੁਣ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ। ਇਹ ਗੁਰਦੁਆਰਾ ਧੌਲੇ ਦੀ ਜ਼ਮੀਨ ਵਿੱਚ ਹੈ। 70 ਏਕੜ ਜ਼ਮੀਨ ਰਿਆਸਤ ਨਾਭੇ ਵੱਲੋਂ ਗੁਰਦੁਆਰੇ ਦੇ ਨਾਂ ਲੱਗੀ ਹੈ। ਇਹ ਅਸਥਾਨ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ**:- 1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸੌਤਰਾਂ

ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿੱਚ ਪਿੰਡ ਸੌਤਰਾਂ ਆਉਂਦਾ ਹੈ। ਇਹ ਬੰਗਾ ਦੇ ਉੱਤਰ ਵੱਲ ਇਕ ਕਿਲੋਮੀਟਰ ਦੂਰ ਹੈ। ਬੰਗਾ ਦਾ ਅਕਸ਼ਾਂਸ਼ 310-11 ਅਤੇ ਰੇਖਾਂਸ਼ ਦੇਸ਼ਾਂਤਰ 760 ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਗੁਰ-ਦੁਆਰਾ ਗੁਰਪਲਾਹ ਪਾਤਸ਼ਾਹੀ ਛੇਵੀਂ ਬਣਿਆ ਹੈ। ਗੁਰੂ ਸਾਹਿਬ ਇਸ ਪਿੰਡ ਵਿੱਚ ਪਲਾਹ ਬਿਰਛ (Butia fondosa) ਹੇਠ ਕੁਝ ਦੇਰ ਠਹਿਰੇ ਸਨ, ਜਦੋਂ ਆਪ ਜੀ 1635 ਦੇ ਸ਼ੁਰੂ ਵਿੱਚ ਕਰਤਾਰਪੁਰ ਤੋਂ ਕੀਰਤਪੁਰ ਵੱਲ ਜਾ ਰਹੇ ਸਨ।

ਪੁਰਾਣੀ ਇਮਾਰਤ ਦੀ ਥਾਂ ਨਵੀਂ ਨਿਰਮਾਣਕਾਰੀ ਇਮਾਰਤ 1965 ਵਿੱਚ ਸੰਤ ਸੇਵਾ ਸਿੰਘ (ਅਨੰਦਪੁਰ ਸਾਹਿਬ ਵਾਲੇ) ਦੀ ਨਿਗਰਾਨੀ ਹੇਠ ਬਣੀ ਹੈ। ਗੁਰਦੁਆਰਾ ਸਾਹਿਬ ਚਾਰਦੀਵਾਰੀ ਅੰਦਰ ਬਣਿਆ ਹੈ, ਜਿਸ ਵਿੱਚ ਉੱਚੀ ਡਿਉਢੀ ਰਾਹੀਂ ਅੰਦਰ ਜਾਣ ਦਾ ਰਸਤਾ ਹੈ। ਇਕ ਮੁਰੱਬਾ-ਹਾਲ ਸੰਗਮਰਮਰ ਦਾ ਬਣਿਆ ਹੈ, ਜਿਸ ਦੇ ਵਿੱਚਕਾਰ ਪ੍ਰਕਾਸ਼ ਅਸਥਾਨ ਹੈ। ਪ੍ਰਕਾਸ਼ ਅਸਥਾਨ ਉਪਰ ਦੋ ਮਜ਼ੇਲਾ ਮੁਰੱਬਾ ਕਮਰਾ ਹੈ। ਗੁਰੂ ਕਾ ਲੰਗਰ ਹਾਲ ਦੇ ਪਿਛਵਾੜੇ ਹੈ। ਇਕ ਪੁਰਾਤਨ ਖੂਹ ਗੁਰ-ਦੁਆਰੇ ਦੇ ਦੱਖਣ ਪੱਛਮੀ ਨੁੱਕਰ ਵੱਲ ਹੈ, ਜਿਸ ਬਾਰੇ ਆਖਿਆ ਜਾਂਦਾ ਹੈ ਕਿ ਇਹ ਖੂਹ ਗੁਰੂ ਸਾਹਿਬ ਦੇ ਬਿਰਾਜਣ ਤੋਂ ਪਹਿਲਾਂ ਦਾ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਰੋਜ਼ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਗੁਰਪੁਰਬ ਅਤੇ ਹਰ ਵਰ੍ਹੇ 20 ਹਾੜ (3 ਜੁਲਾਈ) ਨੂੰ ਭਾਰੀ ਧਾਰਮਿਕ ਜੋੜ-ਮੇਲਾ ਹੁੰਦਾ ਹੈ।

ਪੁਸਤਕ ਸੂਚੀ:-1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ। 3. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923 4. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸੌਂਟੀ

ਪੰਜਾਬ ਦੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚ ਪਿੰਡ ਸੌਂਟੀ ਆਉਂਦਾ ਹੈ, ਜੋ ਇਕ ਪੁਰਾਤਨ ਪਿੰਡ ਹੈ। ਇਹ ਪਿੰਡ ਅਮਲੋਹ ਤੋਂ ਦੋ ਕਿਲੋਮੀਟਰ ਉੱਤਰ-ਪੂਰਵ ਵੱਲ ਹੈ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਬਣਿਆ ਹੈ। ਇਹ ਗੁਰਦੁਆਰਾ ਪਿੰਡ ਦੇ ਬਾਹਰਵਾਰ ਖੁੱਲ੍ਹੇ ਖੇਤਾਂ ਵਿੱਚ ਇਕ ਕਿਲੋਮੀਟਰ ਦੂਰ ਪੂਰਬ ਵੱਲ ਬਣਿਆ ਹੈ। ਅਮਲੋਹ ਦਾ ਅਕਸ਼ਾਂਸ਼ 300-36 ਅਤੇ ਰੇਖਾਂਸ਼ ਦੇਸ਼ਾਂਤਰ 760-14 ਹੈ। ਗੁਰਦੁਆਰੇ ਤੱਕ ਜਾਣ ਲਈ ਗੱਡਿਆਂ ਦਾ ਰਸਤਾ ਹੈ, ਜੋ ਜਲਾਲਪੁਰ ਪਿੰਡ ਵੱਲ ਜਾਂਦਾ ਹੈ। ਇਹ ਉਹ ਥਾਂ ਹੈ, ਜਿਥੇ ਗੁਰੂ ਸਾਹਿਬ ਦੇ ਇਕ ਕੁੱਤੇ ਨੇ ਜੰਗਲੀ ਸੂਰ ਨੂੰ ਮਾਰ ਦਿੱਤਾ ਸੀ ਅਤੇ ਕੁੱਤਾ ਵੀ ਇਸ ਖੂਨਰੇਜ਼ ਝੜਪ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਾ ਹੋਇਆ ਮਰ ਗਿਆ ਸੀ।

ਗੁਰਦੁਆਰਾ ਸਾਹਿਬ ਵਿੱਚ ਪੁਰਾਣੇ ਵਕਤਾਂ ਦੀ ਮੰਜੀ ਸਾਹਿਬ ਹੈ। ਇਹ 7X7 ਮੀਟਰ ਦਾ ਹਾਲ ਹੈ, ਜਿਸ ਦੇ ਸਾਹਮਣੇ ਵਰਾਂਡਾ ਬਣਿਆ ਹੈ। ਇਕ ਥਾਂ ਕਮਰੇ ਵਿੱਚ ਕੁਝ ਸ੍ਰੀ ਸਾਹਿਬਾਂ ਅਤੇ ਚੱਕਰ ਰੱਖੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵਰਾਂਡੇ ਵਿੱਚ ਹੁੰਦਾ ਹੈ ਅਤੇ ਪ੍ਰਬੰਧ ਇਕ ਕਿਸਾਨ ਕਰਦਾ ਹੈ, ਜੋ ਨਾਲ ਵਾਲੀ ਜ਼ਮੀਨ ਦੀ ਵਾਹੀ ਵੀ ਕਰਦਾ ਹੈ। ਇਹ ਗੁਰਦੁਆਰਾ ਬਸਤੀ ਤੋਂ ਦੂਰ ਅਤੇ ਬਿਖੜੇ ਰਾਹ ਹੋਣ ਕਾਰਨ, ਸਾਲ ਵਿੱਚ ਸ਼ਾਇਦ ਹੀ ਕੋਈ ਯਾਤਰੂ ਦਰਸ਼ਨਾਂ ਲਈ ਆਉਂਦਾ ਹੋਵੇ। ਰਿਆਸਤ ਨਾਭਾ ਵੱਲੋਂ ਇਸ ਗੁਰ-ਦੁਆਰੇ ਨਾਲ 140 ਏਕੜ ਜ਼ਮੀਨ ਲੱਗੀ ਹੋਈ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਉਤਸਵ 'ਤੇ ਭਾਰੀ ਜੋੜ-ਮੇਲਾ ਹੁੰਦਾ ਹੈ। ਇਹ ਗੁਰਦੁਆਰਾ ਪਹਿਲਾਂ ਨੋਟੀਫਾਈਡ ਸੀ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਸੀ ਪਰ ਹੁਣ ਇਹ ਅਸਥਾਨ ਮੁੜ ਫਿਰ ਤੋਂ ਡੀ-ਨੋਟੀਫਾਈਡ ਹੋ ਚੁੱਕਾ ਹੈ।

**ਪੁਸਤਕ ਸੂਚੀ**:-1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

# ਇੰਗਲੈਂਡ ਦੀ ਬ੍ਰਮਿੰਘਮ ਯੂਨੀਵਰਸਿਟੀ ਨੇ ਪੰਜਾਬ ਅਤੇ ਹਰਿਆਣਾ ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੇ ਆਰਜ਼ੀ ਤੌਰ ਤੇ ਲਾਈ ਪਾਬੰਦੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਇੰਗਲੈਂਡ ਦੀ ਬ੍ਰਮਿੰਘਮ ਯੂਨੀਵਰਸਿਟੀ ਨੇ ਭਾਰਤ ਦੇ ਪੰਜਾਬ ਅਤੇ ਹਰਿਆਣਾ, ਬੰਗਲਾਦੇਸ਼ ਅਤੇ ਪਾਕਿਸਤਾਨ (ਕੁਝ ਕੋਰਸਾਂ ਲਈ) ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੇ ਆਰਜ਼ੀ ਤੌਰ ਤੇ ਪਾਬੰਦੀ ਲਾ ਦਿੱਤੀ ਹੈ। ਇਹ ਫ਼ੈਸਲਾ ਵਿਦਿਆਰਥੀਆਂ ਲਈ ਚਿੰਤਾ ਦਾ ਵਿਸ਼ਾ ਬਣ ਗਇਆ ਹੈ। ਇਸ ਸਖ਼ਤ ਫੈਸਲੇ ਨੇ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ ਜੋ ਪੜ੍ਹਾਈ ਲਈ ਬਰਤਾਨੀਆ ਜਾਣ ਦੀ ਤਿਆਰੀ ਕਰ ਰਹੇ ਸਨ।**

ਯੂਨੀਵਰਸਿਟੀ ਕਾਲਿਜ ਬ੍ਰਮਿੰਘਮ ਵੱਲੋਂ ਜਾਰੀ ਪੱਤਰ ਵਿੱਚ ਸਪੱਸ਼ਟ ਕੀਤਾ ਹੈ ਕਿ ਜਿਹੜੇ ਵਿਦਿਆਰਥੀਆਂ ਨੂੰ ਦਾਖਲਾ ਦੇ ਦਿੱਤਾ ਗਿਆ ਹੈ (ਆਫਰ ਲੈਟਰ) ਉਹਨਾਂ ਦੀਆਂ ਪੂਰੀਆਂ ਫ਼ੀਸਾਂ ਵੀ ਵਾਪਿਸ ਕੀਤੀਆਂ ਜਾਣਗੀਆਂ।ਰਿਪੋਰਟਾਂ ਅਨੁਸਾਰ ਯੂ ਕੇ ਦੀਆਂ ਯੂਨੀਵਰਸਿਟੀਆਂ ਪਹਿਲਾਂ ਹੀ ਸਖ਼ਤ ਰੁਖ ਅਖ਼ਤਿਆਰ ਕਰ ਚੁੱਕੀਆਂ ਹਨ। ਇਸ ਦਾ ਮੁੱਖ ਕਾਰਨ ਪੰਜਾਬ ਅਤੇ ਹਰਿਆਣਾ ਦੇ ਬਹੁਤ ਸਾਰੇ ਵਿਦਿਆਰਥੀ ਵੀਜ਼ਾ ਲੈ ਕੇ ਯੂ.ਕੇ. ਪਹੁੰਚਣ ਤੋਂ ਬਾਅਦ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਲੈਂਦੇ ਅਤੇ ਕੋਰਸ ਅੱਧ ਵਿਚਾਲੇ ਛੱਡ ਕੇ ਕੰਮ ਕਰਨ ਲੱਗ ਜਾਂਦੇ ਹਨ। ਇਸ ਨਾਲ ਯੂਨੀਵਰਸਿਟੀਆਂ ਦੀ 'ਵੀਜ਼ਾ ਕੰਪਲਾਇੰਸ' ਰੇਟਿੰਗ ਖਰਾਬ ਹੁੰਦੀ ਹੈ।

ਸੂਤਰਾਂ ਅਨੁਸਾਰ ਇਹ ਵੀ ਸਾਹਮਣੇ ਆਇਆ ਹੈ ਕਿ ਕਈ ਵਿਦਿਆਰਥੀ ਏਜੰਟਾਂ ਰਾਹੀਂ ਫ਼ਰਜ਼ੀ ਪੜ੍ਹਾਈ ਦੇ ਸਰਟੀਫਿਕੇਟ ਅਤੇ ਗਲਤ ਬੈਂਕ ਸਟੇਟਮੈਂਟਾਂ ਦੀ ਵੀ ਵਰਤੋਂ ਕਰ ਰਹੇ ਸਨ। ਇਹ ਧੋਖਾਧੜੀ ਕਾਰਨ ਵੀ ਯੂਨੀਵਰਸਿਟੀਆਂ ਨੇ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ।

ਇਹ ਪਾਬੰਦੀ ਉਨ੍ਹਾਂ ਵਿਦਿਆਰਥੀਆਂ 'ਤੇ ਲਗਾਈ ਗਈ ਹੈ ਜੋ 'ਹਾਈ ਰਿਸਕ' ਪ੍ਰੋਫਾਈਲ ਵਿੱਚ ਆਉਂਦੇ ਹਨ। ਜਿਸ ਵਿੱਚ ਜ਼ਿਆਦਾਤਰ ਹਰਿਆਣਾ ਅਤੇ ਪੰਜਾਬ ਦੇ ਨੌਜਵਾਨ ਹਨ। ਬ੍ਰਮਿੰਘਮ ਯੂਨੀਵਰਸਿਟੀ ਨੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਇਨ੍ਹਾਂ ਸੂਬਿਆਂ ਤੋਂ ਅਰਜ਼ੀਆਂ ਨਾ ਭੇਜੀਆਂ ਜਾਣ।ਜ਼ਿਕਰਯੋਗ ਹੈ ਕਿ ਇਹ ਪਾਬੰਦੀ ਯੂ.ਕੇ. ਸਰਕਾਰ ਵੱਲੋਂ ਨਹੀਂ ਲਗਾਈ ਹੈ, ਸਗੋਂ ਯੂਨੀਵਰਸਿਟੀ ਨੇ ਆਪਣੇ ਪੱਧਰ 'ਤੇ ਇਹ ਕਦਮ ਚੁੱਕਿਆ ਹੈ ਤਾਂ ਜੋ ਉਨ੍ਹਾਂ ਦੇ ਲਾਇਸੈਂਸ ਨੂੰ ਖ਼ਤਰਾ ਨਾ ਪੈਦਾ ਹੋਵੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਮੀਗ੍ਰੇਸ਼ਨ ਵਕੀਲ ਗੁਰਪਾਲ ਸਿੰਘ ਉੱਪਲ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਸੱਚਮੁੱਚ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਨੂੰ ਹੁਣ ਬਹੁਤ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ ਹੋਵੇਗੀ। ਉਹ ਸਿਰਫ਼ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਵਿੱਚ ਹੀ ਅਰਜ਼ੀ ਦੇ ਸਕਦੇ ਹਨ ਅਤੇ ਆਪਣੇ ਸਾਰੇ ਦਸਤਾਵੇਜ਼ ਅਸਲੀ ਰੱਖਣ ਦੀ ਲੋੜ ਹੈ। ਗਲਤ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਫ਼ਰਜ਼ੀ ਦਸਤਾਵੇਜ਼ ਲਗਾਉਣਾ ਉਹਨਾਂ ਦੇ ਰਸਤੇ ਹਮੇਸ਼ਾਂ ਲਈ ਬੰਦ ਕਰ ਸਕਦੇ ਹਨ। ਉਹਨਾਂ ਇਹ ਵੀ ਕਿਹਾ ਕਿ ਬ੍ਰਮਿੰਘਮ ਯੂਨੀਵਰਸਿਟੀ ਵੱਲੋਂ ਪਹਿਲੀ ਵਾਰ ਜਨਤਕ ਤੌਰ ਤੇ ਅਜੇਹਾ ਫ਼ੈਸਲਾ ਲਿਆ ਹੈ।

ਉਹਨਾਂ ਖ਼ਦਸ਼ਾ ਪ੍ਰਗਟਾਇਆ ਕਿ ਇਸ ਤਰ੍ਹਾਂ ਹੋਰ ਯੂਨੀਵਰਸਿਟੀਆਂ ਵੀ ਕੋਈ ਫੈਸਲਾ ਲੈ ਸਕਦੀਆਂ ਹਨ।

## ਬਾਫਟਾ ਨੇ ਜੌਨ ਡੇਵਿਡਸਨ ਦੀਆਂ ਨਸਲੀ ਟਿੱਪਣੀਆਂ ਲਈ 'ਸਿਨਰਜ਼' ਦੇ ਕਲਾਕਾਰਾਂ ਤੋਂ ਮੁਆਫ਼ੀ ਮੰਗੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਅਕੈਡਮੀ ਫਿਲਮ ਪੁਰਸਕਾਰ (ਬਾਫਟਾ) ਨੇ ਪੁਰਸਕਾਰ ਸਮਾਰੋਹ ਦੌਰਾਨ ਟੋਰੇਟ ਸਿੰਡਰੋਮ ਕਾਰਕੁਨ ਜੌਨ ਡੇਵਿਡਸਨ ਦੁਆਰਾ ਕੀਤੀਆਂ ਗਈਆਂ ਨਸਲੀ ਟਿੱਪਣੀਆਂ ਲਈ ਮੁਆਫ਼ੀ ਮੰਗੀ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ "ਸਿਨਰਜ਼" ਦੇ ਸਟਾਰ ਮਾਈਕਲ ਬੀ. ਜੌਰਡਨ ਅਤੇ ਡੇਲਰੋਏ ਲਿੰਡੋ ਪੁਰਸਕਾਰ ਪੇਸ਼ ਕਰ ਰਹੇ ਸਨ।

ਡੇਵਿਡਸਨ ਦੀ ਬਿਮਾਰੀ ਕਾਰਨ, ਇਹ ਸ਼ਬਦ ਅਚਾਨਕ ਪ੍ਰਸਾਰਣ ਦੌਰਾਨ ਸੁਣਾਈ ਦਿੱਤੇ। ਨਸਲੀ ਟਿੱਪਣੀਆਂ ਉਸ ਸਮੇਂ ਕੀਤੀਆਂ ਗਈਆਂ ਜਦੋਂ ਜੌਰਡਨ ਅਤੇ ਲਿੰਡੋ ਫਿਲਮ "ਅਵਤਾਰ: ਫਾਇਰ ਐਂਡ ਐਸ਼ੇਜ਼" ਨੂੰ ਸਰਵੋ-ਤਮ ਵਿਜ਼ੂਅਲ ਇਫੈਕਟਸ ਲਈ ਪੁਰਸਕਾਰ ਪੇਸ਼ ਕਰ ਰਹੇ ਸਨ।

ਬਾਫਟਾ ਨੇ ਕਿਹਾ ਕਿ ਬਾਫਟਾ ਫਿਲਮ ਪੁਰਸਕਾਰ ਸਮਾਰੋਹ ਵਿੱਚ ਸਾਡੇ ਮਹਿਮਾਨਾਂ ਨੇ ਬਹੁਤ ਹੀ ਅਪਮਾਨਜਨਕ ਭਾਸ਼ਾ ਸੁਣੀ, ਜਿਸ ਨਾਲ ਬਹੁਤ ਸਾਰੇ ਲੋਕਾਂ ਨੂੰ ਸਦਮਾ ਲੱਗਾ। ਜਿਸ ਲਈ ਅਸੀਂ ਸਾਰਿਆਂ ਤੋਂ ਮੁਆਫੀ ਮੰਗਦੇ ਹਾਂ।

ਬਿਆਨ ਵਿੱਚ ਕਿਹਾ ਗਿਆ ਹੈ ਸਾਡੇ ਮਹਿਮਾਨਾਂ ਵਿੱਚੋਂ ਇੱਕ ਜੌਨ ਡੇਵਿਡਸਨ (ਐਮ ਬੀ ਈ) ਨੂੰ ਟੂਰੇਟ ਸਿੰਡਰੋਮ ਹੈ ਅਤੇ ਉਸਨੇ ਇਸ ਸਥਿਤੀ ਦੀ ਬਿਹਤਰ ਸਮਝ ਲਈ ਸਿੱਖਿਆ ਅਤੇ ਮੁਹਿੰਮ ਚਲਾਉਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੈ।

ਬਿਆਨ ਦੇ ਅਨੁਸਾਰ ਜਦੋਂ ਟੂਰੇਟ ਸਿੰਡਰੋਮ ਵਾਲੇ ਇੱਕ ਵਿਅਕਤੀ ਦੇ ਮੂੰਹ ਵਿੱਚੋਂ ਅਣਇੱਛਤ ਸ਼ਬਦ (ਟਿੱਕ) ਨਿਕਲਦਾ ਹੈ, ਜਿਸ 'ਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਹੁੰਦਾ। ਇਹ ਸ਼ਬਦ ਕਿਸੇ ਵੀ ਤਰ੍ਹਾਂ ਕਿਸੇ ਵਿਅਕਤੀ ਦੇ ਵਿਸ਼ਵਾਸਾਂ ਨੂੰ ਦਰਸਾਉਂਦੇ ਨਹੀਂ ਹਨ, ਨਾ ਹੀ ਇਹ ਜਾਣਬੁੱਝ ਕੇ ਬੋਲੇ ਜਾਂਦੇ ਹਨ। ਜੌਨ ਡੇਵਿਡਸਨ ਬਾਫਟਾ-ਨਾਮਜ਼ਦ ਫਿਲਮ "ਆਈ ਸਵੇਅਰ" ਦੇ ਕਾਰਜਕਾਰੀ ਨਿਰਮਾਤਾ ਹਨ, ਜੋ ਉਹਨਾਂ ਦੇ ਜੀਵਨ ਦੇ ਤਜ਼ਰਬਿਆਂ 'ਤੇ ਅਧਾਰਤ ਹੈ। ਬਾਫਟਾ ਨੇ ਕਿਹਾ ਕਿ ਉਸਨੇ ਐਤਵਾਰ ਦੇ ਸਮਾਰੋਹ ਵਿੱਚ ਹਾਜ਼ਰੀਨ ਨੂੰ ਡੇਵਿਡਸਨ ਦੀ ਸਥਿਤੀ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਬਾਫਟਾ ਨੇ ਇੱਕ ਬਿਆਨ ਵਿੱਚ ਕਿਹਾ, "ਸਮਾਰੋਹ ਦੀ ਸ਼ੁਰੂਆਤ ਵਿੱਚ, ਦਰਸ਼ਕਾਂ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਇੱਕ ਬਹੁਤ ਹੀ ਅਪਮਾਨਜਨਕ ਸ਼ਬਦ ਸੁਣਿਆ।" ਮਾਈਕਲ ਬੀ. ਜੌਰਡਨ ਅਤੇ ਡੇਲਰੋਏ ਲਿੰਡੋ ਉਸ ਸਮੇਂ ਸਟੇਜ 'ਤੇ ਸਨ। ਅਸੀਂ ਉਨ੍ਹਾਂ ਤੋਂ ਅਤੇ ਪ੍ਰਭਾਵਿਤ ਸਾਰਿਆਂ ਤੋਂ ਬਿਨਾਂ ਸ਼ਰਤ ਮੁਆਫ਼ੀ ਮੰਗਦੇ ਹਾਂ। ਅਸੀਂ ਮਾਈਕਲ ਅਤੇ ਡੇਲਰੋਏ ਦਾ ਉਨ੍ਹਾਂ ਦੀ ਸ਼ਾਨਦਾਰ ਮਾਣ-ਮਰਿਆਦਾ ਅਤੇ ਪੇਸ਼ੇਵਰਤਾ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ।

## ਲੰਡਨ ਦੇ ਮੇਅਰ ਲਈ ਚੋਣ ਲੜਨ ਦੀ ਇੱਛਾ ਰੱਖਣ ਵਾਲੇ ਭਾਰਤੀ ਮੂਲ ਦੇ ਕਾਰੋਬਾਰੀ ਨੂੰ ਧੋਖਾਧੜੀ ਮਾਮਲੇ 'ਚ ਕੈਦ



ਘਨਸ਼ਿਆਮ ਸਰੂਪ ਬੱਤਰਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਮੇਅਰ ਲਈ ਚੋਣ ਲੜਨ ਦੀ ਇੱਛਾ ਰੱਖਣ ਵਾਲੇ ਭਾਰਤੀ ਮੂਲ ਦੇ ਕਾਰੋਬਾਰੀ ਅਤੇ ਦੱਖਣ-ਪੂਰਬੀ ਇੰਗਲੈਂਡ ਦੇ ਐਸੈਕਸ ਵਿੱਚ ਇੱਕ ਜਾਇਦਾਦ ਕਿਰਾਏ 'ਤੇ ਦੇਣ ਵਾਲੀ ਕੰਪਨੀ ਦੇ ਮਾਲਕ ਨੂੰ ਯੂ ਕੇ ਇਨਸੌਲਵੈਂਸੀ ਸਰਵਿਸ ਦੁਆਰਾ ਕੀਤੀ ਗਈ ਜਾਂਚ ਤੋਂ ਬਾਅਦ ਧੋਖਾਧੜੀ ਦੇ ਦੋਸ਼ ਵਿੱਚ ਸਜ਼ਾ ਸੁਣਾਈ ਗਈ ਹੈ। ਘਨਸ਼ਿਆਮ ਸਰੂਪ ਬੱਤਰਾ (ਜਿਸਨੂੰ ਸ਼ਿਆਮ ਬੱਤਰਾ ਵੀ ਕਿਹਾ ਜਾਂਦਾ ਹੈ) ਨੇ 2024 ਲੰਡਨ ਦੇ ਮੇਅਰ ਚੋਣਾਂ ਵਿੱਚ ਇੱਕ ਸੁਤੰਤਰ ਉਮੀਦਵਾਰ ਵਜੋਂ ਚੋਣ ਲੜਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ, ਪਰ ਆਖਿਰ ਵਿੱਚ ਨਾਮਜ਼ਦ ਨਹੀਂ ਕੀਤਾ ਗਿਆ।*** 63 ਸਾਲਾ ਬੱਤਰਾ ਨੂੰ ਆਪਣੀ ਕੰਪਨੀ ਦੇ ਬੈਂਕ ਖਾਤੇ ਤੋਂ 100,000 ਪੌਂਡ ਤੋਂ ਵੱਧ ਆਪਣੇ ਨਿੱਜੀ ਖਾਤੇ ਵਿੱਚ ਟ੍ਰਾਂਸਫਰ ਕਰਨ ਲਈ 12 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ, 18 ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਗਿਆ। ਇਨਸੌਲਵੈਂਸੀ ਸਰਵਿਸ ਦੇ ਮੁੱਖ ਜਾਂਚਕਰਤਾ ਕ੍ਰਿਸ ਵੁੱਡ ਨੇ ਕਿਹਾ, "ਘਨਸ਼ਿਆਮ ਸਰੂਪ ਬੱਤਰਾ ਨੂੰ ਬਿਲਕੁਲ ਪਤਾ ਸੀ ਕਿ ਉਹ ਕੀ ਕਰ ਰਿਹਾ ਸੀ ਜਦੋਂ ਉਸਨੇ ਕੰਪਨੀ ਦੇ ਬੈਂਕ ਖਾਤੇ ਨੂੰ ਖਾਲੀ ਕਰ ਦਿੱਤਾ।"

ਬੱਤਰਾ ਡਾਇਲਨ ਲੈਟਿੰਗਜ਼ ਵਰਲਡਵਾਈਡ ਲਿਮਟਿਡ ਦਾ ਡਾਇਰੈਕਟਰ ਸੀ ਜੋ ਲੰਡਨ ਸਥਿਤ ਚਾਰ ਅਪਾਰਟਮੈਂਟ ਹੋਟਲਾਂ ਦਾ ਪ੍ਰਬੰਧਨ ਕਰਦੀ ਸੀ। 2017 ਵਿੱਚ ਜਦੋਂ ਕੰਪਨੀ ਅਤੇ ਇਸਦੀਆਂ ਜਾਇਦਾਦਾਂ ਨੂੰ ਰਸਮੀ ਤੌਰ 'ਤੇ ਅਦਾਲਤ ਦੁਆਰਾ ਨਿਯੁਕਤ ਕੀਤੇ ਗਏ ਅਧਿਕਾਰਤ ਰਿਸੀਵਰ ਨੂੰ ਤਬਦੀਲ ਕੀਤਾ ਗਿਆ, ਤਾਂ ਉਸਨੇ ਚਾਰ ਦਿਨਾਂ ਦੀ ਮਿਆਦ ਵਿੱਚ ਕੰਪਨੀ ਦੇ ਖਾਤੇ ਵਿੱਚੋਂ ਸਾਰੇ ਫੰਡ ਕਢਵਾ ਲਏ ਅਤੇ ਪਿੱਛੇ ਸਿਰਫ 3 ਪੌਂਡ 48 ਪਿੰਨਸ ਹੀ ਛੱਡੇ ਸਨ।

## ਲੰਡਨ ਦੇ 100 ਸਾਲ ਪੁਰਾਣੇ ਭਾਰਤੀ ਰੈਸਟੋਰੈਂਟ ਨੂੰ ਬੰਦ ਹੋਣ ਤੋਂ ਬਚਾਉਣ ਲਈ ਮਹਾਰਾਜਾ ਚਾਰਲਸ ਨੂੰ ਦਖ਼ਲ ਦੇਣ ਦੀ ਅਪੀਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਸਭ ਤੋਂ ਪੁਰਾਣੇ ਭਾਰਤੀ ਰੈਸਟੋਰੈਂਟ ਨੂੰ ਬੰਦ ਹੋਣ ਤੋਂ ਬਚਾਉਣ ਲਈ ਮਹਾਰ-ਾਜਾ ਚਾਰਲਸ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਵੀਰਸਵਾਮੀ ਨਾਮ ਦਾ ਇਹ ਰੈਸਟੋਰੈਂਟ 1926 ਵਿੱਚ ਰੀਜੈਂਟ ਸਟਰੀਟ ਲੰਡਨ ਤੇ ਖੁੱਲ੍ਹਿਆ ਸੀ, ਜੋ ਹੁਣ ਤੱਕ ਚੱਲ ਰਿਹਾ ਹੈ। ਪਰ ਕ੍ਰਾਊਨ ਅਸਟੇਟ ਨੇ ਇਸ ਦੀ ਲੀਜ਼ ਨੂੰ ਨਵਿਆਉਣ ਤੋਂ ਇਨਕਾਰ ਕਰ ਦਿੱਤਾ।ਬਰਤਾਨੀਆਂ ਦੇ ਸਭ ਤੋਂ ਪੁਰਾਣੇ ਬਚੇ ਹੋਏ ਭਾਰਤੀ ਰੈਸਟੋਰੈਂਟ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਮੁਹਿੰਮਕਾਰ ਕਿੰਗ ਚਾਰਲਸ ਨੂੰ ਦਖਲ ਦੇਣ ਲਈ ਕਹਿਣ ਵਾਲੀ ਬਕਿੰਘਮ ਪੈਲੇਸ ਨੂੰ ਇੱਕ ਪਟੀਸ਼ਨ ਪਾਈ ਹੈ ਜਿਸ ਤੇ 18000 ਤੋਂ ਵੱਧ ਲੋਕਾਂ ਨੇ ਦਸਤਖ਼ਤ ਕੀਤੇ ਹਨ। ਮੁਹਿੰਮਕਾਰਾਂ ਨੇ ਕਿਹਾ ਕਿ ਇਸ ਰੈਸਟੋਰੈਂਟ ਨੂੰ ਸਾਂਝੇ ਸੱਭਿਆਚਾਰਕ ਇਤਿਹਾਸਕ ਨਿਸ਼ਾਨੀ ਵਜੋਂ ਸੁਰੱਖਿਅਤ ਰੱਖਿਆ ਜਾਵੇ।ਕ੍ਰਾਊਨ ਅਸਟੇਟ ਦਾ ਕਹਿਣਾ ਹੈ ਕਿ ਇਮਾਰਤ ਨੂੰ ਨਵੀਨੀਕਰਨ ਦੀ ਲੋੜ ਹੈ ਜੋ ਰੈਸਟੋਰੈਂਟ ਦੇ ਨਾਲ ਨਹੀਂ ਕੀਤਾ ਜਾ ਸਕਦਾ। ਬੁਲਾਰੇ ਨੇ ਕਿਹਾ ਕਿ ਰੈਸਟੋਰੈਂਟ ਬਾਰੇ ਇਹ ਫੈਸਲਾ ਹਲਕੇ ਵਿੱਚ ਨਹੀਂ ਲਿਆ ਹੈ। ਕ੍ਰਾਊਨ ਅਸਟੇਟ ਇੱਕ ਸੁਤੰਤਰ ਜਾਇਦਾਦ ਕੰਪਨੀ ਹੈ ਜਿਸਦਾ ਮੁਨਾਫਾ ਖਜ਼ਾਨੇ ਵਿੱਚ ਜਾਂਦਾ ਹੈ। ਰੇਮੰਡ ਬਲੈਂਕ, ਮਿਸ਼ੇਲ ਰੌਕਸ ਅਤੇ ਰਿਚਰਡ ਕੋਰੀਗਨ ਸਮੇਤ ਮਸ਼ਹੂਰ ਸ਼ੈੱਫਾਂ ਨੇ ਵੀ ਰੈਸਟੋਰੈਂਟ ਬੰਦ ਕਰਨ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਪਟੀਸ਼ਨ ਵਿੱਚ ਮਹਾਰਾਜਾ ਚਾਰਲਸ ਨੂੰ ਇੱਕ ਇਤਿਹਾਸਕ ਸੰਸਥਾ ਅਤੇ ਭਾਰਤ-ਬ੍ਰਿਟਿਸ਼ ਸੱਭਿਆਚਾਰਕ ਸਬੰਧਾਂ ਦੇ ਪ੍ਰਤੀਕ ਨੂੰ ਸੁਰੱਖਿਅਤ ਰੱਖਣ ਦੀ ਅਪੀਲ ਕੀਤੀ ਹੈ ਕਿਉਂਕਿ ਰੈਸਟੋਰੈਂਟ ਮਾਰਚ ਵਿੱਚ ਆਪਣੀ ਸ਼ਤਾਬਦੀ ਮਨਾ ਰਿਹਾ ਹੈ।ਸਹਿ-ਮਾਲਕ ਰਣਜੀਤ ਮਥਰਾਨੀ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੇ ਨਾਲ-ਨਾਲ ਭਾਰਤ ਨਾਲ ਸਬੰਧਿਤ ਜਨਰਲ, ਸਿਵਲ ਸੇਵਕ ਅਤੇ ਕਾਰੋਬਾਰੀ ਇਸ ਦੇ ਸ਼ੁਰੂਆਤੀ ਸਰਪ੍ਰਸਤ ਸਨ। ਮਹਾਤਮਾ ਗਾਂਧੀ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਸਦੇ ਗਾਹਕਾਂ ਵਿੱਚ ਸ਼ਾਮਲ ਸਨ। ਅਦਾਕਾਰ ਚਾਰਲੀ ਚੈਪਲਿਨ ਅਤੇ ਮਾਰਲਨ ਬ੍ਰਾਂਡੋ ਅਤੇ ਸਰ ਵਿੰਸਟਨ ਚਰਚਿਲ ਵਰਗੀਆਂ ਰਾਜਨੀਤਿਕ ਹਸਤੀਆਂ ਤੋਂ ਇਲਾਵਾ ਰਾਜਕੁਮਾਰੀ ਐਨ, ਡੇਵਿਡ ਕੈਮਰਨ ਅਤੇ ਐਂਡਰਿਊ ਲੋਇਡ ਵੈਬਰ ਵੀ ਇਥੇ ਸ਼ਿਰਕਤ ਕਰਦੇ ਰਹੇ ਹਨ।




ਵੀਰੱਸਵੱਮੀ ਰੈਸਟੋਰੈਂਟ ਨੂੰ ਬਚਾਉਣ ਲਈ ਬਕਿੰਘਮ ਪੈਲਿਸ ਦੇ ਬਾਹਰ ਮੁਹਿੰਮਕਾਰ ਪ੍ਰਦਰਸ਼ਨ ਕਰਦੇ ਹੋਏ

# ਪੰਜਾਬ ਵਿੱਚ ਗੈਂਗਸਟਰਵਾਦ ਦਾ ਖ਼ੌਫ਼ਨਾਕ ਦੌਰ: ਹੁਣ ਨਿਸ਼ਾਨੇ 'ਤੇ 'ਆਪ' ਆਗੂ ਤੇ ਪੁਲਿਸ

**ਖਾਸ ਰਿਪੋਰਟ**

## ✪ ਸਰਹੱਦ ਤੋਂ ਜੇਲ੍ਹ ਤੱਕ ਗੈਂਗਸਟਰਾਂ ਦਾ ਫੈਲਿਆ ਜਾਲ: ਕੀ ਬੇਵਸ ਹੋ ਚੁੱਕੀ ਹੈ ਮਾਨ ਸਰਕਾਰ ?

## ✪ "ਵਿਦੇਸ਼ੀ ਹੈਂਡਲਰਾਂ ਦੇ 'ਰਿਮੋਟ ਕੰਟਰੋਲ' ਨੇ ਕੰਬਾਇਆ ਪੰਜਾਬ", ਲਾਅ ਐਂਡ ਆਰਡਰ ਦੇ ਪਰਖੱਚੇ ਉੱਡੇ

ਪੰਜਾਬ ਵਿਚ ਗੈਂਗਸਟਰ ਹਿੰਸਾ ਦਾ ਇਤਿਹਾਸ ਨਵਾਂ ਨਹੀਂ ਪਰ ਇਸ ਵਾਰ ਇਸ ਨੇ ਭਿਆਨਕ ਰੂਪ ਧਾਰ ਲਿਆ ਹੈ। ਇਸ ਢਾਂਚੇ ਦੀਆਂ ਜੜ੍ਹਾਂ ਵਿਦੇਸ਼ਾਂ ਤਕ ਡੂੰਘੀਆਂ ਹਨ ਅਤੇ ਸ਼ਾਖਾਵਾਂ ਹਰ ਖੇਤਰ ਖੇਡ ਜਗਤ, ਸੰਗੀਤ ਉਦਯੋਗ, ਰਾਜਨੀਤੀ ਤੱਕ ਫੈਲੀਆਂ ਹੋਈਆਂ ਹਨ। ਹਾਲ ਹੀ ਵਿਚ ਗੈਂਗਸਟਰ ਇਕਲੌਤੀ ਔਲਾਦ ਵਾਲੇ ਅਮੀਰ ਪਰਿਵਾਰਾਂ ਨੂੰ ਟਾਰਗੇਟ ਕਰ ਰਹੇ ਹਨ, ਕਿਉਂਕਿ ਉਹ ਵੰਸ਼ ਖਤਮ ਹੋਣ ਦੇ ਡਰੋਂ ਚੁੱਪਚਾਪ ਫਿਰੌਤੀ ਦੇ ਦਿੰਦੇ ਹਨ। ਇੱਕ ਵੱਡਾ ਬਦਲਾਅ ਇਹ ਆਇਆ ਹੈ ਕਿ ਪਹਿਲਾਂ ਗੈਂਗਸਟਰ ਜੇਲ੍ਹ ਚਲਾ ਜਾਂਦਾ ਤਾਂ ਲੋਕ ਸੁੱਖ ਦਾ ਸਾਹ ਲੈਂਦੇ ਸਨ ਪਰ ਹੁਣ ਜੇਲ੍ਹ ਵਿਚ ਬੈਠ ਕੇ ਫੋਨ ਰਾਹੀਂ ਧਮਕੀਆਂ ਦੇਣਾ ਗੈਂਗਸਟਰ ਬਣਨ ਦਾ ਤਸਦੀਕਸ਼ੁਦਾ ਤਰੀਕਾ ਬਣ ਗਿਆ ਹੈ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਠੀਕ ਹੀ ਕਿਹਾ ਸੀ, "ਵਿਰੋਧੀ ਪਾਰਟੀਆਂ ਦੇ ਕਹਿਣ ਜਾਂ ਨਾ ਕਹਿਣ ਦਾ ਸਵਾਲ ਨਹੀਂ, ਇੰਝ ਲਗਦਾ ਹੈ ਜਿਵੇਂ ਇਨ੍ਹਾਂ ਲੋਕਾਂ ਨੂੰ ਪੁਲਿਸ ਦਾ ਡਰ ਨਹੀਂ ਰਿਹਾ।" ਪੰਜਾਬ ਵਿੱਚ ਗੈਂਗਸਟਰ ਹਿੰਸਾ ਇੱਕ ਭਿਆਨਕ ਮਹਾਮਾਰੀ ਬਣ ਚੁੱਕੀ ਹੈ।

ਬੀਤੇ ਦਿਨੀਂ ਤਰਨਤਾਰਨ ਜ਼ਿਲ੍ਹੇ ਦੇ ਠੱਠੀਆਂ ਮਹੰਤਾਂ ਪਿੰਡ ਵਿਚ ਆਪ ਦੇ ਆਗੂ ਤੇ ਸਰਪੰਚ ਹਰਬਰਿੰਦਰ ਸਿੰਘ ਦਾ ਵਿਆਹ ਸਮਾਗਮ ਦੌਰਾਨ ਦਿਨ-ਦਿਹਾੜੇ ਏ.ਕੇ.-47 ਨਾਲ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਹਮਲਾਵਰ ਆਰਾਮ ਨਾਲ ਫਰਾਰ ਹੋ ਗਏ ਸਨ ਅਤੇ ਲਖਬੀਰ ਲੰਡਾ ਗੈਂਗ ਨੇ ਸੋਸ਼ਲ ਮੀਡੀਆ ਰਾਹੀਂ ਜ਼ਿੰਮੇਵਾਰੀ ਲਈ ਸੀ।

ਇਹ ਕੋਈ ਇਕੱਲੀ ਘਟਨਾ ਨਹੀਂ, ਬਲਕਿ ਆਪ ਸਰਕਾਰ ਬਣਨ ਤੋਂ ਬਾਅਦ ਤਰਨਤਾਰਨ ਵਿਚ ਹੀ ਆਪ ਦੇ ਸੱਤ ਆਗੂਆਂ/ਵਰਕਰਾਂ ਦੇ ਕਤਲ ਹੋ ਚੁੱਕੇ ਹਨ। ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਗੈਂਗਸਟਰਾਂ ਨੂੰ ਨਾ ਪੁਲਿਸ ਦਾ ਡਰ ਹੈ, ਨਾ ਸਰਕਾਰ ਦਾ ਅਤੇ ਨਾ ਹੀ ਕਾਨੂੰਨ ਦਾ।

ਆਪ ਸਰਕਾਰ ਆਉਣ ਤੋਂ ਬਾਅਦ ਭਗਵੰਤ ਮਾਨ ਨੇ ਵੱਡੇ-ਵੱਡੇ ਵਾਅਦੇ ਕੀਤੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਅਪਰਾਧ ਤੇ ਹਿੰਸਾ ਖਤਮ ਕੀਤੀ ਜਾਵੇਗੀ। ਹੁਣੇ ਜਿਹੇ 'ਗੈਂਗਸਟਰਾਂ ਤੇ ਵਾਰ' ਆਪ੍ਰੇਸ਼ਨ ਸ਼ੁਰੂ ਕੀਤਾ ਗਿਆ ਹੈ, ਹਜ਼ਾਰਾਂ ਗ੍ਰਿਫਤਾਰੀਆਂ ਹੋਈਆਂ ਸਨ, ਐਨਕਾਊਂਟਰ ਹੋਏ ਸਨ ਪਰ ਨਤੀਜਾ ਉਲਟਾ ਨਿਕਲਿਆ। ਹਿੰਸਾ ਘਟਣ ਦੀ ਥਾਂ ਵਧਦੀ ਜਾ ਰਹੀ ਹੈ। ਤਰਨਤਾਰਨ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ ਵਰਗੇ ਖੇਤਰਾਂ ਵਿਚ ਗੈਂਗਸਟਰਾਂ ਨੇ ਡੂੰਘੀਆਂ ਜੜ੍ਹਾਂ ਜਮਾ ਲਈਆਂ ਹਨ। ਵਿਦੇਸ਼ੀ ਗੈਂਗਸਟਰ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ, ਲਖਬੀਰ ਲੰਡਾ, ਜੋਗਾ ਫੋਲੜੀਵਾਲ ਆਦਿ ਕੈਨੇਡਾ, ਅਮਰੀਕਾ ਤੇ ਯੂਰਪ ਤੋਂ ਫੋਨ ਰਾਹੀਂ ਆਪ੍ਰੇਸ਼ਨ ਚਲਾ ਰਹੇ ਹਨ। ਉਨ੍ਹਾਂ ਕੋਲ ਡਰੋਨ ਰਾਹੀਂ ਪਾਕਿਸਤਾਨ ਤੋਂ ਗਲੌਕ ਪਿਸਤੌਲ ਤੇ ਏ.ਕੇ.-47 ਆ ਰਹੇ ਹਨ। ਯੁਵਕਾਂ ਨੂੰ 5 ਤੋਂ 10 ਲੱਖ ਰੁਪਏ ਵਿਚ ਭਾੜੇ ਤੇ ਸ਼ੂਟਰ ਬਣਾਇਆ ਜਾ ਰਿਹਾ ਹੈ। ਫਿਰੌਤੀ ਰੈਕੇਟ ਇਸ ਦਾ ਮੁੱਖ ਕਾਰਨ ਹੈ।



ਤਰਨਤਾਰਨ ਵਿਚ ਆਪ ਆਗੂਆਂ ਦੇ ਕਤਲਾਂ ਦੀ ਲੜੀ ਬਹੁਤ ਲੰਮੀ ਹੈ। 14 ਜਨਵਰੀ 2024 ਨੂੰ ਤਤਕਾਲੀ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਕਰੀਬੀ ਝਬਾਲ ਦੇ ਸਰਪੰਚ ਅਵਨ ਕੁਮਾਰ ਸੋਨੂੰ ਚੀਮਾ ਨੂੰ ਸੈਲੂਨ ਵਿਚ ਗੋਲੀਆਂ ਮਾਰੀਆਂ ਗਈਆਂ ਸਨ। 1 ਮਾਰਚ 2024 ਨੂੰ ਖਡੂਰ ਸਾਹਿਬ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਕਰੀਬੀ ਵਲੰਟੀਅਰ ਗੁਰਪ੍ਰੀਤ ਸਿੰਘ ਗੋਪੀ ਚੋਹਲਾ ਨੂੰ ਫਤਿਹਾਬਾਦ ਨੇੜੇ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰੀਆਂ ਸਨ। 13 ਸਤੰਬਰ 2024 ਨੂੰ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਕਰੀਬੀ ਬਚਿੱਤਰ ਸਿੰਘ ਨੂੰ ਪੱਟੀ ਨੇੜੇ ਕਤਲ ਕੀਤਾ ਗਿਆ ਸੀ। 7 ਅਕਤੂਬਰ 2024 ਨੂੰ ਤਲਵੰਡੀ ਮੋਹਰ ਸਿੰਘ ਦੇ ਵਲੰਟੀਅਰ ਰਾਜਵਿੰਦਰ ਸਿੰਘ ਉਰਫ਼ ਰਾਜੂ ਸੰਧੂ ਨੂੰ ਬੀ.ਡੀ.ਪੀ.ਓ. ਦਫ਼ਤਰ ਤੋਂ ਵਾਪਸ ਆਉਂਦਿਆਂ ਬੇਰਹਿਮੀ ਨਾਲ ਮਾਰਿਆ ਗਿਆ ਸੀ। 17 ਨਵੰਬਰ 2024 ਨੂੰ 74 ਸਾਲਾ ਸਰਪੰਚ ਪ੍ਰਤਾਪ ਸਿੰਘ (ਲਾਲੂ ਘੁੰਮਣ) ਨੂੰ ਗੋਲੀਆਂ ਮਾਰੀਆਂ ਗਈਆਂ ਸਨ।

2026 ਵਿਚ ਤੇਜ਼ੀ ਆਈ-4 ਜਨਵਰੀ ਨੂੰ ਵਲਟੋਹਾ ਦੇ ਸਰਪੰਚ ਜਰਮਲ ਸਿੰਘ ਨੂੰ ਵਿਆਹ ਰਿਜ਼ੋਰਟ ਵਿਚ ਗੋਲੀਆਂ ਮਾਰੀਆਂ ਗਈਆਂ ਸਨ। ਉਸ ਨੂੰ ਫਿਰੌਤੀ ਧਮਕੀਆਂ ਮਿਲੀਆਂ ਸਨ ਅਤੇ ਉਸ ਨੇ ਪੁਲਿਸ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਸੀ ਪਰ ਹਮਲਾਵਰ ਅਜੇ ਤੱਕ ਫੜੇ ਨਹੀਂ ਗਏ।

16 ਜਨਵਰੀ ਨੂੰ ਹੁਸ਼ਿਆਰਪੁਰ ਦੇ ਟਾਂਡਾ ਵਿਚ ਪਿੰਡ ਮਿਆਣੀ ਵਿਚ ਆਪ ਆਗੂ ਬਲਵਿੰਦਰ ਸਿੰਘ ਸਤਿਕਰਤਾਰ ਨੂੰ ਦੁਕਾਨ ਵਿਚ ਬੈਠਿਆਂ ਗੋਲੀਆਂ ਮਾਰੀਆਂ ਗਈਆਂ ਸਨ। ਅਮਰੀਕਾ ਜੇਲ੍ਹ ਵਿਚ ਬੈਠੇ ਗੁਰਦੇਵ ਜੱਸਲ ਨੇ ਜ਼ਿੰਮੇਵਾਰੀ ਲਈ ਸੀ। 6 ਫਰਵਰੀ ਨੂੰ ਜਲੰਧਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਕਰੀਬੀ ਲੱਕੀ ਓਬਰਾਏ (ਸਤਵਿੰਦਰਪਾਲ ਸਿੰਘ) ਨੂੰ ਗੁਰਦੁਆਰਾ ਤੋਂ ਬਾਹਰ ਗੱਡੀ ਵਿਚ ਬੈਠਿਆਂ ਗੋਲੀਆਂ ਮਾਰੀਆਂ ਗਈਆਂ ਸਨ। ਇਸ ਤੋਂ ਬਾਅਦ 18 ਫਰਵਰੀ ਨੂੰ ਹਰਬਰਿੰਦਰ ਸਿੰਘ ਦਾ ਕਤਲ ਹੋਇਆ ਸੀ। ਫਗਵਾੜਾ ਨੇੜੇ ਪਿੰਡ ਦਰਵੇਸ਼ ਵਿਚ ਆਪ ਆਗੂ ਦਲਜੀਤ ਰਾਜੂ ਦੇ ਘਰ ਅੱਗੇ 23 ਫਾਇਰ ਕੀਤੇ ਗਏ ਅਤੇ 5 ਕਰੋੜ ਫਿਰੌਤੀ ਦੀ ਧਮਕੀ ਦਿੱਤੀ ਗਈ। ਗੈਂਗਸਟਰਾਂ ਨੇ ਸਿੱਧਾ ਚੈਲੰਜ ਕੀਤਾ - "ਨਾ ਪੁਲਿਸ ਬਚਾ ਸਕਦੀ ਹੈ, ਨਾ ਮੁੱਖ ਮੰਤਰੀ ਤੇ ਨਾ ਡੀ.ਜੀ.ਪੀ."

ਇਹ ਕਤਲ ਵਿਆਹ ਸਮਾਗਮਾਂ ਵਿਚ ਹੋਣਾ ਖਾਸ ਤੌਰ ਤੇ ਚਿੰਤਾਜਨਕ ਹੈ। ਵਲਟੋਹਾ ਅਤੇ ਠੱਠੀਆਂ ਮਹੰਤਾਂ ਵਿਚ ਵਿਆਹਾਂ ਵਿਚ ਹੋਏ ਕਤਲਾਂ ਤੋਂ ਸਾਫ਼ ਹੈ ਕਿ ਅਪਰਾਧੀਆਂ ਨੂੰ ਕਿਸੇ ਖ਼ੌਫ਼ ਨਹੀਂ। ਪੁਲਿਸ ਨੂੰ ਭਿਣਕ ਤੱਕ ਨਹੀਂ ਲੱਗਦੀ। ਆਪ ਵਿਧਾਇਕ ਵੀ ਖ਼ਤਰੇ ਵਿਚ ਹਨ। ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ ਨੂੰ ਬੁਲੇਟ ਪਰੂਫ਼ ਗੱਡੀ ਅਤੇ ਵਧੀਕ ਗੰਨਮੈਨ ਦਿੱਤੇ ਗਏ ਹਨ। ਆਤਮਨਗਰ ਤੋਂ ਕੁਲਵੰਤ ਸਿੰਘ ਸਿੱਧੂ ਤੇ ਜਲੰਧਰ ਤੋਂ ਰਮਨ ਅਰੋੜਾ ਨੂੰ ਧਮਕੀਆਂ ਮਿਲੀਆਂ ਸਨ।

ਆਪ ਸਰਕਾਰ ਕ੍ਰਾਈਮ ਕੰਟਰੋਲ ਕਿਉਂ ਨਾ ਕਰ ਸਕੀ ?-ਸਰਕਾਰ ਦਾ ਦਾਅਵਾ ਹੈ ਕਿ ਹਜ਼ਾਰਾਂ ਗੈਂਗਸਟਰ ਗ੍ਰਿਫਤਾਰ ਕੀਤੇ, ਐਨਕਾਊਂਟਰ ਕੀਤੇ ਅਤੇ 'ਆਪ੍ਰੇਸ਼ਨ ਪ੍ਰਹਾਰ' ਚਲਾਇਆ। ਸੋਸ਼ਲ ਮੀਡੀਆ ਤੋਂ 10 ਹਜ਼ਾਰ ਖਾਤੇ ਹਟਾਏ ਗਏ ਸਨ ਜੋ ਅਪਰਾਧਾਂ ਦੀ ਵਡਿਆਈ ਕਰਦੇ ਸਨ। ਰਾਜਪੁਰਾ ਵਿਚ ਗੈਂਗਸਟਰ ਵਿਰੋਧੀ ਪੁਲਿਸ ਥਾਣਾ ਬਣਾਇਆ ਗਿਆ ਜਿਸ ਦਾ ਪੂਰਾ ਪੰਜਾਬ ਅਧਿਕਾਰ ਖੇਤਰ ਹੈ। ਇਸ ਥਾਣੇ ਨੂੰ ਛਾਪਾ ਮਾਰਨ, ਤਲਾਸ਼ੀ ਲੈਣ ਤੇ ਪਰਚਾ ਦਰਜ ਕਰਨ ਦੀ ਪੂਰੀ ਖੁੱਲ੍ਹ ਹੈ। ਡੇਢ ਸੌ ਡਿਪਟੀ ਤੇ ਸੀਨੀਅਰ ਪੁਲਿਸ ਅਧਿਕਾਰੀ ਤਾਇਨਾਤ ਹਨ। 61 ਵੱਡੇ ਗੈਂਗਸਟਰਾਂ ਦੀ ਸੂਚੀ ਜਨਤਕ ਕੀਤੀ ਗਈ ਜਿਸ ਵਿਚ ਗੋਲਡੀ ਬਰਾੜ ਤੇ ਰਿੰਦਾ ਵਰਗੇ ਨਾਂ ਸਿਖਰ ਤੇ ਹਨ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ, "ਅਸੀਂ ਗੈਂਗਸਟਰਾਂ ਦਾ ਸਫ਼ਾਇਆ ਕਰਕੇ ਹੀ ਦਮ ਲਵਾਂਗੇ।" ਲੋਕਾਂ ਨੂੰ ਅਪੀਲ ਕੀਤੀ ਗਈ ਕਿ ਗੈਂਗਸਟਰਾਂ ਬਾਰੇ ਜਾਣਕਾਰੀ ਗੁਪਤ ਰੱਖੀ ਜਾਵੇਗੀ ਅਤੇ ਹੈਲਪ ਲਾਈਨ ਜਾਰੀ ਕੀਤੀ ਗਈ ਹੈ। ਪਰ ਹਰ ਮਹੀਨੇ 20-25 ਕਤਲ ਹੋ ਰਹੇ ਹਨ। ਹਰਬਰਿੰਦਰ ਸਿੰਘ ਦੇ ਕਤਲ ਤੋਂ ਬਾਅਦ ਡੀ.ਜੀ.ਪੀ. ਗੌਰਵ ਯਾਦਵ ਨੇ ਤੁਰੰਤ ਡੀ.ਐੱਸ.ਪੀ. ਤੇ ਐੱਸ.ਐੱਚ.ਓ. ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਵਲਟੋਹਾ ਕੇਸ ਵਿਚ ਵੀ ਐਕਸ਼ਨ ਲਿਆ ਗਿਆ ਸੀ ਪਰ ਆਮ ਲੋਕਾਂ ਦੇ ਕਤਲਾਂ ਵਿਰੁਧ ਇੰਨੀ ਤੇਜ਼ੀ ਨਾਲ ਕਾਰਵਾਈ ਕਿਉਂ ਨਹੀਂ ਹੋ ਰਹੀ ?

ਸਰਕਾਰ ਤੇ ਪੁਲੀਸ ਉਪਰ ਬੇਭਰੋਸਗੀ ਕਿਉਂ ਵਧੀ-ਗੈਂਗਸਟਰਾਂ ਵਿਚੋਂ ਜ਼ਿਆਦਾਤਰ ਵਿਦੇਸ਼ ਵਿਚ ਬੈਠੇ ਹਨ। ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਅਤੇ ਲਿਆਉਣਾ ਲੰਮੀ ਕਾਨੂੰਨੀ ਪ੍ਰਕਿਰਿਆ ਹੈ। ਉਨ੍ਹਾਂ ਦੀ ਤਕਨੀਕ ਬਹੁਤ ਉੱਨਤ ਹੈ - ਐਪਸ ਰਾਹੀਂ ਗੱਲਬਾਤ। ਆਧੁਨਿਕ ਹਥਿਆਰ ਡਰੋਨ ਰਾਹੀਂ ਆ ਰਹੇ ਹਨ। ਗਵਾਹ ਡਰ ਕੇ ਬਿਆਨ ਬਦਲ ਲੈਂਦੇ ਹਨ। ਅਦਾਲਤਾਂ ਵਿਚ ਗੈਂਗਸਟਰ ਬਰੀ ਹੋ ਜਾਂਦੇ ਹਨ। ਗੈਂਗਸਟਰ ਤੇ ਸਿਆਸੀ ਗੱਠਜੋੜ ਦੀਆਂ ਚਰਚਾਵਾਂ ਵੀ ਹਨ। ਜੇਲ੍ਹਾਂ ਵਿਚ ਫੋਨ ਸਹੂਲਤ ਗੰਭੀਰ ਸਮੱਸਿਆ ਹੈ। ਲੋਕਾਂ ਵਿਚ ਪੁਲਿਸ ਪ੍ਰਤੀ ਬੇਭਰੋਸਗੀ ਵੀ ਵੱਧ ਰਹੀ ਹੈ।

ਵਿਰੋਧੀ ਧਿਰਾਂ ਤਿੱਖੀ ਆਲੋਚਨਾ ਕਰ ਰਹੀਆਂ ਹਨ। ਕਾਂਗਰਸ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ, "ਜੇ ਆਪ ਆਗੂ ਵੀ ਸੁਰੱਖਿਅਤ ਨਹੀਂ ਤਾਂ ਆਮ ਲੋਕ ਕੀ ਕਰਨਗੇ ? ਇਹ ਭਗਵੰਤ ਮਾਨ ਸਰਕਾਰ ਦੀ ਪੂਰੀ ਲਾਚਾਰੀ ਹੈ।"


ਬਾਦਲ ਅਕਾਲੀ ਦਲ ਨੇ ਕਿਹਾ, "ਜੇ ਸੱਤਾਧਾਰੀ ਆਗੂ ਮਰ ਸਕਦੇ ਹਨ ਤਾਂ ਅਸੀਂ ਕਿਵੇਂ ਸੁਰੱਖਿਅਤ ਹਾਂ ? ਸਰਕਾਰ ਨੇ ਲਾਅ ਐਂਡ ਆਰਡਰ ਬਰਬਾਦ ਕਰ ਦਿਤਾ ਹੈ।" ਇਸ ਤੋਂ ਇਲਾਵਾ ਹਾਲ ਹੀ ਵਿਚ ਜਲੰਧਰ ਵਿਚ ਅਕਾਲੀ ਆਗੂ ਐੱਚ.ਐੱਸ. ਵਾਲੀਆ ਦੀ ਗੱਡੀ ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਹੋਇਆ ਸੀ ਜਿਸ ਵਿਚ ਉਨ੍ਹਾਂ ਦਾ ਸਾਥੀ ਗੰਭੀਰ ਜ਼ਖ਼ਮੀ ਹੋ ਗਿਆ। ਵਾਲੀਆ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਸਨ ਅਤੇ ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ ਗਿਆ।

ਦੋ ਪੁਲੀਸ ਵਾਲਿਆਂ ਦੇ ਕਤਲ-ਇਸ ਤੋਂ ਇਲਾਵਾ ਗੁਰਦਾਸਪੁਰ ਵਿਚ ਭਾਰਤ-ਪਾਕ ਸਰਹੱਦ ਨੇੜੇ ਆਦੀਆਂ ਚੈੱਕ ਪੋਸਟ ਤੇ ਤਾਇਨਾਤ ਦੋ ਪੁਲਿਸ ਮੁਲਾਜ਼ਮ - ਏ. ਐੱਸ. ਆਈ. ਗੁਰਨਾਮ ਸਿੰਘ ਅਤੇ ਹੋਮਗਾਰਡ ਅਸ਼ੋਕ ਕੁਮਾਰ - ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਨ੍ਹਾਂ ਦੀਆਂ ਲਾਸ਼ਾਂ ਖੂਨ ਵਿਚ ਲਥਪਥ ਮਿਲੀਆਂ। ਤਹਿਰੀਕ-ਏ-ਹਿੰਦੋਸਤਾਨ ਅਤੇ ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਨੇ ਜ਼ਿੰਮੇਵਾਰੀ ਲਈ ਪਰ ਪੁਲਿਸ ਨੇ ਇਸ ਨੂੰ ਖਾਰਜ ਕਰ ਦਿੱਤਾ ਹੈ। ਰੰਧਾਵਾ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਇਸ ਸਥਿਤੀ ਨੇ ਪੂਰੇ ਪੰਜਾਬ ਨੂੰ ਸਹਿਮ ਵਿਚ ਪਾ ਦਿੱਤਾ ਹੈ।

ਵੱਡਾ ਸਿਆਸੀ ਮੁੱਦਾ ਬਣਿਆ-ਆਗਾਮੀ 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਮੁੱਦਾ ਵੱਡਾ ਬਣ ਰਿਹਾ ਹੈ। ਜੇ ਸਰਕਾਰ ਨੇ ਤੁਰੰਤ ਠੋਸ ਕਦਮ ਨਾ ਉਠਾਏ ਤਾਂ ਲੋਕ ਵਿਸ਼ਵਾਸ ਗਵਾ ਬੈਠਣਗੇ। ਪੰਜਾਬ ਨੂੰ ਸ਼ਾਂਤੀ ਚਾਹੀਦੀ ਹੈ, ਨਾ ਕਿ ਖੂਨੀ ਖੇਡ। ਪੰਜਾਬ ਵਿਚ ਅਮਨ-ਸ਼ਾਂਤੀ ਲਿਆਉਣ ਲਈ ਸਭ ਧਿਰਾਂ ਨੂੰ ਇੱਕਠੇ ਹੋਣਾ ਪਵੇਗਾ। 2027 ਚੋਣਾਂ ਵਿਚ ਇਹ ਮੁੱਦਾ ਸਰਕਾਰ ਲਈ ਵੱਡਾ ਝਟਕਾ ਬਣ ਸਕਦਾ ਹੈ। ਲੋਕ ਇਸ ਖੂਨੀ ਖੇਡ ਤੋਂ ਤੰਗ ਆ ਚੁੱਕੇ ਹਨ ਅਤੇ ਉਨ੍ਹਾਂ ਨੂੰ ਤੁਰੰਤ ਰਾਹਤ ਚਾਹੀਦੀ ਹੈ। ਗੈਂਗਸਟਰਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਇੰਟਰਨੈਸ਼ਨਲ ਲੈਵਲ ਤੇ ਸਹਿਯੋਗ ਵਧਾਉਣਾ ਪਵੇਗਾ ਤਾਂ ਕਿ ਵਿਦੇਸ਼ੀ ਗੈਂਗਸਟਰਾਂ ਨੂੰ ਬਾਹਰੋਂ ਆਪ੍ਰੇਸ਼ਨ ਚਲਾਉਣ ਤੋਂ ਰੋਕਿਆ ਜਾ ਸਕੇ।

## ਕਰਾਈਮ ਨਿਊਜ਼

### ਤਰਨਤਾਰਨ ਵਿਚ ਨਰਸਿੰਗ ਵਿਦਿਆਰਥਣ ਦੀ ਆਤਮਹੱਤਿਆ



ਤਰਨਤਾਰਨ-ਬਾਬਾ ਫ਼ਰੀਦ ਯੂਨੀਵਰਸਿਟੀ ਰੀਜਨਲ ਸੈਂਟਰ ਗੋਇੰਦਵਾਲ ਸਾਹਿਬ ਵਿਖੇ ਬੀਐੱਸਸੀ ਨਰਸਿੰਗ ਤੀਜੇ ਸਮੈਸਟਰ ਦੀ 21 ਸਾਲਾ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਫਾਹਾ ਲਗਾ ਕੇ ਆਤਮਹੱਤਿਆ ਕਰ ਲਈ। ਉਸ ਨੇ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਲਗਾਤਾਰ ਪਰੇਸ਼ਾਨੀ ਦਾ ਦੋਸ਼ ਲਾਇਆ ਸੀ। ਪੁਲਿਸ ਨੇ ਮੌਕੇ ਤੋਂ ਉਸ ਦਾ ਮੋਬਾਈਲ ਫੋਨ ਤੇ ਚੈਟ ਰਿਕਾਰਡ ਕਬਜ਼ੇ ਵਿਚ ਲੈ ਲਏ ਹਨ। ਲਾਸ਼ ਪੋਸਟਮਾਰਟਮ ਤੋਂ ਬਾਅਦ ਪਰਿਵਾਰ ਨੂੰ ਸੌਂਪ ਦਿੱਤੀ ਗਈ।

### ਖੰਨਾ ਵਿਚ 78 ਕਰੋੜ ਦੀ ਸਾਈਬਰ ਠੱਗੀ ਫੜੀ

ਖੰਨਾ-ਖੰਨਾ ਪੁਲਿਸ ਨੇ 78.05 ਕਰੋੜ ਰੁਪਏ ਦੀ ਵੱਡੀ ਸਾਈਬਰ ਠੱਗੀ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਗਿਰੋਹ ਦੇ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਠੱਗਾਂ ਨੇ 31 ਬੈਂਕ ਖਾਤਿਆਂ ਰਾਹੀਂ ਦੇਸ਼ ਭਰ ਵਿੱਚ ਅਰਬਾਂ ਰੁਪਏ ਦੀ ਹੇਰਾਫੇਰੀ ਕੀਤੀ। 53 ਮਿਊਲ ਖਾਤਿਆਂ ਵਿੱਚੋਂ 43 ਲੱਖ ਰੁਪਏ ਫ੍ਰੀਜ਼ ਕੀਤੇ ਗਏ। ਗਿਰੋਹ ਪੰਜਾਬ ਸਮੇਤ ਕਈ ਰਾਜਾਂ ਵਿੱਚ ਫੈਲਿਆ ਹੋਇਆ ਸੀ।

# ਲਾਈਵ ਵੀਡੀਓ ਤੋਂ ਬਾਅਦ ਖ਼ੁਦਕੁਸ਼ੀ

## ✪ ਅੰਮ੍ਰਿਤਸਰ ਵਿਚ ਪਤਨੀ ਤੋਂ ਤੰਗ ਬੰਦੇ ਨੇ ਖ਼ੁਦ ਨੂੰ ਮਾਰੀ ਗੋਲ਼ੀ

ਅੰਮ੍ਰਿਤਸਰ-ਨਗਰ ਨਿਗਮ ਸਫ਼ਾਈ ਮੁਲਾਜ਼ਮ ਯੂਨੀਅਨ ਦੇ ਦਲਿਤ ਆਗੂ ਅਤੇ ਪ੍ਰਧਾਨ ਅਸ਼ਵਨੀ ਕੁਮਾਰ ਆਸ਼ੂ ਨਾਹਰ ਨੇ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਇਸ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਆਸ਼ੂ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਕੀਤੀ ਜਿਸ ਵਿਚ ਉਸ ਨੇ ਆਪਣੀ ਮੌਤ ਲਈ ਆਪਣੀ ਪਤਨੀ ਅਤੇ ਸਹੁਰੇ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਵਾਇਰਲ ਵੀਡੀਓ 'ਚ ਆਸ਼ੂ ਨੇ ਦੱਸਿਆ ਕਿ ਉਸ ਦਾ ਆਪਣੀ ਪਤਨੀ ਪ੍ਰਿਆ ਨਾਹਰ, ਸੱਸ ਨੀਲਮ, ਸਾਲੇ ਸਿਕੰਦਰ ਸਮੇਤ ਪੰਜ ਲੋਕਾਂ ਨਾਲ ਪਿਛਲੇ ਕਈ ਦਿਨਾਂ ਤੋਂ ਵਿਵਾਦ ਚੱਲ ਰਿਹਾ ਸੀ। ਉਸ ਦੀ ਪਤਨੀ ਕਈ ਦਿਨਾਂ ਤੋਂ ਆਪਣੇ ਪੇਕੇ ਘਰ ਰਹਿ ਰਹੀ ਹੈ। ਸਹੁਰੇ ਪਰਿਵਾਰ ਨੇ ਥਾਣਾ ਸੀ-ਡਵੀਜ਼ਨ 'ਚ ਉਸ ਦੇ ਖ਼ਿਲਾਫ਼ ਸ਼ਿਕਾਇਤ ਵੀ ਦਰਜ ਕਰਵਾਈ ਹੋਈ ਸੀ। ਵਾਇਰਲ ਵੀਡੀਓ 'ਚ ਆਸ਼ੂ ਕਹਿ ਰਿਹਾ ਹੈ ਕਿ ਏਸੀਪੀ ਪਰਵੇਸ਼ ਚੋਪੜਾ ਨੇ ਉਸ ਦਾ ਦੁੱਖ ਸੁਣਿਆ ਅਤੇ ਘਰ ਵਸਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਪਤਨੀ ਅਤੇ ਉਸ ਦੇ ਪਰਿਵਾਰ ਵਾਲਿਆਂ ਨੇ ਉਸ ਨੂੰ ਇੰਨਾ ਪਰੇਸ਼ਾਨ ਕਰ ਦਿੱਤਾ ਕਿ ਉਸ ਨੇ ਆਪਣੀ ਲਾਇਸੰਸੀ ਪਿਸਤੌਲ ਨਾਲ ਖ਼ੁਦ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।



### ਘਰ ਵਿਚ ਮਿਲੀ ਇਤਰਾਜ਼ਯੋਗ ਵਸਤੂ ਤੋਂ ਸ਼ੁਰੂ ਹੋਇਆ ਵਿਵਾਦ

ਵੀਡੀਓ ਵਿਚ ਆਸ਼ੂ ਨੇ ਦਾਅਵਾ ਕੀਤਾ ਕਿ ਉਸ ਦੀ ਪਤਨੀ ਨਾਲ ਵਿਵਾਦ ਇਤਰਾਜ਼ਯੋਗ ਵਸਤੂ ਮਿਲਣ ਤੋਂ ਬਾਅਦ ਸ਼ੁਰੂ ਹੋਇਆ ਜਿਸ ਨੂੰ ਕਥਿਤ ਤੌਰ 'ਤੇ ਆਨਲਾਈਨ ਮੰਗਵਾਇਆ ਗਿਆ ਸੀ। ਇਸ ਤੋਂ ਬਾਅਦ ਦੋਵਾਂ ਦੇ ਰਿਸ਼ਤਿਆਂ ਵਿਚ ਦਰਾਰ ਆ ਗਈ ਤੇ ਗੱਲ ਵੱਖ ਹੋਣ ਤਕ ਪਹੁੰਚ ਗਈ। ਉਸ ਨੇ ਦੋਸ਼ ਲਾਇਆ ਕਿ ਸਹੁਰੇ ਪਰਿਵਾਰ ਨੇ ਪਤਨੀ ਨੂੰ ਪਨਾਹ ਦਿੱਤੀ ਤੇ ਉਸ ਨੂੰ ਬਦਨਾਮ ਕੀਤਾ। ਆਸ਼ੂ ਨੇ ਇਹ ਵੀ ਦੱਸਿਆ ਕਿ ਉਸ ਦੀਆਂ ਦੋ ਬੇਟੀਆਂ ਹਨ ਤੇ ਵੱਡੀ ਬੇਟੀ ਦੀ ਉਮਰ ਸਿਰਫ਼ 11 ਸਾਲ ਹੈ। ਉਸ ਦੇ ਛੋਟੇ ਬੱਚਿਆਂ ਨੂੰ ਜ਼ਮੀਨ 'ਤੇ ਸੁਆ ਕੇ ਉਸ ਨੂੰ ਅਪਮਾਨਿਤ ਕੀਤਾ ਜਾਂਦਾ ਸੀ ਅਤੇ ਵਾਰ-ਵਾਰ ਝਗੜੇ ਲਈ ਉਕਸਾਇਆ ਜਾਂਦਾ ਸੀ। ਵੀਡੀਓ 'ਚ ਉਹ ਵਾਰ-ਵਾਰ ਹੱਥ ਜੋੜ ਕੇ ਆਪਣੀਆਂ ਦੋਵਾਂ ਬੱਚੀਆਂ ਤੋਂ ਮਾਫ਼ੀ ਮੰਗਦਾ ਦਿਖਾਈ ਦੇ ਰਿਹਾ ਹੈ। ਉਸ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਬੱਚਿਆਂ ਦੀ ਕਸਟਡੀ (ਸੰਭਾਲ) ਉਸ ਦੇ ਭੈਣ-ਭਰਾਵਾਂ ਨੂੰ ਦਿੱਤੀ ਜਾਵੇ, ਕਿਉਂਕਿ ਉਹੀ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਪਾਲ ਸਕਦੇ ਹਨ।

### ਵਾਸ਼ਿੰਗਟਨ ਵਿਚ ਸਿਖਸ ਫਾਰ ਜਸਟਿਸ ਨੇ ਪ੍ਰਸਤਾਵ ਰਖਿਆ ਅਮਰੀਕਾ ਪੰਜਾਬ ਨੂੰ ਅਜ਼ਾਦ ਕਰਵਾਏ




ਵਾਸ਼ਿੰਗਟਨ ਡੀ.ਸੀ.-ਸਿਖਸ ਫਾਰ ਜਸਟਿਸ ਨੇ ਬੋਰਡ ਆਫ ਪੀਸ ਦੀ ਪਹਿਲੀ ਮੀਟਿੰਗ ਵਿੱਚ ਇੱਕ ਬਿਲੀਅਨ ਡਾਲਰ ਦਾ ਪ੍ਰਸਤਾਵ ਪੇਸ਼ ਕੀਤਾ। ਐਸਐਫਜੇ ਨੇ ਵਾਈਟ ਹਾਊਸ ਨੂੰ ਇਸ ਦੀ ਵਚਨਬੱਧਤਾ ਸੌਂਪੀ ਅਤੇ ਅਮਰੀਕਾ ਤੋਂ ਭਾਰਤੀ ਪੀਐੱਮ ਨੂੰ ਪੰਜਾਬ ਵਿੱਚ ਆਜ਼ਾਦੀ ਰੈਫਰੈਂਡਮ ਕਰਵਾਉਣ ਲਈ ਦਿਸ਼ਾ ਦੇਣ ਦੀ ਮੰਗ ਕੀਤੀ।

### ਗੋਇੰਦਵਾਲ ਸਾਹਿਬ ਜੇਲ੍ਹ ਦੇ ਜੈਮਰਾਂ ਨੇ ਆਮ ਲੋਕਾਂ ਦੀਆਂ ਵਧਾਈਆਂ ਮੁਸ਼ਕਲਾਂ; ਨੈੱਟਵਰਕ ਹੋਇਆ ਠੱਪ

ਅੰਮ੍ਰਿਤਸਰ-ਸ੍ਰੀ ਗੋਇੰਦਵਾਲ ਸਾਹਿਬ ਦੀ ਕੇਂਦਰੀ ਜੇਲ੍ਹ ਵਿੱਚ ਸੁਰੱਖਿਆ ਲਈ ਲਗਾਏ ਗਏ ਸ਼ਕਤੀਸ਼ਾਲੀ ਮੋਬਾਈਲ ਜੈਮਰ ਹੁਣ ਸਥਾਨਕ ਲੋਕਾਂ ਲਈ ਵੱਡੀ ਪਰੇਸ਼ਾਨੀ ਦਾ ਸਬੱਬ ਬਣ ਗਏ ਹਨ। ਇਨ੍ਹਾਂ ਜੈਮਰਾਂ ਦੀ ਰੇਂਜ ਜੇਲ੍ਹ ਦੀ ਚਾਰਦੀਵਾਰੀ ਤੋਂ ਬਾਹਰ ਜਾਣ ਕਾਰਨ ਆਲੇ-ਦੁਆਲੇ ਦੇ ਪਿੰਡਾਂ ਵਿੱਚ ਮੋਬਾਈਲ ਨੈੱਟਵਰਕ ਅਤੇ ਇੰਟਰਨੈੱਟ ਸੇਵਾਵਾਂ ਪੂਰੀ ਤਰ੍ਹਾਂ ਬੰਦ ਹੋ ਗਈਆਂ ਹਨ। ਇੰਟਰਨੈੱਟ ਠੱਪ ਹੋਣ ਕਾਰਨ ਵਿਦਿਆਰਥੀਆਂ ਦੀ ਆਨਲਾਈਨ ਪੜ੍ਹਾਈ, ਕਾਰੋਬਾਰ ਅਤੇ ਐਮਰਜੈਂਸੀ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ। ਇਤਿਹਾਸਕ ਗੁਰੂ ਘਰਾਂ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਸੰਪਰਕ ਕਰਨ ਵਿੱਚ ਭਾਰੀ ਮੁਸ਼ਕਲ ਆ ਰਹੀ ਹੈ। ਸਮਾਜ ਸੇਵੀ ਜੋਬਨਜੀਤ ਸਿੰਘ ਹੋਠੀਆਂ ਦੀ ਅਗਵਾਈ ਵਿੱਚ ਲੋਕਾਂ ਨੇ ਜੇਲ੍ਹ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪ ਕੇ ਜੈਮਰਾਂ ਦੀ ਰੇਂਜ ਘਟਾਉਣ ਦੀ ਅਪੀਲ ਕੀਤੀ ਹੈ। ਜੇਲ੍ਹ ਸੁਪਰਡੈਂਟ ਨਿਰਮਲ ਸਿੰਘ ਟਿਵਾਣਾ ਨੇ ਮਸਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦਾ ਭਰੋਸਾ ਦਿੱਤਾ ਹੈ, ਪਰ ਅਜੇ ਤੱਕ ਕੋਈ ਪੱਕਾ ਹੱਲ ਨਹੀਂ ਨਿਕਲਿਆ।



### ਅਨੰਦਪੁਰ ਸਾਹਿਬ ਵਿਚ ਹੋਟਲ ਵਿਚ ਚੱਲ ਰਿਹਾ ਦੇਹ ਵਪਾਰ ਫੜਿਆ

✪ ਤਿੰਨ ਲੜਕੀਆਂ ਸਣੇ ਚਾਰ ਗ੍ਰਿਫ਼ਤਾਰ



ਸ੍ਰੀ ਅਨੰਦਪੁਰ ਸਾਹਿਬ-ਥਾਣਾ ਸ੍ਰੀ ਅਨੰਦਪੁਰ ਸਾਹਿਬ ਪੁਲਿਸ ਨੇ ਗੁਪਤ ਸੂਚਨਾ ਤੇ ਢਾਬੇ ਪਿੱਛੇ ਬਣੇ ਹੋਟਲ ਵਿਚ ਰੇਡ ਮਾਰ ਕੇ ਚੱਲ ਰਹੇ ਦੇਹ ਵਪਾਰ ਦਾ ਪਰਦਾਫਾਸ਼ ਕੀਤਾ। ਤਿੰਨ ਲੜਕੀਆਂ ਅਤੇ ਮੈਨੇਜਰ ਗੁਰਸ਼ੇਖ ਸਿੰਘ ਵਾਸੀ ਚੇਤਾ ਮਾਜਰਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਐਸਪੀ ਮਨਦੀਪ ਸਿੰਘ ਆਈਪੀਐੱਸ ਅਤੇ ਡੀਐੱਸਪੀ ਜਸ਼ਨਦੀਪ ਸਿੰਘ ਮਾਨ ਦੀ ਅਗਵਾਈ ਵਿਚ ਚਲਾਈ ਜਾ ਰਹੀ ਗੈਰ ਕਾਨੂੰਨੀ ਗਤੀਵਿਧੀਆਂ ਵਿਰੋਧੀ ਮੁਹਿੰਮ ਤਹਿਤ ਇਹ ਕਾਰਵਾਈ ਹੋਈ।

### ਪ੍ਰਵਾਸੀ ਪੰਜਾਬੀ ਦੇ ਘਰ ਫਾਇਰਿੰਗ, ਰਿਸ਼ਤੇਦਾਰਾਂ 'ਤੇ ਸਾਜ਼ਿਸ਼ ਦਾ ਇਲਜ਼ਾਮ

ਜਲੰਧਰ-ਕਸਬਾ ਭੋਗਪੁਰ ਦੇ ਪਿੰਡ ਭਟਨੂਰਾ ਲੁਬਾਣਾ ਵਿੱਚ ਪ੍ਰਵਾਸੀ ਪੰਜਾਬੀ ਪਰਿਵਾਰ ਦੇ ਘਰ ਦੇ ਬਾਹਰ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਤਾਬੜਤੋੜ ਗੋਲੀਆਂ ਚਲਾਈਆਂ ਗਈਆਂ। ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਪ੍ਰਵਾਸੀ ਪੰਜਾਬੀ ਮਨਜੀਤ ਸਿੰਘ ਆਪਣੀ ਬੇਟੀ ਦੇ ਵਿਆਹ ਲਈ ਇੰਗਲੈਂਡ ਤੋਂ ਪਿੰਡ ਆਇਆ ਹੋਇਆ ਸੀ। ਬਾਈਕ ਸਵਾਰ ਦੋ ਹਮਲਾਵਰਾਂ ਨੇ ਘਰ 'ਤੇ ਫਾਇਰਿੰਗ ਕੀਤੀ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਮਨਜੀਤ ਸਿੰਘ ਨੇ ਆਪਣੇ ਭਾਣਜਿਆਂ (ਸ਼ਮਸ਼ੇਰ ਸਿੰਘ ਅਤੇ ਗਗਨਦੀਪ) 'ਤੇ ਇਸ ਹਮਲੇ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਹੈ। ਦੋਸ਼ ਹੈ ਕਿ ਸ਼ਮਸ਼ੇਰ ਸਿੰਘ ਨੇ ਪਹਿਲਾਂ ਹੀ ਆਪਣੀ ਮਾਂ ਨੂੰ ਫ਼ੋਨ ਕਰਕੇ ਧਮਕੀ ਦਿੱਤੀ ਸੀ ਕਿ ਜੇਕਰ ਉਹ ਮਨਜੀਤ ਦੇ ਘਰ ਵਿਆਹ ਵਿੱਚ ਗਈ ਤਾਂ ਉੱਥੇ ਗੋਲੀਆਂ ਚੱਲਣਗੀਆਂ। ਡੀਐਸਪੀ ਰਾਜੀਵ ਕੁਮਾਰ ਅਨੁਸਾਰ, ਪੁਲਿਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ। ਸੀਸੀਟੀਵੀ ਫੁਟੇਜ ਦੀ ਮਦਦ ਨਾਲ ਹਮਲਾਵਰਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



### ਪਤਨੀ ਨੂੰ ਤੰਗ ਕਰਨ ਕਾਰਨ ਨੌਜਵਾਨ ਨੇ ਖ਼ੁਦਕੁਸ਼ੀ ਕੀਤੀ, ਦੋ ਖਿਲਾਫ ਮਾਮਲਾ ਦਰਜ

ਅੰਮ੍ਰਿਤਸਰ-ਘਰਿੰਡਾ ਥਾਣਾ ਖੇਤਰ ਅਧੀਨ ਪਿੰਡ ਭਕਨਾ ਕਲਾਂ ਵਿਚ ਇੱਕ ਨੌਜਵਾਨ ਅੰਗਰੇਜ਼ ਸਿੰਘ ਨੇ ਆਪਣੇ ਘਰ ਵਿਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪਰਿਵਾਰ ਮੁਤਾਬਕ ਗੁਰਜੰਟ ਸਿੰਘ ਜੰਟਾ ਅਤੇ ਹੈਪੀ ਉਸਦੀ ਪਤਨੀ ਪੂਨਮ ਨੂੰ ਵਾਰ-ਵਾਰ ਤੰਗ ਕਰਦੇ ਅਤੇ ਆਡੀਓ-ਵੀਡੀਓ ਵਾਇਰਲ ਕਰਨ ਦੀ ਧਮਕੀ ਦਿੰਦੇ ਸਨ। ਇਸ ਤੋਂ ਪਰੇਸ਼ਾਨ ਹੋ ਕੇ ਅੰਗਰੇਜ਼ ਨੇ ਆਪਣੀ ਜਾਨ ਲੈ ਲਈ। ਪੁਲਿਸ ਨੇ ਖ਼ੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ ਅਤੇ ਦੋਵਾਂ ਖਿਲਾਫ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

### 14 ਸਾਲਾ ਨਾਬਾਲਗ ਲੜਕੀ ਨੂੰ ਕਾਰ ਸਵਾਰ ਦੋ ਨੌਜਵਾਨਾਂ ਨੇ ਕੀਤਾ ਅਗਵਾ

ਲੁਧਿਆਣਾ-ਡਾਬਾ ਇਲਾਕੇ ਵਿੱਚ ਬੀਤੇ ਦਿਨੀਂ ਦਿਨ-ਦਿਹਾੜੇ ਇੱਕ 14 ਸਾਲਾ ਨਾਬਾਲਗ ਲੜਕੀ ਨੂੰ ਟਿਊਸ਼ਨ ਤੋਂ ਆਪਣੇ ਭਰਾ ਨਾਲ ਵਾਪਸ ਆਉਂਦਿਆਂ ਕਾਰ ਸਵਾਰ ਦੋ ਨੌਜਵਾਨਾਂ ਨੇ ਅਗਵਾ ਕਰ ਲਿਆ। ਇੱਕ ਦੀ ਪਛਾਣ ਸਾਹਿਲ ਵਜੋਂ ਹੋਈ। ਪੁਲੀਸ ਨੇ ਬੀਐੱਨਐੱਸ ਧਾਰਾਵਾਂ ਤਹਿਤ ਐਫਆਈਆਰ ਦਰਜ ਕਰ ਸੀਸੀਟੀਵੀ ਰਾਹੀਂ ਭਾਲ ਚਲਾਈ ਹੈ।

# ਗ਼ਜ਼ਲ

– ਰਾਜਿੰਦਰ ਪਰਦੇਸੀ

**1 ਮਾਰਚ ਬਰਸੀ 'ਤੇ ਯਾਦ ਕਰਦਿਆਂ**



ਜੀਵਨ ਦੇ ਪੰਧ ਵਿਚ ਉਹ ਲੰਘੇ ਹਾਂ ਘਾਟੀਆਂ।
ਖ਼ੁਸ਼ੀਆਂ ਦੇ ਬਦਲੇ ਹੋਈਆਂ ਹਾਸਿਲ ਉਦਾਸੀਆਂ।
ਪਹਿਲਾਂ ਤਪਾਇਆ ਰੋਹੀ ਦੇ ਯਾਰਾਂ ਨੇ ਰੱਜ ਕੇ,
ਪਿੱਛੋਂ ਨਾ ਕਸਰ ਛੱਡੀ ਸਤਲੁਜ ਦੇ ਵਾਸੀਆਂ।
ਰੋਟੀ ਦੀ ਲੋੜ ਨੱਚ ਰਹੀ ਬੇ-ਪਰਦ ਮੰਚ 'ਤੇ,
ਐ ਪਰਦੇਦਾਰੋ ਨੱਚੋ ਨਚਾਵੇ ਇਹ ਨਾਚੀਆਂ।
ਪਰਦੇ ਦੇ ਪਿੱਛੇ ਹੋਰ ਵੀ ਜ਼ਖ਼ਮਾਂ ਦੀ ਭੀੜ ਹੈ,
ਘਬਰਾ ਗਏ ਕਿਉਂ ਵੇਖ ਕੇ ਦੋ ਚਾਰ ਝਾਕੀਆਂ।
ਬਾ-ਇਹਤਰਾਮ ਜ਼ਿੰਦਗੀ ਬੇ-ਇਹਤਰਾਮ ਹੈ,
ਹੁਣ ਲੋੜਵੰਦਾਂ ਨੂੰ ਕਦੇ ਲੋੜਾਂ ਨਾ ਭਾਸੀਆਂ।
ਕਾਲ਼ੀ ਸਿਆਹ ਹੋ ਗਈ ਰਾਤਾਂ ਦੀ ਚਾਨਣੀ,
ਜਦ ਪਹੁ-ਫੁਟਾਲੇ ਤੀਕ ਵੀ ਪੌਹਾਂ ਨਾ ਪਾਟੀਆਂ।
ਕੰਡਿਆਂ ਦੀ ਗੱਲ ਛੱਡ ਇਹ ਐਨਾ ਤਾਂ ਯਾਦ ਰੱਖ,
ਦਿੱਤਾ ਹੈ ਸਾਥ ਕਿਸ ਤਰ੍ਹਾਂ ਮਲ੍ਹਿਆਂ ਤੇ ਝਾੜੀਆਂ।
ਧਰਤੀ ਨੂੰ ਲੀਰੋ ਲੀਰ ਹੈ ਕੀਤਾ ਉਨ੍ਹਾਂ ਨੇ ਹੀ,
ਸੀ ਆਸ ਜਿਹੜੇ ਲਾਉਣਗੇ ਅੰਬਰ ਨੂੰ ਟਾਕੀਆਂ।
ਮਜ਼ਬੂਤ ਸਾਂ ਬਹੁਤ ਹੀ ਟੁੱਟਿਆ ਹਾਂ ਇਸ ਲਈ,
ਧੋਖੇ ਦੇ ਨਾਲ ਤੋੜਿਆ ਅਪਣੇ ਹੀ ਸਾਥੀਆਂ।
ਗਲ਼ ਤੀਕ ਡੁੱਬ ਗਿਆ ਸਾਂ ਸੋਚਾਂ ਦੇ ਸਾਗਰੀਂ,
ਰੇਤੇ 'ਚ ਫ਼ੁਦਕ ਫ਼ੁਦਕ ਜਾਂ ਚਿੜੀਆਂ ਨਹਾਤੀਆਂ।
'ਪਰਦੇਸੀ' ਬਣਦਾ ਹੈ ਉਹ ਕਵਿਤਾ ਦਾ ਸ਼ਾਹਸਵਾਰ,
ਜਿਹੜਾ ਹੈ ਪਉਣਾ ਜਾਣਦਾ ਸ਼ਬਦਾਂ 'ਤੇ ਕਾਠੀਆਂ।

## ਪਾਂਧੀ

ਅਸੀਂ ਪਾਂਧੀ ਐਸੇ ਰਾਹਾਂ ਦੇ,
ਜਿਥੇ ਥਾਂ ਥਾਂ ਕੰਡੇ ਖ਼ਿਲਰੇ ਨੇ।
ਅਸੀਂ ਕੰਡਿਆਂ ਉੱਤੇ ਚੱਲਣਾ ਏ,
ਭਾਵੇਂ ਜ਼ਖ਼ਮੀਂ ਲੂੰ ਲੂੰ ਹੋ ਜਾਵੇ।

ਸਾਡੀ ਮੰਜ਼ਲ ਭਾਵੇਂ ਔਖੀ ਏ,
ਤੇ ਰਸਤੇ ਵੀ ਇਹ ਬਿਖੜੇ ਨੇ।
ਅਸੀਂ ਬਿਖੜੇ ਵੀ ਸਰ ਕਰਨੇ ਨੇ,
ਇਸੇ ਲਈ ਪੈਰ ਟਿਕਾਇਆ ਏ।

ਸਾਨੂੰ ਲੱਗਾ ਇਸ਼ਕ ਆਜ਼ਾਦੀ ਦਾ,
ਸਾਡੀ ਪੀੜਾ ਕੌਮੀਂ ਦਰਦਾਂ ਦੀ।
ਸਹਿ ਦਰਦਾਂ ਦਰਦ ਹੰਡਾਵਾਂਗੇ,
ਆਜ਼ਾਦੀ ਦੇ ਆਸ਼ਕ ਬਣਨੇ ਲਈ।

ਅਸੀਂ ਪਰਵਾਨੇ ਆਪਣੇ ਵਤਨਾਂ ਦੇ,
ਸਾਨੂੰ ਵਤਨ ਦੀ ਸ਼ਮ੍ਹਾਂ ਪਿਆਰੀ ਏ।
ਇਸ ਸ਼ਮ੍ਹਾਂ ਨੂੰ ਜਗਦੀ ਰੱਖਣ ਲਈ,
ਚਰਬੀ ਦਾ ਤੇਲ ਵੀ ਪਾਵਾਂਗੇ।

ਅਸੀਂ ਰੱਤ ਦਾ ਪਾਣੀ ਲਾਇਆ ਏ,
ਪੱਤਝੜ ਦੀ ਉਦਾਸੀ ਕੱਢਣ ਲਈ।
ਬਹਾਰਾਂ ਦੀ ਬਹਾਰ ਲਿਆਵਣ ਲਈ,
ਕਲੀਆਂ ਦੀਆਂ ਮਹਿਕਾਂ ਵੰਡਣ ਲਈ।

ਅਸੀਂ ਪਾਂਧੀ ਐਸੇ ਰਾਹਾਂ ਦੇ,
ਜਿਥੇ ਥਾਂ ਥਾਂ ਕੰਡੇ ਖ਼ਿਲਰੇ ਨੇ।
ਅਸੀਂ ਕੰਡਿਆਂ ਉੱਤੇ ਚੱਲਣਾ ਏ,
ਭਾਵੇਂ ਜ਼ਖ਼ਮੀਂ ਲੂੰ ਲੂੰ ਹੋ ਜਾਵੇ।

**ਲੇਖਕ-ਨਰਾਇਣ ਸਿੰਘ**
**ਧੰਨਵਾਦ ਸਹਿਤ ਪਾਂਧੀ ਕਿਤਾਬ ਵਿੱਚੋਂ**

# ਕਾਵਿ-ਕਿਆਰੀ


## ਪਿਆਰ ਹੀ ਪਿਆਰ

ਮੌਸਮ ਜਾਣੀ ਕਿ ਜੀਅ ਦਾ, ਜਦੋਂ ਖੁਸ਼ਗਵਾਰ ਹੋਵੇ
ਚੜ੍ਹਿਆ ਖੁਮਾਰ ਹੋਵੇ, ਅਤੇ ਪਿਆਰ ਪਿਆਰ ਹੋਵੇ

ਅਉਣਾ ਪਊਗਾ ਰਾਮ ਨਾਲ ਅੱਲਾ ਤੇ ਵਾਹਿਗੁਰੂ ਨੂੰ
ਜੀਅ ਗੁਰਦੁਆਰਾ, ਕਾਬਾ,ਜੀਅ ਹਰਿਦੁਆਰ ਹੋਵੇ

ਸਾਡਾ ਚੋਰ ਸਾਡੇ ਅੰਦਰ ਕਿਤੇ ਬਾਹਰ ਤਾਂ ਨਹੀਂ ਹੈ
ਕਿਤਿਓਂ ਵਫਾ ਨਾ ਮਿਲਣੀ ਜੇ ਜੀਅ ਗੱਦਾਰ ਹੋਵੇ

ਸੋਹਣਾ ਨਹੀਂ ਉਹ ਲੱਗਦਾ, ਸਗੋਂ ਖਾਣ ਨੂੰ ਹੀ ਆਵੇ
ਸੋਹਣਾ ਸੁਨੱਖਾ ਮੂੰਹ ਵੀ ਜਦੋਂ ਮੂੰਹ ਮਾਰ ਹੋਵੇ



ਸੱਚ ਝੂਠ ਦਾ ਨਿਤਾਰਾ ਕਰਨਾ ਜੇ ਜ਼ਿੰਦਗੀ 'ਚ
ਸੱਚ ਝੂਠ ਸਾਡੇ ਅੰਦਰ, ਪਹਿਲਾਂ ਨਿਤਾਰ ਹੋਵੇ

ਤਾਰਾਂ ਬਿਗਾਨੀਆਂ ਨੂੰ ਕੁੰਡੀਆਂ ਨਾ ਲਾ ਕੇ ਸਰਨਾ
ਸਾਡਾ ਆਪਣਾ ਕੁਨੈਕਸ਼ਨ ਜੇ ਤਾਰ ਤਾਰ ਹੋਵੇ

ਜੱਗ ਸਾਰੇ ਨੇ ਹੀ ਧਾਹ ਕੇ, ਗਲਵਕੜੀ ਆ ਪਉਣੀ
ਜੀਅ ਆਪਣਾ ਹੀ ਕਰਦਾ, ਜਦੋਂ ਚਾਅ ਮਲ੍ਹਾਰ ਹੋਵੇ

ਸਾਈਟਾਂ ਦੀ ਭੀੜ ਤੇ ਉਹ 'ਦੇਸੀ' ਹੈ ਨਹੀਂ ਮੁਨੱਸਰ
ਕੱਲਾ ਹੀ ਸਵਾ ਲੱਖ ਹੈ, ਜਿਹਦਾ ਰੱਬ ਯਾਰ ਹੋਵੇ

ਕੁਲਵੰਤ ਸਿੰਘ 'ਦੇਸੀ' ਯੂ ਕੇ



## ਆਨੰਦਪੁਰ ਰੰਗ ਬਰਸੇ

ਰੰਗ ਬਰਸੇ-ਰੰਗ ਬਰਸੇ ਮੇਰੇ ਯਾਰ, ਆਨੰਦਪੁਰ ਰੰਗ ਬਰਸੇ!
ਰੰਗ ਬਰਸੇ-ਮੇਰੇ ਸਾਹਿਬਾਂ ਦੇ ਦਰਬਾਰ, ਆਨੰਦਪੁਰ ਰੰਗ ਬਰਸੇ!
1699 ਦੀ ਰੰਗਲੀ ਵਿਸਾਖੀ।
ਮਰਦਾਂ ਮਨਾਈ ਦਸਮੇਸ਼ ਜਿੰਦਾਂ ਆਖੀ।
ਕੀਤਾ ਖੰਡੇ ਬਾਟੇ ਅੰਮ੍ਰਿਤ ਤਿਆਰ, ਆਨੰਦਪੁਰ ਰੰਗ ਬਰਸੇ!
ਰੰਗ ਬਰਸੇ-ਰੰਗ ਬਰਸੇ ਮੇਰੇ ਯਾਰ, ਆਨੰਦਪੁਰ ਰੰਗ ਬਰਸੇ!
ਸਾਹਿਬ ਕੌਰ ਮਾਤਾ ਪਿਤਾ ਗੋਬਿੰਦ ਸਿੰਘ।
ਆਪਣਾ ਜਨਮ ਸਥਾਨ ਆਨੰਦਪੁਰ।
ਕੇਸਗੜ੍ਹ ਦਾ ਕਰ ਲਓ ਦੀਦਾਰ, ਆਨੰਦਪੁਰ ਰੰਗ ਬਰਸੇ!
ਮੇਰੇ ਸਾਹਿਬਾਂ ਦੇ ਦਰਬਾਰ, ਆਨੰਦਪੁਰ ਰੰਗ ਬਰਸੇ!
ਹੋਲਾ ਮਹੱਲਾ ਆਇਆ ਹੋਲਾ ਮਹੱਲਾ।
ਛੱਡਦਾ ਜੈਕਾਰੇ ਨਿਹੰਗ ਕੱਲ੍ਹਾ ਕੱਲ੍ਹਾ।
ਝੂਮੇਂ ਖੁਸ਼ੀਆਂ ਵਿੱਚ ਸਿੰਘ ਸਰਦਾਰ, ਆਨੰਦਪੁਰ ਰੰਗ ਬਰਸੇ!
ਰੰਗ ਬਰਸੇ-ਰੰਗ ਬਰਸੇ ਮੇਰੇ ਯਾਰ, ਆਨੰਦਪੁਰ ਰੰਗ ਬਰਸੇ!
ਗੁਰੂ ਵਾਲੇ ਬਣੋ ਪੜ੍ਹੋ ਗੁਰਬਾਣੀ।
ਜਨਮ ਸੁਹੇਲਾ ਕਰੋ ਸਭ ਪ੍ਰਾਣੀ।
ਦਿੱਤਾ ਚੰਨ ਜੰਡਿਆਲਵੀ ਨੂੰ ਤਾਰ, ਆਨੰਦਪੁਰ ਰੰਗ ਬਰਸੇ!
ਮੇਰੇ ਸਾਹਿਬਾਂ ਦੇ ਦਰਬਾਰ, ਆਨੰਦਪੁਰ ਰੰਗ ਬਰਸੇ!!
ਰੰਗ ਬਰਸੇ ਮੇਰੇ ਯਾਰ, ਆਨੰਦਪੁਰ ਰੰਗ ਬਰਸੇ!!!



**ਲੇਖਕ-ਤਰਲੋਚਨ ਸਿੰਘ ਚੰਨ ਜੰਡਿਆਲਵੀ**
**ਧੰਨਵਾਦ ਸਹਿਤ ਆਨੰਦਪੁਰ ਰੰਗ ਬਰਸੇ ਕਿਤਾਬ ਵਿੱਚੋਂ**

# ਪੰਜਾਬੀ ਦਿਹਾੜੇ ਤੇ ਵਿਸ਼ੇਸ਼

**ਸ. ਦਲਵਿੰਦਰ ਸਿੰਘ ਘੁੰਮਣ**



ਪੰਜਾਬੀ ਪੰਜਾਬੀ ਕੂਕ ਦੇ ਸਾਰੇ
ਪਰ ਪੁੱਤ ਪੰਜਾਬੀ ਬਣੇ ਕੋਈ ਨਾ
ਜੇ ਮੈ ਗਵਾਰ ਹੋਈ ਤਾਂ ਗੈਰਾਂ ਕਰਕੇ
ਪਰ ਤੇਰੀ ਆਪਣੀ ਮਾਂ ਕੋਈ ਨਾ !
ਮੇਰੀ ਭੈਣ ਸਦਾ ਤੇਰੀ ਮਾਸੀ ਰਹਿਣਾ
ਪਰ ਮੇਰੀ ਰੱਤੇ ਪਲਿਉਂ ਤੇਰੀ ਕੁਖ ਕੋਈ ਨਾ
ਸ਼ਰਮ ਕਰੇ ਮੂੰਹ ਮੇਰੇ ਤੇ ਬੋਲ ਮੇਰੇ ਤੇ
ਪਰ ਮੇਰੇ ਅੰਦਰ ਸੁੱਖ ਕੋਈ ਨਾ
ਜੇ ਤੂੰ ਮੇਰਾ ਪੁੱਤ ਨਾ ਬਣਿਉ
ਮੇਰੇ ਅੰਦਰ ਸੁੱਖ ਕੋਈ ਨਾ।

* * * * *

## ਜਾਵਾਂ ਜਾਂ ਰਹਾਂ?

ਮੈਂ ਹਾਲੇ ਵੀ ਇੱਥੇ ਹਾਂ,
ਕਮਜ਼ੋਰ ਹੈ ਮੇਰੀ ਕਾਇਆ ਹੁਣ,
ਕੁੱਝ ਖੂੰਜੇ ਮੇਰੇ ਆਪਣੇ ਨੇ,
ਜਿੱਥੇ ਛੁਪਦਾ ਮੇਰਾ ਸਾਇਆ ਹੁਣ।

ਦਿਨ ਬਦਿਨ ਦੀ ਚਰਿਆ ਵਿੱਚ,
ਭਾਰ ਨੇ ਮੇਰੀ ਉਮਰਾਂ ਦੇ,
ਭਾਰੀ ਹੋਈ ਮੇਰੀ ਗਠੜੀ ਵਿੱਚ,
ਮੇਰੀ ਉਮਰ ਦਾ ਸਭ ਸਰਮਾਇਆ ਹੁਣ।

ਝੁਰੜੀਆਂ ਭਰੇ ਸਰੀਰ ਦੇ ਉੱਤੇ,
ਉੱਕਰੀਆਂ ਹੋਰ ਲਕੀਰਾਂ ਨੇ,
ਲਕੀਰਾਂ ਨੇ ਮੇਰੇ ਖ਼ਾਕੇ ਦਾ,
ਰੂਪ ਹੀ ਖ਼ੂਬ ਬਦਲਾਇਆ ਹੁਣ।

ਸ਼ੀਸ਼ੇ ਦੇ ਵਿੱਚ ਅਕਸ ਮੇਰੇ,
ਮੇਰਾ ਹੀ ਮੂੰਹ ਚਿੜਾਉਂਦੇ ਨੇ,
ਪਤਾ ਨਹੀਂ ਕਿੰਨੀ ਵਾਰੀ ਇਨ੍ਹਾਂ,
ਅਕਸਾਂ ਨੇ ਨਿੱਤ ਰੁਲਾਇਆ ਹੁਣ।

ਸਮਾਜੀ ਰਿਸ਼ਤੇ ਨਾਤੇ ਸਭ,
ਹੁਣ ਦੂਰ ਹੀ ਹੁੰਦੇ ਜਾਂਦੇ ਨੇ,
ਕਈਆਂ ਨੇ ਕਈ ਸਾਲਾਂ ਤੋਂ,
ਚੇਤਾ ਮੇਰਾ ਭੁਲਾਇਆ ਹੁਣ।

ਮੱਧਮ ਹੁੰਦਾ ਜਾਪ ਰਿਹਾ,
ਸੰਸਾਰ ਜੋ ਮੇਰਾ ਚਮਕੀਲਾ ਸੀ,
ਸਮੇਂ ਦੀ ਕੋਝੀ ਗਰਦਿਸ਼ ਨੇ,
ਇਸ ਨੂੰ ਖ਼ੂਬ ਧੁੰਦਲਾਇਆ ਹੁਣ।

ਉਧਾਰ ਹੀ ਸਭ ਕੁੱਛ ਮੰਗਿਆ ਸੀ,
ਇਸ ਦੁਨੀਆ ਦੇ ਖ਼ਜ਼ਾਨੇ ਤੋਂ,
ਵਿਆਜ ਸਮੇਤ ਹੀ ਮੋੜ ਦੇਵਾਂ,
ਜੀਅ ਕਰਦੈ ਇਹ ਸਰਮਾਇਆ ਹੁਣ।



ਤੇਰੀ ਮੇਰੀ ਦਾ ਝਗੜਾ ਹੁਣ,
ਸਿਰਫ ਤੇਰੀ ਦੇ ਵਿੱਚ ਬਦਲ ਜਾਏ,
ਮੇਰੀ ਮੇਰੀ ਹੀ ਕਰ ਕਰ ਕੇ,
ਮੈਂ ਕਾਫੀ ਵਕਤ ਲੰਘਾਇਆ ਹੁਣ।

ਕਾਸ਼ ਕਿ ਇਸ ਬੰਦੇ ਦੇ ਵਸ,
ਆਉਣ ਜਾਣ ਦੀ ਕਿਰਿਆ ਹੁੰਦੀ,
ਕਦੀ ਵੀ ਨਾ ਅਖੀਰ ਉੱਤੇ,
ਇਹ ਦਿਸਦਾ ਇੰਝ ਬੌਂਦਲਾਇਆ ਹੁਣ।
ਰਵਿੰਦਰ ਸਿੰਘ ਕੁੰਦਰਾ ਕੋਵੈਂਟਰੀ

# ਜਸਵਿੰਦਰ ਸਿੰਘ ਛਿੰਦਾ ਦਾ ਨਾਵਲ 'ਹਾਵਾਲਾਤ' ਦਾ ਤੀਜਾ ਐਡੀਸ਼ਨ ਡੱਲਾ ਕਾਲਜ ਵਿਖੇ ਲੋਕ ਅਰਪਣ

## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਮਿੱਤਰ ਸੈਨ ਮੀਤ ਆਦਿ ਨੇ ਕੀਤੀ ਸ਼ਿਰਕਤ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਰਾਮ ਕਾਲਜ ਡੱਲਾ ਵਿਖੇ ਪ੍ਰਿੰਸੀਪਲ ਪ੍ਰਭਜੀਤ ਸਿੰਘ ਅਤੇ ਮੈਨੇਜ਼ਮੈਂਟ ਮਾਸਟਰ ਅਵਤਾਰ ਸਿੰਘ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਮਾਂ ਬੋਲੀ ਪੰਜਾਬੀ ਦਿਵਸ ਨੂੰ ਸਮਰਪਿਤ ਮਹਿਫ਼ਿਲ-ਏ-ਅਦੀਬ ਜਗਰਾਉਂ, ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਦੇ ਸਹਿਯੋਗ ਨਾਲ ਨਾਵਲਕਾਰ ਜਸਵਿੰਦਰ ਸਿੰਘ ਛਿੰਦਾ ਦੇ ਨਾਵਲ 'ਹਵਾਲਾਤ' ਦੇ ਤੀਜੇ ਐਡੀਸ਼ਨ ਨੂੰ ਲੋਕ ਅਰਪਣ ਕਰਨ ਅਤੇ ਇਸ ਨਾਵਲ 'ਤੇ 'ਵਿਚਾਰ-ਚਰਚਾ' ਕਰਵਾਈ ਗਈ । ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ। ਜਿਸ ਵਿਚ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲ੍ਹੀ ਇੰਗਲੈਂਡ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।**

ਇਸ ਮੌਕੇ ਨਾਵਲਕਾਰ ਮਿੱਤਰ ਸੈਨ ਮੀਤ, ਪ੍ਰਸਿੱਧ ਕਹਾਣੀਕਾਰ ਆਲੋਚਕ ਨਿਰੰਜਣ ਬੋਹਾ, ਨਾਵਲਕਾਰ ਅਤੇ ਆਲੋਚਕ ਡਾ. ਸੁਰਜੀਤ ਬਰਾੜ, ਗੀਤਕਾਰ ਰਾਜ ਕੋਹਰ ਸਿਉਂ ਵਾਲਾ, ਮਹਿਫ਼ਿਲ-ਏ-ਅਦੀਬ ਦੇ ਪ੍ਰਧਾਨ ਜਗਦੀਸ਼ਪਾਲ ਮਹਿਤਾ, ਸ਼ਬਦ ਅਦਬ ਸਾਹਿਤ ਸਭਾ ਦੇ ਪ੍ਰਧਾਨ ਰਛਪਾਲ ਸਿੰਘ ਚਕਰ, ਸਾਬਕਾ ਐਸ.ਡੀ.ਐਮ. ਹਰਚਰਨ ਸਿੰਘ ਸੰਧੂ, ਗੁਰਚਰਨ ਸਿੰਘ ਰੁਪਾਲ ਸਾਬਕਾ ਐਕਸ਼ੀਅਨ, ਮਾ. ਬਹਾਦਰ ਸਿੰਘ ਕੈਨੇਡਾ, ਕਹਾਣੀਕਾਰ ਅਮਰੀਕ ਸਿੰਘ ਸੈਦੋਕੇ, ਇਤਿਹਾਸਕਾਰ ਪ੍ਰਿੰ. ਮੇਜਰ ਸਿੰਘ ਤੱਤਲਾ, ਰਣਧੀਰ ਸਿੰਘ ਸੰਧੂ ਕੈਨੇਡਾ ਸ਼ਾਮਿਲ ਹੋਏ । ਸਭ ਤੋਂ ਪਹਿਲਾ ਪ੍ਰਿੰ. ਪ੍ਰਭਜੀਤ ਸਿੰਘ ਨੇ ਆਏ ਸਮੂਹ ਅਦੀਬਾਂ ਨੂੰ ਜੀ ਆਇਆਂ ਕਿਹਾ। ਉਪਰੰਤ ਜਸਵਿੰਦਰ ਸਿੰਘ ਛਿੰਦਾ ਦੇ ਨਾਵਲ 'ਹਵਾਲਾਤ' ਦਾ ਤੀਜਾ ਐਡੀਸ਼ਨ ਲੋਕ ਅਰਪਣ ਕੀਤਾ। ਮੁੱਖ ਮਹਿਮਾਨ ਗੁਰਮੇਲ ਸਿੰਘ ਮੱਲ੍ਹੀ ਨੇ ਕਿਹਾ ਕਿ ਬੜਾ ਹੌਂਸਲਾ ਕਰਕੇ ਸੱਚ ਲਿਖਣਾ ਪੈਂਦਾ ਹੈ। ਜਸਵਿੰਦਰ ਸਿੰਘ ਛਿੰਦਾ ਨੇ ਆਪਣੇ ਪਿੰਡੇ 'ਤੇ ਹੰਢਾਏ ਸੰਤਾਪ ਨੂੰ ਲਿਖ ਕੇ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਆਲੋਚਕ ਨਿਰੰਜਣ ਬੋਹਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਇਕ ਇਤਿਹਾਸਕ ਦਸਤਾਵੇਜ ਹੈ, ਜੋ ਸਦੀਵ ਨਵੀਂ ਪੀੜੀ ਦਾ ਮਾਰਗ ਦਰਸ਼ਨ ਕਰਦਾ ਰਹੇਗਾ। ਗੀਤਕਾਰ ਰਾਜ ਕੋਹਰ ਸਿਉਂ ਵਾਲਾ, ਰਾਜਵਿੰਦਰ ਕੌਰ ਬੀ.ਏ. ਭਾਗ, ਅਮਨਦੀਪ ਕੌਰ ਬੀ.ਏ. ਅਤੇ ਲਵਪ੍ਰੀਤ ਕੌਰ ਬੀ.ਏ. ਭਾਗ ਪਹਿਲਾ ਦੀਆਂ ਵਿਦਿਆਰਥਣਾਂ ਨੇ ਵੀ ਵਿਚਾਰ ਦਿੱਤੇ। ਆਲੋਚਕ ਡਾ. ਸੁਰਜੀਤ ਬਰਾੜ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਇਹ ਨਾਵਲ ਸਾਂਭਣਯੋਗ ਹੈ । ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ ਨੇ ਨਾਵਲ 'ਹਾਵਾਲਾਤ' ਬਾਰੇ ਵਿਚਾਰ ਦਿੰਦਿਆਂ ਕਿਹਾ ਕਿ ਪੁਲਿਸ ਸੱਭਿਆਚਾਰ ਸਬੰਧੀ ਤਿੰਨ ਨਾਵਲ ਲਿਖੇ ਗਏ ਹਨ। ਜੋ ਸਮੇਂ ਦੀ ਹਕੂਮਤ, ਪ੍ਰਸ਼ਾਸਨ ਅਤੇ ਪੁਲਿਸ ਦੀਆਂ ਵਧੀਕੀਆਂ ਨੂੰ ਬਾਰੀਕੀ ਨਾਲ ਉਜਾਗਰ ਕਰਦੇ ਹਨ। ਇਸ ਉਪਰੰਤ ਜਸਵਿੰਦਰ ਸਿੰਘ ਛਿੰਦਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਆਏ ਸਮੂਹ ਮਹਿਮਾਨ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਵਲੋਂ ਦਿੱਤੇ ਸੁਝਾਅ ਅਤੇ ਹੌਂਸਲੇ ਸਦਕਾ ਹੋਰ ਵੀ ਪ੍ਰਪੱਕ ਲਿਖਣ ਦਾ ਵਾਅਦਾ ਕੀਤਾ। ਆਖਿਰ 'ਚ ਕਾਲਜ ਮੈਨੇਜ਼ਮੈਂਟ ਦੇ ਮਾ. ਅਵਤਾਰ ਸਿੰਘ ਡੱਲਾ ਨੇ ਆਏ ਸਮੂਹ ਮਹਿਮਾਨਾਂ ਦਾ ਧੰਨਵਾਦ ਅਤੇ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦਿੱਤੇ।

ਸਟੇਜ ਦੀ ਕਾਰਵਾਈ ਡਾ. ਪ੍ਰਮਿੰਦਰ ਕੌਰ ਨੇ ਬਾਖ਼ੂਬੀ ਚਲਾਈ। ਇਸ ਮੌਕੇ ਕਾਨਤਾ ਦੇਵੀ, ਕੈਪਟਨ ਪੂਰਨ ਸਿੰਘ ਗਗੜਾ, ਪ੍ਰੇਮ ਸਿੰਘ ਲੋਹਟ, ਸਾਬਕਾ ਪ੍ਰਧਾਨ ਪ੍ਰਸ਼ੋਤਮ ਪੱਤੋ, ਮੰਗਲ ਮੀਤ, ਹਾਕਮ ਸਿੰਘ ਧੂਰਕੋਟੀਆ, ਸਤਿੰਦਰ ਪਾਲ ਸਿੰਘ ਸਿੱਧੂ, ਕਹਾਣੀਕਾਰ ਅਵਤਾਰ ਸਿੰਘ ਹਠੂਰ, ਦਰਬਾਰਾ ਸਿੰਘ ਦਰਸ਼ਨ, ਦੁਪਿੰਦਰਪਾਲ ਸਿੰਘ ਪਿੰਦਾ, ਚਮਕੌਰ ਸਿੰਘ ਦੇਹੜਕਾ, ਤੇਜ਼ ਪ੍ਰਕਾਸ਼ ਲੰਮੇ, ਨਵਨੀਤ ਕੌਰ, ਪਰਮਜੀਤ ਕੌਰ, ਬਲਜਿੰਦਰ ਕੌਰ, ਪ੍ਰੋ. ਹਰਜੀਤ ਕੌਰ, ਪ੍ਰੋ. ਸਤਵਿੰਦਰ ਕੌਰ, ਪ੍ਰੋ. ਛਿੰਦਰਜੋਤ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਹਰਮਨਦੀਪ ਕੌਰ, ਪ੍ਰ. ਮਨਪ੍ਰੀਤ ਚਾਵਲਾ, ਪ੍ਰੋ. ਰਮਨਜੀਤ ਕੌਰ, ਪ੍ਰੋ. ਗੁਰਤੀਰਥ ਕੌਰ, ਪ੍ਰੋ. ਕਰਨ, ਪ੍ਰੋ. ਗੁਰਜੀਤ ਸਿੰਘ, ਰਾਜਵਿੰਦਰ ਸਿੰਘ ਮਾਣੂੰਕੇ ਆਦਿ ਹਾਜ਼ਰ ਸਨ।




ਜਸਵਿੰਦਰ ਸਿੰਘ ਛਿੰਦਾ ਦਾ ਨਾਵਲ 'ਹਾਵਾਲਾਤ' ਦਾ ਤੀਜਾ ਐਡੀਸ਼ਨ ਜਾਰੀ ਕਰਨ ਮੌਕੇ ਪ੍ਰਮੁੱਖ ਸਖਸ਼ੀਅਤਾਂ

# ਇੰਗਲੈਂਡ ਤੋਂ ਜਾ ਕੇ ਪੰਜਾਬ ਦੀ ਸਿਆਸਤ ਵਿੱਚ ਬੀਤੇ ਕਈ ਵਰ੍ਹਿਆਂ ਤੋਂ ਸਰਗਰਮ ਕਮਲਪ੍ਰੀਤ ਸਿੰਘ ਧਾਲੀਵਾਲ ਦੀ ਰਾਹੁਲ ਗਾਂਧੀ ਨਾਲ ਬੀਤੇ ਦਿਨੀ ਹੋਈ ਪਰਿਵਾਰਕ ਮਿਲਣੀ ਹਲਕਾ ਅਮਰਗੜ੍ਹ 'ਚ ਚਰਚਾ ਦਾ ਵਿਸ਼ਾ ਬਣੀ

## ਕਮਲ ਧਾਲੀਵਾਲ ਹਲਕਾ ਅਮਰਗੜ੍ਹ ਦੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਜੋੜ ਰਹੇ ਹਨ - ਰੰਧਾਵਾ, ਜੈਨਪੁਰੀਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਤੋਂ ਪੰਜਾਬ ਜਾ ਕੇ ਬੀਤੇ ਕਈ ਵਰ੍ਹਿਆਂ ਤੋਂ ਪੰਜਾਬ ਦੀ ਸਿਆਸਤ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਕਮਲਪ੍ਰੀਤ ਸਿੰਘ ਧਾਲੀਵਾਲ, ਬੀਤੇ ਸਮੇਂ ਤੋਂ ਸਰਗਰਮੀ ਨਾਲ ਹਲਕਾ ਅਮਰਗੜ੍ਹ ਵਿੱਚ ਹਾਜ਼ਰੀ ਲਵਾ ਰਹੇ ਹਨ।**

ਪੰਜਾਬ ਦੇ ਸਿਆਸੀ ਗਲਿਆਰਿਆਂ 'ਚ ਬੀਤੇ ਦਿਨੀ ਕਮਲ ਧਾਲੀਵਾਲ ਅਤੇ ਪ੍ਰੀਵਾਰ ਦੀ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨਾਲ ਹੋਈ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਭਾਵੇਂ ਕਿ ਰਾਹੁਲ ਗਾਂਧੀ ਨਾਲ ਧਾਲੀਵਾਲ ਦੀ ਸਾਂਝ ਦਹਾਕਾ ਪੁਰਾਣੀ ਹੈ ਅਤੇ ਲੰਡਨ ਵਿੱਚ ਰਾਹੁਲ ਗਾਂਧੀ ਦੀਆਂ ਫੇਰੀਆਂ ਅਤੇ ਵੱਡੇ ਸਮਾਗਮ ਦੋਵਾਂ ਨੇਤਾਵਾਂ ਦੀ ਸਾਂਝ ਦੀਆਂ ਗਵਾਹ ਹਨ। ਪਰ 2027 ਦੀਆਂ ਆ ਰਹੀਆਂ ਚੋਣਾਂ ਅਤੇ ਪੰਜਾਬ ਵਿੱਚ ਚੋਣਾਂ ਨੂੰ ਲੈ ਕੇ ਚੱਲ ਰਹੀ ਸਿਆਸੀ ਹੱਲਚਲ ਨੇ ਬੀਤੇ ਦਿਨੀ ਹੋਈ ਹੋਈ ਮੁਲਾਕਾਤ ਨੂੰ ਵੱਖਰਾ ਜਿਹਾ ਰੰਗ ਦੇ ਦਿੱਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਇਹ ਮੁਲਾਕ-ਾਤ ਕੋਈ ਸਾਧਾਰਨ ਸਿਆਸੀ ਸ਼ਿਸ਼ਟਾਚਾਰ ਨਹੀਂ ਸੀ, ਸਗੋਂ ਇਹ ਧਾਲੀਵਾਲ ਦੀ ਕਾਂਗਰਸ ਪਾਰਟੀ ਦੇ ਕਾਰਕੁੰਨ ਵਜੋਂ ਅਤੇ ਗਾਂਧੀ ਪਰਿਵਾਰ ਨਾਲ ਸਾਂਝ ਦੀ ਕਹਾਣੀ ਬਿਆਨ ਕਰਦੀ ਹੈ। ਇਸ ਮਿਲਣੀ ਨੇ ਰਾਹੁਲ ਗਾਂਧੀ ਵਲੋਂ ਧਾਲੀਵਾਲ ਪਰਿਵਾਰ ਨੂੰ ਦਿੱਤਾ ਗਿਆ ਲੰਬਾ ਸਮਾਂ ਤੇ ਸਨੇਹ ਇਹ ਸਾਬਤ ਕਰਦਾ ਹੈ ਕਿ ਕਮਲਪ੍ਰੀਤ ਸਿੰਘ ਧਾਲੀਵਾਲ ਸਿਰਫ਼ ਇੱਕ ਆਗੂ ਵਜੋਂ ਹੀ ਨਹੀਂ, ਸਗੋਂ ਕਾਂਗਰਸ ਹਾਈਕਮਾਂਡ ਦੇ ਇੱਕ ਭਰੋਸੇਮੰਦ ਸਿਪਾਹੀ ਤੇ ਪਰਿਵਾਰਕ ਮੈਂਬਰ ਵਾਂਗ ਨਿਭ ਰਹੇ ਹਨ। ਕਮਲਪ੍ਰੀਤ ਸਿੰਘ ਧਾਲੀਵਾਲ ਅਤੇ ਰਾਹੁਲ ਗਾਂਧੀ ਦੀਆਂ ਲਗਾਤਾਰ ਹੋ ਰਹੀਆਂ ਇਹ ਮੁਲਾਕਾਤਾਂ ਪੰਜਾਬ ਅਤੇ ਖ਼ਾਸ ਕਰ ਕੇ ਹਲਕਾ ਅਮਰਗੜ੍ਹ ਦੀ ਸਿਆਸਤ 'ਚ ਨਵੇਂ ਅਧਿਆਇ ਲਿਖਣ ਦਾ ਸੰਕੇਤ ਹਨ। ਮੁਲਾਕਾਤ ਦੌਰਾਨ ਰਾਹੁਲ ਗਾਂਧੀ ਅਤੇ ਧਾਲੀਵਾਲ ਪਰਿਵਾਰ ਦੇ ਬੱਚਿਆਂ ਤੇ ਮੈਂਬਰਾਂ ਨਾਲ ਗੱਲਾਂਬਾਤਾਂ ਆਪਸੀ ਗੂੜੀ ਸਾਂਝ ਦਾ ਸੁਨੇਹਾ ਸੀ।

ਕਮਲ ਧਾਲੀਵਾਲ ਨੇ ਮੁਲਾਕਾਤ ਬਾਰੇ ਕਿਹਾ ਕਿ ਗਾਂਧੀ ਪਰਿਵਾਰ ਨਾਲ ਉਨ੍ਹਾਂ ਦਾ ਰਿਸ਼ਤਾ ਸਿਆਸਤ ਤੋਂ ਉੱਪਰ ਉੱਠ ਕੇ ਜਜ਼ਬਾਤਾਂ ਅਤੇ ਸਿਧਾਂਤਾਂ 'ਤੇ ਟਿਕਿਆ ਹੋਇਆ ਹੈ। ਰਾਹੁਲ ਗਾਂਧੀ ਨਾਲ ਜਿੱਥੇ ਦੇਸ਼ ਦੀ ਮੌਜੂਦਾ ਸਥਿਤੀ ਅਤੇ ਕਾਂਗਰਸ ਦੀ ਮਜ਼ਬੂਤੀ ਬਾਰੇ ਚਰਚਾ ਹੋਈ, ਉੱਥੇ ਹੀ ਮੈਂ ਅਮਰਗੜ੍ਹ ਹਲਕੇ ਦੀਆਂ ਮੁਸ਼ਕਲਾਂ, ਲੋਕਾਂ ਦੀਆਂ ਭਾਵਨਾਵਾਂ ਅਤੇ ਇਲਾਕੇ ਦੇ ਵਿਕਾਸ ਦੇ ਮੁੱਦਿਆਂ ਨੂੰ ਉਨ੍ਹਾਂ ਦੇ ਸਨਮੁੱਖ ਰੱਖਿਆ ਹੈ। ਇਸ ਮੁਲਾਕਾਤ ਦੀਆਂ ਤਸਵੀਰਾਂ ਜਨਤਕ ਹੋਣ ਤੋਂ ਬਾਅਦ ਕਾਂਗਰਸੀ ਵਰਕਰਾਂ ਦਾ ਮੰਨਣਾ ਹੈ ਕਿ ਧਾਲੀਵਾਲ ਦੀ ਹਾਈਕਮਾਂਡ ਤੱਕ ਇਹ ਸਿੱਧੀ ਅਤੇ ਮਜ਼ਬੂਤ ਪਹੁੰਚ ਆਉਣ ਵਾਲੇ ਸਮੇਂ ਵਿਚ ਹਲਕਾ ਅਮਰਗੜ੍ਹ ਦੀ ਨੁਹਾਰ ਬਦਲਣ ਵਿਚ ਸਹਾਈ ਹੋਵੇਗੀ। ਦੂਜੇ ਪਾਸੇ ਸਿਆਸੀ ਪੰਡਤਾ ਦਾ ਕਹਿਣਾ ਹੈ ਕਿ ਕਮਲਪ੍ਰੀਤ ਸਿੰਘ ਧਾਲੀਵਾਲ ਦਾ ਵਧਦਾ ਸਿਆਸੀ ਕੱਦ ਆਉਣ ਵਾਲੀਆਂ ਚੋਣਾਂ ਅਤੇ ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਉਨ੍ਹਾਂ ਦੀ ਵੱਡੀ ਭੂਮਿਕਾ ਵੱਲ ਸਾਫ਼ ਇਸ਼ਾਰਾ ਕਰ ਰਿਹਾ ਹੈ।

ਕਮਲ ਧਾਲੀਵਾਲ ਅਤੇ ਪ੍ਰੀਵਾਰ ਦੀ ਕਾਂਗਰਸੀ ਨੇਤਾ ਰਾਹੁਲ ਗਾਂਧੀ ਦੀ ਇਸ ਮਿਲਣੀ ਬਾਰੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵਿੱਚ ਵੀ ਨਵੀਂ ਰੂਹ ਫੂਕੀ ਹੈ, ਸੀਨੀਅਰ ਮੀਤ ਪ੍ਰਧਾਨ ਗੁਰਮਿੰਦਰ ਕੌਰ ਰੰਧਾਵਾ, ਮੀਤ ਪ੍ਰਧਾਨ ਬਲਜਿੰਦਰ ਸਿੰਘ ਜੈਨਪੁਰੀਆ ਨੇ ਕਿਹਾ ਕਿ ਕਮਲ ਧਾਲੀਵਾਲ ਇੱਕ ਦਹਾਕੇ ਤੋਂ ਵੱਧ ਕਾਂਗਰਸ ਪਾਰਟੀ ਨਾਲ ਸਰਗਰਮੀ ਨਾਲ ਮੂਹਰੇ ਹੋ ਕੇ ਕੰਮ ਕਰ ਰਹੇ ਹਨ। ਉਹ ਬੀਤੇ ਕਈ ਵਰ੍ਹਿਆਂ ਤੋਂ ਯੂ ਕੇ ਨਾਲੋਂ ਪੰਜਾਬ ਅਤੇ ਖਾਸ ਤੌਰ ਤੇ ਹਲਕਾ ਅਮਰਗੜ੍ਹ ਵਿਚ ਸਰਗਰਮ ਹਨ ਅਤੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਜੋੜ ਰਹੇ ਹਨ।



ਕਾਂਗਰਸੀ ਨੇਤਾ ਰਾਹੁਲ ਗਾਂਧੀ ਨਾਲ ਕਮਲਪ੍ਰੀਤ ਸਿੰਘ ਧਾਲੀਵਾਲ ਅਤੇ ਬੱਚੇ

# 50 ਨਾਬਾਲਿਗਾਂ ਦੇ ਜਿਨਸੀ ਸ਼ੋਸ਼ਣ ਵਿਚ ਫਾਂਸੀ

**ਬਾਂਦਾ (ਯੂਪੀ)-ਪੋਕਸੋ ਅਦਾਲਤ ਨੇ 50 ਨਾਬਾਲਿਗ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਕੇ ਅਸ਼ਲੀਲ ਤਸਵੀਰਾਂ ਤੇ ਵੀਡੀਓਜ਼ ਇੰਟਰਨੈੱਟ 'ਤੇ ਵੇਚਣ ਵਾਲੇ ਸਿੰਚਾਈ ਵਿਭਾਗ ਦੇ ਮੁਅੱਤਲ ਜੇਈ ਰਾਮਭਵਨ ਤੇ ਉਸ ਦੀ ਪਤਨੀ ਦੁਰਗਾਵਤੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੋਵਾਂ ਨੂੰ ਆਖ਼ਰੀ ਸਾਹ ਤੱਕ ਲਟਕਾਉਣ ਦਾ ਹੁਕਮ ਦਿੱਤਾ ਗਿਆ। ਜੇਈ 'ਤੇ 6.45 ਲੱਖ ਤੇ ਪਤਨੀ 'ਤੇ 5.40 ਲੱਖ ਰੁਪਏ ਜੁਰਮਾਨਾ ਲਗਾਇਆ ਗਿਆ। ਪੀੜਤਾਂ ਨੂੰ 10 ਲੱਖ ਮੁਆਵਜ਼ਾ ਵੀ ਦੇਣਾ ਹੋਵੇਗਾ।**

# ਰੀਫਾਰਮ ਪਾਰਟੀ ਦੇ ਪਰਵਾਸੀ ਯੋਜਨਾ ਐਲਾਨ ’ਤੇ ਚਰਚਾ ਤੇਜ਼

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੀ ਰਾਜਨੀਤੀ ਵਿੱਚ ਪਰਵਾਸੀ ਮਸਲੇ ਨੂੰ ਲੈ ਕੇ ਇਕ ਵਾਰ ਫਿਰ ਚਰਚਾ ਤੇਜ਼ ਹੋ ਗਈ ਹੈ, ਜਦੋਂ ਰੀਫਾਰਮ ਯੂਕੇ ਪਾਰਟੀ ਵੱਲੋਂ ਗੈਰਕਾਨੂੰਨੀ ਪਰਵਾਸੀਆਂ ਖ਼ਿਲਾਫ਼ ਸਖ਼ਤ ਕਦਮ ਚੁੱਕਣ ਅਤੇ ਕੁਝ ਦੇਸ਼ਾਂ ਲਈ ਵੀਜ਼ਾ ਪਾਬੰਦੀਆਂ ਲਗਾਉਣ ਦੀ ਯੋਜਨਾ ਸਾਹਮਣੇ ਆਈ ਹੈ। ਹਾਲਾਂਕਿ ਰਾਜਨੀਤਿਕ ਵਿਸ਼ਲੇਸ਼ਕਾਂ ਨੇ ਸਪਸ਼ਟ ਕੀਤਾ ਹੈ ਕਿ ਮੌਜੂਦਾ ਸਮੇਂ ਵਿੱਚ ਰੀਫਾਰਮ ਪਾਰਟੀ ਕੋਲ ਅਜਿਹੇ ਫੈਸਲੇ ਲਾਗੂ ਕਰਨ ਦਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਹੈ।


ਪਾਰਟੀ ਦੇ ਆਗੂਆਂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਜੇ ਭਵਿੱਖ ਵਿੱਚ ਉਹ ਸਰਕਾਰ ਬਣਾਉਂਦੇ ਹਨ ਤਾਂ ਗੈਰਕਾਨੂੰਨੀ ਤੌਰ ’ਤੇ ਰਹਿ ਰਹੇ ਲਗਭਗ ਛੇ ਲੱਖ ਪਰਵਾਸੀਆਂ ਨੂੰ ਦੇਸ਼ ਤੋਂ ਬਾਹਰ ਭੇਜਣ ਲਈ ਵੱਡੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਇਸ ਯੋਜਨਾ ਦੇ ਤਹਿਤ ਉਹਨਾਂ ਦੇਸ਼ਾਂ ’ਤੇ ਵੀਜ਼ਾ ਪਾਬੰਦੀਆਂ ਲਗਾਉਣ ਦੀ ਗੱਲ ਵੀ ਕੀਤੀ ਗਈ ਹੈ ਜੋ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਵਿੱਚ ਸਹਿਯੋਗ ਨਹੀਂ ਕਰਦੇ।

ਰਾਜਨੀਤਿਕ ਮਾਹਿਰਾਂ ਦਾ ਕਹਿਣਾ ਹੈ ਕਿ ਬ੍ਰਿਟੇਨ ਵਿੱਚ ਪਰਵਾਸ, ਵੀਜ਼ਾ ਨੀਤੀ ਅਤੇ ਸਰਹੱਦੀ ਸੁਰੱਖਿਆ ਨਾਲ ਜੁੜੇ ਫੈਸਲੇ ਸਿਰਫ਼ ਸਰਕਾਰ ਅਤੇ ਸੰਸਦ ਹੀ ਕਰ ਸਕਦੇ ਹਨ। ਕੋਈ ਵੀ ਰਾਜਨੀਤਿਕ ਪਾਰਟੀ, ਜੋ ਸੱਤਾ ਵਿੱਚ ਨਾ ਹੋਵੇ, ਉਹ ਸਿੱਧੇ ਤੌਰ ’ਤੇ ਨੀਤੀ ਲਾਗੂ ਨਹੀਂ ਕਰ ਸਕਦੀ। ਇਸ ਲਈ ਰੀਫਾਰਮ ਪਾਰਟੀ ਦੇ ਐਲਾਨਾਂ ਨੂੰ ਮੌਜੂਦਾ ਸਮੇਂ ਵਿੱਚ ਚੋਣੀ ਵਾਅਦੇ ਜਾਂ ਭਵਿੱਖੀ ਨੀਤੀ ਦੇ ਰੂਪ ਵਿੱਚ ਹੀ ਦੇਖਿਆ ਜਾ ਰਿਹਾ ਹੈ। ਮਾਹਿਰਾਂ ਅਨੁਸਾਰ ਅਜਿਹੇ ਫੈਸਲੇ ਲਾਗੂ ਕਰਨ ਲਈ ਪਹਿਲਾਂ ਸੰਸਦ ਵਿੱਚ ਕਾਨੂੰਨ ਪਾਸ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਉਸ ਤੋਂ ਬਾਅਦ ਹੀ ਗ੍ਰਹਿ ਵਿਭਾਗ ਰਾਹੀਂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ। ਮੌਜੂਦਾ ਲੇਬਰ ਸਰਕਾਰ ਦੀ ਪਰਵਾਸ ਨੀਤੀ ਹੀ ਦੇਸ਼ ਵਿੱਚ ਕਾਨੂੰਨੀ ਤੌਰ ’ਤੇ ਲਾਗੂ ਹੈ।

ਉਧਰ ਰਾਜਨੀਤਿਕ ਵਿਰੋਧੀਆਂ ਨੇ ਰੀਫਾਰਮ ਪਾਰਟੀ ਦੀਆਂ ਘੋਸ਼ਣਾਵਾਂ ਨੂੰ ਲੋਕਧਿਆਨ ਖਿੱਚਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ, ਜਦਕਿ ਪਾਰਟੀ ਸਮਰਥਕਾਂ ਦਾ ਮੰਨਣਾ ਹੈ ਕਿ ਸਖ਼ਤ ਪਰਵਾਸ ਨੀਤੀ ਦੀ ਲੋੜ ਹੈ। ਇਸ ਮਾਮਲੇ ਨੇ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਪਰਵਾਸੀ ਮਸਲੇ ਨੂੰ ਮੁੜ ਰਾਜਨੀਤਿਕ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਬ੍ਰਿਟੇਨ ਵਿੱਚ ਪਰਵਾਸੀ ਨੀਤੀ ਹਮੇਸ਼ਾ ਚੋਣਾਂ ਦੌਰਾਨ ਵੱਡਾ ਮਸਲਾ ਰਹਿੰਦੀ ਹੈ ਅਤੇ ਵੱਖ-ਵੱਖ ਪਾਰਟੀਆਂ ਆਪਣੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਵੱਖਰੀਆਂ ਯੋਜਨਾਵਾਂ ਪੇਸ਼ ਕਰਦੀਆਂ ਰਹਿੰਦੀਆਂ ਹਨ। ਇਸ ਕਾਰਨ ਆਉਣ ਵਾਲੇ ਸਮੇਂ ਵਿੱਚ ਇਸ ਮਸਲੇ ’ਤੇ ਹੋਰ ਤਿੱਖੀ ਰਾਜਨੀਤਿਕ ਬਹਿਸ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਕੈਨੇਡਾ ’ਚ ਜਬਰਨ ਵਸੂਲੀ ਗਿਰੋਹ ਨਾਲ ਜੁੜੇ 22 ਸਾਲਾ ਲਵਬੀਰ ਸਿੰਘ ਡਿਪੋਰਟ, ਪੁਲਿਸ ਨੇ ਜਾਰੀ ਕੀਤੀ ਤਸਵੀਰ

## ਧਮਕੀਆਂ, ਲੁਟਾਂ ਖੋਹਾਂ ਦੇ ਮਾਮਲੇ ਵਿਚ ਪੰਜਾਬੀ ਨੌਜਵਾਨ ਨੂੰ ਕੈਨੇਡਾ ਤੋਂ ਬਾਹਰ ਭੇਜਿਆ



ਸਰੀ (ਕੈਨੇਡਾ)-ਕੈਨੇਡਾ ਵਿਚ ਚੱਲ ਰਹੀਆਂ ਜਬਰਨ ਵਸੂਲੀ (ਐਕਸਟੌਰਸ਼ਨ) ਨਾਲ ਜੁੜੀਆਂ ਗੰਭੀਰ ਅਪਰਾਧਿਕ ਗਤੀਵਿਧੀਆਂ ਵਿਚ ਕਥਿਤ ਤੌਰ ਤੇ ਸ਼ਾਮਲ 22 ਸਾਲਾ ਲਵਬੀਰ ਸਿੰਘ ਨੂੰ ਦੇਸ਼ ਵਿਚੋਂ ਡਿਪੋਰਟ ਕਰ ਦਿੱਤਾ ਗਿਆ ਹੈ। ਸਰੀ ਪੁਲਿਸ ਸਰਵਿਸ (ਐੱਸਪੀਐੱਸ) ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐੱਸਏ) ਵੱਲੋਂ ਚਲਾਈ ਗਈ ਸਾਂਝੀ ਜਾਂਚ ਤੋਂ ਬਾਅਦ ਇਹ ਵੱਡੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ।ਪੁਲਿਸ ਨੇ ਲਵਬੀਰ ਸਿੰਘ ਨੂੰ ਭਾਰਤ ਭੇਜ ਦਿੱਤਾ ਹੈ ਪਰ ਉਸ ਨੂੰ ਅਪਰਾਧੀ ਗਤੀਵਿਧੀਆਂ ਵਿਚ ਸ਼ਾਮਲ ਮੰਨਦਿਆਂ ਉਸ ਦੀ ਤਸਵੀਰ ਜਾਰੀ ਕਰ ਦਿੱਤੀ ਹੈ ਤਾਂ ਜੋ ਉਸ ਦੇ ਸਥਾਨਕ ਨੈੱਟਵਰਕ ਬਾਰੇ ਹੋਰ ਜਾਣਕਾਰੀ ਇਕੱਤਰ ਕੀਤੀ ਜਾ ਸਕੇ। ਐੱਸਪੀਐੱਸ ਅਧਿਕਾਰੀਆਂ ਨੇ ਦੱਸਿਆ ਕਿ ਲਵਬੀਰ ਸਿੰਘ ਜਬਰਨ ਵਸੂਲੀ ਨਾਲ ਜੁੜੀਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਸ਼ਾਮਲ ਸੀ ਅਤੇ ਉਸ ਦੇ ਰਾਹੀਂ ਹੋਰ ਲੋਕਾਂ ਨੂੰ ਧਮਕੀਆਂ ਦੇ ਕੇ ਪੈਸੇ ਵਸੂਲਣ ਵਿਚ ਵੀ ਉਸ ਦਾ ਹੱਥ ਹੋਣ ਦਾ ਸ਼ੱਕ ਹੈ। ਜਾਂਚ ਅਧਿਕਾਰੀਆਂ ਨੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ ਲਵਬੀਰ ਸਿੰਘ ਇੱਕ ਵੱਡੇ ਅਪਰਾਧਿਕ ਗਿਰੋਹ ਦਾ ਹਿੱਸਾ ਹੋ ਸਕਦਾ ਹੈ ਜੋ ਕੈਨੇਡਾ ਵਿਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦਾ ਰਿਹਾ ਹੈ। ਉਸ ਨੂੰ ਡਿਪੋਰਟ ਕਰਨ ਤੋਂ ਬਾਅਦ ਵੀ ਪੁਲਿਸ ਉਸ ਦੇ ਸਾਥੀਆਂ ਅਤੇ ਸਹਿਯੋਗੀਆਂ ਦਾ ਪਤਾ ਲਗਾਉਣ ਲਈ ਲਗਾਤਾਰ ਛਾਪੇ ਮਾਰ ਰਹੀ ਹੈ। ਇਸ ਮਾਮਲੇ ਵਿਚ ਇੱਕ ਵੱਡੀ ਜਾਂਚ ਚੱਲ ਰਹੀ ਹੈ ਜਿਸ ਵਿਚ ਹੋਰ ਵੀ ਕਈ ਲੋਕਾਂ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ। ਸਰੀ ਪੁਲਿਸ ਨੇ ਆਮ ਲੋਕਾਂ ਤੋਂ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਕੋਲ ਲਵਬੀਰ ਸਿੰਘ ਜਾਂ ਉਸ ਦੇ ਗਿਰੋਹ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ।

# ਮਾਝਾ ਜ਼ੋਨ ਦੇ ਕਾਰੋਬਾਰੀਆਂ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਮੰਗ ਰਿਹਾ ਗੈਂਗਸਟਰ ਗ੍ਰਿਫ਼ਤਾਰ



ਅੰਮ੍ਰਿਤਸਰ-ਪੁਲਿਸ ਨੇ ਵੀਰਵਾਰ ਰਾਤ ਸੁਲਤਾਨਵਿੰਡ ਰੋਡ ਤੋਂ ਗੈਂਗਸਟਰ ਕੇਸ਼ਵ ਸ਼ਿਵਾਲਾ ਦੇ ਸਾਥੀ ਰਾਕੇਸ਼ ਕੁਮਾਰ ਉਰਫ਼ ਰਿੱਕੀ ਮਹਾਸ਼ਾ ਨੂੰ ਗ੍ਰਿਫ਼ਤਾਰ ਕੀਤਾ। ਉਹ ਮਾਝਾ ਜ਼ੋਨ ਦੇ ਕਾਰੋਬਾਰੀਆਂ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਮੰਗ ਰਿਹਾ ਸੀ। ਪੁਲਿਸ ਨੇ ਉਸ ਤੋਂ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ। ਹੋਰ ਸਾਥੀਆਂ ਅਤੇ ਹਥਿਆਰਾਂ ਦੀ ਭਾਲ ਜਾਰੀ ਹੈ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____
SON / DAUGHTER / WIFE OF MR ____
WHOSE PERMANENT ADDRESS IN INDIA IS ____
AND IS NOW LIVING AT ____
____ HEREBY GIVE NOTICE OF MY INTENTION
TO CHANGE MY NAME TO ____
TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**


**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਗੁਰੂ ਘਰ ਵਿੱਚ ਸਿਆਸਤ ਬਾਰੇ ਕੋਈ ਭੀ ਬਹਿਸ ਨਹੀਂ ਹੋਣੀ ਚਾਹੀਦੀ,

## ਪਾਠਕਾਂ ਦੇ ਪੱਤਰ

ਪ੍ਰਦੇਸਾਂ ਵਿੱਚ ਜਦੋਂ ਭੀ ਗੁਰੂ ਘਰ ਦੀ ਕਮੇਟੀ ਚੁਣਨੀ ਹੁੰਦੀ ਹੈ, ਇਨ੍ਹਾਂ ਨੂੰ ਜਰੂਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨਾਲ ਰਾਬਤਾ ਕਰਨਾ ਚਾਹੀਦਾ ਹੈ। ਹੋ ਸਕੇ ਹਰ ਜਗ੍ਹਾ? ਮੈਂ ਪਹਿਲਾਂ ਸਾਡੇ ਪੰਜਾਬ ਵਿੱਚ ਅੰਮ੍ਰਿਤਸਰ, ਗੁਰਦਾਸਪੁਰ ਸਿੱਖੀ ਦਾ ਧੁਰਾ ਮਿਥਿਆ ਜਾਂਦਾ ਰਿਹਾ, ਹੁਣ ਦੇਖੋ ਗੁਰਦਾਸ-ਪੁਰ ਪੰਜਾਬ ਵਿੱਚ 1401 ਪਿੰਡ ਹਨ ਅਤੇ ਤਕਰੀਬਨ 2140 ਗੁਰੂ ਘਰ ਹਨ, 1322 ਕਮੇਟੀਆਂ ਗੁਰੂ ਘਰਾਂ ਵਿੱਚ ਹਨ, ਜਿਨ੍ਹਾਂ ਵਿੱਚ ਪੂਰਨ ਗੁਰ ਸਿੱਖ ਕੋਈ ਇਕ ਅਖ਼ਬਾਰ ਦੀ ਲਿਖਤ ਅਨੁਸਾਰ ਲਿਖ ਰਿਹਾ, ਸ਼ਾਇਦ ਘੱਟ ਵੱਧ ਹੋਣ ਪੂਰਨ ਗੁਰ ਸਿੱਖ ਕਿਤਨੇ। ਕੋਈ ਗੁਰੂ ਘਰ ਦੀ ਕਮੇਟੀ ਵਿੱਚ ਪੰਜ ਮੈਂਬਰ ਪੂਰਨ ਗੁਰ ਸਿੱਖ ਹੋਣੇ ਚਾਹੀਦੇ ਹਨ, ਮੈਂਬਰ ਅਰਥਾਤ ਸੇਵਾਦਾਰ, ਪ੍ਰਧਾਨ, ਸੈਕਟਰੀ, ਖ਼ਜ਼ਾਨਚੀ ਵੱਖਰੇ ਹੋਣੇ ਚਾਹੀਦੇ ਹਨ, ਬੁਲਾਰਾ ਪੂਰਨ ਗੁਰ ਸਿੱਖ ਹੋਵੇ, ਜਿਸ ਨੂੰ ਗੁਰਮਤ ਬਾਰੇ ਪੂਰਾ ਗਿਆਨ ਹੋਵੇ। ਗੁਰੂ ਘਰ ਵਿੱਚ ਸਿਆਸਤ ਬਾਰੇ ਕੋਈ ਭੀ ਬਹਿਸ ਨਹੀਂ ਹੋਣੀ ਚਾਹੀਦੀ, ਪੰਜ ਮੈਂਬਰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਮੁਕਤ, ਧਰਮ ਦੀ ਕਿਰਤ ਕਰਨ ਵਾਲਾ, ਦਸਵੰਧ ਦੇਣ ਵਾਲਾ, ਬਾਣੀ ਨਿੱਤਨੇਮ ਕਰਨ ਵਾਲਾ, ਹਮੇਸ਼ਾ ਦਾਨੀ ਸੁਭਾਅ ਦਾ ਹੋਣਾ ਚਾਹੀਦਾ, ਸੱਚ ਬੋਲਣ ਵਾਲਾ ਹੋਵੇ। ਹੰਕਾਰੀ ਜੋ ਮੈਂ-ਮੈਂ ਕਰਨ ਵਾਲਾ ਨਾ ਹੋਵੇ। ਸਾਦਾ ਸੁਭਾਅ ਦਾ ਹੋਵੇ। ਅਸੀਂ ਆਮ ਜੋ ਇੰਡੀਆ ਤੋਂ ਗਿਆਨੀ ਲਿਆਉਂਦੇ ਹਾਂ, ਇਕ ਗਿਆਨੀ ਟੀ.ਵੀ. ’ਤੇ ਦੱਸ ਰਿਹਾ ਸੀ ਕਿ ਉਹ ਘਰ ਵਿੱਚ ਸੇਵਾ ਨਿਭਾ ਰਿਹਾ ਸੀ, ਇੰਡੀਆ ਤੋਂ ਆਇਆ, ਉਸ ਨੇ ਗੁਰੂ ਘਰ ਵਿੱਚ ਗੁਟਕੇ, ਬਾਣੀ ਦੀਆਂ ਕਿਤਾਬਾਂ ਚੁੱਕ ਕੇ ਅਲਮਾਰੀ ਵਿੱਚ ਰੱਖ ਦਿੱਤੀਆਂ, ਪਹਿਲਾਂ ਥੱਲੇ ਰੱਖੀਆਂ ਸਨ ਜਦੋਂ ਪ੍ਰਧਾਨ ਗੁਰੂ ਘਰ ਆਇਆ ਉਸ ਨੇ ਗਿਆਨੀ ਜੀ ਨੂੰ ਤੁਸੀਂ ਗੁਟਕੇ ਚੋਰੀ ਕਰ ਲਏ ਹਨ। ਉਸ ਜਵਾਬ ਦਿੱਤਾ ਕਿ ਗੁਟਕੇ ਇਥੇ ਹਨ, ਮੈਂ ਚੁੱਕ ਕੇ ਉਚੇ ਥਾਂ ਰੱਖ ਦਿੱਤੇ ਹਨ। ਪ੍ਰਧਾਨ ਸਾਹਿਬ ਨੇ ਉਸ ਨੂੰ ਨੋਟਿਸ ਦੇ ਦਿੱਤਾ, ਕਿਹਾ ਤੁਹਾਡੀ ਸੇਵਾ ਖ਼ਤਮ ਕਰ ਦਿੱਤੀ ਹੈ ਕਹਿ ਕੇ ਘਰ ਚਲਾ ਗਿਆ, ਗਿਆਨੀ ਨੇ ਅਰਦਾਸ ਕੀਤੀ ਮੈਂ ਕਸੂਰਵਾਰ ਨਹੀਂ ਹਾਂ, ਕਿਸੇ ਕਾਰਨ ਪ੍ਰਧਾਨ ਦੇ ਸੱਟ ਲੱਗ ਗਈ, ਉਹ ਦੋ ਤਿੰਨ ਹਫ਼ਤੇ ਗੁਰੂ ਘਰ ਨਹੀਂ ਆ ਸਕਿਆ, ਪ੍ਰਧਾਨ ਸਾਹਿਬ ਨਸ਼ਾ ਕਰਨ ਦੇ ਆਦੀ ਸਨ, ਇਸ ਲੋਰ ਵਿੱਚ ਹੁਕਮ ਕਰਕੇ ਚਲੇ ਗਏ, ਖ਼ੈਰ ਗਿਆਨੀ ਦੀ ਅਰਦਾਸ ਸੁਣੀ ਗਈ। ਸੇਵਾ ਕਰਦਾ ਗਿਆ ਮਸਾਲ ਤੋਂ ਭਾਵ ਅਗਰ ਕਮੇਟੀ ਚੰਗੀ ਹੋਵੇ ਗੁਰੂ ਦੇ ਸਾਰੇ ਅਸੂਲਾਂ ’ਤੇ ਚੱਲਣ ਵਾਲੇ ਹੋਣ, ਫਿਰ ਕਿਸੇ ਨਾਲ ਇਸ ਤਰ੍ਹਾਂ ਨਾ ਹੋਵੇ, ਕਮੇਟੀ ਦੇ ਮੈਂਬਰ ਧਰਮ ਦੀ ਕਿਰਤ ਪਾਸੇ ਕਈ ਤਾਂ ਪੱਲ ਹੀ ਬੈਨੀਫਿਟ (ਸਰਕਾਰੀ) ’ਤੇ ਪਲ ਰਹੇ ਹਨ, ਕਈ ਗੁਰੂ ਘਰਾਂ ਵਿੱਚ ਆਪਣੀ ਸੇਵਾ ਦੇ ਪੈਸੇ ਲੈਂਦੇ ਹਨ, ਫਿਰ ਗੁਰੂ ਘਰਾਂ ਵਿੱਚ ਕੰਮ ਚੱਲ ਰਿਹੇ। ਗੁਰੂ ਦੀ ਆਪਣੀ ਕ੍ਰਿਪਾ ਹੈ ਦਿਨੋ ਦਿਨ ਵੱਧ ਰਹੇ ਹਨ। ਉਧਰ ਅਜਿਹੇ ਪ੍ਰਧਾਨ ਭੀ ਕਮਾਲ ਕਰ ਰਹੇ ਹਨ, ਜਿਹੜੇ ਗੁਰੂ ਘਰਾਂ ਨੂੰ ਸਿਰਫ਼ ਸੋਸ਼ਲ ਕਲੱਬ ਦੇ ਤੌਰ ’ਤੇ ਵਰਤ ਰਹੇ ਹਨ, ਬਾਣੀ ਸੁਨਣ ਲਈ ਹਾਲ ਵਿੱਚ ਦੱਸ-ਪੰਦਰਾਂ ਹੋਣਗੇ, ਬਾਹਰ ਜਨਰਲ ਗੱਲਾਂਬਾਤਾਂ ਕਰਨ ਵਾਲਾ ਪੂਰਾ ਟੋਲਾ ਹੋਵੇਗਾ। ਇਹ ਤਕਰੀਬਨ ਬਹੁਤੇ ਗੁਰੂ ਘਰਾਂ ਦੇ ਇਹ ਹਾਲ ਹੈ। ਕੋਈ ਰੋਕ ਟੋਕ ਕਰਦਾ ਹੈ ਦੂਸਰੇ ਗੁਰੂ ਘਰ ਵੱਲ ਵਹੀਰਾਂ ਘਤ ਦੇਂਦੇ ਹਨ, ਇਸ ਦਾ ਹੱਲ ਵਾਹਿਗੁਰੂ ਕੱਢ ਸਕਦਾ ਹੋਰ ਕੋਈ ਨਹੀਂ। ਗਲਤੀ ਮੁਆਫ਼-K.S. Jogi



# ਐਮ ਪੀ ਕੁਲਦੀਪ ਇੰਦੌਰਾ ਦਾ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿੱਚ ਸਵਾਗਤ



ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ ਅਤੇ ਹਾਜ਼ਰ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਾਜਸਥਾਨ ਦੇ ਹਲਕਾ ਗੰਗਾਨਗਰ ਤੋਂ ਸੰਸਦ ਮੈਂਬਰ ਸ੍ਰੀ ਕੁਲਦੀਪ ਇੰਦੌਰਾ ਬੀਤੇ ਦਿਨੀ ਯੂ ਕੇ ਫੇਰੀ ਦੌਰਾਨ ਪੰਜਾਬੀਆਂ ਦੇ ਗੜ੍ਹ ਸਾਊਥਾਲ ਵਿਖੇ ਪਹੁੰਚੇ। ਜਿੱਥੇ ਉਹਨਾਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਮੱਥਾ ਟੇਕਿਆ ਅਤੇ ਭਾਈਚਾਰੇ ਨਾਲ ਮੁਲਾਕਾਤ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਅਤੇ ਪ੍ਰਬੰਧ ਕਮੇਟੀ ਨੇ ਨਿੱਘਾ ਸਵਾਗਤ ਕੀਤਾ। ਸੰਗਤਾਂ ਨੂੰ ਸੰਬੋਧਨ ਕਰਦਿਆਂ ਐਮ ਪੀ ਇੰਦੌਰਾ ਨੇ ਕਿਹਾ ਕਿ ਭਾਰਤੀਆਂ ਨੇ ਵਿਦੇਸ਼ਾਂ ਵਿੱਚ ਵੱਡਾ ਨਾਮਣਾ ਖੱਟਿਆ ਹੈ, ਜਿਸ ਤੇ ਸਾਨੂੰ ਮਾਣ ਹੈ। ਸ੍ਰੀ ਆਤਮਾ ਰਾਮ ਢਾਂਡਾ ਨੇ ਕਿਹਾ ਕਿ ਗੁਰੂ ਘਰ ਦੇ ਸਭ ਲਈ ਦਰਵਾਜ਼ੇ ਖੁੱਲ੍ਹੇ ਹਨ, ਗੁਰੂ ਸਾਹਿਬ ਦਾ ਬਰਾਬਰਤਾ ਦਾ ਸੰਦੇਸ਼ ਲੈ ਕੇ ਅਸੀਂ ਚੱਲ ਰਹੇ ਹਾਂ। ਇਸ ਮੌਕੇ ਗਿਆਨੀ ਰਣਜੀਤ ਸਿੰਘ, ਕਾਂਗਰਸੀ ਨੇਤਾ ਨਛੱਤਰ ਕਲਸੀ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਇਸ਼ਟਮੀਤ ਸਿੰਘ ਫੁੱਲ ਆਦਿ ਹਾਜ਼ਰ ਸਨ।


# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

ਇੱਥੇ ਹਰ ਤਰ੍ਹਾਂ ਦਾ ਕਾਲਾ,ਹਰਾ,ਪੀਲਾ,ਨੀਲਾ ਜਾਦੂ ਤਸੱਲੀਬਖ਼ਸ਼ ਕੀਤਾ ਜਾਂਦਾ ਹੈ!! ਹਰ ਸਮੱਸਿਆ ਦਾ ਹੱਲ ਠਾਹ ਕਰਕੇ!!
(ਨੋਟ :- ਆਨਲਾਈਨ ਡਿਜ਼ੀਟਲ ਟੂਣਾ ਕਰਨ ਦਾ ਵਿਸ਼ੇਸ਼ ਪ੍ਰਬੰਧ ਹੈ)



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈੱਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।





**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Derby, DE24 0QW, U.K.
Email: panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 28

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਪ, ਫ, ਬ, ਭ, ਮ. Some times you need sound modifiers to make the right sound, but we will make just MUKTA words.

ਪਰਮ ਪਰਸ ਪਹਰ ਪਥਰ ਪਰਬਤ
ਫਰਕ ਫਟੜ ਬਜਰ ਬਲਬ ਬਰਤਨ
ਭਗਤ ਭਜਨ ਮਟਰ ਮਹਲ ਮਲਮਲ

Class Exercise : Make three letter words which at least use one of the letters - ਪ, ਫ, ਬ, ਭ, ਮ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 56 Level I

# Federation of International Kabaddi Federations & Associations

**Veritas sola Deus est. Gratia dei victores erimus**

C/O: 2ND FLOOR DOWNE HOUSE 303 HIGH STREET KENT BR6 0NN

Website: www.fikfa.com / Email:sdofboard@fikfa.com


## ਫੈਡਰੇਸ਼ਨ ਆਫ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨਜ਼ ਐਂਡ ਐਸੋਸੀਏਸ਼ਨਜ਼ ਵੱਲੋਂ ਕਬੱਡੀ ਦੀ ਪ੍ਰਫੁਲੱਤਾ ਅਤੇ ਕਾਮਯਾਬੀ ਲਈ ਮੁਢਲੇ ਢਾਂਚੇ ਦਾ ਐਲਾਨ

ਫੈਡਰੇਸ਼ਨ ਆਫ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨਜ਼ ਐਂਡ ਐਸੋਸੀਏਸ਼ਨਜ਼ (ਫਿਕਫਾ) ਦੀ ਸਥਾਪਨਾ ਦਸੰਬਰ 2025 ਨੂੰ ਕਬੱਡੀ ਨੂੰ ਸਮਰਪਿਤ ਅੰਤਰਰਾਸ਼ਟਰੀ ਗਵਰਨਿੰਗ ਬਾਡੀ ਵਜੋਂ ਕੀਤੀ ਗਈ ਸੀ ਤਾਂ ਜੋ ਸਰਕਲ ਸਟਾਈਲ ਕਬੱਡੀ ਨੂੰ ਹੋਰ ਬੇਹਤਰ ਅਤੇ ਪ੍ਰਫੁਲਤ ਕੀਤਾ ਜਾ ਸਕੇ। ਹਰ ਪੱਖ ਤੋਂ ਇਸ ਵਿੱਚ ਹਿੱਸਾ ਲੈਣ ਅਤੇ ਖੇਡ ਮੁਕਾਬਲੇ ਦੇ ਤੌਰ ਤੇ ਸੁਰੱਖਿਅਤ ਬਣਾਇਆ ਜਾਵੇ। ਇਸ ਦਾ ਮਿਸ਼ਨ ਕਬੱਡੀ ਦੀ ਬੇਹਤਰੀ ਕਰਨਾ ਹੈ ਤਾਂ ਜੋ ਖਿਡਾਰੀ, ਕੋਚ, ਅਧਿਕਾਰੀ ਅਤੇ ਪ੍ਰਸ਼ੰਸਕ ਵੱਧ ਤੋਂ ਵੱਧ ਇੱਕ ਨਿਰਪੱਖ, ਪਾਰਦਰਸ਼ੀ ਅਤੇ ਕਫਾਇਤੀ ਖੇਡ ਵਾਤਾਵਰਣ ਵਿੱਚ ਹਿੱਸਾ ਲੈ ਸਕਣ।

ਬੀਤੇ ਦਿਨੀਂ 'ਫਿਕਫਾ' ਦੀ ਇੱਕ ਮੀਟਿੰਗ ਔਨਲਾਇਨ ਵੀਡੀਓ ਕਾਨਫਰੰਸ ਰਾਹੀਂ ਕੀਤੀ ਗਈ ਜਿਸ ਵਿੱਚ 'ਫਿਕਫਾ' ਦੇ ਵਿਸ਼ਵ ਭਰ ਤੋਂ ਮੈਂਬਰ ਕਬੱਡੀ ਫੈਡਰੇਸ਼ਨਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਦਿੰਦਿਆਂ ਸੁਰਿੰਦਰ ਸਿੰਘ ਮਾਣਕ ਐਲ ਐਲ ਬੀ (ਆਨਰਜ਼) ਨੇ ਦੱਸਿਆ ਕਿ 'ਫਿਕਫਾ' ਵੱਲੋਂ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਅਤੇ ਵਰਗੀਕਰਨ ਢਾਂਚੇ ਨੂੰ ਸਥਾਪਿਤ ਕਰਨ ਲਈ ਇੱਕ ਕੇਂਦਰੀਕ੍ਰਿਤ ਪ੍ਰਣਾਲੀ ਰਾਹੀਂ ਰਜਿਸਟਰ ਕੀਤਾ ਜਾਵੇਗਾ। ਜਿਸ ਵਿੱਚ ਸ਼ੁੱਧਤਾ, ਯੋਗਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾਵੇਗਾ। ਖਿਡਾਰੀਆਂ ਨੂੰ ਉਮਰ ਵਰਗ, ਮੁਕਾਬਲਾ ਪੱਧਰ, ਅਤੇ ਪੇਸ਼ੇਵਰ ਸਥਿਤੀਆਂ ਮੁਤਾਬਿਕ ਸ਼੍ਰੇਣੀਬੱਧ ਕੀਤਾ ਜਾਵੇਗਾ। ਇਹ ਢਾਂਚਾ ਖਿਡਾਰੀਆਂ ਦੀ ਭਲਾਈ ਹੱਕਾਂ ਦੀ ਰੱਖਿਆ ਕਰਨ, ਪ੍ਰਤੀਯੋਗੀ ਸੰਤੁਲਨ ਨੂੰ ਵਧਾਉਣ, ਪ੍ਰਤਿਭਾ ਵਧਾਉਣ ਅਤੇ ਮੁਕਾਬਲਿਆਂ ਦੇ ਚੰਗੇ ਪ੍ਰਬੰਧਾਂ ਲਈ ਮਦਦ ਕਰਨਾ ਹੈ।

ਉਹਨਾਂ ਦੱਸਿਆ ਕਿ 'ਫਿਕਫਾ' ਵੱਲੋਂ ਕਬੱਡੀ ਨੂੰ ਨਸ਼ਾ ਮੁਕਤ ਕਰਨ ਲਈ ਐਂਟੀ-ਡੋਪਿੰਗ ਪ੍ਰੋਗਰਾਮ ਸਥਾਪਤ ਕੀਤਾ ਜਾਵੇਗਾ ਜਿਸ ਵਿੱਚ ਡੋਪ ਟੈਸਟ, ਸਿੱਖਿਆ ਅਤੇ ਜਾਗਰੂਕਤਾ, ਇਲਾਜ ਦੌਰਾਨ ਵਰਤੀਆਂ ਜਾਣ ਵਾਲੀਆਂ ਦਵਾਈਆਂ ਆਦਿ ਬਾਰੇ ਸ਼ਪਸ਼ਟ ਹੋਵੇਗਾ। ਇਸ ਦੀ ਨਿਗਰਾਨੀ ਸੁਤੰਤਰ ਪੈਨਲ ਦੁਆਰਾ ਕੀਤੀ ਜਾਵੇਗੀ। ਡੋਪ ਟੈਸਟ ਟੂਰਨਾਮੈਂਟਾਂ ਦੌਰਾਨ ਜਾਂ ਹੋਰ ਕਿਸੇ ਸਮੇਂ ਵੀ ਕੀਤੇ ਜਾ ਸਕਣਗੇ। ਮੀਟਿੰਗ ਵਿੱਚ ਦੱਸਿਆ ਗਿਆ ਕਿ 'ਫਿਕਫਾ' ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾਵਾਂ ਅਤੇ ਸੰਬੰਧਿਤ ਰੈਗੂਲੇਟਰੀ ਸੰਸਥਾਵਾਂ ਨਾਲ ਤਾਲਮੇਲ ਕਰੇਗਾ ਤਾਂ ਜੋ ਇਸ ਦੇ ਨਤੀਜੇ ਅੰਤਰਰਾਸ਼ਟਰੀ ਖੇਡ ਨਿਯਮਾਂ ਅਨੁਸਾਰ ਹੋਣ।

'ਫਿਕਫਾ' ਦਾ ਪ੍ਰਬੰਧਕੀ ਮਾਡਲ ਪਾਰਦਰਸ਼ੀ, ਸੁਤੰਤਰ ਅਤੇ ਹੋਰ ਸਿਕਾਇਤਾਂ ਜਾਂ ਸੁਝਾਵਾਂ ਦੇ ਹੱਲ ਨੂੰ ਅਸਾਨ ਬਣਾਏਗਾ। ਇਸ ਤੋਂ ਇਲਾਵਾ ਖਿਡਾਰੀਆਂ ਦੀ ਯੋਗਤਾ, ਟ੍ਰਾਂਸਫਰ ਪ੍ਰੋਟੋਕੋਲ, ਅਨੁਸ਼ਾਸਨੀ ਅਤੇ ਸੁਰੱਖਿਆ ਨਿਯਮਾਂ ਨੂੰ ਪ੍ਰਕਾਸ਼ਤ ਕਰੇਗਾ। ਇੱਕ ਸਾਲਾਨਾ ਰਿਪੋਰਟ ਵੀ ਪ੍ਰਕਾਸ਼ਿਤ ਕੀਤੀ ਜਾਵੇਗੀ। ਇਹ ਯਕੀਨੀ ਬਣਾਇਆ ਜਾਵੇਗਾ ਕਿ ਕਬੱਡੀ ਦੀ ਬੇਹਤਰੀ ਲਈ ਬਣਨ ਵਾਲੀਆਂ ਨੀਤੀਆਂ ਖਿਡਾਰੀਆਂ, ਕੋਚਾਂ, ਅਧਿਕਾਰੀਆਂ ਅਤੇ ਮੈਂਬਰ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਦੀ ਸਹੀ ਤਰਜ਼ਮਾਨੀ ਕਰਨ।

ਉਹਨਾਂ ਨੇ ਕਿਹਾ ਕਿ ਫਿਕਫਾ ਦਾ ਉਦੇਸ਼ ਕਬੱਡੀ ਅਤੇ ਇਸਦੇ ਭਾਗੀਦਾਰਾਂ ਦੇ ਵਧਣ-ਫੁੱਲਣ ਲਈ ਹਾਲਾਤ ਬਣਾਉਣੇ ਅਤੇ ਕਬੱਡੀ ਦੀ ਅਖੰਡਤਾ ਨੂੰ ਕਾਇਮ ਰੱਖਣਾ ਹੈ। ਸਾਡੀਆਂ ਰਜਿਸਟ੍ਰੇਸ਼ਨ ਅਤੇ ਵਰਗੀਕਰਨ ਪ੍ਰਣਾਲੀਆਂ ਖੇਡ ਮੁਕਾਬਲਿਆਂ ਵਿੱਚ ਸਪੱਸ਼ਟਤਾ ਅਤੇ ਨਿਰਪੱਖਤਾ ਲਿਆਉਣਗੀਆਂ ਅਤੇ ਸਾਡਾ ਨਸ਼ਾ ਵਿਰੋਧੀ ਪ੍ਰੋਗਰਾਮ ਇਹ ਯਕੀਨੀ ਬਣਾਏਗਾ ਕਿ ਸਫ਼ਲਤਾ ਕੋਸਿਸ਼ ਅਤੇ ਚੰਗੇ ਵਾਤਾਵਰਣ ਵਿੱਚ ਹੀ ਪ੍ਰਾਪਤ ਹੁੰਦੀ ਹੈ।

## FIKFA LAUNCHED TO ADVANCE KABADDI WITH ROBUST PLAYER REGISTRATION, CATEGORISATION, AND ANTI-DOPING STANDARDS

The Federation of International Kabaddi Federations & Associations (FIKFA) was established in December 2025 as a dedicated international governing body of circle style Kabaddi to promote, develop, and safeguard Kabaddi across all levels of participation and competition. **FIKFA's** mission is to uphold integrity, expand access, and elevate professional standards so that players, coaches, officials, and fans can participate in a fair, transparent, and sustainable sporting ecosystem.

**FIKFA** will prioritise the introduction of a strict player registration and categorisation framework. All players will be required to register through a centralised system, with verification protocols designed to ensure accuracy, eligibility, and traceability. Players will be categorised by objective criteria, including age group, competition tier, and professional / amateur status, supported by clear progression pathways and ompliance checks. This framework is intended to protect player welfare, enhance competitive balance, and provide reliable data for talent development and competition management.

As part of its integrity first mandate, **FIKFA** is implementing a zero tolerance approach to the misuse of performance-enhancing drugs. The organisation will establish and enforce a comprehensive anti-doping programme comprising in-competition and out-of-competition testing, education and awareness initiatives, therapeutic use exemption processes, and proportionate sanctions for violations, all overseen by independent panels and due process safeguards. **FIKFA** will collaborate with recognised laboratories and relevant regulatory bodies to ensure that testing and adjudication are carried out to the highest international standards.

**FIKFA's** governance model will incorporate transparent rules, independent oversight, and accessible routes for reporting concerns. The federation will publish clear regulations on player eligibility, transfer protocols, disciplinary procedures, and safeguarding, together with an annual integrity report and audited compliance statements. Stakeholder consultation will be embedded in policy development to ensure that the voices of players, coaches, officials, and member associations are reflected in practical outcomes.

In parallel with regulatory measures, **FIKFA** will invest in the growth of Kabaddi through grassroots programmes, coach and official accreditation, club development toolkits, and community outreach initiatives, with targeted support for emerging regions. The federation will also champion equality, diversity, and inclusion across the sport, with measurable objectives and transparent reporting.

**FIKFA** invites national and regional bodies, clubs, and player representatives to engage with its inaugural consultation on the registration, categorisation, and anti-doping codes. Draft regulations and implementation timelines will be published on www.fikfa.com shortly, with phased adoption to enable education, systems onboarding, and compliance readiness.

Commenting on the launch, Surinder Singh Manak LL.B (Hons.) said: "**FIKFA's** purpose is simple and resolute: to protect the integrity of Kabaddi while creating the conditions for the sport and its participants to thrive. Our registration and categorisation systems will bring clarity and fairness to competition, and our anti-doping programme will ensure that performance is earned, never engineered."

**About FIKFA -** The Federation of International Kabaddi Federations & Associations (**FIKFA**) is an independent governing body dedicated to the promotion, development, and integrity of Kabaddi worldwide. **FIKFA** sets standards for player registration and categorisation, competition integrity, anti-doping, and safeguarding, and supports the sport's growth through education, accreditation, and community programmes.

## MEMBER ORGANISATIONS OF 'FIKFA'

1. England Kabaddi Federation
2. European Sports of Kabaddi Federation
3. United Kabaddi Federation Europe
4. European Sports of Kabaddi Federation (ਨਸ਼ਾ ਛੱਡੋ, ਕੋਹੜ ਵੱਢੋ)
5. California Kabaddi Federation, USA
6. BC United Kabaddi Federation, Canada
7. Kabaddi Federation of Ontario
8. New Zealand Kabaddi Federation
9. Kabaddi Federation Association Australia
10. National Kabaddi Federation of Australia
11. Australian Kabaddi Federation
12. Major League Punjab
13. Punjab Kabaddi Academies Association
14. United Kabaddi Federation Society of Vancouver

***For media enquiries, interview requests, or further information, please email: sdofboard@fikfa.com***

# 8 ਸਾਲ ਦੀ ਉਮਰ ਵਿਚ ਕੀਤੀ ਕੋਡਿੰਗ ਤੇ ਫਿਰ ਚੈਟਜੀਪੀਟੀ ਦਾ ਕੀਤਾ ਧਮਾਕਾ

## ਖੋਜ ਖ਼ਬਰ ✪ ਓਪਨ ਏਆਈ ਦੇ ਮਾਲਕ ਸੈਮ ਅਲਟਮੈਨ ਨੇ ਏਆਈ ਦੁਨੀਆ ਵਿਚ ਕਿਵੇਂ ਕੀਤਾ ਵਿਕਾਸ

ਅੱਜ ਦੇ ਦੌਰ ਵਿੱਚ ਜਦੋਂ ਵੀ ਸਾਨੂੰ ਕੋਈ ਲੇਖ ਲਿਖਵਾਉਣਾ ਹੋਵੇ, ਕੰਪਿਊਟਰ ਪ੍ਰੋਗਰਾਮ ਬਣਾਉਣਾ ਹੋਵੇ ਜਾਂ ਕੋਈ ਗੁੰਝਲਦਾਰ ਸਵਾਲ ਪੁੱਛਣਾ ਹੋਵੇ, ਤਾਂ ਸਭ ਤੋਂ ਪਹਿਲਾ ਨਾਮ ਚੈਟਜੀਪੀਟੀ ਦਾ ਆਉਂਦਾ ਹੈ। ਇਸ ਕ੍ਰਾਂਤੀਕਾਰੀ ਟੂਲ ਨੂੰ ਬਣਾਉਣ ਵਾਲੇ ਵਿਅਕਤੀ ਦਾ ਨਾਮ ਹੈ ਸੈਮ ਅਲਟਮੈਨ। ਅਮਰੀਕਾ ਦੇ ਸੈਂਟ ਲੁਈਸ ਵਿੱਚ ਜਨਮੇ ਸੈਮ ਨੂੰ ਬਚਪਨ ਤੋਂ ਹੀ ਤਕਨਾਲੋਜੀ ਦਾ ਇੰਨਾ ਸ਼ੌਕ ਸੀ ਕਿ ਉਨ੍ਹਾਂ ਨੇ ਮਹਿਜ਼ 8 ਸਾਲ ਦੀ ਉਮਰ ਵਿੱਚ ਹੀ ਕੋਡਿੰਗ ਸਿੱਖ ਲਈ ਸੀ।

ਸੈਮ ਨੇ ਸਟੈਨਫੋਰਡ ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਦੀ ਪੜ੍ਹਾਈ ਸ਼ੁਰੂ ਕੀਤੀ, ਪਰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਵਿਚਕਾਰ ਹੀ ਪੜ੍ਹਾਈ ਛੱਡ ਦਿੱਤੀ। ਉਨ੍ਹਾਂ ਦਾ ਸਫ਼ਰ 'ਲੂਪਟ' ਨਾਮ ਦੇ ਸਟਾਰਟਅੱਪ ਤੋਂ ਸ਼ੁਰੂ ਹੋਇਆ। ਇਹ ਇੱਕ ਮੋਬਾਈਲ ਸੋਸ਼ਲ ਮੈਪਿੰਗ ਸੇਵਾ ਸੀ ਜਿਸ ਨੂੰ ਸੈਮ ਅਲਟਮੈਨ ਨੇ 2005 ਵਿੱਚ ਆਪਣੇ ਸਾਥੀਆਂ ਨਾਲ ਮਿਲ ਕੇ ਸ਼ੁਰੂ ਕੀਤਾ ਸੀ। ਇਹ ਐਪ ਉਪਭੋਗਤਾਵਾਂ ਨੂੰ ਇੱਕ ਦੂਜੇ ਦੀ ਲੋਕੇਸ਼ਨ ਸ਼ੇਅਰ ਕਰਨ ਦੀ ਇਜਾਜ਼ਤ ਦਿੰਦੀ ਸੀ ਤਾਂ ਜੋ ਦੋਸਤ ਇਹ ਜਾਣ ਸਕਣ ਕਿ ਉਹ ਕਿੱਥੇ ਹਨ ਅਤੇ ਇੱਕ-ਦੂਜੇ ਨੂੰ ਆਸਾਨੀ ਨਾਲ ਮਿਲ ਸਕਣ। ਸੈਮ ਅਲਟਮੈਨ ਨੇ ਇਸ ਸਟਾਰਟਅੱਪ 'ਤੇ ਧਿਆਨ ਦੇਣ ਲਈ ਸਟੈਨਫੋਰਡ ਯੂਨੀਵਰਸਿਟੀ ਦੀ ਪੜ੍ਹਾਈ ਵਿਚਕਾਰ ਹੀ ਛੱਡ ਦਿੱਤੀ ਸੀ। ਇਹ ਉਹਨਾਂ ਪਹਿਲੇ ਸਟਾਰਟਅੱਪਸ ਵਿੱਚੋਂ ਇੱਕ ਸੀ ਜਿਸ ਨੂੰ ਮਸ਼ਹੂਰ ਕੰਪਨੀ ਵਾਈ ਕੋਮਬੀਨੇਟਰ ਨੇ ਫੰਡ ਦਿੱਤਾ ਸੀ।

ਸਾਲ 2012 ਵਿੱਚ ਇਸ ਕੰਪਨੀ ਨੂੰ 'ਗਰੀਨਡਾਟ ਕਾਰਪੋਰੇਸ਼ਨ' ਵੱਲੋਂ ਲਗਭਗ 43 ਮਿਲੀਅਨ ਡਾਲਰ (ਲਗਭਗ 350 ਕਰੋੜ ਰੁਪਏ) ਵਿੱਚ ਖਰੀਦ ਲਿਆ ਗਿਆ ਸੀ ਅਤੇ ਫਿਰ ਉਨ੍ਹਾਂ ਨੇ ਦੁਨੀਆ ਦੇ ਮਸ਼ਹੂਰ ਸਟਾਰਟਅੱਪ ਐਕਸੇਲੇਰੇਟਰ 'ਵਾਈ ਕਾਮਬੀਨੇਟਰ' ਦੀ ਕਮਾਨ ਸੰਭਾਲੀ, ਜਿਸ ਨੇ ਏਅਰਬੀਐਨਬੀ ਵਰਗੀਆਂ ਵੱਡੀਆਂ ਕੰਪਨੀਆਂ ਨੂੰ ਜਨਮ ਦਿੱਤਾ ਸੀ।

ਸਾਲ 2015 ਵਿੱਚ ਸੈਮ ਅਲਟਮੈਨ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਇਨਸਾਨੀਅਤ ਦੇ ਭਲੇ ਲਈ ਵਰਤਣ ਦੇ ਮਕਸਦ ਨਾਲ ਓਪਨ ਏਆਈ ਦੀ ਨੀਂਹ ਰੱਖੀ। ਸ਼ੁਰੂਆਤ ਵਿੱਚ ਫੰਡਾਂ ਦੀ ਕਮੀ ਸੀ, ਪਰ 2019 ਵਿੱਚ ਮਾਈਕ੍ਰੋਸਾਫਟ ਦੇ ਵੱਡੇ ਨਿਵੇਸ਼ ਨੇ ਕੰਪਨੀ ਦੀ ਕਿਸਮਤ ਬਦਲ ਦਿੱਤੀ ਸੀ।

ਧਮਾਕੇਦਾਰ ਲਾਂਚਿੰਗ: 30 ਨਵੰਬਰ 2022 ਨੂੰ ਚੈਟਜੀਪੀਟੀ ਲਾਂਚ ਹੋਇਆ ਅਤੇ ਸਿਰਫ 5 ਦਿਨਾਂ ਵਿੱਚ ਇਸ ਦੇ 10 ਲੱਖ ਯੂਜ਼ਰਸ ਬਣ ਗਏ। ਫਰਵਰੀ 2026 ਤੱਕ,



ਚੈਟਜੀਪੀਟੀ ਦੇ ਹਫ਼ਤਾਵਾਰੀ ਵਰਤੋਂਕਾਰਾਂ ਦੀ ਗਿਣਤੀ 80 ਕਰੋੜ (800 ਮਿਲੀਅਨ) ਨੂੰ ਪਾਰ ਕਰ ਚੁੱਕੀ ਹੈ।

ਉਤਰਾਅ-ਚੜ੍ਹਾਅ: 2023 ਵਿੱਚ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਬੋਰਡ ਨੇ ਸੈਮ ਨੂੰ ਸੀਈਓ ਦੇ ਅਹੁਦੇ ਤੋਂ ਹਟਾ ਦਿੱਤਾ ਸੀ, ਪਰ ਮੁਲਾਜ਼ਮਾਂ ਦੇ ਭਾਰੀ ਸਮਰਥਨ ਕਾਰਨ ਉਨ੍ਹਾਂ ਦੀ ਕੁਝ ਹੀ ਦਿਨਾਂ ਵਿੱਚ ਸ਼ਾਨਦਾਰ ਵਾਪਸੀ ਹੋਈ। ਦਿਲਚਸਪ ਗੱਲ ਇਹ ਹੈ ਕਿ ਸੈਮ ਕੋਲ ਓਪਨ ਏਆਈ ਦਾ ਕੋਈ ਸ਼ੇਅਰ ਨਹੀਂ ਹੈ, ਉਨ੍ਹਾਂ ਦੀ ਅਮੀਰੀ ਦੂਜੀਆਂ ਕੰਪਨੀਆਂ (ਜਿਵੇਂ ਰੈਡਿਟ, ਸਟਰਾਈਪ) ਵਿੱਚ ਕੀਤੇ ਨਿਵੇਸ਼ ਸਦਕਾ ਹੈ।

### ਭਾਰਤ ਫੇਰੀ ਅਤੇ ਏਆਈ ਦੇ ਭਵਿੱਖ 'ਤੇ ਸੈਮ ਅਲਟਮੈਨ ਦਾ ਨਜ਼ਰੀਆ

ਸੈਮ ਅਲਟਮੈਨ ਇਨੀਂ ਦਿਨੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਹੋ ਰਹੀ 'ਇੰਡੀਆ ਏਆਈ ਇਮਪੈਕਟ ਸਮਿਟ 2026' ਵਿੱਚ ਹਿੱਸਾ ਲੈਣ ਲਈ ਭਾਰਤ ਆਏ ਹੋਏ ਹਨ। ਇਸ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਦੁਨੀਆ ਭਰ ਦੇ ਵੱਡੇ ਤਕਨੀਕੀ ਮਾਹਰ ਹਿੱਸਾ ਲੈ ਰਹੇ ਹਨ।

ਸੈਮ ਦਾ ਮੰਨਣਾ ਹੈ ਕਿ ਏਆਈ ਇਨਸਾਨਾਂ ਦੀ ਜਗ੍ਹਾ ਲੈਣ ਲਈ ਨਹੀਂ, ਸਗੋਂ ਉਨ੍ਹਾਂ ਦੇ ਕੰਮ ਨੂੰ ਸੌਖਾ ਤੇ ਬਿਹਤਰ ਬਣਾਉਣ ਲਈ ਬਣਾਇਆ ਗਿਆ ਹੈ। ਉਨ੍ਹਾਂ ਮੁਤਾਬਕ ਤਕਨੀਕ ਪਹਿਲਾਂ ਆਉਂਦੀ ਹੈ ਅਤੇ ਪੈਸਾ ਬਾਅਦ ਵਿੱਚ। ਨਿੱਜੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਸੈਮ ਨੇ ਜਨਵਰੀ 2024 ਵਿੱਚ ਓਲੀਵਰ ਮੁਲਹੇਰਿਨ ਨਾਲ ਵਿਆਹ ਕੀਤਾ ਸੀ ਅਤੇ ਫਰਵਰੀ 2025 ਵਿੱਚ ਉਹ ਇੱਕ ਬੇਟੇ ਦੇ ਪਿਤਾ ਬਣੇ। ਇੰਨੀ ਦੌਲਤ ਹੋਣ ਦੇ ਬਾਵਜੂਦ, ਸੈਮ ਨੇ ਆਪਣੀ ਜ਼ਿਆਦਾਤਰ ਸੰਪਤੀ ਦਾਨ ਕਰਨ ਦਾ ਫੈਸਲਾ ਕੀਤਾ ਹੈ।

## ★ ਮਿੰਨੀ ਕਹਾਣੀਆਂ ★

### ਸਮਾਂ

ਇਕ ਪੇਂਟਰ ਨੇ ਬਹੁਤ ਹੀ ਸੁੰਦਰ ਔਰਤ ਦੀ ਤਸਵੀਰ ਬਣਾਈ। ਉਹ ਆਪਣੇ ਪੱਬਾਂ ਤੇ ਖੜੀ ਹੋਈ ਸੀ, ਉਸ ਦੀਆਂ ਅੱਡੀਆਂ ਥੱਲੇ ਨਹੀਂ ਸਨ ਲਗਦੀਆਂ। ਉਸ ਦੇ ਸੱਜੇ ਹੱਥ ਵਿਚ ਤਿੱਖੀ ਕਿਰਪਾਨ ਸੀ। ਉਸ ਦੇ ਸਿਰਤੇ ਮੂਹਰੇ ਵਾਲ ਸਨ ਪਰ ਪਿਛਲੇ ਪਾਸਿਓਂ ਬਿਲਕੁਲ ਗੰਜੀ ਸੀ। ਪੇਂਟਰ ਦਾ ਦੋਸਤ ਪੇਂਟਰ ਕੋਲ ਆਉਂਦਾ ਹੈ। ਪੇਂਟਰ ਉਸਨੂੰ ਪੁੱਛਦਾ ਹੈ ਕਿ, "ਸੁਣਾ ਦੋਸਤ ਕੀ ਹਾਲ ਏ, ਕਿਸ ਤਰ ਆਉਣਾ ਹੋਏ।"

ਦੋਸਤ : ਬੱਸ ਯਾਰ ਮੈਂ ਵਿਹਲਾ ਸੀ, ਸੋਚਿਆ ਤੇਰੇ ਕੋਲ ਜਾ ਕੇ ਦੋ ਚਾਰ ਗੱਪਾਂ ਮਾਰ ਲਈਏ।

"ਅਚਾਨਕ ਪੇਂਟਰ ਦੇ ਦੋਸਤ ਦੀ ਨਿਗਾ ਉਸ ਤਸਵੀਰ ਤੇ ਪੈਂਦੀ ਹੈ।

'ਯਾਰ ਇਹ ਕੀ ਹੈ ?'

ਪੇਂਟਰ : ਇਹ ਸਮਾਂ ਹੈ, ਸਮਾਂ।

ਦੋਸਤ : ਸਮਾਂ

ਪੇਂਟਰ : ਹਾਂ, ਸਮਾਂ

ਦੋਸਤ : ਇਹ ਏਨੀ ਸੁੰਦਰ।

ਪੇਂਟਰ : ਸਮਾਂ ਬਹੁਤ ਸੁੰਦਰ ਹੈ, ਬੱਸ ਇਸਦੀ ਸੁੰਦਰਤਾ ਨੂੰ ਦੇਖਣ ਦਾ ਤਰੀਕਾ ਆਉਣਾ ਚਾਹੀਦਾ ਹੈ।

ਦੋਸਤ : ਇਹ ਪੱਬਾਂ ਤੇ ਕਿਉਂ ਖੜੀ ਹੈ।

ਪੇਂਟਰ : ਕਿਉਂਕਿ ਸਮਾਂ ਕਦੀ ਵੀ ਰੁਕਦਾ ਨਹੀਂ।

ਦੋਸਤ : ਇਸਦੇ ਹੱਥ ਦੀ ਕਿਰਪਾਨ।

ਪੇਂਟਰ : ਇਹ ਇਸ ਲਈ ਹੈ ਕਿ ਸਮੇਂ ਦੀ ਮਾਰ ਬਹੁਤ ਬੁਰੀ ਹੁੰਦੀ ਹੈ।

ਦੋਸਤ : ਇਸਦੇ ਸਿਰ ਤੇ ਮੂਹਰੇ ਵਾਲ ਹਨ ਪਿੱਛੇ ਨਹੀਂ, ਇਹ ਕਿਉਂ ?

ਪੇਂਟਰ : ਸਮਾਂ ਗਤੀਸ਼ੀਲ ਹੋਣ ਕਰਕੇ ਮੂਹਰਿਓਂ ਹੀ ਫੜਿਆ ਜਾ ਸਕਦਾ ਹੈ, ਜੇ ਇਹ ਲੰਘ ਗਿਆ ਤਾਂ ਮਗਰੋਂ ਹੱਥ ਵਿਚ ਨਹੀਂ ਆਉਂਦਾ।

ਦੋਸਤ : ਚੰਗਾ ਯਾਰ ਮੈਂ ਚਲਦਾ ਹਾਂ।

ਪੇਂਟਰ : ਯਾਰ ਚਾਹ ਪਾਣੀ ਤਾਂ ਪੀ ਕੇ ਜਾਈਂ।

ਦੋਸਤ : ਨਹੀਂ ਯਾਰ, ਮੈਂ ਆਪਣੇ ਤੇ ਤੇਰੇ ਕੀਮਤੀ ਸਮੇਂ ਨੂੰ ਗੱਪਾਂ ਮਾਰ ਕੇ ਨਸ਼ਟ ਨਹੀਂ ਕਰਨਾ ਚਾਹੁੰਦਾ।

-ਭਵਨਦੀਪ ਸਿੰਘ ਪੁਰਬਾ

### ਇਨਕਰੀਮੈਂਟ

ਨਛੱਤਰ ਨਵੇਂ ਆਏ ਬਾਬੂ ਨੂੰ ਮਿਲ ਕੇ ਦਫ਼ਤਰੋਂ ਬਾਹਰ ਨਿਕਲਿਆ ਤਾਂ ਉਸ ਨੂੰ ਆਪਣਾ ਪੁਰਾਣਾ ਦੋਸਤ ਜੀਤ ਕੰਡਕਟਰ ਮਿਲ ਗਿਆ। 'ਕਿਧਰ ਨੂੰ ਜਾਂਦੈਂ ਅੱਜਕੱਲ੍ਹ ਜੀਤਿਆ ? ਤੂੰ ਤਾਂ ਈਦ ਦਾ ਚੰਦ ਹੀ ਬਣ ਗਿਆ!" ਨਛੱਤਰ ਨੇ ਪੁੱਛਿਆ। "ਕਾਹਨੂੰ ਯਾਰ, ਅਠਾਰਾਂ ਦਿਨ ਹੋ ਗਏ ਗੱਡੀ ਲੁਧਿਆਣੇ ਤੋਂ ਦਿੱਲੀ ਲੱਗੀ ਐ। ਤੇ ਤੂੰ ਅੱਜ ਸਵੇਰੇ ਸਵੇਰੇ ਦਫ਼ਤਰ ਕਿਵੇਂ ?" ਜੀਤ ਨੇ ਪੁੱਛਿਆ।

"ਮੈਂ ਤਾਂ ਆਪਣੇ ਬਾਬੂ ਜੀ ਨੂੰ ਮਿਲਣ ਆਇਆ ਸੀ। ਨਵੇਂ ਆਏ ਨੇ ਨਾ। ਮੈਂ ਸੋਚਿਆ ਪਹਿਲਾਂ ਹੀ ਗੱਲਬਾਤ ਕਰਨੀ ਚੰਗੀ ਹੁੰਦੀ ਐ। ਮਗਰੋਂ ਕਿਤੇ ਫੇਰ ਤੇਰੇ ਵਾਲਾ ਹਾਲ ਹੀ ਨਾ ਹੋਵੇ। ਪਰ ਯਾਰ, ਹੁਣ ਤਾਂ ਪੁਰਾਣਾ ਬਾਬੂ ਬਦਲ ਗਿਆ ਹੈ। ਇਹ ਬਾਬੂ ਜੀ ਤਾਂ ਨਵੇਂ ਆਏ ਨੇ, ਚੰਗੇ ਵੀ ਬੜੇ ਨੇ। ਤੂੰ ਵੀ ਲੈ ਦੇ ਕੇ ਆਪਣਾ ਇਨਕਰੀਮੈਂਟ ਵਾਲਾ ਕੇਸ ਨਿਪਟਾ ਲੈ।"

"ਓਹ ਛੱਡ ਉਏ ਨਛੱਤਰਾ, ਆਪਾਂ ਕੀ ਲੈਣਾ ਬਾਬੂ ਨੂੰ ਮਿਲ ਕੇ। ਜਦੋਂ ਦਾ ਜਾਅਲੀ ਟਿਕਟਾਂ ਦਾ ਕੇਸ ਪਿਆ ਹੈ, ਮਹਿਕਮੇ ਨੇ ਤਾਂ ਇਨਕਰੀਮੈਂਟ ਜ਼ਿੰਦਗੀ ਲਈ ਹੀ ਬੰਦ ਕਰ 'ਤੇ। ਨਾਲੇ ਮਹਿਕਮੇ ਨੇ ਤਾਂ ਸਾਲ ਮਗਰੋਂ ਇੱਕ ਇਨਕਰੀਮੈਂਟ ਲਾਉਣਾ ਹੋਇਆ। ਆਪਾਂ ਤਾਂ ਹਰ ਰੋਜ਼ ਸ਼ਾਮ ਨੂੰ ਇੱਕ ਇਨਕਰੀਮੈਂਟ ਆਪ ਹੀ ਲਾ ਲਈਦਾ ਐ।"

- ਕੁਲਵੰਤ ਸਿੰਘ

### ਕੁੱਤੇ ਦਾ ਖਾਣਾ

ਸ਼ਹਿਰ ਦੇ ਆਮਦਨ ਕਰ ਅਧਿਕਾਰੀ ਨੂੰ ਤਿੰਨ ਚਾਰ ਮਾਤਹਿਤਾਂ ਨਾਲ ਆਪਣੀ ਦੁਕਾਨ ਵਿੱਚ ਵੜਦੇ ਤੱਕ ਦੇ ਦੁਕਾਨਦਾਰ ਨੇ ਆਪਣੀ ਐਨਕ ਠੀਕ ਕੀਤੀ ਅਤੇ ਕਾਹਲੀ ਨਾਲ ਗੱਦੀ ਤੋਂ ਖੜ੍ਹਾ ਹੋ ਗਿਆ। ਹੱਥ ਜੋੜ ਕੇ ਨਮਸਤੇ ਕੀਤੀ ਅਤੇ ਉਨ੍ਹਾਂ ਨੂੰ ਬਿਠਾਉਣ ਲਈ ਆਪਣੀ ਧੋਤੀ ਦੇ ਪੱਲੇ ਨਾਲ ਕੁਰਸੀਆਂ ਸਾਫ ਕਰਨ ਲੱਗ ਪਿਆ। ਜਦੋਂ ਤੱਕ ਉਹ ਲੋਕ ਕੁਰਸੀਆਂ ਉੱਤੇ ਸਜੇ, ਉਦੋਂ ਤੱਕ ਖਾਣ ਲਈ ਕਾਜੂ ਅਤੇ ਪੀਣ ਲਈ ਫਲਾਂ ਦਾ ਜੂਸ ਤੱਕ ਆ ਗਿਆ।

ਖਾਣ ਪੀਣ ਤੋਂ ਬਾਅਦ ਕਰ ਅਧਿਕਾਰੀ ਨੇ ਆਪਣੀਆਂ ਮੁੱਛਾਂ ਉੱਤੇ ਹੱਥ ਫੇਰਦੇ ਹੋਏ ਦੁਕਾਨਦਾਰ ਤੋਂ ਹਿਸਾਬ ਕਿਤਾਬ ਵਾਲੇ ਵਹੀ ਖਾਤੇ ਲੈ ਲਏ ਅਤੇ ਫਾਰਮੈਲਿਟੀ ਵਜੋਂ ਉਨ੍ਹਾਂ ਦੀ ਫਰੋਲਾ-ਫਰਾਲੀ ਕਰਨ ਲੱਗ ਪਿਆ। ਇੱਕ ਪੰਨੇ ਉੱਤੇ ਉਸ ਦੀ ਨਜ਼ਰ ਬੰਨ੍ਹੀ ਗਈ। ਉਹ ਹੈਰਾਨ ਵੀ ਹੋਇਆ ਅਤੇ ਮੁਸਕਰਾਇਆ ਵੀ ਉਸ ਨੇ ਉਹ ਪੰਨਾ ਆਪਣੇ ਮਾਤਹਿਤਾਂ ਨੂੰ ਵੀ ਦਿਖਾਇਆ। ਉਹ ਵੀ ਬਿਨਾਂ ਮੁਸਕਰਾਏ ਨਾ ਰਹਿ ਸਕੇ ਕਿ ਕਿਹੋ ਜਿਹੇ ਲੋਕ ਪਏ ਹਨ ਕਿ ਆਮਦਨ ਕਰ ਬਚਾਉਣ ਲਈ ਕੁੱਤੇ ਨੂੰ ਪਾਈ ਰੋਟੀ ਦੀ ਬੁਰਕੀ ਦਾ ਖਰਚਾ ਵੀ ਕਿਤਾਬਾਂ ਵਿੱਚ ਪਾ ਰੱਖਿਆ ਹੈ।

ਵਹੀ ਖਾਤੇ ਵਿੱਚ ਖਰਚ ਵਾਲੀ ਮਦ ਇਸ ਪ੍ਰਕਾਰ ਲਿਖੀ ਹੋਈ ਸੀ 'ਮਿਤੀ 17.2.89 ਕੁੱਤੇ ਦਾ ਖਾਣਾ ਪੰਜਾਹ ਰੁਪਏ।'


ਖਰਚੇ ਦੀ ਇਸ ਮਦ ਨੂੰ ਤੱਕ ਦੇ ਦੁਕਾਨਦਾਰ ਵੀ 'ਹੀ-ਹੀ' ਕਰਦਾ ਉਨ੍ਹਾਂ ਸਭਨਾਂ ਨਾਲ ਮੁਸਕਰਾਉਣ ਲੱਗ ਪਿਆ।

ਥੋੜ੍ਹੀ ਦੇਰ ਬਾਅਦ ਉਹ ਸਾਰੇ ਲੋਕ ਚਲੇ ਗਏ। ਦੁਕਾਨਦਾਰ ਨੇ ਆਪਣੇ ਹਿਸਾਬ-ਕਿਤਾਬ ਵਾਲੀ ਬਹੀ-ਖਾਤਾ ਖੋਲ੍ਹਿਆ। ਕਾਜੂ ਤੋਂ ਲੈ ਕੇ ਜੂਸ ਤੱਕ ਦਾ ਖਰਚਾ ਜੋੜਿਆ ਅਤੇ ਖਾਤੇ ਵਿੱਚ ਇੱਕ ਮਦ ਹੋਰ ਜੋੜ ਦਿੱਤੀ, 'ਮਿਤੀ 29.8.89, ਕੁੱਤਿਆਂ ਦਾ ਖਾਣਾ ਇੱਕ ਸੌ ਪੰਜ ਰੁਪਏ।

-ਦਰਸ਼ਨ ਮਿਤਵਾ


# ਭਾਜਪਾ ਅੰਦਰ ਉੱਠ ਰਹੀ ਬਗ਼ਾਵਤ: ਮੋਦੀ ਦੀ ਥਾਂ ਯੋਗੀ ਦੀ ਮੰਗ ਕਿਉਂ ?

**ਅਭੈ ਕੁਮਾਰ ਦੂਬੇ**



ਪਹਿਲਾਂ ਜੋ ਗੱਲ ਰਾਜਨੀਤਿਕ ਵਿਸ਼ਲੇਸ਼ਕਾਂ ਦੀਆਂ ਅਟਕਲਾਂ ਤੱਕ ਸੀਮਤ ਸੀ, ਹੁਣ ਇਹ ਖੁੱਲ੍ਹ ਕੇ ਸਾਹਮਣੇ ਆ ਗਈ ਹੈ, ਭਾਜਪਾ ਦੇ ਕੋਰ ਵੋਟਰ ਕਹਿ ਰਹੇ ਹਨ ਕਿ ਮੋਦੀ ਤੋਂ ਹੁਣ ਕੁਝ ਵੀ ਸੰਭਾਲ ਨਹੀਂ ਹੋ ਰਿਹਾ ਤੇ ਉਹ ਬੁਰੀ ਤਰ੍ਹਾਂ ਫਸ ਗਏ ਹਨ। ਮੋਦੀ ਨੂੰ ਅਸਤੀਫ਼ਾ ਦੇ ਕੇ ਆਪਣਾ ਅਹੁਦਾ ਯੋਗੀ ਨੂੰ ਸੌਂਪ ਦੇਣਾ ਚਾਹੀਦਾ ਹੈ, ਮੈਂ ਜਨਵਰੀ ਦੇ ਦੂਜੇ ਅੱਧ ਤੋਂ ਲੈ ਕੇ ਹੁਣ ਤੱਕ ਨਿੱਜੀ ਤੌਰ 'ਤੇ ਦਰਜਨਾਂ ਲੋਕਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਹੈ। ਇਨ੍ਹਾਂ ਵਿਚ ਟੈਕਸੀ ਡਰਾਈਵਰ, ਰੇਲਗੱਡੀਆਂ 'ਚ ਯਾਤਰਾ ਕਰਨ ਵਾਲੇ, ਅਪਾਰਟਮੈਂਟਾਂ ਵਿਚ ਪਹਿਰਾ ਦੇਣ ਵਾਲੇ ਗਾਰਡ ਅਤੇ ਲਖਨਊ ਤੇ ਦਿੱਲੀ ਦੇ ਬਾਜ਼ਾਰਾਂ 'ਚ ਖ਼ਰੀਦਦਾਰੀ ਕਰ ਰਹੇ ਵੋਟਰ ਸ਼ਾਮਿਲ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਲੋਕ ਮੈਨੂੰ ਟੀ.ਵੀ. ਤੇ ਸੋਸ਼ਲ ਮੀਡੀਆ 'ਤੇ ਆਉਣ ਕਰਕੇ ਪਛਾਣਦੇ ਹਨ। ਜਦੋਂ ਮੈਂ ਪਿਛਲੇ ਮਹੀਨੇ ਇੰਨੇ ਸਾਰੇ ਲੋਕਾਂ ਨੂੰ ਇਸ ਸੁਰ 'ਚ ਗੱਲ ਕਰਦੇ ਸੁਣਿਆ ਤਾਂ ਮੈਂ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਤੇ ਦਿੱਲੀ 'ਚ ਕੰਮ ਕਰਨ ਵਾਲੇ ਆਪਣੇ ਪੱਤਰਕਾਰ ਦੋਸਤਾਂ ਨੂੰ ਬੇਨਤੀ ਕੀਤੀ ਕਿ ਉਹ ਪਤਾ ਲਗਾਉਣ ਕਿ, ਕੀ ਅਜਿਹੀ ਭਾਵਨਾ ਸੱਚਮੁੱਚ ਭਾਜਪਾ ਦੇ ਮੁੱਖ ਵੋਟਰਾਂ 'ਚ ਮੌਜੂਦ ਹੈ। ਉਨ੍ਹਾਂ ਦੋਸਤਾਂ ਨੇ ਦੱਸਿਆ ਕਿ ਸੱਚਮੁੱਚ ਅਜਿਹਾ ਹੀ ਲੱਗ ਰਿਹਾ ਹੈ, ਤਾਂ ਮੈਂ ਸੋਚਿਆ ਕਿ ਇਹ ਗੱਲ ਹੁਣ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਦਾ ਵੀ ਸਮਾਂ ਆ ਗਿਆ ਹੈ।

ਦੱਸਣਯੋਗ ਹੈ ਕਿ ਭਾਜਪਾ ਦੇ ਮੁੱਖ ਸਮਰਥਨ ਅਧਾਰ-ਬ੍ਰਾਹਮਣ, ਬਾਣੀਏ, ਠਾਕੁਰ, ਭੂਮੀਹਾਰ, ਕਾਯਸਥ ਤੇ ਪਟੇਲ, ਮਤਲਬ ਉੱਚ ਜਾਤੀਆਂ ਜਾਂ ਜਨਰਲ ਵਰਗ ਦੇ ਵੋਟਰ ਹਨ। ਇਨ੍ਹਾਂ ਵੋਟਰਾਂ ਦਾ ਦਿਲੋਂ ਮੰਨਣਾ ਹੈ ਕਿ ਉਨ੍ਹਾਂ ਦੀਆਂ ਵੋਟਾਂ ਹੀ ਮੋਦੀ/ਭਾਜਪਾ ਸਰਕਾਰ ਨੂੰ ਸੱਤਾ 'ਚ ਲਿਆਉਂਦੀਆਂ ਹਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ 'ਚ ਬਦਲਣ ਦਾ ਇੰਜਣ ਉਨ੍ਹਾਂ ਦੀਆਂ ਵੋਟਾਂ ਨਾਲ ਹੀ ਚੱਲ ਰਿਹਾ ਹੈ। ਭਾਜਪਾ ਨੂੰ ਜੋ ਹੋਰ ਵਰਗਾਂ ਦੇ ਵੋਟ ਮਿਲਦੇ ਹਨ ਉਹ ਘਟਦੇ-ਵਧਦੇ ਰਹਿੰਦੇ ਹਨ, ਪਰ ਭਾਜਪਾ ਜਿੱਤੇ ਜਾਂ ਹਾਰੇ ਜਨਰਲ ਵਰਗ ਦੇ ਲਗਭਗ 80 ਫ਼ੀਸਦੀ ਵੋਟਰ ਪਿਛਲੇ 11 ਸਾਲਾਂ ਤੋਂ ਕਮਲ ਦੇ ਨਿਸ਼ਾਨ ਵਾਲਾ ਬਟਨ ਹੀ ਦਬਾ ਰਹੇ ਹਨ। ਭਾਜਪਾ ਵੋਟਰਾਂ ਦੇ ਇਸ ਪ੍ਰਭਾਵਸ਼ਾਲੀ ਸਮੂਹ ਦੀ ਉੱਚੀ ਤੇ ਸਪੱਸ਼ਟ ਆਵਾਜ਼ ਹੈ: ਮੋਦੀ ਇਕ ਪਾਸੇ ਯੂ.ਜੀ.ਸੀ. ਨਿਯਮਾਵਲੀ (ਇਕੁਇਟੀ) ਸੰਕਟ ਦਾ ਸਾਹਮਣਾ ਕਰ ਰਹੇ ਹਨ, ਦੂਜੇ ਪਾਸੇ ਜਨਰਲ ਨਰਵਾਣੇ ਦੀ ਕਿਤਾਬ 'ਚ ਉਨ੍ਹਾਂ ਦੀ ਕਾਇਰਤਾ ਦਾ ਪਰਦਾਫਾਸ਼ ਹੋਇਆ ਹੈ। ਇਕ ਪਾਸੇ ਟਰੰਪ ਨਾਲ ਵਪਾਰ ਸੌਦੇ ਤੋਂ ਪੈਦਾ ਹੋਣ ਵਾਲੀਆਂ ਸੰਭਾਵੀ ਆਫ਼ਤਾਂ ਤੇ ਦੂਜੇ ਪਾਸੇ ਐਪਸਟੀਨ ਫਾਈਲਾਂ 'ਚ ਹਰਦੀਪ ਪੁਰੀ ਕਾਰਨ ਮੋਦੀ ਸਰਕਾਰ ਫਸੀ ਹੋਈ ਹੈ। ਇਧਰ-ਉਧਰ ਦੀਆਂ ਬਹੁਤ ਗੱਲਾਂ ਹੋਈਆਂ ਹਨ, ਪਰ ਇਨ੍ਹਾਂ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਦੀ ਆਵਾਜ਼ ਤੱਕ ਨਹੀਂ ਸੁਣੀ ਗਈ। ਮੋਦੀ ਨੇ ਅਜੇ ਤੱਕ ਉਪਰੋਕਤ 'ਚਾਰ ਸੰਕਟਾਂ' ਬਾਰੇ ਇਕ ਸ਼ਬਦ ਨਹੀਂ ਕਿਹਾ।




ਹਿੰਦੂਤਵ ਦੀ ਸਿਆਸੀ ਲੀਡਰਸ਼ਿਪ ਇਸ ਮੁੱਦੇ 'ਤੇ ਦੁਚਿੱਤੀ ਵਿਚ ਹੈ। ਵੋਟਰ ਜੋ ਵੀ ਕਹਿਣ ਜਾਂ ਸੰਕੇਤ ਦੇਣ ਪਰ ਆਰ.ਐੱਸ.ਐੱਸ. (ਸੰਘ) ਦੀ ਪਹਿਲੀ ਪਸੰਦ ਮੋਦੀ ਹੀ ਹਨ, ਯੋਗੀ ਵੀ ਸੰਘ ਦੀ ਪਸੰਦ ਹਨ, ਉਹ ਵੀ ਸੰਘ ਦੇ ਸਮਰਥਨ ਨਾਲ ਹੀ ਇਸ ਅਹੁਦੇ 'ਤੇ ਪਹੁੰਚੇ ਹਨ। ਸੰਘ ਪਰਿਵਾਰ ਨੂੰ ਭਾਜਪਾ ਦੇ ਮੁੱਖ ਵੋਟਰਾਂ ਦਾ ਸੁਨੇਹਾ ਮਿਲ ਚੁੱਕਾ ਹੈ, ਪਰ ਮੇਰਾ ਮੰਨਣਾ ਹੈ ਕਿ ਸੰਘ ਜਲਦਬਾਜ਼ੀ 'ਚ ਕੋਈ ਫ਼ੈਸਲਾ ਨਹੀਂ ਕਰੇਗਾ, ਕਿ ਕੇਂਦਰ 'ਚ ਲੰਬੀ ਉਡੀਕ ਬਾਅਦ ਪ੍ਰਾਪਤ ਕੀਤੀ ਸੱਤਾ ਗੁਆਚ ਜਾਵੇ। ਭਾਜਪਾ ਦੇ ਮੁੱਖ ਵੋਟਰ ਮੋਦੀ-ਯੋਗੀ ਦੀ ਜੋੜੀ ਬਣਾਉਣ ਬਾਰੇ ਸੋਚ ਰਹੇ ਸਨ, ਜੋ 2024 ਦੀਆਂ ਚੋਣਾਂ ਵਿਚ ਭੰਗ ਹੋ ਗਈ ਸੀ, ਕਿਉਂਕਿ ਉੱਤਰ ਪ੍ਰਦੇਸ਼ 'ਚ ਮੋਦੀ-ਸ਼ਾਹ ਦੀ ਜੋੜੀ ਨੇ ਯੋਗੀ ਦੁਆਰਾ ਸਿਫਾਰਸ਼ ਕੀਤੇ ਗਏ ਇਕ ਵੀ ਉਮੀਦਵਾਰ ਨੂੰ ਲੋਕ ਸਭਾ ਦੀ ਟਿਕਟ ਨਹੀਂ ਸੀ ਦਿੱਤੀ। ਫਿਰ 'ਆਪ੍ਰੇਸ਼ਨ ਸੰਧੂਰ' ਹੋਇਆ ਤਾਂ ਭਾਜਪਾ ਦੇ ਮੁੱਖ ਵੋਟਰ ਇਸ ਗੱਲ ਤੋਂ ਨਾਰਾਜ਼ ਸਨ ਕਿ ਜੰਗਬੰਦੀ ਦਾ ਐਲਾਨ ਮੋਦੀ ਦੁਆਰਾ ਨਹੀਂ, ਸਗੋਂ ਟਰੰਪ ਦੁਆਰਾ ਕੀਤਾ ਗਿਆ ਅਤੇ ਮੋਦੀ ਚੁੱਪ ਰਹੇ। ਫਿਰ 13 ਜਨਵਰੀ ਨੂੰ ਯੂ.ਜੀ.ਸੀ. ਨਿਯਮਾਵਲੀ ਲਿਆਉਣ 'ਤੇ ਭਾਜਪਾ ਦੀਆਂ ਮੁੱਖ ਸਮਰਥਕ ਉੱਚ ਜਾਤੀਆਂ ਨਾਰਾਜ਼ ਹੋ ਗਈਆਂ ਤੇ ਉਹ ਮੋਦੀ ਦੀ ਥਾਂ ਯੋਗੀ ਨੂੰ ਲਿਆਉਣ ਲਈ ਜ਼ੋਰ ਪਾ ਰਹੀਆਂ ਹਨ।

ਇਸ ਤੋਂ ਪੰਜ ਗੱਲਾਂ ਸਪੱਸ਼ਟ ਹੁੰਦੀਆਂ ਹਨ- ਪਹਿਲੀ ਮੋਦੀ ਦੀ ਇਹ ਦੁਰਦਸ਼ਾ ਖ਼ੁਦ ਉਨ੍ਹਾਂ ਦੀਆਂ ਆਪਣੀਆਂ ਤੇ ਉਨ੍ਹਾਂ ਦੇ ਰਣਨੀਤੀਕਾਰਾਂ ਦੀਆਂ ਗਲਤੀਆਂ ਦਾ ਨਤੀਜਾ ਹੈ। ਯੂ.ਜੀ.ਸੀ. ਨਿਯਮਾਵਲੀ ਇਸ ਲਈ ਜਾਰੀ ਕੀਤੀ ਗਈ ਸੀ, ਕਿਉਂਕਿ ਮੋਦੀ, ਰਾਹੁਲ ਨੂੰ ਉਨ੍ਹਾਂ ਦੀ ਹੀ (ਓਬੀਸੀ, ਦਲਿਤ, ਆਦਿਵਾਸੀ ਤੇ ਸਮਾਜਿਕ ਨਿਆਂ) ਪਿੱਚ 'ਤੇ ਘੇਰਨਾ ਚਾਹੁੰਦੇ ਸਨ, ਪਰ ਕਦਮ ਉਠਾਉਣ ਸਾਰ ਉਹ ਖ਼ੁਦ ਹੀ ਫਸ ਗਏ। ਲੋਕ ਪੁੱਛ ਰਹੇ ਹਨ ਕਿ ਹਰਦੀਪ ਪੁਰੀ ਉਸ ਐਪਸਟੀਨ ਨਾਲ ਕਿਉਂ ਮਿਲ ਰਿਹਾ ਸੀ, ਜੋ 2008 'ਚ ਜਿਨਸੀ ਅਪਰਾਧਾਂ ਦਾ ਇਕਬਾਲ ਕਰਨ ਤੋਂ ਬਾਅਦ 13 ਮਹੀਨੇ ਪਹਿਲਾਂ ਹੀ ਜੇਲ੍ਹ ਕੱਟ ਚੁੱਕਾ ਸੀ ਤੇ ਇੱਕ ਰਜਿਸਟਰਡ ਸੈਕਸ ਅਪਰਾਧੀ ਸੀ। ਜਦੋਂ ਐਪਸਟੀਨ ਕੋਲ ਓਬਾਮਾ ਪ੍ਰਸ਼ਾਸਨ 'ਚ ਕੋਈ ਅਹੁਦਾ ਨਹੀਂ ਸੀ ਤਾਂ ਉਹ 'ਮੇਕ ਇਨ ਇੰਡੀਆ' ਜਾਂ ਪੇਂਡੂ ਭਾਰਤ 'ਚ ਇੰਟਰਨੈੱਟ ਦੇ ਵਿਸਥਾਰ 'ਤੇ ਪੁਰੀ ਨੂੰ ਕੀ ਸਲਾਹ ਦੇ ਸਕਦਾ ਸੀ? ਪੁਰੀ ਐਪਸਟੀਨ ਦੀ ਅਸਲੀਅਤ ਤੋਂ ਕਿਵੇਂ ਅਣਜਾਣ ਸੀ, ਜਦੋਂ ਹਰ ਕੋਈ ਇਹ ਪਹਿਲਾਂ ਤੋਂ ਜਾਣਦਾ ਸੀ? ਫਿਰ ਮੋਦੀ ਨੇ ਪੁਰੀ ਨੂੰ ਆਪਣਾ ਮੰਤਰੀ ਕਿਉਂ ਨਿਯੁਕਤ ਕੀਤਾ? ਪਿਊਸ਼ ਗੋਇਲ ਤੇ ਹੋਰਾਂ ਨੇ ਅਮਰੀਕੀ ਵਪਾਰ ਸਮਝੌਤੇ ਦੇ ਜਸ਼ਨ ਕਿਉਂ ਮਨਾਉਣੇ ਸ਼ੁਰੂ ਕਰ ਦਿੱਤੇ, ਜਿਸ 'ਤੇ ਅਜੇ ਦਸਤਖ਼ਤ ਹੋਣੇ ਵੀ ਬਾਕੀ ਹਨ। ਦੂਜਾ, ਰਾਹੁਲ ਗਾਂਧੀ ਨੇ ਸੰਸਦ ਦੇ ਅੰਦਰ ਤੇ ਬਾਹਰ ਲਗਾਤਾਰ ਜਨਰਲ ਨਰਵਾਣੇ ਦੀ ਕਿਤਾਬ 'ਤੇ ਆਧਾਰਤ ਖੁਲਾਸੇ ਕਰਕੇ ਮੋਦੀ ਦੀ ਚੀਨ ਨੀਤੀ ਦਾ ਪਰਦਾਫਾਸ਼ ਕੀਤਾ ਹੈ। ਜੋ ਲੋਕ ਨਰਵਾਣੇ ਦੀ ਗੱਲ ਭੁੱਲ ਗਏ ਸਨ, ਉਹ ਉਨ੍ਹਾਂ ਦੀ ਕਿਤਾਬ ਦਾ ਹਿੰਦੀ ਅਨੁਵਾਦ ਹੋਣ ਬਾਅਦ ਲੱਖਾਂ-ਕਰੋੜਾਂ ਤੱਕ ਪਹੁੰਚ ਗਈ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਮੋਦੀ ਸਿਰਫ਼ ਪਾਕਿਸਤਾਨ ਵਿਰੁੱਧ ਸ਼ੇਖੀ ਮਾਰ ਸਕਦੇ ਹਨ, ਪਰ ਉਹ ਚੀਨ ਅੱਗੇ ਢਿੱਲੇ ਪੈ ਜਾਂਦੇ ਹਨ। ਜ਼ਿਕਰਯੋਗ ਹੈ ਕਿ ਜਨਰਲ ਨਰਵਾਣੇ ਦੀ ਕਿਤਾਬ ਦੀ ਪ੍ਰਸਤਾਵਨਾ ਜਨਰਲ ਵੀ.ਪੀ. ਮਲਿਕ ਦੁਆਰਾ ਲਿਖੀ ਗਈ ਹੈ, ਜੋ ਕਾਰਗਿਲ ਯੁੱਧ ਲਈ ਮਸ਼ਹੂਰ ਹਨ। ਇਸ ਕਿਤਾਬ ਦੀ ਸਿਫਾਰਸ਼ ਜਨਰਲ ਵੀ.ਕੇ. ਸਿੰਘ ਦੁਆਰਾ ਕੀਤੀ ਗਈ ਹੈ, ਜੋ 10 ਸਾਲ ਤੱਕ ਮੋਦੀ ਦੀ ਸਰਕਾਰ ਵਿਚ ਮੰਤਰੀ ਰਹੇ ਹਨ ਤੇ ਹੁਣ ਮੋਦੀ ਸਰਕਾਰ ਦੁਆਰਾ ਨਿਯੁਕਤ ਰਾਜਪਾਲ ਹਨ। ਕੀ ਮੋਦੀ ਇਸ ਕਿਤਾਬ ਨੂੰ ਲਿਖਣ ਲਈ ਨਰਵਾਣੇ, ਜਨਰਲ ਮਲਿਕ ਤੇ ਜਨਰਲ ਵੀ.ਕੇ. ਸਿੰਘ ਦਾ ਕੋਰਟ-ਮਾਰਸ਼ਲ ਕਰਵਾਉਣਗੇ? ਇਨ੍ਹਾਂ ਸਵਾਲਾਂ ਦੇ ਕੋਈ ਜਵਾਬ ਨਹੀਂ ਮਿਲ ਰਹੇ ਹਨ ਤੇ ਸਰਕਾਰ ਕੋਲ ਹੁਣ ਸੰਸਦ ਵਿਚ ਇਸ ਮੁੱਦੇ 'ਤੇ ਚਰਚਾ ਕਰਨ ਦੀ ਹਿੰਮਤ ਨਹੀਂ ਹੈ।

ਤੀਜਾ, ਭਾਜਪਾ ਦੇ ਮੁੱਖ ਵੋਟਰ ਮੋਦੀ ਤੋਂ ਅਸੰਤੁਸ਼ਟ ਹਨ, ਪਰ ਉਹ ਕਿਸੇ ਵੀ ਵਿਰੋਧੀ ਪਾਰਟੀ ਵੱਲ ਜਾਣ ਦੀ ਬਜਾਏ ਭਾਜਪਾ ਦੇ ਅੰਦਰ ਮੋਦੀ ਦੇ ਬਦਲ ਦੀ ਭਾਲ ਕਰ ਰਹੇ ਹਨ। ਚੌਥਾ, ਅਮਿਤ ਸ਼ਾਹ ਨਾਲ ਭਾਜਪਾ ਦਾ 'ਕੋਰ' ਵੋਟਰ ਬਹੁਤ ਨਾਰਾਜ਼ ਹੈ। ਇਨ੍ਹਾਂ ਵੋਟਰਾਂ ਅਨੁਸਾਰ ਅਮਿਤ ਸ਼ਾਹ, ਮੁੱਖ ਮੰਤਰੀ ਯੋਗੀ ਨੂੰ ਪ੍ਰੇਸ਼ਾਨ ਕਰਕੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣਾ ਚਾਹੁੰਦੇ ਹਨ ਅਤੇ ਖ਼ੁਦ ਮੋਦੀ ਦੇ ਉੱਤਰਾਧਿਕਾਰੀ ਬਣਨਾ ਚਾਹੁੰਦੇ ਹਨ। ਯੋਗੀ ਤੇ ਅਮਿਤ ਸ਼ਾਹ ਵਿਚਾਲੇ ਤਲਖੀ ਹੁਣ ਰਾਜਨੀਤਿਕ ਅਟਕਲਾਂ ਤੱਕ ਸੀਮਤ ਨਹੀਂ ਰਹਿ ਗਈ ਹੈ। ਪੰਜਵਾਂ, ਇਨ੍ਹਾਂ ਵੋਟਰਾਂ ਨੂੰ ਯੋਗੀ ਵਿਚ ਇਕ ਬਣਿਆ ਬਣਾਇਆ ਬਦਲ ਦਿਖਾਈ ਦਿੰਦਾ ਹੈ, ਪਰ ਜਲਦਬਾਜ਼ੀ ਵਿਚ ਇਹ ਨਾ ਸਮਝ ਲਿਆ ਜਾਵੇ ਕਿ ਯੋਗੀ ਨੂੰ ਨੇੜ ਭਵਿੱਖ 'ਚ ਮੋਦੀ ਦੀ ਜਗ੍ਹਾ ਬਿਠਾ ਦਿੱਤਾ ਜਾਇਗਾ, ਉਹ ਸਮਾਂ ਆਉਣ 'ਚ ਅਜੇ ਬਹੁਤ ਦੇਰ ਹੈ। ਹਿੰਦੂਤਵ ਦੀ ਸਿਆਸੀ ਲੀਡਰਸ਼ਿਪ ਇਸ ਮੁੱਦੇ 'ਤੇ ਦੁਚਿੱਤੀ ਵਿਚ ਹੈ। ਵੋਟਰ ਜੋ ਵੀ ਕਹਿਣ ਜਾਂ ਸੰਕੇਤ ਦੇਣ ਪਰ ਆਰ.ਐੱਸ.ਐੱਸ. (ਸੰਘ) ਦੀ ਪਹਿਲੀ ਪਸੰਦ ਮੋਦੀ ਹੀ ਹਨ, ਯੋਗੀ ਵੀ ਸੰਘ ਦੀ ਪਸੰਦ ਹਨ, ਉਹ ਵੀ ਸੰਘ ਦੇ ਸਮਰਥਨ ਨਾਲ ਹੀ ਇਸ ਅਹੁਦੇ 'ਤੇ ਪਹੁੰਚੇ ਹਨ। ਸੰਘ ਪਰਿਵਾਰ ਨੂੰ ਭਾਜਪਾ ਦੇ ਮੁੱਖ ਵੋਟਰਾਂ ਦਾ ਸੁਨੇਹਾ ਮਿਲ ਚੁੱਕਾ ਹੈ, ਪਰ ਮੇਰਾ ਮੰਨਣਾ ਹੈ ਕਿ ਸੰਘ ਜਲਦਬਾਜ਼ੀ 'ਚ ਕੋਈ ਫ਼ੈਸਲਾ ਨਹੀਂ ਕਰੇਗਾ, ਕਿ ਕੇਂਦਰ 'ਚ ਲੰਬੀ ਉਡੀਕ ਬਾਅਦ ਪ੍ਰਾਪਤ ਕੀਤੀ ਸੱਤਾ ਗੁਆਚ ਜਾਵੇ। ਭਾਜਪਾ ਦੇ ਮੁੱਖ ਵੋਟਰ ਮੋਦੀ-ਯੋਗੀ ਦੀ ਜੋੜੀ ਬਣਾਉਣ ਬਾਰੇ ਸੋਚ ਰਹੇ ਸਨ, ਜੋ 2024 ਦੀਆਂ ਚੋਣਾਂ ਵਿਚ ਭੰਗ ਹੋ ਗਈ ਸੀ, ਕਿਉਂਕਿ ਉੱਤਰ ਪ੍ਰਦੇਸ਼ 'ਚ ਮੋਦੀ-ਸ਼ਾਹ ਦੀ ਜੋੜੀ ਨੇ ਯੋਗੀ ਦੁਆਰਾ ਸਿਫਾਰਸ਼ ਕੀਤੇ ਗਏ ਇਕ ਵੀ ਉਮੀਦਵਾਰ ਨੂੰ ਲੋਕ ਸਭਾ ਦੀ ਟਿਕਟ ਨਹੀਂ ਸੀ ਦਿੱਤੀ। ਫਿਰ 'ਆਪ੍ਰੇਸ਼ਨ ਸੰਧੂਰ' ਹੋਇਆ ਤਾਂ ਭਾਜਪਾ ਦੇ ਮੁੱਖ ਵੋਟਰ ਇਸ ਗੱਲ ਤੋਂ ਨਾਰਾਜ਼ ਸਨ ਕਿ ਜੰਗਬੰਦੀ ਦਾ ਐਲਾਨ ਮੋਦੀ ਦੁਆਰਾ ਨਹੀਂ, ਸਗੋਂ ਟਰੰਪ ਦੁਆਰਾ ਕੀਤਾ ਗਿਆ ਅਤੇ ਮੋਦੀ ਚੁੱਪ ਰਹੇ। ਫਿਰ 13 ਜਨਵਰੀ ਨੂੰ ਯੂ.ਜੀ.ਸੀ. ਨਿਯਮਾਵਲੀ ਲਿਆਉਣ 'ਤੇ ਭਾਜਪਾ ਦੀਆਂ ਮੁੱਖ ਸਮਰਥਕ ਉੱਚ ਜਾਤੀਆਂ ਨਾਰਾਜ਼ ਹੋ ਗਈਆਂ ਤੇ ਉਹ ਮੋਦੀ ਦੀ ਥਾਂ ਯੋਗੀ ਨੂੰ ਲਿਆਉਣ ਲਈ ਜ਼ੋਰ ਪਾ ਰਹੀਆਂ ਹਨ।

# ਏਆਈ ਸਿਖਰ ਸੰਮੇਲਨ 2026


# ਰਾਜਨੀਤਿਕ ਘਮਾਸਾਨ ਦੇ ਵਿਚਾਲੇ ਸਿੱਖ ਵਿਗਿਆਨੀਆਂ ਨੇ ਵਧਾਇਆ ਦੁਨੀਆ ਭਰ ਵਿਚ ਮਾਣ



ਵਿਸ਼ੇਸ਼ ਰਿਪੋਰਟ
ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਅਮਨਦੀਪ ਸਿੰਘ ਗਿੱਲ



ਰਣਬੀਰ ਸਿੰਘ ਸਚਦੇਵਾ



ਤਰੁਨਦੀਪ ਸਿੰਘ

ਭਾਰਤ ਦੀ ਰਾਜਧਾਨੀ ਵਿੱਚ ਆਯੋਜਿਤ 'ਏਆਈ ਇਮਪੈਕਟ ਸੰਮੇਲਨ 2026' ਜਿੱਥੇ ਇੱਕ ਪਾਸੇ ਸਿਆਸੀ ਦੋਸ਼ਾਂ ਅਤੇ ਪ੍ਰਬੰਧਕੀ ਨਾਕਾਮੀਆਂ ਕਾਰਨ ਸੁਰਖੀਆਂ ਵਿੱਚ ਰਿਹਾ, ਉੱਥੇ ਹੀ ਦੂਜੇ ਪਾਸੇ ਇਸ ਮੰਚ ਨੇ ਸਿੱਖ ਕੌਮ ਦੇ ਵਿਗਿਆਨਕ ਅਤੇ ਤਕਨੀਕੀ ਗੌਰਵ ਦੀ ਇੱਕ ਅਜਿਹੀ ਇਤਿਹਾਸਕ ਦਾਸਤਾਨ ਪੇਸ਼ ਕੀਤੀ ਹੈ, ਜੋ ਪੰਜਾਬੀ ਨੌਜਵਾਨਾਂ ਲਈ ਸਫਲਤਾ ਦਾ ਇੱਕ ਨਵਾਂ ਰਾਹ ਰੋਸ਼ਨ ਕਰਦੀ ਹੈ।

## ਰਾਜਨੀਤਿਕ ਅਖਾੜਾ ਅਤੇ 'ਰੋਬੋਟ ਡੌਗ' ਵਿਵਾਦ

ਸੰਮੇਲਨ ਦੀ ਸ਼ੁਰੂਆਤ ਉਮੀਦਾਂ ਨਾਲ ਹੋਈ ਸੀ, ਪਰ ਜਲਦ ਹੀ ਇਹ 'ਗੰਦੀ ਰਾਜਨੀਤੀ' ਦੀ ਭੇਟ ਚੜ੍ਹ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੇਰਠ ਦੀ ਰੈਲੀ ਵਿੱਚ ਕਾਂਗਰਸ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਸੀ ਕਿ ਵਿਰੋਧੀ ਧਿਰ ਭਾਰਤ ਦੀ ਤਰੱਕੀ ਨੂੰ ਹਜ਼ਮ ਨਹੀਂ ਕਰ ਪਾ ਰਹੀ। ਉਨ੍ਹਾਂ ਨੇ ਯੂਥ ਕਾਂਗਰਸ ਵੱਲੋਂ ਕੀਤੇ ਗਏ ਪ੍ਰਦਰਸ਼ਨਾਂ ਨੂੰ "ਰਾਸ਼ਟਰੀ ਅਪਮਾਨ" ਕਰਾਰ ਦਿੱਤਾ।

ਦੂਜੇ ਪਾਸੇ, ਕਾਂਗਰਸ ਨੇ ਗਲਗੋਟੀਆ ਯੂਨੀਵਰਸਿਟੀ ਦੇ ਉਸ ਵਿਵਾਦ ਨੂੰ ਚੁੱਕਿਆ ਜਿੱਥੇ ਚੀਨੀ ਕੰਪਨੀ 'ਯੂਨਿਟ੍ਰੀ' ਦੇ ਬਣੇ ਰੋਬੋਟ ਡੌਗ (ਓਰੀਅਨ) ਨੂੰ ਯੂਨੀਵਰਸਿਟੀ ਦੀ ਆਪਣੀ ਖੋਜ ਦੱਸ ਕੇ ਪੇਸ਼ ਕੀਤਾ ਗਿਆ ਸੀ। ਰਾਹੁਲ ਗਾਂਧੀ ਅਤੇ ਪਵਨ ਖੇੜਾ ਨੇ ਇਸ ਨੂੰ "ਪੀਆਰ ਤਮਾਸ਼ਾ" ਅਤੇ ਚੀਨੀ ਮਾਲ ਨੂੰ "ਮੇਡ ਇਨ ਇੰਡੀਆ" ਕਹਿ ਕੇ ਦੇਸ਼ ਦੀ ਸ਼ਰਮਿੰਦਗੀ ਦੱਸਿਆ।

## ਸਿੱਖ ਵਿਗਿਆਨੀਆਂ ਦੀ ਗਲੋਬਲ ਅਗਵਾਈ: ਅਮਨਦੀਪ ਸਿੰਘ ਗਿੱਲ ਦਾ ਮਾਰਗਦਰਸ਼ਨ

ਜਿੱਥੇ ਰਾਜਨੀਤੀ ਨੀਵੇਂ ਪੱਧਰ 'ਤੇ ਸੀ, ਉੱਥੇ ਸਿੱਖ ਵਿਦਵਾਨਾਂ ਨੇ ਬੌਧਿਕ ਪੱਧਰ 'ਤੇ ਭਾਰਤ ਦਾ ਸਿਰ ਉੱਚਾ ਕੀਤਾ। ਸੰਯੁਕਤ ਰਾਸ਼ਟਰ ਦੇ ਟੈਕਨਾਲੋਜੀ ਐਨਵਾਏ ਅਮਨਦੀਪ ਸਿੰਘ ਗਿੱਲ ਨੇ 38 ਦੇਸ਼ਾਂ ਦੇ ਵਿਗਿਆਨੀਆਂ ਦੀ ਅਗਵਾਈ ਕੀਤੀ। ਉਨ੍ਹਾਂ ਨੇ ਏਆਈ ਨੂੰ ਸਿਰਫ਼ ਮਸ਼ੀਨ ਨਹੀਂ, ਸਗੋਂ ਮਨੁੱਖੀ ਹੱਕਾਂ ਅਤੇ ਨੈਤਿਕਤਾ ਨਾਲ ਜੋੜਿਆ। ਗਿੱਲ ਨੇ ਦੱਸਿਆ ਕਿ ਕਿਵੇਂ ਗੁਰਬਾਣੀ ਦੀਆਂ ਮਾਨਵਵਾਦੀ ਕਦਰਾਂ-ਕੀਮਤਾਂ ਏਆਈ ਦੇ ਗਲੋਬਲ ਨਿਯਮਾਂ ਨੂੰ ਬਣਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀਆਂ ਹਨ।

## ਵਿਦਿਅਕ ਖੇਤਰ ਵਿੱਚ ਸਿੱਖ ਚਿਹਰੇ: ਤਰੁਨਦੀਪ ਸਿੰਘ ਦਾ ਕਮਾਲ

ਮੁੰਬਈ ਦੀ ਯੂਨੀਵਰਸਲ ਏਆਈ ਯੂਨੀਵਰਸਿਟੀ ਦੇ ਸੰਸਥਾਪਕ ਤਰੁਨਦੀਪ ਸਿੰਘ ਅਨੰਦ ਨੇ ਸਾਬਤ ਕੀਤਾ ਕਿ ਸਿੱਖ ਉੱਦਮੀ ਸਿੱਖਿਆ ਦੇ ਭਵਿੱਖ ਨੂੰ ਬਦਲ ਰਹੇ ਹਨ। ਉਨ੍ਹਾਂ ਦੀ ਯੂਨੀਵਰਸਿਟੀ ਭਾਰਤ ਦੀ ਪਹਿਲੀ ਅਜਿਹੀ ਸੰਸਥਾ ਹੈ ਜੋ ਪੂਰੀ ਤਰ੍ਹਾਂ ਏਆਈ 'ਤੇ ਕੇਂਦਰਿਤ ਹੈ। ਇਹ ਭਾਰਤ ਦੀ ਪਹਿਲੀ ਅਜਿਹੀ ਯੂਨੀਵਰਸਿਟੀ ਹੈ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਸਿਰਫ਼ ਇੱਕ ਵਿਸ਼ੇ ਵਜੋਂ ਨਹੀਂ, ਸਗੋਂ ਹਰ ਕੋਰਸ ਦੇ ਆਧਾਰ ਵਜੋਂ ਪੜ੍ਹਾਇਆ ਜਾਂਦਾ ਹੈ। ਉਨ੍ਹਾਂ ਦਾ ਮਕਸਦ ਭਾਰਤ ਨੂੰ ਦੁਨੀਆ ਦਾ 'ਏਆਈ ਹੱਬ' ਬਣਾਉਣਾ ਹੈ। ਸਿੱਖਿਆ ਖੇਤਰ ਵਿੱਚ ਆਉਣ ਤੋਂ ਪਹਿਲਾਂ, ਉਨ੍ਹਾਂ ਨੇ ਵਿਸ਼ਵ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਵਿੱਚ ਉੱਚ ਅਹੁਦਿਆਂ 'ਤੇ ਕੰਮ ਕੀਤਾ:

ਉਹ ਥਾਮਸਨ ਰਿਊਟਰਜ਼ ਵਰਗੀ ਦਿੱਗਜ ਕੰਪਨੀ ਵਿੱਚ ਦੱਖਣੀ ਏਸ਼ੀਆ ਦੇ ਮੈਨੇਜਿੰਗ ਡਾਇਰੈਕਟਰ ਰਹੇ ਹਨ। ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਹਾਂਗਕਾਂਗ ਵਰਗੇ ਵਿਸ਼ਵ ਪੱਧਰੀ ਵਿੱਤੀ ਕੇਂਦਰਾਂ ਵਿੱਚ ਕੰਮ ਕਰਦਿਆਂ ਵੱਡੀਆਂ ਤਕਨੀਕੀ ਤਬਦੀਲੀਆਂ ਦੀ ਅਗਵਾਈ ਕੀਤੀ। ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਹਾਂਗਕਾਂਗ ਵਰਗੇ ਵਿਸ਼ਵ ਪੱਧਰੀ ਵਿੱਤੀ ਕੇਂਦਰਾਂ ਵਿੱਚ ਕੰਮ ਕਰਦਿਆਂ ਵੱਡੀਆਂ ਤਕਨੀਕੀ ਤਬਦੀਲੀਆਂ ਦੀ ਅਗਵਾਈ ਕੀਤੀ। ਉਨ੍ਹਾਂ ਨੇ 'ਐਕਸਪੀਰੀਐਂਸ਼ੀਅਲ ਲਰਨਿੰਗ' ਦੇ ਮਾਡਲ ਨੂੰ ਭਾਰਤ ਵਿੱਚ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਨਹੀਂ, ਸਗੋਂ ਅਸਲ ਉਦਯੋਗਿਕ ਸਮੱਸਿਆਵਾਂ ਨੂੰ ਏਆਈ ਰਾਹੀਂ ਹੱਲ ਕਰਨਾ ਸਿਖਾਇਆ ਜਾਂਦਾ ਹੈ। ਉਨ੍ਹਾਂ ਨੇ ਗਲੋਬਲ ਕੰਪਨੀਆਂ ਨਾਲ ਗੱਠਜੋੜ ਕੀਤਾ ਤਾਂ ਜੋ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ ਦੇ ਮੌਕੇ ਮਿਲ ਸਕਣ।

ਤਰੁਨਦੀਪ ਸਿੰਘ ਨੇ ਸਾਬਤ ਕੀਤਾ ਕਿ ਇੱਕ ਸਾਬਤ-ਸੂਰਤ ਸਿੱਖ ਵਿਸ਼ਵ ਪੱਧਰ 'ਤੇ ਕਾਰਪੋਰੇਟ ਜਗਤ ਅਤੇ ਸਿੱਖਿਆ ਪ੍ਰਣਾਲੀ ਵਿੱਚ ਚੋਟੀ 'ਤੇ ਪਹੁੰਚ ਸਕਦਾ ਹੈ। ਏਆਈ ਇਮਪੈਕਟ ਸੰਮੇਲਨ 2026 ਵਰਗੇ ਮੰਚਾਂ 'ਤੇ ਉਨ੍ਹਾਂ ਦੀ ਮੌਜੂਦਗੀ ਇਹ ਦਰਸਾਉਂਦੀ ਹੈ ਕਿ ਸਿੱਖ ਵਿਦਵਾਨ ਭਵਿੱਖ ਦੀਆਂ ਤਕਨੀਕਾਂ ਨੂੰ ਦਿਸ਼ਾ ਦੇ ਰਹੇ ਹਨ। ਉਨ੍ਹਾਂ ਦੀ ਯੂਨੀਵਰਸਿਟੀ ਵਿੱਚ ਵੱਡੀ ਗਿਣਤੀ 'ਚ ਸਿੱਖ ਵਿਦਿਆਰਥੀ ਤਕਨੀਕੀ ਸਿੱਖਿਆ ਹਾਸਲ ਕਰ ਰਹੇ ਹਨ। ਉਹ ਅਕਸਰ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ ਤੇ ਰਵਾਇਤੀ ਰੁਜ਼ਗਾਰ ਤੋਂ ਹਟ ਕੇ ਤਕਨਾਲੋਜੀ ਦੇ ਖੇਤਰ ਵਿੱਚ ਉੱਦਮੀ ਬਣਨ ਲਈ ਪ੍ਰੇਰਿਤ ਕਰਦੇ ਹਨ।

## ਲਵਲੀ ਯੂਨੀਵਰਸਿਟੀ ਦਾ ਯੋਗਦਾਨ

ਪੰਜਾਬ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਆਪਣੇ 15 ਸ਼ਾਨਦਾਰ ਪ੍ਰੋਜੈਕਟਾਂ ਨਾਲ ਸਭ ਨੂੰ ਹੈਰਾਨ ਕਰ ਦਿੱਤਾ:

ਏਜੰਟ ਹਾਰਵੈਸਟ: ਇੱਕ ਅਜਿਹਾ ਏਆਈ ਡ੍ਰੋਨ ਜੋ ਖੇਤੀ ਵਿੱਚ ਖਾਦ ਦੀ ਸਹੀ ਵਰਤੋਂ ਯਕੀਨੀ ਬਣਾਉਂਦਾ ਹੈ।

ਆਫ਼ਤ ਪ੍ਰਬੰਧਨ ਡ੍ਰੋਨ: ਭਾਰਤੀ ਫੌਜ ਲਈ ਭੂਚਾਲ ਵਰਗੀਆਂ ਮੁਸੀਬਤਾਂ ਵਿੱਚ ਮਦਦਗਾਰ। ਇਨ੍ਹਾਂ ਖੋਜਾਂ ਪਿੱਛੇ ਪੰਜਾਬੀ ਅਤੇ ਸਿੱਖ ਨੌਜਵਾਨਾਂ ਦੀ ਅਣਥੱਕ ਮਿਹਨਤ ਸ਼ਾਮਲ ਸੀ।

ਇਤਿਹਾਸਕ ਬੁਨਿਆਦ: ਨਰਿੰਦਰ ਸਿੰਘ ਕਪਾਨੀ ਅਤੇ ਗੁਰਤੇਜ ਸੰਧੂ

ਅੱਜ ਜੇਕਰ ਅਸੀਂ ਏਆਈ ਦੀ ਗੱਲ ਕਰ ਰਹੇ ਹਾਂ, ਤਾਂ ਇਸ ਦੀ ਨੀਂਹ ਵਿੱਚ ਵੀ ਸਿੱਖ ਵਿਗਿਆਨੀਆਂ ਦਾ ਨਾਮ ਹੈ:

ਡਾ. ਨਰਿੰਦਰ ਸਿੰਘ ਕਪਾਨੀ: 'ਫਾਈਬਰ ਆਪਟਿਕਸ ਦੇ ਪਿਤਾਮਾ' ਜਿਨ੍ਹਾਂ ਦੀ ਖੋਜ ਤੋਂ ਬਿਨਾਂ ਅੱਜ ਦਾ ਤੇਜ਼ ਇੰਟਰਨੈੱਟ ਅਸੰਭਵ ਸੀ।

ਗੁਰਤੇਜ ਸਿੰਘ ਸੰਧੂ: ਮਾਈਕ੍ਰੋਨ ਟੈਕਨਾਲੋਜੀ ਦੇ ਸੀਨੀਅਰ ਫੈਲੋ, ਜਿਨ੍ਹਾਂ ਦੇ ਨਾਮ 1382 ਤੋਂ ਵੱਧ ਪੇਟੈਂਟ ਹਨ (ਥਾਮਸ ਐਡੀਸਨ ਤੋਂ ਵੀ ਜ਼ਿਆਦਾ)। ਉਨ੍ਹਾਂ ਦੀਆਂ ਮੈਮੋਰੀ ਚਿਪਸ ਅੱਜ ਦੁਨੀਆ ਦੇ ਹਰ ਸੁਪਰ ਕੰਪਿਊਟਰ ਅਤੇ ਏਆਈ ਸਰਵਰ ਵਿੱਚ ਲੱਗੀਆਂ ਹਨ।

## ਉਮੀਦ ਦੀ ਨਵੀਂ ਕਿਰਨ: 8 ਸਾਲਾ ਰਨਵੀਰ ਸਿੰਘ ਸਚਦੇਵਾ

ਸੰਮੇਲਨ ਦਾ ਸਭ ਤੋਂ ਵੱਡਾ ਆਕਰਸ਼ਣ 8 ਸਾਲ ਦਾ ਸਿੱਖ ਬਾਲਕ ਰਣਵੀਰ ਸਿੰਘ ਸਚਦੇਵਾ ਰਿਹਾ। 5 ਸਾਲ ਦੀ ਉਮਰ ਵਿੱਚ ਕੋਡਿੰਗ ਸਿੱਖਣ ਵਾਲੇ ਇਸ ਬੱਚੇ ਨੇ ਗੂਗਲ ਦੇ ਸੀਈਓ ਸੁੰਦਰ ਪਿਚਾਈ ਨਾਲ ਮੁਲਾਕਾਤ ਕੀਤੀ ਅਤੇ ਨਾਸਾ ਤੱਕ ਆਪਣੀ ਆਵਾਜ਼ ਪਹੁੰਚਾਈ। ਉਹ ਅੱਜ ਦੇ ਪੰਜਾਬੀ ਯੂਥ ਲਈ ਜਿਉਂਦੀ-ਜਾਗਦੀ ਮਿਸਾਲ ਹੈ ਕਿ ਉਮਰ ਗਿਆਨ ਦੇ ਰਾਹ ਵਿੱਚ ਰੁਕਾਵਟ ਨਹੀਂ ਹੁੰਦੀ।

## ਨਿਸ਼ਾਨ-ਏ-ਸਿੱਖੀ: ਜ਼ਮੀਨੀ ਪੱਧਰ 'ਤੇ ਕ੍ਰਾਂਤੀ

ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਚੱਲ ਰਹੇ 'ਨਿਸ਼ਾਨ-ਏ-ਸਿੱਖੀ' ਇੰਸਟੀਚਿਊਟ ਨੇ ਦਿਖਾਇਆ ਹੈ ਕਿ ਜੇਕਰ ਮੌਕਾ ਮਿਲੇ ਤਾਂ ਪੇਂਡੂ ਨੌਜਵਾਨ ਵੀ ਆਈਆਈਟੀ ਤੱਕ ਪਹੁੰਚ ਸਕਦੇ ਹਨ। ਵੰਸ਼ਦੀਪ ਸਿੰਘ ਵਰਗੇ ਵਿਦਿਆਰਥੀਆਂ ਨੇ ਜੇਈਈ ਵਿੱਚ 99% ਤੋਂ ਵੱਧ ਅੰਕ ਲੈ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਸੰਸਥਾਵਾਂ ਹੁਣ ਸਿਰਫ਼ ਧਾਰਮਿਕ ਪ੍ਰਚਾਰ ਤੱਕ ਸੀਮਤ ਨਹੀਂ, ਸਗੋਂ ਵਿਗਿਆਨਕ ਕ੍ਰਾਂਤੀ ਦਾ ਕੇਂਦਰ ਬਣ ਰਹੀਆਂ ਹਨ।

## ਪੰਜਾਬੀ ਯੁਵਕਾਂ ਲਈ ਸੁਨੇਹਾ

ਇਸ ਸੰਮੇਲਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਰਾਜਨੀਤੀ ਚਾਹੇ ਜਿੰਨੀ ਵੀ ਗੰਧਲੀ ਹੋਵੇ, ਵਿਗਿਆਨ ਅਤੇ ਮਿਹਨਤ ਦੀ ਚਮਕ ਨੂੰ ਕੋਈ ਨਹੀਂ ਲੁਕਾ ਸਕਦਾ। ਲੋੜ ਇਸ ਗੱਲ ਦੀ ਹੈ ਕਿ ਪੰਜਾਬ ਸਰਕਾਰ ਅਤੇ ਸਿੱਖ ਸੰਸਥਾਵਾਂ ਲੰਗਰ ਅਤੇ ਇਮਾਰਤਾਂ ਦੇ ਨਾਲ-ਨਾਲ 'ਟੈਕਨਾਲੋਜੀ ਲੰਗਰ' (ਲੈਬਾਂ ਅਤੇ ਰਿਸਰਚ ਸੈਂਟਰ) ਸਥਾਪਿਤ ਕਰਨ।

ਨੌਜਵਾਨ ਨਸ਼ਿਆਂ ਅਤੇ ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਛੱਡ ਕੇ ਏਆਈ, ਰੋਬੋਟਿਕਸ ਅਤੇ ਡਾਟਾ ਸਾਇੰਸ ਵਰਗੇ ਖੇਤਰਾਂ ਵਿੱਚ ਆਪਣੀ ਪਛਾਣ ਬਣਾਉਣ। ਸਿੱਖ ਕੌਮ ਦਾ ਇਤਿਹਾਸ ਸ਼ਹਾਦਤਾਂ ਦਾ ਹੀ ਨਹੀਂ, ਸਗੋਂ ਬੁੱਧੀ ਅਤੇ ਖੋਜ ਦਾ ਵੀ ਰਿਹਾ ਹੈ। ਅਮਨਦੀਪ ਸਿੰਘ ਗਿੱਲ ਅਤੇ ਰਨਵੀਰ ਸਿੰਘ ਸਚਦੇਵਾ ਵਰਗੇ ਨਾਮ ਇਸ ਗੱਲ ਦਾ ਸਬੂਤ ਹਨ ਕਿ ਏਆਈ ਦੇ ਦੌਰ ਵਿੱਚ ਵੀ 'ਸਿੱਖ ਪੰਥ' ਦੁਨੀਆ ਦੀ ਅਗਵਾਈ ਕਰਨ ਲਈ ਤਿਆਰ ਹੈ।


# ਆਸਟ੍ਰੇਲੀਆ ਵਿਚ ਪੰਜਾਬੀ ਤੇ ਭਾਰਤੀ ਭਾਈਚਾਰੇ ਲਈ ਵੱਡਾ ਖ਼ਤਰਾ ਵਧਿਆ

## ✪ ਨਿਓ-ਨਾਜ਼ੀ ਆਗੂ ਥਾਮਸ ਸਿਊਅਲ ਨੇ ਅਦਾਲਤ ਬਾਹਰ ਧਮਕੀਆਂ ਦਿੱਤੀਆਂ

ਮੈਲਬੌਰਨ-ਆਸਟ੍ਰੇਲੀਆ ਵਿਚ ਰਹਿਣ ਵਾਲੇ ਲਗਭਗ ਢਾਈ ਲੱਖ ਤੋਂ ਵੱਧ ਪੰਜਾਬੀ ਸਿੱਖ ਭਾਈਚਾਰੇ ਤੇ ਇੱਕ ਕਰੋੜ ਭਾਰਤੀ ਪ੍ਰਵਾਸੀਆਂ ਵਿਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਬੀਤੇ ਦਿਨੀਂ ਮੈਲਬੌਰਨ ਅਦਾਲਤ ਦੇ ਬਾਹਰ ਨਿਓ-ਨਾਜ਼ੀ ਆਗੂ ਥਾਮਸ ਸਿਊਅਲ ਨੇ ਭਾਰਤੀਆਂ ਤੇ ਪੰਜਾਬੀਆਂ ਨੂੰ ਸ਼ਰੇਆਮ ਦੇਸ਼ ਛੱਡ ਜਾਣ ਲਈ ਧਮਕੀਆਂ ਦੇ ਦਿੱਤੀਆਂ। ਉਸ ਨੇ ਕਿਹਾ, "ਮੈਂ ਆਸਟ੍ਰੇਲੀਆ ਨੂੰ ਤੀਜੀ ਦੁਨੀਆਂ ਜਾਂ ਭਾਰਤ ਤੇ ਸੂਡਾਨ ਵਰਗਾ ਦੇਸ਼ ਨਹੀਂ ਬਣਨ ਦੇਵਾਂਗਾ। ਆਮ ਆਸਟ੍ਰੇਲਿਆਈ ਲੋਕ ਲੱਖਾਂ ਭਾਰਤੀ ਪ੍ਰਵਾਸੀਆਂ ਨੂੰ ਇੱਥੇ ਰਹਿਣ ਨਹੀਂ ਦੇਣਾ ਚਾਹੁੰਦੇ।" ਉਸ ਨੇ ਵ੍ਹਾਈਟ ਰਿਪਲੇਸਮੈਂਟ ਵਾਲੀ ਗੱਲ ਵੀ ਉਠਾਈ ਤੇ ਕਿਹਾ ਕਿ ਪ੍ਰਵਾਸੀਆਂ ਨੂੰ ਵਾਪਸ ਭੇਜਣਾ ਚਾਹੀਦਾ ਹੈ।

ਥਾਮਸ ਸਿਊਅਲ ਨੈਸ਼ਨਲ ਸੋਸ਼ਲਿਸਟ ਨੈੱਟਵਰਕ (ਐੱਨ.ਐੱਸ.ਐੱਨ.) ਦਾ ਆਗੂ ਹੈ। ਆਸਟ੍ਰੇਲੀਆ ਸਰਕਾਰ ਪਹਿਲਾਂ ਹੀ ਇਸ ਗਰੁੱਪ ਉੱਤੇ ਬੈਨ ਲਗਾ ਚੁੱਕੀ ਹੈ। ਉਹ ਇੱਕ ਪੁਰਾਣੀ ਰੈਲੀ ਵਿਚ ਭੜਕਾਊ ਭਾਸ਼ਣ ਦੇਣ ਕਰਕੇ ਅਦਾਲਤ ਵਿਚ ਪੇਸ਼ੀ ਤੋਂ ਬਾਹਰ ਆਇਆ ਸੀ ਤੇ ਉੱਥੇ ਮੀਡੀਆ ਵਾਲਿਆਂ ਨਾਲ ਗੱਲ ਕਰਦਿਆਂ ਇਹ ਗੱਲਾਂ ਕੀਤੀਆਂ। ਉਸ ਉੱਤੇ ਪਹਿਲਾਂ ਵੀ 2025 ਵਿਚ ਐਂਟੀ-ਇੰਮੀਗ੍ਰੇਸ਼ਨ ਰੈਲੀਆਂ ਵਿਚ ਹਿੰਸਾ ਤੇ ਹਮਲਿਆਂ ਦੇ ਇਲਜ਼ਾਮ ਲੱਗ ਚੁੱਕੇ ਹਨ। ਉਸ ਦਾ ਇਤਿਹਾਸ ਹਿਟਲਰ ਵਾਲੇ ਝੰਡੇ ਲਹਿਰਾਉਣ, ਮੀਡੀਆ ਉੱਤੇ ਹਮਲੇ ਤੇ ਹੋਰ ਹਿੰਸਕ ਘਟਨਾਵਾਂ ਨਾਲ ਭਰਿਆ ਪਿਆ ਹੈ।

ਇਸ ਤੋਂ ਪਹਿਲਾਂ ਨਿਊਜ਼ੀਲੈਂਡ ਵਿਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਦਸੰਬਰ 2025 ਵਿਚ ਸਾਊਥ ਆਕਲੈਂਡ ਤੇ ਜਨਵਰੀ 2026 ਵਿਚ ਤੌਰਾਂਗਾ ਵਿਚ ਨਗਰ ਕੀਰਤਨਾਂ ਨੂੰ ਰੋਕਣ ਵਾਲੀਆਂ ਘਟਨਾਵਾਂ ਵਾਪਰੀਆਂ ਸਨ। ਉੱਥੇ ਡੈਸਟਿਨੀ ਚਰਚ ਨਾਲ ਜੁੜੇ ਲੋਕਾਂ ਨੇ ਰਸਤੇ ਰੋਕ ਲਏ ਸਨ ਤੇ ਨਾਅਰੇ ਲਾਏ ਸਨ - "ਇਹ ਭਾਰਤ



ਨਹੀਂ, ਨਿਊਜ਼ੀਲੈਂਡ ਹੈ" ਤੇ "ਜੀਸਸ ਇਜ਼ ਕਿੰਗ"। ਉਨ੍ਹਾਂ ਨੇ ਹਾਕਾ ਨਾਚ ਵੀ ਕੀਤਾ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿਚ ਧੁਰ ਸੱਜੇ ਪੱਖੀ ਤਾਕਤਾਂ ਤੇ ਪ੍ਰਵਾਸ ਵਿਰੋਧੀ ਭਾਵਨਾਵਾਂ ਨੂੰ ਹੋਰ ਭੜਕਾ ਦਿੱਤਾ ਹੈ।

ਆਸਟ੍ਰੇਲੀਆ ਸਰਕਾਰ ਨੇ ਇਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ। ਗ੍ਰਹਿ ਮੰਤਰੀ ਟੋਨੀ ਬਰਕ ਨੇ ਕਿਹਾ, "ਨਫ਼ਰਤ ਫੈਲਾਉਣ ਵਾਲਿਆਂ ਲਈ ਇੱਥੇ ਕੋਈ ਥਾਂ ਨਹੀਂ। ਨਵੀਆਂ ਹੇਟ ਸਪੀਚ ਖਿਲਾਫ਼ ਕਾਨੂੰਨ ਤਹਿਤ ਸਖ਼ਤ ਕਾਰਵਾਈ ਹੋਵੇਗੀ।" ਉਨ੍ਹਾਂ ਭਾਰਤੀ ਤੇ ਪੰਜਾਬੀ ਭਾਈਚਾਰੇ ਨੂੰ ਪੂਰੀ ਸੁਰੱਖਿਆ ਦਾ ਭਰੋਸਾ ਵੀ ਦਿੱਤਾ। ਵਿਕਟੋਰੀਆ ਦੀ ਪ੍ਰੀਮੀਅਰ ਜੈਸਿੰਟਾ ਐਲਨ ਨੇ ਇਸ ਨੂੰ ਘਿਨਾਉਣਾ ਤੇ ਨਾਜ਼ੀ ਵਿਚਾਰਧਾਰਾ ਵਾਲਾ ਦੱਸਿਆ ਤੇ ਪੁਲਿਸ ਨੂੰ ਪੂਰੀ ਛੂਟ ਦੇਣ ਦੀ ਗੱਲ ਕੀਤੀ।

ਪੰਜਾਬੀ ਭਾਈਚਾਰਾ ਆਸਟ੍ਰੇਲੀਆ ਵਿਚ ਆਪਣੀਆਂ ਗੁਰਦੁਆਰਾ ਸਭਾਵਾਂ ਰਾਹੀਂ ਬਹੁਤ ਵੱਡਾ ਸਮਾਜਿਕ ਤੇ ਆਰਥਿਕ ਯੋਗਦਾਨ ਪਾ ਰਿਹਾ ਹੈ। ਮੈਲਬੌਰਨ ਤੇ ਸਿਡਨੀ ਵਿਚ ਵੱਡੀਆਂ ਗੁਰਦੁਆਰਾ ਸੰਸਥਾਵਾਂ ਭਾਈਚਾਰੇ ਨੂੰ ਇੱਕਜੁੱਟ ਰੱਖ ਰਹੀਆਂ ਹਨ ਤੇ ਲੋਕਾਂ ਦੀ ਮਦਦ ਕਰ ਰਹੀਆਂ ਹਨ। ਭਾਰਤੀ ਭਾਈਚਾਰਾ ਇਨ੍ਹਾਂ ਧਮਕੀਆਂ ਤੋਂ ਚਿੰਤਤ ਤਾਂ ਹੈ ਪਰ ਆਸਟ੍ਰੇਲਿਆਈ ਸਰਕਾਰ ਵੱਲੋਂ ਮਿਲੀ ਹਮਾਇਤ ਨੇ ਉਨ੍ਹਾਂ ਵਿਚ ਥੋੜ੍ਹਾ ਭਰੋਸਾ ਜਗਾਇਆ ਹੈ। ਸਿੱਖ ਭਾਈਚਾਰਾ ਹੁਣ ਆਪਣੀਆਂ ਗੁਰਦੁਆਰਾ ਸਭਾਵਾਂ ਰਾਹੀਂ ਮੀਟਿੰਗਾਂ ਕਰ ਰਿਹਾ ਹੈ ਤੇ ਪੁਲਿਸ ਤੋਂ ਵਾਧੂ ਸੁਰੱਖਿਆ ਮੰਗ ਰਿਹਾ ਹੈ। ਲੋਕ ਕਹਿ ਰਹੇ ਹਨ ਕਿ ਅਸੀਂ ਆਪਣੇ ਹੱਕਾਂ ਲਈ ਲੜਾਂਗੇ ਤੇ ਡਰ ਕੇ ਘਰ ਵਿਚ ਨਹੀਂ ਬੈਠਾਂਗੇ। ਆਸਟ੍ਰੇਲੀਆ ਵਿਚ ਰਹਿਣ ਵਾਲਾ ਹਰ ਭਾਰਤੀ ਤੇ ਪੰਜਾਬੀ ਇਸ ਘਟਨਾ ਤੋਂ ਚਿੰਤਤ ਹੈ ਪਰ ਉਨ੍ਹਾਂ ਨੂੰ ਉਮੀਦ ਹੈ ਕਿ ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇਗੀ ਤੇ ਨਫ਼ਰਤ ਫੈਲਾਉਣ ਵਾਲਿਆਂ ਉੱਤੇ ਸਖ਼ਤੀ ਕਰੇਗੀ।

## ਸ਼ਹੀਦੀ ਬੁੰਗਾ ਲੈਸਟਰ ਵੱਲੋਂ ਦੋ ਰੋਜ਼ਾ ਸਿੱਖੀ ਕੈਂਪ ਦਾ ਆਯੋਜਨ-*ਕੈਂਪ ਦੇ ਆਖਰੀ ਦਿਨ ਬੱਚਿਆਂ ਨੂੰ ਗੁੱਡੀ ਬੈਗ ਦੇ ਕੇ ਕੀਤਾ ਗਿਆ ਸਨਮਾਨਿਤ



ਦੋ ਰੋਜ਼ਾ ਸਿੱਖੀ ਕੈਂਪ ਵਿੱਚ ਸ਼ਾਮਿਲ ਇੰਗਲੈਂਡ ਦੇ ਜੰਮਪਲ ਨੰਨੇ ਮੁੰਨੇ ਬੱਚੇ।

ਲੈਸਟਰ–(ਸੁਖਜਿੰਦਰ ਸਿੰਘ ਢੱਡੇ)– ਇੰਗਲੈਂਡ ਦੇ ਸ਼ਹਿਰ ਲੈਸਟਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਵਿਖੇ ਸ਼ਹੀਦੀ ਬੁੰਗਾ ਲੈਸਟਰ ਦੇ ਸਿੰਘਾਂ ਵੱਲੋਂ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦੇ ਉਦੇਸ਼ ਨਾਲ ਦੋ ਰੋਜ਼ਾ ਸਿੱਖੀ ਕੈਂਪ ਦਾ ਸਫ਼ਲ ਆਯੋਜਨ ਕੀਤਾ ਗਿਆ। ਕੈਂਪ ਵਿੱਚ ਪੰਜ ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਧਾਰਮਿਕ ਗਤੀਵਿਧੀਆਂ ਵਿੱਚ ਭਰਪੂਰ ਰੁਚੀ ਦਿਖਾਈ। ਕੈਂਪ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਨਾਲ ਕੀਤੀ ਗਈ, ਜਿਸ ਤੋਂ ਬਾਅਦ ਬੱਚਿਆਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਸਰਵਣ ਕਰਕੇ ਆਤਮਿਕ ਲਾਹਾ ਪ੍ਰਾਪਤ ਕੀਤਾ। ਸੇਵਾਦਾਰਾਂ ਵੱਲੋਂ ਖਾਸ ਤੌਰ 'ਤੇ ਇੰਗਲੈਂਡ ਵਿੱਚ ਜੰਮੇ ਪਲੇ ਬੱਚਿਆਂ ਨੂੰ ਸਿੱਖ ਧਰਮ ਦੇ ਅਸੂਲਾਂ, ਰਹਿਤ–ਮਰਯਾਦਾ ਅਤੇ ਸਿੱਖ ਇਤਿਹਾਸ ਨਾਲ ਜਾਣੂ ਕਰਵਾਇਆ ਗਿਆ। ਇਸ ਮੌਕੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਵਿੱਚ ਧਰਮ ਪ੍ਰਤੀ ਪਿਆਰ, ਸੇਵਾ ਭਾਵਨਾ ਅਤੇ ਗੁਰੂ ਘਰ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਪੈਦਾ ਕੀਤੀ ਗਈ। ਕੈਂਪ ਦੌਰਾਨ ਕੀਰਤਨ ਦੀ ਵਿਸ਼ੇਸ਼ ਸਿਖਲਾਈ ਵੀ ਦਿੱਤੀ ਗਈ, ਜਿਸ ਰਾਹੀਂ ਬੱਚਿਆਂ ਨੂੰ ਰਾਗੀ ਜਥਿਆਂ ਦੀ ਰਹਿਨੁਮਾਈ ਹੇਠ ਸ਼ਬਦ ਗਾਇਨ ਦੀ ਪ੍ਰੈਕਟਿਸ ਕਰਵਾਈ ਗਈ। ਬੱਚਿਆਂ ਦੀ ਰੁਚੀ ਅਤੇ ਮਨੋਰੰਜਨ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਬੰਧਕਾਂ ਵੱਲੋਂ ਖੇਡਾਂ ਅਤੇ ਮਨੋਰੰਜਕ ਗਤੀਵਿਧੀਆਂ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰੰਗਣ ਵਿੱਚ ਝੂਲੇ ਅਤੇ ਹੋਰ ਖੇਡ ਸਮੱਗਰੀ ਲਗਾਈ ਗਈ, ਜਿਸ ਨਾਲ ਬੱਚਿਆਂ ਨੇ ਖੁਸ਼ੀ ਅਤੇ ਉਤਸ਼ਾਹ ਨਾਲ ਸਮਾਂ ਬਿਤਾਇਆ। ਕੈਂਪ ਦੇ ਆਖਰੀ ਦਿਨ ਸਮਾਪਤੀ ਸਮਾਗਮ ਦੌਰਾਨ ਬੱਚਿਆਂ ਨੂੰ ਗੁੱਡੀ ਬੈਗ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਸਿੱਖੀ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕੀਤਾ ਗਿਆ। ਸੇਵਾਦਾਰਾਂ ਨੇ ਕਿਹਾ ਕਿ ਅਜਿਹੇ ਕੈਂਪ ਵਿਦੇਸ਼ਾਂ ਵਿੱਚ ਵਸਦੀ ਨਵੀਂ ਪੀੜ੍ਹੀ ਨੂੰ ਆਪਣੇ ਧਰਮ, ਇਤਿਹਾਸ ਅਤੇ ਸਭਿਆਚਾਰ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸੰਗਤ ਵੱਲੋਂ ਕੈਂਪ ਦੇ ਸਫ਼ਲ ਆਯੋਜਨ ਲਈ ਸ਼ਹੀਦੀ ਬੁੰਗਾ ਲੈਸਟਰ ਦੇ ਸਿੰਘਾਂ ਅਤੇ ਸੇਵਾਦਾਰਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਧਾਰਮਿਕ ਉਪਰਾਲੇ ਜਾਰੀ ਰੱਖਣ ਦੀ ਅਪੀਲ ਕੀਤੀ ਗਈ।


## 'ਰੰਗਲਾ ਪੰਜਾਬ' ਬਣਿਆ 'ਖ਼ੂਨੀ ਪੰਜਾਬ': ਬਿਕਰਮ ਮਜੀਠੀਆ

### ✪ ਕਿਹਾ ਕਿ 2027 ਵਿਚ ਲੋਕ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ



ਜਲੰਧਰ/ਜ਼ੀਰਾ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਇੱਥੇ ਪੰਜਾਬ ਬਚਾਓ ਰੈਲੀ ਨੂੰ ਸੰਬੋਧਨ ਕਰਦਿਆਂ ਆਪ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਤੁਲਨਾ ਸਦਾਮ ਹੁਸੈਨ ਤੇ ਗਦਾਫੀ ਨਾਲ ਕਰਦਿਆਂ ਕਿਹਾ ਕਿ ਪੰਜਾਬ ਪੁਲਸ ਸਟੇਟ ਬਣ ਗਿਆ ਹੈ ਅਤੇ ਲਾਅ ਐਂਡ ਆਰਡਰ ਖਤਮ ਹੋ ਚੁੱਕਾ ਹੈ। 'ਰੰਗਲਾ ਪੰਜਾਬ' ਦਾ ਸੁਫ਼ਨਾ ਹੁਣ 'ਖ਼ੂਨੀ ਪੰਜਾਬ' ਬਣ ਗਿਆ ਹੈ। ਮਜੀਠੀਆ ਨੇ ਪ੍ਰੈੱਸ ਆਜ਼ਾਦੀ 'ਤੇ ਐਮਰਜੈਂਸੀ ਲੱਗਣ ਅਤੇ ਪੰਜਾਬ ਕੇਸਰੀ ਉੱਤੇ ਦਬਾਅ ਦਾ ਦੋਸ਼ ਲਾਇਆ। ਕੇਜਰੀਵਾਲ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਵਾਲੇ ਪੰਜਾਬ ਦਾ ਖਜ਼ਾਨਾ ਲੁੱਟ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 2027 ਵਿਚ ਲੋਕ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣਗੇ। ਰੈਲੀ ਵਿਚ ਜਨਮੇਜਾ ਸਿੰਘ ਸੇਖੋਂ ਤੇ ਹੋਰ ਅਕਾਲੀ ਆਗੂ ਹਾਜ਼ਰ ਸਨ।

## ਭਾਜਪਾ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਇਕੱਲਿਆਂ ਚੋਣਾਂ ਲੜੇਗੀ



ਮੋਗਾ-ਭਾਜਪਾ ਨੇ ਪੰਜਾਬ ਵਿੱਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣੀ ਤਿਆਰੀ ਪੂਰੀ ਕਰ ਲਈ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਐਲਾਨ ਕੀਤਾ ਹੈ ਕਿ ਭਾਜਪਾ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਇਕੱਲਿਆਂ ਚੋਣਾਂ ਲੜੇਗੀ ਤੇ ਆਪਣੇ ਸਿਆਸੀ ਦਮ ਦੀ ਪਰਖ ਕਰੇਗੀ। ਮੋਗਾ ਵਿੱਚ ਦੀਨ ਦਿਆਲ ਉਪਾਧਿਆਏ ਸਪਲਾਈ ਕੈਂਪ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੋਗਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਰੈਲੀ ਦੀ ਤਰੀਕ ਜਲਦ ਐਲਾਨ ਹੋ ਜਾਵੇਗੀ, ਜਿਸ ਨਾਲ ਚੋਣਾਂ ਦਾ ਆਗਾਜ਼ ਹੋਵੇਗਾ। ਉਨ੍ਹਾਂ 'ਆਪ' ਸਰਕਾਰ 'ਤੇ ਲੁੱਟ-ਖੋਹ ਅਤੇ ਅਪਰਾਧ ਵਧਣ ਦੇ ਦੋਸ਼ ਲਾਏ ਤੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਹੁਣ ਰੱਬ ਆਸਰੇ ਰਹਿ ਗਈ ਹੈ। ਉਨ੍ਹਾਂ ਅਫਸਰਸ਼ਾਹੀ ਦੇ ਸਿਆਸੀਕਰਨ ਅਤੇ ਅਕਾਲੀ-ਭਾਜਪਾ ਗੱਠਜੋੜ ਦੀਆਂ ਚਰਚਾਵਾਂ 'ਤੇ ਵੀ ਟਿੱਪਣੀ ਕੀਤੀ, ਪਰ ਸਪੱਸ਼ਟ ਕੀਤਾ ਕਿ ਪਾਰਟੀ ਇਕੱਲੇ ਹੀ ਮੈਦਾਨ ਵਿੱਚ ਉਤਰੇਗੀ।

# ਮਨੁੱਖਤਾ ਲਈ ਸੰਜੀਵਨੀ ਹੈ-ਮੋਰਲ ਸਪੋਰਟ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਮਨੁੱਖ ਸਮਾਜਿਕ ਪ੍ਰਾਣੀ ਹੈ। ਇਸ ਲਈ ਸਮਾਜ ਵਿੱਚ ਰਹਿੰਦਿਆਂ ਤਰ੍ਹਾਂ ਤਰ੍ਹਾਂ ਦੇ ਝਮੇਲਿਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਮਨੁੱਖ ਨੂੰ ਹਰ ਤਰ੍ਹਾਂ ਦੇ ਬੰਦਿਆਂ ਨਾਲ ਵਿਚਰ ਕੇ ਕਈ ਕਈ ਤਰ੍ਹਾਂ ਦੀਆਂ ਸਮੱਸਿਆਂਵਾਂ ਵਿੱਚੋਂ ਵੀ ਗੁਜ਼ਰਨਾ ਪੈਂਦਾ ਹੈ। ਮੋਰਲ ਸਪੋਰਟ ਜਿਸ ਨੂੰ ਪੰਜਾਬੀ ਵਿੱਚ ਨੈਤਿਕ ਸਮਰਥਨ ਕਿਹਾ ਜਾਂਦਾ ਹੈ ਇਹ ਮਨੁੱਖੀ ਜੀਵਨ ਵਿੱਚ ਇੱਕ ਸੰਜੀਵਨੀ ਬੂਟੀ ਦਾ ਰੁਤਬਾ ਰੱਖਦਾ ਹੈ। ਬਿਨਾਂ ਸੋਚੇ ਸਮਝੇ ਮੂੰਹੋਂ ਗੱਲ ਕੱਢ ਕੇ ਕਈ ਵਾਰ ਸਾਹਮਣੇ ਵਾਲੇ ਨੂੰ ਗੰਭੀਰ ਦੁਬਿਧਾ ਵਿੱਚ ਪਾ ਦਿੱਤਾ ਜਾਂਦਾ ਹੈ। ਇਹ ਵੀ ਕਹਿ ਲਿਆ ਜਾਵੇ ਕਿ "ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਘਰੋਂ ਕੱਢਦਾ ਹਾਂ" ਤਾਂ ਵੀ ਅਤਿਕਥਨੀ ਨਹੀਂ ਹੈ। ਇਸ ਲਈ ਮੂੰਹੋਂ ਸ਼ਬਦ ਗੰਭੀਰਤਾ ਨਾਲ ਸੋਚ ਵਿਚਾਰ ਕੇ ਉਸ ਦੇ ਖਰੇ ਖੋਟੇ ਪ੍ਰਭਾਵ ਘੋਖ ਕੇ ਹੀ ਕੱਢਣੇ ਚਾਹੀਦੇ ਹਨ। ਇਹੀ ਮਨੁੱਖ ਦਾ ਸਦਾਚਾਰ ਹੋਣਾ ਚਾਹੀਦਾ ਹੈ। ਨੈਤਿਕ ਸਮਰਥਨ ਦੀ ਜਾਂਚ ਜ਼ਰੂਰੀ ਹੈ।

ਕਿਸੇ ਨਾਲ ਗੱਲ ਕਰਨ ਤੋਂ ਪਹਿਲਾਂ ਉਸ ਦੀ ਭਾਵਨਾ ਪੜ੍ਹਨ ਦਾ ਸਲੀਕਾ ਹੋਣਾ ਚਾਹੀਦਾ ਹੈ। ਦੂਜੇ ਨਾਲ ਸੋਚ ਸਮਝ ਕੇ ਠਰ੍ਹੰਮੇ ਨਾਲ ਗੱਲ ਕਰਨੀ ਚਾਹੀਦੀ ਹੈ। ਹਮੇਸ਼ਾ ਨੈਤਿਕ ਸਮਰਪਣ ਵਿੱਚੋਂ ਹੀ ਨੈਤਿਕ ਸਮਰਥਨ ਉਪਜਦਾ ਹੈ। ਇਹ ਦੋਵੇਂ ਤੱਤ ਇੱਕ ਦੂਜੇ ਨਾਲ ਹੀ ਸੰਪੂਰਨ ਹੁੰਦੇ ਹਨ। ਸਮਝ ਲੈਣਾ ਚਾਹੀਦਾ ਹੈ ਕਿ ਨੈਤਿਕ ਸਮਰਥਨ ਆਸਰਾ ਦੇਣਾ ਹੁੰਦਾ ਹੈ। ਨੈਤਿਕ ਸਮਰਥਨ ਦੀ ਲੋੜ ਘੱਟ ਗਿਆਨਵਾਨ ਅਤੇ ਮਾਨਸਿਕ ਕੰਮਜ਼ੋਰ ਨੂੰ ਹੁੰਦੀ ਹੈ। ਜੋ ਹਾਲਾਤਾਂ ਤੋਂ ਭੱਜ ਜਾਂਦੇ ਹਨ ਮੁਕਾਬਲਾ ਨਹੀਂ ਕਰ ਸਕਦੇ, ਉਹਨਾਂ ਲਈ ਨੈਤਿਕ ਸਮਰਥਨ ਰਾਮਬਾਣ ਹੁੰਦਾ ਹੈ। ਸਮਾਜ ਵਿੱਚ ਵਿਚਰਦਿਆਂ ਨੈਤਿਕ ਸਮਰਥਨ ਦੀ ਲੋੜ ਰੋਗੀਆਂ, ਆਰਥਿਕ, ਸਮਾਜਿਕ ਕੰਮਜ਼ੋਰ ਅਤੇ ਮਾਨਸਿਕ ਕਮਜ਼ੋਰ ਨੂੰ ਪੈਂਦੀ ਹੈ। ਨੈਤਿਕ ਸਮਰਥਨ ਨਾਲ ਠਹਿਰਾਓ ਆ ਜਾਂਦਾ ਹੈ। ਡਿੱਗਣ ਤੋਂ ਬਚ ਕੇ ਸਹਾਰਾ ਮਿਲ ਜਾਂਦਾ ਹੈ। ਨੈਤਿਕ ਸਮਰਥਨ ਹਾਸਲ ਕਰਨ ਵਾਲਾ ਰਾਹਤ ਜ਼ਰੂਰ ਮਹਿਸੂਸ ਕਰਦਾ ਹੈ। ਉਹ ਆਪਣੇ ਆਪ ਨੂੰ ਢਾਲ ਲੈਂਦਾ ਹੈ।

ਜਿਸ ਮਨੁੱਖ ਕੋਲ ਕਾਰਜ ਸਮਰੱਥਾ, ਈਮਾਨਦਾਰੀ ਅਤੇ ਰਿਸ਼ਟ ਪੁਸ਼ਟ ਸਿਹਤ ਹੈ, ਪਰ ਹੋਵੇ ਸਮਝਦਾਰ ਉਸਨੂੰ ਨੈਤਿਕ ਸਮਰਥਨ ਦੀ ਲੋੜ ਨਹੀਂ ਹੁੰਦੀ ਬਲਕਿ ਉਹ ਮੋਰਲ ਸਪੋਰਟ ਦੇ ਕੇ ਸਾਹਮਣੇ ਵਾਲੇ ਨੂੰ ਦੁਬਿੱਧਾ ਵਿੱਚੋਂ ਬਾਹਰ ਕੱਢ ਦਿੰਦਾ ਹੈ। ਅੰਧਵਿਸ਼ਵਾਸੀ, ਅਗਿਆਨੀ ਅਤੇ ਆਤਮਵਿਸ਼ਵਾਸ ਦੀ ਕਮੀ ਵਾਲੇ ਨੂੰ ਨੈਤਿਕ ਸਮਰਥਨ ਦੀ ਅਤੀ ਲੋੜ ਹੁੰਦੀ ਹੈ। ਨੈਤਿਕ ਸਮਰਥਨ ਦੇਣ ਵੇਲੇ ਹੱਸੋ ਨਾ ਬਲਕਿ ਸਾਹਮਣੇ ਵਾਲੇ ਦੀ ਰਮਜ਼ ਪੜ੍ਹ ਕੇ ਉਸ ਨਾਲ ਸੁਰ ਮਿਲਾ ਕੇ ਗੱਲ ਕਰੋ। ਉਸਨੂੰ ਇਹ ਵੀ ਮਹਿਸੂਸ ਨਾ ਹੋਵੇ ਕਿ ਮੈਨੂੰ ਸਪੋਰਟ ਦੇ ਰਿਹਾ ਹੈ ਨਹੀਂ ਤਾਂ ਦਿੱਤਾ ਸਮਰਥਨ ਬੇਅਸਰ ਹੋ ਜਾਂਦਾ ਹੈ। ਜਿਸਨੇ ਆਪ ਨੈਤਿਕ ਸਮਰਥਨ ਹਾਸਲ ਕਰਕੇ ਦੁਬਿੱਧਾ ਪਛਾੜੀ ਹੋਵੇ ਉਹ ਵਧੀਆ ਤਰੀਕੇ ਸਲੀਕੇ ਨਾਲ ਸਪੋਰਟ ਦੇ ਸਕਦਾ ਹੈ। ਨੈਤਿਕ ਸਮਰਥਨ ਦੇਣ ਸਮੇਂ ਉਸ ਵਰਗੀਆਂ ਗੱਲਾਂ ਨਾ ਕਰੋ ਬਲਕਿ ਉਸਨੂੰ ਚੁਣੌਤੀ ਨਾਲ ਭਿੜਨ ਬਾਰੇ ਮਾਨਸਿਕ ਤੌਰ ਤੇ ਤਿਆਰ ਕਰੋ। ਜਦੋਂ ਕੋਈ ਵਿਅਕਤੀ ਦੁਬਿੱਧਾ ਵਿੱਚ ਫਸ ਜਾਂਦਾ ਹੈ ਤਾਂ ਉਹ ਤਾਂ ਵੀ ਸਹੀ ਰਹਿ ਸਕਦਾ ਹੈ ਜੇ ਉਸਨੂੰ ਦੁਬਿੱਧਾ ਦਾ ਨਤੀਜਾ ਨਾ ਪਤਾ ਹੋਵੇ। ਇੱਥੇ ਮੋਟੀ ਬੁੱਧੀ ਵਰਦਾਨ ਬੁੱਧੀ ਵੀ ਕੰਮ ਕਰ ਜਾਂਦੀ ਹੈ।

ਨੈਤਿਕ ਸਮਰਥਨ ਹਾਸਲ ਕਰਨ ਵਾਲਾ ਇੱਕ ਵਾਰ ਤਾਂ ਲੱਗੀ ਟਿਕ ਟਿਕੀ ਤੋਂ ਧਿਆਨ ਹਟਾ ਲੈਂਦਾ ਹੈ ਜਿਸ ਨਾਲ ਰਾਹਤ ਮਹਿਸੂਸ ਕਰਦਾ ਹੈ। ਗਿਆਨਵਾਨ ਤਾਂ ਚਿਹਰਾ ਪੜ੍ਹ ਕੇ ਸਪੋਰਟ ਦੇਣੀ ਸ਼ੁਰੂ ਕਰ ਦਿੰਦੇ ਹਨ। ਦ੍ਰਿੜ ਨਿਸ਼ਚਾ ਨੈਤਿਕ ਸਮਰਥਨ ਦਾ ਇੱਕ ਅਧਿਆਏ ਹੁੰਦਾ ਹੈ। ਜੇ ਨੈਤਿਕ ਸਮਰਥਨ ਦੇਣ ਵਾਲਾ ਸੋਚ ਲਵੇ ਕਿ ਮੈਂ ਸਾਰਥਿਕ ਤਰੀਕੇ ਨਾਲ ਸਹਾਇਤਾ ਕਰਨੀ ਹੈ ਤਾਂ ਸੌ ਤਾਲਿਆਂ ਨੂੰ ਇੱਕ ਚਾਬੀ ਲਾ ਸਕਦਾ ਹੈ। ਮੁੱਕਦੀ ਗੱਲ ਇਹ ਹੈ ਕਿ ਨੈਤਿਕ ਸਮਰਥਨ ਸਾਰੀਆਂ ਚਿੰਤਾਵਾਂ ਨੂੰ ਮੋੜਾ ਦੇ ਸਕਦਾ ਹੈ। ਇਹ ਜਾਨ ਪਾਉਣ ਦਾ ਕੰਮ ਕਰਦਾ ਹੈ। ਇਸ ਲਈ ਹੀ ਨੈਤਿਕ ਸਮਰਥਨ ਨੂੰ ਮਨੁੱਖ ਲਈ ਸੰਜੀਵਨੀ ਕਿਹਾ ਜਾਂਦਾ ਹੈ। "ਮਨ ਜੀਤੈ ਜਗੁ ਜੀਤੁ" ਦੇ ਫ਼ਲਸਫ਼ੇ ਤੋਂ ਬਿਨਾਂ ਨੈਤਿਕ ਸਮਰਥਨ ਅਧੂਰਾ ਰਹਿ ਜਾਂਦਾ ਹੈ। ਇਸਨੂੰ ਸੌ ਰੋਗਾਂ ਦੀ ਇੱਕ ਨੁਸਖ਼ੇ ਨੁਮਾ ਦਵਾਈ ਕਿਹਾ ਜਾਂਦਾ ਹੈ।

# ਕੁਦਰਤੀ ਜੀਵਨਸ਼ੈਲੀ ਤੇ ਸਾਇੰਸ : ਰੁੱਖਾਂ ਨਾਲ ਬਾਤਾਂ ਪਾਉਣੀਆਂ ਸਮਾਂ ਬਿਤਾਉਣਾ-ਡਾ. ਅਮਰਜੀਤ ਟਾਂਡਾ

ਰੁੱਖ ਵੀ ਦੁੱਖ ਸੁੱਖ ਸਾਂਝੇ ਕਰਦੇ ਹਨ ਕਦੇ ਉਹਨਾਂ ਨਾਲ ਗਲਵੱਕੜੀ ਪਾ ਕੇ ਦੇਖਿਓ, ਉਹਨਾਂ ਦੀ ਗੋਦ ਵਿੱਚ ਬਹਿ ਕੇ ਗੱਲਾਂ ਕਰਿਓ ਬਾਤਾਂ ਪਾਇਓ। ਜਦੋਂ ਤਪਦੀ ਧੁੱਪ ਤੜਫਾਉਂਦੀ ਹੈ ਤਾਂ ਕਿਸੇ ਸੰਘਣੇ ਰੁੱਖ ਦੀ ਛਾਂ, ਮਾਂ ਵਰਗੀ ਲੱਭ ਮਾਣ ਕੇ ਸੁਰਗਾਂ ਦਾ ਨਜ਼ਾਰਾ ਮਹਿਸੂਸ ਕਰੀਦਾ ਹੈ। ਉਸ ਵੇਲੇ ਗੂੜ੍ਹੀ ਠੰਡੀ ਛਾਂ ਹੇਠ ਲੱਖਾਂ ਦੁੱਖ ਉਦਾਸੀਆਂ ਦੂਰ ਹੋ ਜਾਂਦੀਆਂ ਹਨ ਜਿਵੇਂ ਗੁੜ੍ਹਤੀ ਨਾਲ ਜੀਵਨ ਦਾ ਪਹਿਲਾ ਵਰਕਾ ਲਿਖਿਆ ਜਾਂਦਾ ਹੈ। ਰੁੱਖਾਂ ਨਾਲ ਆਪਣਾ ਸਮਾਂ ਬਿਤਾਉਣਾ ਮਨੁੱਖ ਦੀ ਅਸਲ ਘਰ ਵਾਪਸੀ ਹੁੰਦੀ ਹੈ।

ਸ਼ਹਿਰਾਂ ਦੇ ਸ਼ੋਰ ਵਿੱਚ ਰਹਿੰਦਿਆਂ, ਸਾਡੇ ਅੰਦਰ ਇਕ ਸੁੱਕਾ ਜੰਗਲ ਵਸ ਜਾਂਦਾ ਹੈ। ਸਾਡੀ ਰੂਹ ਮਿੱਟੀ ਦੀ ਖੁਸ਼ਬੂ ਮਾਨਣਾ ਚਾਹੁੰਦੀ ਹੈ, ਪੱਤਿਆਂ ਦੀ ਸਰਸਰਾਹਟ ਸੁਣਨਾ ਚਾਹੁੰਦੀ ਹੈ, ਰੁੱਖ ਦੀਆਂ ਟਹਿਣੀਆਂ ਨਾਲ ਝੂਲਣਾ ਚਾਹੁੰਦੀ ਹੈ। ਜਦੋਂ ਉਹ ਹੁਲਾਰੇ ਮਿਲਦੇ ਹਨ ਤਾਂ ਇੱਕ ਨਵਾਂ ਸੰਸਾਰ ਉਸਰ ਜਾਂਦਾ ਹੈ। ਖੇੜਾ ਆ ਵਸ ਜਾਂਦਾ ਹੈ ਉਸ ਚਮਤਕਾਰੀ ਕਾਇਨਾਤ ਵਿੱਚ। ਰੁੱਖ ਸਿਰਫ਼ ਲੱਕੜ ਹੀ ਨਹੀਂ ਹੁੰਦੇ। ਉਹ ਚੁੱਪ ਚਾਪ ਖੜ੍ਹੇ ਫ਼ੱਕਰ ਫ਼ਕੀਰ ਦਰਵੇਸ਼ ਹੁੰਦੇ ਹਨ। ਉਹ ਬੋਲਦੇ ਨਹੀਂ, ਪਰ ਫਿਰ ਵੀ ਜਿਊਣ ਦੀ ਜਾਚ ਦੱਸਦੇ ਹਨ। ਕਿਸ ਤਰ੍ਹਾਂ ਵੱਡਾ ਜਿਗਰਾ ਹੌਸਲਾ ਲੈ ਕੇ ਟੁਰਦੇ ਰਹੀਦਾ, ਇਹ ਉਹੀ ਸ਼ਬਦੀ ਸਬਕ ਸਿਖਾਉਂਦੇ ਹਨ। ਤਾਂਹੀ ਇਹ ਵਿਸ਼ਾ ਦਿਲ ਦੇ ਬਹੁਤ ਨੇੜੇ ਹੈ। ਬਿਰਖਾਂ ਨਾਲ ਸਬੰਧ ਜੋੜਨਾ, ਪਲ ਬਿਤਾਉਣੇ ਸਿਰਫ਼ ਪ੍ਰਕਿਰਤੀ ਨਾਲ ਰਹਿਣਾ ਨਹੀਂ, ਆਪਣੇ ਅਸਲੀ ਮਨ ਮੰਦਰ ਵਿੱਚ ਪਰਤਣਾ ਹੁੰਦਾ ਹੈ।

ਫਿਲੋਸਫੀ ਦੀ ਨਜ਼ਰ ਨਾਲ, ਰੁੱਖ ਸਾਨੂੰ "ਦੇਣ" ਵੰਡ ਕੇ ਛੱਕਣ ਦਾ ਦਰਸ਼ਨ ਚਿੱਤਰਦੇ ਹਨ। ਉਹ ਛਾਂ, ਫੁੱਲ ਫ਼ਲ ਦਿੰਦੇ ਹਨ, ਆਕਸੀਜਨ ਦੇ, ਸਾਹ ਜ਼ਿੰਦਗੀ ਨੂੰ ਤੋਰੀ ਰੱਖਦੇ ਹਨ ਬਿਨਾਂ ਕਿਸੇ ਆਸ ਉਮੀਦ ਦੇ। ਉਹ ਆਪਣੇ ਤਨ ਚਿਰਵਾ ਕੇ ਵਾਜੇ ਬੰਸਰੀਆਂ ਸਾਰੰਗੀਆਂ ਤੇ ਪਤਾ ਨਹੀਂ ਕਿੰਨੇ ਹੋਰ ਅਨੇਕਾਂ ਸਾਜ ਬਣਾ ਕੇ ਦਿੰਦੇ ਹਨ ਆਪਣੀਆਂ ਆਂਦਰਾਂ ਨੂੰ ਭੇਟ ਕਰਕੇ ਤੇ ਕਦੇ ਵੀ ਕੁਝ ਨਹੀਂ ਮੰਗਦੇ। ਪਾਣੀ ਦਾ ਜੇ ਘੁੱਟ ਪਾ ਦੇਵੋ ਤਾਂ ਤੁਹਾਡੀ ਮਰਜ਼ੀ ਨਹੀਂ ਤਾਂ ਉਹ ਆਪਣੀ ਪਿਆਸ ਆਪਣੀਆਂ ਹੀ ਜੜ੍ਹਾਂ ਨੂੰ ਦੱਸਦੇ ਹਨ। ਮੀਂਹ ਦੇ ਪਾਣੀ ਵਿੱਚ ਹੀ ਨਹਾਉਂਦੇ ਹੱਸਦੇ ਹਰੇ ਭਰੇ ਰਹਿੰਦੇ ਹਨ। ਉਹ ਤਾਂ ਜਗ੍ਹਾ ਵੀ ਥੋੜੀ ਜਿਹੀ ਹੀ ਰੋਕਦੇ ਮੱਲਦੇ ਹਨ। ਕਹਿੰਦੇ ਹਨ ਤੁਸੀਂ ਫੈਲ ਜਾਓ ਅਸੀਂ ਉਤਾਂਹ ਨੂੰ ਵਧ ਕੇ ਆਪਣੀ ਚਾਹਤ ਪੂਰੀ ਕਰ ਲਵਾਂਗੇ। ਇਨਸਾਨ ਆਪਣੀ ਹਰ ਕਿਰਿਆ ਵਿੱਚ ਲਾਭ ਲੱਭਦਾ ਹੈ, ਪਰ ਰੁੱਖ ਸਿਰਫ਼ ਸੇਵਾ ਭਾਵਨਾ ਦੀ ਸਦਾ ਲੋਕਪੂਰਤੀ ਕਰਦੇ ਹਨ। ਜਿਸ ਜੀਵਨ ਵਿੱਚ ਅਹੰਕਾਰ ਘੱਟ ਹੋਵੇ, ਉਹੀ ਜੀਵਨ ਵੱਡਾ ਤੇ ਉੱਚਾ ਸੁੱਚਾ ਹੁੰਦਾ ਹੈ। ਰੁੱਖਾਂ ਦਾ ਅਸਤਿਤਵ ਅਹੰਕਾਰ ਰਹਿਤ ਹੈ। ਉਹਨਾਂ ਦੀ ਉਚਾਈ ਉੱਚੀ ਵੱਡੀ ਹੈ, ਪਰ ਸਿਰ ਨਿੱਤ ਝੁਕਿਆ ਹੋਇਆ ਰੱਖਦੇ ਹਨ, ਸਿਜਦਾ ਕਰਦੇ ਸਿਰ ਨਿਵਾਉਂਦੇ ਹਨ ਹਰੇਕ ਬੱਚੇ ਵੱਡੇ ਅੱਗੇ।

ਵਿਗਿਆਨ ਦੀ ਰੌਸ਼ਨੀ ਵਿੱਚ-ਅੱਜ ਵਿਗਿਆਨ ਵੀ ਮੰਨ ਰਿਹਾ ਹੈ ਕਿ ਰੁੱਖਾਂ ਦੇ ਨੇੜੇ ਰਹਿਣ ਨਾਲ ਮਨੁੱਖੀ ਦਿਮਾਗ ਵਿੱਚ ਕੋਰਟਿਸੋਲ (ਤਣਾਅ ਵਾਲਾ ਹਾਰਮੋਨ) ਘਟਦਾ ਹੈ। ਜਪਾਨ ਵਿੱਚ "Forest Bathing" ਦਾ ਸੰਕਲਪ ਮਸ਼ਹੂਰ ਹੈ - ਜੰਗਲ ਵਿੱਚ ਸਮਾਂ ਬਿਤਾਉਣਾ ਥੈਰਪੀ ਮੰਨੀ ਜਾਂਦੀ ਹੈ। ਪੱਤਿਆਂ ਵਿੱਚੋਂ ਨਿਕਲਣ ਵਾਲੇ "Phytoncides" ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਂਦੇ ਹਨ।

ਹਰ ਰੁੱਖ ਇੱਕ ਜੀਵੰਤ ਲੈਬੋਰਟਰੀ ਹੈ - ਜਿੱਥੇ ਆਕਸੀਜਨ, ਠੰਢਕ ਅਤੇ ਜੀਵਨ ਦੀ ਉਰਜਾ ਬਣਦੀ ਹੈ ਤੇ ਖੁੱਲ੍ਹੀ ਵਰਤਾਈ ਜਾਂਦੀ ਹੈ ਬਿਨਾਂ ਕਿਸੇ ਭੇਦ ਭਾਵ ਦੇ।

ਸੱਚ ਇਹ ਹੈ ਕਿ ਜਦੋਂ ਅਸੀਂ ਰੁੱਖ ਹੇਠ ਬੈਠਦੇ ਹਾਂ, ਸਾਡਾ ਬਲੱਡ ਪ੍ਰੈਸ਼ਰ ਘਟਦਾ ਹੈ, ਦਿਲ ਦੀ ਧੜਕਨ ਸਧਾਰਨ ਹੁੰਦੀ ਹੈ, ਅਤੇ ਸੋਚ ਸਾਫ਼ ਹੋ ਜਾਂਦੀ ਹੈ। ਮਨ ਸ਼ਾਂਤ ਹੋਣਾ ਕੋਈ ਅਧਿਆਤਮਿਕ ਕਹਾਣੀ ਨਹੀਂ -ਇਹ ਬਾਇਓਲੋਜੀਕਲ ਕਿਰਿਆ ਕਹਾਣੀ ਹੈ।

ਗੁਰਬਾਣੀ ਦੀ ਰੌਸ਼ਨੀ ਵਿੱਚ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਦਰਤ ਨੂੰ ਪ੍ਰਭੂ ਦੀ ਰਚਨਾ ਦਾ ਪ੍ਰਤੱਖ ਰੂਪ ਕਿਹਾ ਗਿਆ ਹੈ। "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਇਹ ਸ਼ਬਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਹਵਾ, ਪਾਣੀ, ਧਰਤੀ - ਇਹ ਸਿਰਫ਼ ਤੱਤ ਨਹੀਂ, ਸਗੋਂ ਪਰਿਵਾਰਕ ਸਾਂਝਾਂ ਹਨ। ਸਾਹਾਂ ਦਾ ਪਿਆਰ ਤੇ ਗਲਵੱਕੜੀਆਂ ਦਾ ਮੋਹ। ਰੁੱਖ ਇਸ ਪਰਿਵਾਰ ਦੇ ਜੀਉਂਦੇ ਜਾਗਦੇ ਹੱਸਦੇ ਹਸਾਉਂਦੇ ਸਾਡੇ ਸਕੇ ਰਿਸ਼ਤੇਦਾਰ ਤੇ ਲੰਗੋਟੀਏ ਯਾਰ ਹਨ।

ਗੁਰਮਤਿ ਸਾਨੂੰ ਕੁਦਰਤ ਨਾਲ ਜੁੜਨ ਦੀ ਸਿੱਖਿਆ ਦਿੰਦੀ ਹੈ। ਜੋ ਮਨੁੱਖ ਰੁੱਖਾਂ ਨੂੰ ਨੁੱਕਸਾਨ ਪਹੁੰਚਾਉਂਦਾ ਹੈ, ਉਹ ਆਪਣੀਆਂ ਹੀ ਜੜ੍ਹਾਂ ਕੱਟਦਾ ਹੈ। ਜੋ ਰੁੱਖ ਲਗਾਉਂਦਾ ਹੈ, ਉਹ ਭਵਿੱਖ ਸਾਜਦਾ ਸਜਾਉਂਦਾ ਹੈ। ਰੁੱਖ ਮਨ ਦੇ ਹਕੀਮ ਵੈਦ ਹੁੰਦੇ ਹਨ। ਅੱਜ ਡਿਪ੍ਰੈਸ਼ਨ, ਚਿੰਤਾ ਅਤੇ ਅੰਦਰੂਨੀ ਖਾਲੀਪਨ ਵੱਧ ਰਿਹਾ ਹੈ। ਪਰ ਇੱਕ ਸਧਾਰਣ ਹੱਲ ਸਾਡੇ ਕੋਲ ਹੈ - ਰੋਜ਼ 20 ਮਿੰਟ ਰੁੱਖਾਂ ਦੇ ਨਾਲ ਬਿਤਾਉਣਾ। ਉਹਨਾਂ ਨਾਲ ਗੱਲਬਾਤ ਕਰਨੀ ਤੇ ਬਾਤਾਂ ਪਾਉਣੀਆਂ। ਦੁੱਖ ਉਦਾਸੀਆਂ ਦੱਸਣੀਆਂ ਪੁੱਛਣੀਆਂ, ਕਿੰਨੀਆਂ ਮੁਹੱਬਤੀ ਸਾਂਝਾਂ ਹਨ।

ਨੰਗੇ ਪੈਰ ਘਾਹ 'ਤੇ ਤੁਰਨਾ, ਪੱਤਿਆਂ ਨੂੰ ਛੂਹਣਾ, ਰੁੱਖ ਨੂੰ ਗਲੇ ਲਗਾਉਣਾ - ਇਹ ਸਿਰਫ਼ ਭਾਵਨਾਤਮਕ ਨਹੀਂ, ਨਰਵਸ ਸਿਸਟਮ ਨੂੰ ਰੀਸੈਟ ਕਰਕੇ ਰੀਚਾਰਜ ਕਰਦੇ ਹਨ। ਇਹ ਸਭ ਤੋਂ ਮਾਰਡਨ ਨਵੀਨਤਮ ਕੁਦਰਤੀਕਰਨ ਦਾ ਮਾਡਲ ਢੰਗ ਤਰੀਕਾ ਹੈ। ਰੁੱਖ ਸਾਨੂੰ ਕਹਿੰਦੇ ਹਨ: "ਹੌਲੀ ਹੌਲੀ ਵਧੀਦਾ, ਡੂੰਘੇ ਜਾਈਦਾ, ਜੜ੍ਹਾਂ ਮਜ਼ਬੂਤ ਕਰੀਦੀਆਂ।" ਫਿਰ ਕੋਈ ਹਨੇਰੀ ਤੂਫ਼ਾਨ ਤੁਹਾਨੂੰ ਹਿਲਾ ਨਹੀਂ ਸਕੇਗਾ।

ਸਾਨੂੰ ਵੱਡੇ ਬਦਲਾਅ ਦੀ ਲੋੜ ਨਹੀਂ। ਸਿਰਫ਼ ਇੱਕ ਰੁੱਖ ਨਾਲ ਦੋਸਤੀ ਕਰ ਲਵੋ। ਹਰ ਹਫ਼ਤੇ ਉਸਦੇ ਹੇਠ ਬੈਠੋ। ਉਸਨੂੰ ਪਾਣੀ ਦਿਓ। ਉਸ ਨਾਲ ਗੱਲਾਂ ਕਰੋ ਕਿਉਂਕਿ ਜਦੋਂ ਅਸੀਂ ਰੁੱਖਾਂ ਨਾਲ ਸਮਾਂ ਬਿਤਾਉਂਦੇ ਹਾਂ, ਅਸਲ ਵਿੱਚ ਆਪਣੀ ਰੂਹ ਨਾਲ ਸਮਾਂ ਬਿਤਾ ਰਹੇ ਹੁੰਦੇ ਹਾਂ। ਇੰਝ ਰੂਹ ਰਾਜ਼ੀ ਹੋ ਕੇ ਖਿੜ ਜਾਂਦੀ ਹੈ। ਰੁੱਖਾਂ ਦੀ ਛਾਂ ਵਿੱਚ ਮਨੁੱਖ ਆਪਣੇ ਅੰਦਰਲੇ ਸ਼ੋਰ ਨੂੰ ਸੁਣਦਾ ਹੈ ਅਤੇ ਫਿਰ ਉਹ ਸ਼ੋਰ ਹੌਲੀ-ਹੌਲੀ ਸ਼ਾਂਤ ਹੋ ਜਾਂਦਾ ਹੈ। ਅੱਜ ਹੀ ਫੈਸਲਾ ਕਰੋ, ਸਮਾਰਟਫ਼ੋਨ ਨਾਲ ਘੱਟ, ਰੁੱਖਾਂ ਨਾਲ ਵੱਧ ਸਮਾਂ ਬਿਤਾਉਣ ਲੱਗ ਜਾਓ। ਫੁੱਲਾਂ ਤੋਂ ਹੱਸਣਾ ਮਹਿਕਣਾ ਸਿੱਖੋ। ਰੁੱਖ ਲਗਾਓ ਫੁੱਲਾਂ ਫਲਾਂ ਵਾਲੇ।

ਫਿਰ ਦੇਖਣਾ ਤੁਹਾਡਾ ਮਨ ਕਿਵੇਂ ਖਿੜ ਜਾਵੇਗਾ, ਸੋਚ ਵੱਡੀ ਵਿਲੱਖਣ ਉੱਚੀ ਹੋ ਜਾਵੇਗੀ, ਅਤੇ ਜੀਵਨ ਵਿੱਚ ਇੱਕ ਅਜਿਹਾ ਅਸ਼ਅਸ਼ ਉੱਭਰੇਗਾ ਜੋ ਕਿਸੇ ਵੀ ਦਵਾਈ ਨਾਲ ਨਹੀਂ, ਸਿਰਫ਼ ਰੁੱਖਾਂ ਦੇ ਪੱਤਿਆਂ ਟਹਿਣੀਆਂ ਤੇ ਸਜੇ ਫੁੱਲਾਂ ਮਹਿਕਾਂ ਸੁਗੰਧੀਆਂ ਵਿੱਚੋਂ ਹੀ ਪ੍ਰਾਪਤ ਹੋਵੇਗਾ।


ਨਜ਼ਾਰਾ ਦ੍ਰਿਸ਼ ਇਹ ਹੋਵੇਗਾ ਜਿਵੇਂ ਕੁਦਰਤ ਦਰ ਬੂਹੇ ਉੱਤੇ ਹੀ ਆ ਕੇ ਖੜੀ ਹੋ ਗਈ ਹੋਵੇ ਦਰਵਾਜ਼ਾ ਖੜਕਾਉਂਦੀ।

# ਡਾਕਟਰ ਸੁਰਜੀਤ ਸਿੰਘ ਭੱਟੀ ਕੈਲਗਰੀ ਸਦੀਵੀ ਵਿਛੋੜਾ ਦੇ ਗਏ

ਕੈਲਗਰੀ (ਜਸਵਿੰਦਰ ਸਿੰਘ ਰੁਪਾਲ)- ਕੈਲਗਰੀ ਦੇ ਵਿਗਿਆਨਕ ਅਤੇ ਗੁਰਸਿੱਖ ਵਿਦਵਾਨ ਡਾਕਟਰ ਸੁਰਜੀਤ ਸਿੰਘ ਭੱਟੀ, ਰਿਟਾਇਰਡ ਡੀਨ, ਗੁਰੂ ਨਾਨਕ ਯੂਨਵਰਸਿਟੀ ਅੰਮ੍ਰਿਤਸਰ ਅੱਜ ਸਵੇਰੇ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਸਨ ਅਤੇ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਸਨ। ਪ੍ਰੋ. ਡਾ. ਸੁਰਜੀਤ ਸਿੰਘ ਭੱਟੀ - ਜਿਨ੍ਹਾਂ ਦਾ ਜਨਮ 1943 ਵਿੱਚ ਅੰਮ੍ਰਿਤਸਰ ਦੇ ਪਿੰਡ ਕੋਟ ਖਾਲਸਾ ਵਿੱਚ ਹੋਇਆ - ਇੱਕ ਅੰਤਰਰਾਸ਼ਟਰੀ ਪੱਧਰ ਦੇ ਭੌਤਿਕ ਵਿਗਿਆਨੀ , ਵਧੀਆ ਸਿੱਖਿਆ ਸ਼ਾਸਤਰੀ, ਕੁਸ਼ਲ ਪ੍ਰਬੰਧਕ ਅਤੇ ਸਿੱਖ ਵਿਦਵਾਨ ਸਨ। ਉਨ੍ਹਾਂ ਦਾ ਬਚਪਨ ਲਾਹੌਰ ਵਿੱਚ ਬੀਤਿਆ, ਜਿੱਥੇ ਉਨ੍ਹਾਂ ਦੇ ਪਿਤਾ ਸਰਦਾਰ ਬਲਬੀਰ ਸਿੰਘ ਪੰਜਾਬ ਪੁਲਿਸ ਵਿੱਚ ਅਫ਼ਸਰ ਸਨ ਅਤੇ ਬਾਅਦ ਵਿੱਚ ਭਾਰਤੀ ਫੌਜ ਨਾਲ ਜੁੜੇ। ਫੌਜੀ ਪਰਿਵਾਰ ਹੋਣ ਕਰਕੇ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ - ਪੁਣੇ, ਜਬਲਪੁਰ ਅਤੇ ਅਲਹਾਬਾਦ - ਵਿੱਚ ਪੜ੍ਹਾਈ ਕੀਤੀ। ਨੌਜਵਾਨ ਦੌਰ ਵਿੱਚ ਉਨ੍ਹਾਂ ਦੀ ਐੱਨ ਡੀ ਏ ਖੜਕਵਾਸਲਾ ਵਿੱਚ ਚੋਣ ਹੋਈ ਤੇ ਉਹ ਕਮੀਸ਼ਨ ਪ੍ਰਾਪਤ ਕਰਨ ਵਾਲੇ ਸਨ, ਪਰ ਉਨ੍ਹਾਂ ਦੇ ਪਿਤਾ ਦੀ ਸਲਾਹ ਤੇ ਉਨ੍ਹਾਂ ਨੇ ਅੱਗੇ ਵਿਦਿਆ ਦਾ ਰਾਹ ਚੁਣਿਆ। ਇਹ ਫੈਸਲਾ ਉਨ੍ਹਾਂ ਦੇ ਜੀਵਨ ਦਾ ਅਸਲ ਮੋੜ ਸਾਬਤ ਹੋਇਆ। ਉਨ੍ਹਾਂ ਨੇ ਇਲਾਹਾਬਾਦ ਯੂਨੀਵਰਸਿਟੀ ਤੋਂ ਫਿਜਿਕਸ ਵਿੱਚ ਪੀ. ਐਚ. ਡੀ.(1969) ਦੀ ਡਿਗਰੀ ਪ੍ਰਾਪਤ ਕੀਤੀ। ਉਸ ਤੋਂ ਬਾਅਦ ਉਨ੍ਹਾਂ ਨੇ ਇਟਲੀ, ਪੈਰਿਸ ਅਤੇ ਯੂ.ਐਸ.ਏ. ਤੋਂ ਵੱਖ-ਵੱਖ ਪ੍ਰਸਿੱਧ ਫੈਲੋਸ਼ਿਪ ਪੂਰੀਆਂ ਕੀਤੀਆਂ। 1972 ਵਿੱਚ ਡਾ. ਭੱਟੀ ਨੇ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਸ਼ਾਮਲ ਹੋ ਕੇ ਫਿਜਿਕਸ ਵਿਭਾਗ ਦੇ ਮੁਖੀ ਪ੍ਰੋਫੈਸਰ ਵਜੋਂ ਅਤੇ ਫੇਰ ਡੀਨ ਵਜੋਂ ਇੱਥੋਂ ਹੀ 2003 ਵਿੱਚ ਰਿਟਾਇਰ ਹੋਏ। ਸਿੱਖਿਆ ਸ਼ਾਸਤਰੀ ਵਜੋਂ ਉਹ ਬੀ ਕੇ ਐਸ ਇੰਜੀਨੀਅਰਿੰਗ ਕਾਲਜ ਅੰਮ੍ਰਿਤਸਰ ਦੇ ਸੰਸਥਾਪਕ ਡਾਇਰੈਕਟਰ ਬਣੇ ਅਤੇ ਬਰੂ ਸਾਹਿਬ ਕਾਲਜ ਆਫ ਇੰਜੀਨੀਅਰਿੰਗ ਨਾਲ ਜੁੜ ਕੇ ਅਕਾਲ ਇਟਰਨਲ ਯੂਨੀਵਰਸਿਟੀ ਦੇ ਵਿਕਾਸ ਵਿੱਚ ਮੁੱਖ ਭੂਮਿਕਾ ਨਿਭਾਈ। ਆਦੇਸ਼ ਇੰਜੀਨੀਅਰਿੰਗ ਇੰਸਟੀਚਿਊਟ ਦੇ ਡਾਇਰੈਕਟਰ ਪ੍ਰਿੰਸੀਪਲ ਵੀ ਰਹੇ। ਆਪਣੇ 40 ਸਾਲਾਂ ਦੇ ਅਕਾਦਮਿਕ ਜੀਵਨ ਦੌਰਾਨ 17 ਪੀ ਐਚ ਡੀ ਅਤੇ 35 ਐਮ ਐਸ ਸੀ ਅਤੇ ਕਈ ਪੋਸਟ ਡਾਕਟਰੇਟ ਫੈਲੋਜ ਦੀ ਰਹਿਨੁਮਾਈ ਕੀਤੀ। ਉਹਨਾਂ ਨੇ 6 ਵੱਡੇ ਖੋਜ ਪ੍ਰੋਜੈਕਟ ਪੂਰੇ ਕੀਤੇ,100 ਤੋਂ ਵੱਧ ਖੋਜ ਪੱਤਰ ਅੰਤਰਰਾਸ਼ਟਰੀ ਜਰਨਲਾਂ ਲਈ ਲਿਖੇ ਅਤੇ 3 ਪਾਠ ਪੁਸਤਕਾਂ ਵੀ ਲਿਖੀਆਂ। ਉਹਨਾਂ ਨੂੰ ਵਿਗਿਆਨਕ ਖੋਜਾਂ ਵਿੱਚ ਉੱਚ ਯੋਗਦਾਨ ਲਈ ਕਈ ਮਾਣ ਸਨਮਾਨ ਮਿਲੇ ਜਿਨਾਂ ਵਿਚ ਅਲਟਰਾਸੋਨਿਕ ਸੋਸਾਇਟੀ ਆਫ ਇੰਡੀਆ ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਮੁੱਖ ਹੈ। ਉਹ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਬੰਗਲੌਰ ਅਤੇ ਟਾਟਾ ਇੰਸਟੀਚਿਊਟ ਦੇ ਬੋਰਡ ਅਤੇ ਸੈਨੇਟ ਦੇ ਮੈਂਬਰ ਵੀ ਰਹੇ।

ਵਿਗਿਆਨ ਦੇ ਨਾਲ ਨਾਲ ਡਾਕਟਰ ਭੱਟੀ ਨੇ ਗੁਰਮਤਿ ਸਿਧਾਂਤ ਅਤੇ ਫਲਸਫੇ ਦੇ ਪ੍ਰਸਾਰ ਲਈ ਵੀ ਭਰਪੂਰ ਯੋਗਦਾਨ ਪਾਇਆ। ਕੋਵਿਡ ਦੌਰਾਨ ਆਪਣੇ ਬੇਟੇ ਨੂੰ ਪ੍ਰੇਰਿਤ ਕਰਕੇ ਆਨਲਾਈਨ ਗੁਰਮਤਿ ਫੋਰਮ-ਈ ਦੀਵਾਨ ਸੋਸਾਇਟੀ ਸ਼ੁਰੂ ਕਰਵਾਈ। ਜਿਹੜੀ ਹੁਣ ਵੀ ਸਿੱਖ ਵਿਦਵਾਨਾਂ ਦੀ ਵਾਰਤਾ ਕਰਵਾਉਂਦੀ ਹੈ। ਇੱਕ ਆਨਲਾਈਨ ਮੈਗਜ਼ੀਨ ਸਾਂਝੀ ਵਿਰਾਸਤ ਦੇ ਮੁੱਖ ਸੰਪਾਦਕ ਰਹੇ ਜਿਸ ਰਾਹੀਂ ਗੁਰਬਾਣੀ ਦਾ ਵਿਗਿਆਨਕ ਗਿਆਨ ਹੁਣ ਤੱਕ ਦਿੱਤਾ ਜਾ ਰਿਹਾ ਹੈ। ਉਹਨਾਂ ਨੇ ਇੱਕ ਪੁਸਤਕ ਸਮ ਪ੍ਰੌਮੀਨੈਂਟ ਸਿੱਖ ਸਾਇੰਸਿਟਸ ਲਿਖੀ ਅਤੇ ਇਸਦੇ ਦੂਸਰੇ ਭਾਗ ਤੇ ਕੰਮ ਕਰ ਰਹੇ ਸਨ, ਕਿ ਉਹਨਾਂ ਨੂੰ ਪਰਮੇਸ਼ਰ ਦਾ ਬੁਲਾਵਾ ਆ ਗਿਆ। ਉਹ ਦੇ ਦੋਵੇਂ ਬੇਟੇ ਡਾਕਟਰ ਬਲਰਾਜ ਸਿੰਘ ਭੱਟੀ ਅਤੇ ਡਾਕਟਰ ਰਾਜਬੀਰ ਸਿੰਘ ਭੱਟੀ ਗੁਰਸਿੱਖ ਵੀ ਹਨ ਅਤੇ ਉੱਚੀਆਂ ਪੋਸਟਾਂ ਤੇ ਕੰਮ ਕਰ ਰਹੇ ਹਨ। ਸਾਰਾ ਪਰਿਵਾਰ ਗੁਰਸਿੱਖੀ ਨੂੰ ਸਮਰਪਿਤ ਹੈ।


Dr Surjit Singh Bhatti
Calgary (Canada)




# ਲਾਸ ਵੇਗਾਸ ਦੇ ਇੱਕ ਹੋਟਲ ਵਿੱਚ ਮਾਂ ਤੇ ਧੀ ਦੀ ਗੋਲੀਆਂ ਵੱਜਣ ਨਾਲ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਲਾਸ ਵੇਗਾਸ ਦੇ ਇੱਕ ਹੋਟਲ ਵਿਚੋਂ ਗਿਆਰਾਂ ਸਾਲਾ ਧੀ ਤੇ ਉਸ ਦੀ ਮਾਂ ਮ੍ਰਿਤਕ ਹਾਲਤ ਵਿੱਚ ਮਿਲੀਆਂ ਹਨ। ਉਨਾਂ ਦੀ ਮੌਤ ਗੋਲੀਆਂ ਵੱਜਣ ਨਾਲ ਹੋਈ ਹੈ। ਕਲਾਰਕ ਕਾਊਂਟੀ ਕੋਰੋਨਰ ਦੇ ਦਫਤਰ ਅਨੁਸਾਰ ਮ੍ਰਿਤਕ ਲੜਕੀ ਦੀ ਪਛਾਣ ਐਡੀਲਿਨ ਸਮਿਥ ਤੇ ਉਸ ਦੀ ਮਾਂ ਹੋਪ ਮੈਕਗੀਹਨ (34) ਵਜੋਂ ਹੋਈ ਹੈ। ਉਹ ਵੈਸਟ ਜਾਰਡਨ, ਉਟਾਹ ਦੀਆਂ ਵਸਨੀਕ ਸਨ। ਪੁਲਿਸ ਅਧਿਕਾਰੀ ਲੈਫਟੀਨੈਂਟ ਰਾਬਰਟ ਪ੍ਰਾਈਸ ਨੇ ਦੱਸਿਆ ਕਿ ਮਾਂ ਤੇ ਧੀ ਚੀਅਰਲੀਡਰ ਮੁਕਾਬਲੇ ਲਈ ਇਥੇ ਆਈਆਂ ਸਨ ਤੇ ਹੋਟਲ ਵਿਚ ਠਹਿਰੀਆਂ ਸਨ। ਪੁਲਿਸ ਅਨੁਸਾਰ ਮਾਮਲਾ ਜਾਂਚ ਅਧੀਨ ਹੈ ਪਰੰਤੂ ਮੌਕੇ ਦੇ ਹਾਲਾਤ ਤੋਂ ਲੱਗਦਾ ਹੈ ਕਿ ਮਾਂ ਨੇ ਪਹਿਲਾਂ ਧੀ ਨੂੰ ਗੋਲੀ ਮਾਰੀ ਤੇ ਬਾਅਦ ਵਿੱਚ ਖੁਦ ਨੂੰ ਵੀ ਗੋਲੀ ਮਾਰੀ ਹੈ। ਮੌਕੇ ਤੋਂ ਇੱਕ ਪੱਤਰ ਵੀ ਬਰਾਮਦ ਹੋਇਆ ਹੈ ਜਿਸ ਦਾ ਵੇਰਵਾ ਪੁਲਿਸ ਨੇ ਜਾਰੀ ਨਹੀਂ ਕੀਤਾ ਹੈ।

# ਟੀਐੈ.ਫਐੈਲ ਪ੍ਰਾਈਵੇਟ ਹਾਇਰ ਲਾਇਸੈਂਸਾਂ ਵਿੱਚ ਦੇਰੀ ਦਾ ਮਾਮਲਾ ਸੰਸਦ 'ਚ ਗੂੰਜਿਆ

## ✪ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਉਠਾਈ ਆਵਾਜ਼

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਪ੍ਰਾਈਵੇਟ ਹਾਇਰ ਡਰਾਈਵਰਾਂ ਨੂੰ ਟਰਾਂਸਪੋਰਟ ਫ਼ਾਰ (ਟੀਐੈਫ਼ਐਲ) ਵੱਲੋਂ ਲਾਇਸੈਂਸ ਜਾਰੀ ਕਰਨ ਵਿੱਚ ਹੋ ਰਹੀ ਲੰਬੀ ਦੇਰੀ ਦਾ ਮਾਮਲਾ ਬ੍ਰਿਟਿਸ਼ ਸੰਸਦ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਸਲੋਹ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਹਾਊਸ ਆਫ਼ ਕਾਮਨਜ਼ ਵਿੱਚ ਡਰਾਈਵਰਾਂ ਦੀਆਂ ਮੁਸ਼ਕਲਾਂ ਬਿਆਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ ਅਤੇ ਹੋਰ ਖੇਤਰ ਦੇ ਕਈ ਡਰਾਈਵਰਾਂ ਨੂੰ ਪ੍ਰਾਈਵੇਟ ਹਾਇਰ ਲਾਇਸੈਂਸ ਪ੍ਰਾਪਤ ਕਰਨ ਜਾਂ ਨਵੀਨੀਕਰਨ ਲਈ 18 ਮਹੀਨੇ ਤੱਕ ਉਡੀਕ ਕਰਨੀ ਪੈ ਰਹੀ ਹੈ, ਜੋ ਬਿਲਕੁਲ ਅਸਵੀਕਾਰਯੋਗ ਹੈ।

ਉਨ੍ਹਾਂ ਸੰਸਦ ਵਿੱਚ ਕਿਹਾ ਕਿ ਕਈ ਡਰਾਈਵਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਟੀਐੈਫ਼ਐਲ ਨਾਲ ਸੰਚਾਰ ਪ੍ਰਣਾਲੀ ਸਪੱਸ਼ਟ ਨਹੀਂ ਹੈ, ਅਰਜ਼ੀਆਂ ਦੀ ਸਥਿਤੀ ਬਾਰੇ ਜਾਣਕਾਰੀ ਨਹੀਂ ਮਿਲਦੀ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ। ਸ੍ਰੀ ਢੇਸੀ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਾਈਵੇਟ ਹਾਇਰ ਡਰਾਈਵਰ ਆਪਣੀ ਰੋਜ਼ੀ-ਰੋਟੀ ਲਈ ਇਨ੍ਹਾਂ ਲਾਇਸੈਂਸਾਂ 'ਤੇ ਨਿਰਭਰ ਕਰਦੇ ਹਨ ਅਤੇ ਇਹੀ ਆਮਦਨ ਉਨ੍ਹਾਂ ਦੇ ਪਰਿਵਾਰਾਂ ਲਈ ਖਾਣ-ਪੀਣ, ਘਰੇਲੂ ਖਰਚੇ ਅਤੇ ਬਿਲਾਂ ਦੀ ਅਦਾਇਗੀ ਦਾ ਮੁੱਖ ਸਰੋਤ ਹੈ। ਉਨ੍ਹਾਂ ਹਾਊਸ ਦੇ ਲੀਡਰ ਨੂੰ ਅਪੀਲ ਕੀਤੀ ਕਿ ਸੰਬੰਧਤ ਮੰਤਰੀਆਂ ਨਾਲ ਗੱਲਬਾਤ ਕਰਕੇ ਟੀਐੈਫ਼ਐਲ ਨੂੰ ਵਾਧੂ ਸਰੋਤ ਅਤੇ ਸਟਾਫ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਲਾਇਸੈਂਸ ਪ੍ਰਕਿਰਿਆ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਕੀਤੀਆਂ ਜਾ ਸਕਣ ਅਤੇ ਡਰਾਈਵਰਾਂ ਨੂੰ ਹੋ ਰਹੀ ਆਰਥਿਕ ਤੰਗੀ ਤੋਂ ਰਾਹਤ ਮਿਲੇ।


ਜਵਾਬ ਵਿੱਚ ਹਾਊਸ ਦੇ ਲੀਡਰ ਨੇ ਮੰਨਿਆ ਕਿ ਇਹ ਮਾਮਲਾ ਸਿਰਫ਼ ਡਰਾਈਵਰਾਂ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਜਨਤਾ ਨੂੰ ਮਿਲ ਰਹੀਆਂ ਆਵਾਜਾਈ ਸੇਵਾਵਾਂ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਮਾਮਲੇ ਨੂੰ ਸੰਬੰਧਤ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਦੇਰੀਆਂ ਦੂਰ ਕਰਨ ਲਈ ਕੀ ਕਦਮ ਚੁੱਕੇ ਜਾ ਸਕਦੇ ਹਨ ਇਸ ਬਾਰੇ ਅਪਡੇਟ ਪ੍ਰਾਪਤ ਕੀਤਾ ਜਾਵੇਗਾ।



ਵਿਸ਼ਲੇਸ਼ਕਾਂ ਅਨੁਸਾਰ ਲੰਡਨ ਵਿੱਚ ਉਬਰ ਅਤੇ ਹੋਰ ਪ੍ਰਾਈਵੇਟ ਹਾਇਰ ਸੇਵਾਵਾਂ ਸ਼ਹਿਰ ਦੀ ਆਵਾਜਾਈ ਪ੍ਰਣਾਲੀ ਦਾ ਅਹਿਮ ਹਿੱਸਾ ਹਨ ਅਤੇ ਲਾਇਸੈਂਸ ਜਾਰੀ ਕਰਨ ਵਿੱਚ ਹੋ ਰਹੀ ਦੇਰੀ ਕਾਰਨ ਹਜ਼ਾਰਾਂ ਡਰਾਈਵਰ ਆਰਥਿਕ ਤੌਰ 'ਤੇ ਪ੍ਰਭਾਵਿਤ ਹੋ ਰਹੇ ਹਨ। ਡਰਾਈਵਰ ਸੰਸਥਾਵਾਂ ਨੇ ਵੀ ਸਰਕਾਰ ਅਤੇ ਟੀਐੈਫ਼ਐਲ ਤੋਂ ਮੰਗ ਕੀਤੀ ਹੈ ਕਿ ਬੈਕਲਾਗ ਨੂੰ ਜਲਦੀ ਖਤਮ ਕਰਕੇ ਪ੍ਰਕਿਰਿਆ ਨੂੰ ਤੇਜ਼ ਅਤੇ ਪਾਰਦਰਸ਼ੀ ਬਣਾਇਆ ਜਾਵੇ।

## -ਮਾਮਲਾ ਚਰਚ ਵਲੰਟੀਅਰ ਵੱਲੋਂ ਨਾਬਾਲਿਗ ਕੁੜੀ ਨਾਲ ਗਰੂਮਿੰਗ ਦਾ-

# ਦੋਸ਼ੀ ਨੂੰ ਤਿੰਨ ਸਾਲ ਤੋਂ ਵੱਧ ਕੈਦ ਦੀ ਸਜ਼ਾ



ਲੈਸਟਰ - (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਕੈਂਬਰਿਜ ਸ਼ਹਿਰ ਵਿੱਚ ਚਰਚ ਵਿੱਚ ਸੇਵਾ ਕਰਦੇ ਇਕ ਵਲੰਟੀਅਰ ਵੱਲੋਂ ਨਾਬਾਲਿਗ ਕੁੜੀ ਨੂੰ ਭਰਮਾਕੇ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦੇ ਗੰਭੀਰ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਨੂੰ ਤਿੰਨ ਸਾਲ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਕੈਂਬਰਿਜਸ਼ਾਇਰ ਪੁਲਿਸ ਮੁਤਾਬਕ 28 ਸਾਲਾ ਨਾਮ ਵੂ, ਜੋ ਸੇਂਟ ਨਿਓਟਸ ਦੇ ਈਟਨ ਫੋਰਡ ਇਲਾਕੇ ਦੇ ਲਿੰਕਲੇਅਰ ਪਲੇਸ ਦਾ ਰਹਿਣ ਵਾਲਾ ਹੈ, ਚਰਚ ਵਿੱਚ ਵਲੰਟੀਅਰ ਸੇਵਾ ਦੌਰਾਨ ਨਾਬਾਲਿਗ ਲੜਕੀ ਨਾਲ ਮਿਲਿਆ ਅਤੇ ਉਸ ਨਾਲ ਦੋਸਤੀ ਬਣਾਉਂਦੇ ਹੋਏ ਧੀਰੇ-ਧੀਰੇ ਉਸਨੂੰ ਗਰੂਮ ਕਰਨਾ ਸ਼ੁਰੂ ਕਰ ਦਿੱਤਾ।

ਅਦਾਲਤ ਨੂੰ ਦੱਸਿਆ ਗਿਆ ਕਿ ਦੋਸ਼ੀ ਨੇ ਲੜਕੀ ਦੀ ਤਾਰੀਫ਼ ਕਰਨੀ, ਉਸਨੂੰ ਕੱਪੜੇ ਖਰੀਦ ਕੇ ਦੇਣ ਦੀ ਪੇਸ਼ਕਸ਼ ਕਰਨੀ ਅਤੇ ਭਾਵਨਾਤਮਕ ਤੌਰ 'ਤੇ ਆਪਣੇ ਨਾਲ ਜੋੜਨ ਦੇ ਜ਼ਰੀਏ ਉਸਦਾ ਭਰੋਸਾ ਜਿੱਤਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਸਾਲ 2024 ਦੌਰਾਨ ਉਸਨੇ ਲੜਕੀ ਨੂੰ 8,000 ਤੋਂ ਵੱਧ ਜਿਨਸੀ ਸੁਭਾਵ ਵਾਲੇ ਸੁਨੇਹੇ ਭੇਜੇ। ਮਾਪਿਆਂ ਨੂੰ ਦੋਹਾਂ ਵਿਚਕਾਰ ਵਧ ਰਹੀ ਨੇੜਤਾ 'ਤੇ ਸ਼ੱਕ ਹੋਣ 'ਤੇ ਉਨ੍ਹਾਂ ਨੇ ਬੱਚੀ ਦੇ ਫੋਨ ਦੀ ਜਾਂਚ ਕੀਤੀ, ਜਿਸ ਤੋਂ ਬਾਅਦ ਮਾਮਲਾ ਪੁਲਿਸ ਤੱਕ ਪਹੁੰਚਿਆ।

ਪੁਲਿਸ ਨੂੰ ਜਾਂਚ ਦੌਰਾਨ ਹੋਰ ਸਬੂਤ ਵੀ ਮਿਲੇ, ਜਿਨ੍ਹਾਂ ਵਿੱਚ ਇਕ ਕਿਤਾਬ ਵਿੱਚ ਮਿਲਿਆ ਹੱਥ ਨਾਲ ਲਿਖਿਆ ਨੋਟ ਵੀ ਸ਼ਾਮਲ ਸੀ ਜਿਸ ਵਿੱਚ ਦੋਹਾਂ ਵਿਚਕਾਰ ਹੋਈਆਂ ਜਿਨਸੀ ਗਤੀਵਿਧੀਆਂ ਦਾ ਜ਼ਿਕਰ ਸੀ। ਪੀੜਤ ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਦੋਸ਼ੀ ਉਸਨੂੰ ਜਿਨਸੀ ਗੱਲਾਂ ਕਰਦਾ, ਅਣਉਚਿਤ ਛੇੜਛਾੜ ਕਰਦਾ ਅਤੇ ਉਸਨੂੰ ਚੁੱਪ ਰਹਿਣ ਲਈ ਮਨੋਵਿਗਿਆਨਕ ਦਬਾਅ ਦਿੰਦਾ ਸੀ। ਉਹ ਉਸਨੂੰ ਕਹਿੰਦਾ ਸੀ ਕਿ ਜੇ ਸੱਚ ਸਾਹਮਣੇ ਆਇਆ ਤਾਂ ਉਸਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ ਅਤੇ ਉਹ ਜੇਲ੍ਹ ਚਲਾ ਜਾਵੇਗਾ, ਜਿਸ ਰਾਹੀਂ ਉਹ ਬੱਚੀ ਨੂੰ ਦੋਸ਼ੀ ਮਹਿਸੂਸ ਕਰਵਾਉਂਦਾ ਰਿਹਾ।

ਸ਼ੁਰੂ ਵਿੱਚ ਦੋਸ਼ਾਂ ਤੋਂ ਇਨਕਾਰ ਕਰਨ ਵਾਲੇ ਨਾਮ ਵੂ ਨੇ ਆਖ਼ਰਕਾਰ ਕੈਂਬਰਿਜ ਕ੍ਰਾਊਨ ਕੋਰਟ ਵਿੱਚ ਛੇ ਗੰਭੀਰ ਦੋਸ਼ਾਂ ਨੂੰ ਕਬੂਲ ਕਰ ਲਿਆ, ਜਿਨ੍ਹਾਂ ਵਿੱਚ ਨਾਬਾਲਿਗ ਨਾਲ ਜਿਨਸੀ ਸੰਚਾਰ, ਜਿਨਸੀ ਗਤੀਵਿਧੀ ਲਈ ਉਕਸਾਉਣਾ ਅਤੇ ਭਰੋਸੇ ਦੀ ਸਥਿਤੀ ਦਾ ਗਲਤ ਫਾਇਦਾ ਚੁੱਕਣਾ ਸ਼ਾਮਲ ਸੀ। ਬਾਅਦ ਵਿੱਚ ਪੀਟਰਬਰੋ ਕ੍ਰਾਊਨ ਕੋਰਟ ਨੇ 19 ਫ਼ਰਵਰੀ ਨੂੰ ਉਸਨੂੰ ਤਿੰਨ ਸਾਲ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ।

ਕੈਂਬਰਿਜਸ਼ਾਇਰ ਪੁਲਿਸ ਦੀ ਚਾਈਲਡ ਅਬਿਊਜ਼ ਇਨਵੈਸਟੀਗੇਸ਼ਨ ਅਤੇ ਸੇਫਗਾਰਡਿੰਗ ਯੂਨਿਟ ਦੀ ਡਿਟੈਕਟਿਵ ਕਾਂਸਟੇਬਲ ਲਾਰਾ ਵਾਈਚਰਲੀ ਨੇ ਕਿਹਾ ਕਿ ਦੋਸ਼ੀ ਨੇ ਬੱਚੀ ਦੀ ਉਮਰ ਅਤੇ ਆਪਣੇ ਭਰੋਸੇਮੰਦ ਦਰਜੇ ਨੂੰ ਜਾਣਦੇ ਹੋਏ ਉਸਦਾ ਸ਼ੋਸ਼ਣ ਕੀਤਾ ਜੋ ਬਹੁਤ ਹੀ ਘਿਨੌਣਾ ਅਪਰਾਧ ਹੈ। ਉਨ੍ਹਾਂ ਨੇ ਮਾਪਿਆਂ ਦੀ ਸਾਵਧਾਨੀ ਦੀ ਸਰਾਹਨਾ ਕਰਦਿਆਂ ਹੋਰ ਮਾਪਿਆਂ ਨੂੰ ਵੀ ਬੱਚਿਆਂ ਨਾਲ ਆਨਲਾਈਨ ਸੰਪਰਕ ਬਾਰੇ ਖੁੱਲ੍ਹੀ ਗੱਲਬਾਤ ਕਰਨ ਦੀ ਅਪੀਲ ਕੀਤੀ।

ਪੀੜਤ ਵੱਲੋਂ ਅਦਾਲਤ ਵਿੱਚ ਦਿੱਤੇ ਪ੍ਰਭਾਵ ਬਿਆਨ ਵਿੱਚ ਕਿਹਾ ਗਿਆ ਕਿ ਲੰਬੇ ਸਮੇਂ ਤੱਕ ਚੱਲੇ ਸ਼ੋਸ਼ਣ ਕਾਰਨ ਉਹ ਖਤਰੇ ਨੂੰ ਸਮਝ ਨਹੀਂ ਸਕੀ ਅਤੇ ਇਸ ਘਟਨਾ ਨੇ ਉਸਦਾ ਭਰੋਸਾ ਤੋੜ ਦਿੱਤਾ, ਬਚਪਨ ਦੀ ਮਾਸੂਮਿਯਤ ਖੋਹ ਲਈ ਅਤੇ ਉਸਦੀ ਜ਼ਿੰਦਗੀ 'ਤੇ ਡੂੰਘਾ ਮਨੋਵਿਗਿਆਨਕ ਅਸਰ ਛੱਡਿਆ ਹੈ। ਪੁਲਿਸ ਨੇ ਦੁਬਾਰਾ ਜ਼ੋਰ ਦੇ ਕੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਤੁਰੰਤ ਸੂਚਨਾ ਦੇਣਾ ਬਹੁਤ ਜ਼ਰੂਰੀ ਹੈ।

## ਬੰਦੇ ਦੇ ਰੰਗ

ਝੂਠ ਨੂੰ ਇਹ ਸੱਚ ਬਣਾਉਂਦਾ
ਸੱਚ ਨੂੰ ਝੂਠ ਦਿਖਾਉਂਦਾ
ਤਰੀਕੇ ਕਮਾਲ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।
ਮੂੰਹ ਤੋਂ ਰੱਬ ਦਾ ਨਾਮ ਹੈ ਲੈਂਦਾ
ਬਗਲ ਵਿੱਚ ਛੁਰੀ ਵੀ ਰੱਖਦਾ
ਛੱਡ ਦਿਓ ਨਸ਼ਾ ਲੋਕੋ ਕਹਿ ਕੇ
ਖੁਦ ਨਸ਼ੇ ਦਾ ਸਵਾਦ ਵੀ ਚੱਖਦਾ,
ਤੁਰੇ ਜਾਂਦੇ ਦੀ ਲੁੱਟ ਹੋ ਜਾਏ
ਕਿਸੇ ਨੂੰ ਦੱਸੇ ਆਪਣੀ ਹੱਡ ਬੀਤੀ
ਥਾਂ ਥਾਂ ਲਾ ਕੇ ਸੀਸੀਟੀਵੀ
ਬੰਦੇ ਤੋਂ ਬੰਦੇ ਨੇ ਰਾਖੀ ਕੀਤੀ,
ਗੱਲ ਕਹਿ ਕੇ ਅਮਲ ਨਾ ਕਰਨਾ
ਰੀਤ ਹੁਣ ਆਮ ਹੋ ਗਈ
ਮਿਲਾਵਟ ਕਰਕੇ ਚੀਜ਼ ਵੇਚਣੀ
ਬੰਦੇ ਦੀ ਲੁੱਟ ਸ਼ਰੇਆਮ ਹੋ ਗਈ,
ਮੂੰਹ ਤੇ ਮੀਆਂ ਮਿੱਠੂ ਬਣਦਾ
ਪਿੱਠ ਤੇ ਕਰ ਜਾਵੇ ਵਾਰ
ਧਰਮਿੰਦਰ ਨੂੰ ਵੀ ਸਮਝ ਨਾ ਆਵੇ
ਕੈਸਾ ਹੋਇਆ ਬੰਦੇ ਦਾ ਕਿਰਦਾਰ,
ਸੱਚੇ ਦੀ ਇਸ ਦੁਨੀਆ ਅੰਦਰ
ਝੂਠੇ ਕਿਉਂ ਪ੍ਰਧਾਨ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।

**ਧਰਮਿੰਦਰ ਸਿੰਘ ਮੰਨਵੀ (ਲੈਕਚਰਾਰ),**
**ਸ ਸ ਸ ਸ ਦੰਦਰਾਲਾ ਢੀਂਡਸਾ**
**(ਪਟਿਆਲਾ)**

# ਐਂਡਰੂ ਮਾਊਂਟਬੈਟਨ-ਵਿੰਡਸਰ ਦੀ ਗ੍ਰਿਫ਼ਤਾਰੀ ਬਾਅਦ ਸੰਸਦੀ ਜਾਂਚ ਦੀ ਸੰਭਾਵਨਾ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਦੇ ਸ਼ਾਹੀ ਪਰਿਵਾਰ ਨਾਲ ਸੰਬੰਧਤ ਐਂਡਰੂ ਮਾਊਂਟਬੈਟਨ-ਵਿੰਡਸਰ ਦੀ ਸਰਕਾਰੀ ਅਹੁਦੇ ਨਾਲ ਜੁੜੀ ਬਦਅਮਲੀ ਦੇ ਸ਼ੱਕ 'ਚ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਮਾਮਲੇ ਨੇ ਰਾਜਨੀਤਿਕ ਪੱਧਰ 'ਤੇ ਵੀ ਗੰਭੀਰ ਰੂਪ ਧਾਰ ਲਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸੰਸਦ ਮੈਂਬਰਾਂ ਦਾ ਇੱਕ ਪ੍ਰਭਾਵਸ਼ਾਲੀ ਗਰੁੱਪ ਯੂਕੇ ਦੇ ਟਰੇਡ ਐਨਵਾਇਜ਼ (ਵਪਾਰ ਦੂਤਾਂ) ਦੀ ਭੂਮਿਕਾ ਬਾਰੇ ਸੰਸਦੀ ਜਾਂਚ ਸ਼ੁਰੂ ਕਰਨ ਦੇ ਮਸਲੇ 'ਤੇ ਵਿਚਾਰ ਕਰਨ ਜਾ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਬਿਜ਼ਨਸ ਐਂਡ ਟਰੇਡ ਕਮੇਟੀ ਮੰਗਲਵਾਰ ਨੂੰ ਹੋਣ ਵਾਲੀ ਬੈਠਕ ਦੌਰਾਨ ਆਪਣੇ ਵਿਕਲਪਾਂ 'ਤੇ ਚਰਚਾ ਕਰੇਗੀ। ਇਹ ਵਿਚਾਰ-ਵਟਾਂਦਰਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਜੈਫਰੀ ਐਪਸਟਿਨ ਨਾਲ ਸੰਬੰਧਤ ਫਾਈਲਾਂ ਸਾਹਮਣੇ ਆਉਣ ਤੋਂ ਬਾਅਦ ਸਾਬਕਾ ਸ਼ਾਹੀ ਮੈਂਬਰ ਖ਼ਿਲਾਫ਼ ਨਵੇਂ ਦੋਸ਼ ਲਗੇ ਅਤੇ ਪੁਲਿਸ ਜਾਂਚ ਸ਼ੁਰੂ ਕੀਤੀ ਗਈ।

ਸਰੋਤਾਂ ਮੁਤਾਬਕ ਸੰਭਾਵਿਤ ਸੰਸਦੀ ਜਾਂਚ ਵਿੱਚ ਖ਼ਾਸ ਤੌਰ 'ਤੇ ਸਰਕਾਰੀ ਵਪਾਰਕ ਨੀਤੀਆਂ, ਖਰਚੇ ਅਤੇ ਅੰਤਰਰਾਸ਼ਟਰੀ ਵਪਾਰਕ ਨੁਮਾਇੰਦਿਆਂ ਦੀ ਭੂਮਿਕਾ ਦੀ ਸਮੀਖਿਆ ਕੀਤੀ ਜਾ ਸਕਦੀ ਹੈ। ਇਹ ਜਾਂਚ ਪੁਲਿਸ ਵੱਲੋਂ ਚੱਲ ਰਹੀ ਅਪਰਾਧਿਕ ਜਾਂਚ ਤੋਂ ਵੱਖ ਹੋਵੇਗੀ ਅਤੇ ਸੰਸਦੀ ਜਵਾਬਦੇਹੀ ਦੇ ਤਹਿਤ ਕੀਤੀ ਜਾਵੇਗੀ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਸਿਰਫ਼ ਵਿਅਕਤੀਗਤ ਦੋਸ਼ਾਂ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਸਰਕਾਰ ਅਤੇ ਸ਼ਾਹੀ ਸੰਸਥਾਵਾਂ ਨਾਲ ਜੁੜੇ ਸਰਕਾਰੀ ਅਹੁਦਿਆਂ ਦੀ ਪਾਰਦਰਸ਼ਤਾ 'ਤੇ ਵੀ ਸਵਾਲ ਖੜ੍ਹੇ ਕਰ ਸਕਦਾ ਹੈ। ਇਸਦੇ ਨਾਲ ਹੀ ਸੰਸਦ ਵਿੱਚ ਵਪਾਰਕ ਨਿਯੁਕਤੀਆਂ ਅਤੇ ਉਨ੍ਹਾਂ ਦੇ ਨਿਗਰਾਨੀ ਮਕੈਨਿਜ਼ਮ ਬਾਰੇ ਵੱਡੀ ਚਰਚਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਅਧਿਕਾਰੀਆਂ ਵੱਲੋਂ ਮਾਮਲੇ ਬਾਰੇ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਅਤੇ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਸੰਸਦੀ ਫ਼ੈਸਲਾ ਅਤੇ ਪੁਲਿਸ ਜਾਂਚ ਦੇ ਨਤੀਜੇ ਇਸ ਮਾਮਲੇ ਦੀ ਅਗਲੀ ਦਿਸ਼ਾ ਨਿਰਧਾਰਤ ਕਰਨਗੇ।

# ਕੇਅਰ ਹੋਮ ਵਿੱਚ ਬਜ਼ੁਰਗ ਮਹਿਲਾਵਾਂ ਨਾਲ ਜਿਨਸੀ ਹਿੰਸਾ ਕਰਨ ਵਾਲੇ ਦੋਸ਼ੀ ਨੂੰ ਲੰਬੀ ਕੈਦ ਦੀ ਸਜ਼ਾ



ਲੈਸਟਰ- (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਵਿੱਚ ਇਕ ਕੇਅਰ ਹੋਮ ਵਿੱਚ ਰਹਿ ਰਹੀਆਂ ਬਜ਼ੁਰਗ ਮਹਿਲਾਵਾਂ ਨਾਲ ਜਿਨਸੀ ਹਿੰਸਾ ਕਰਨ ਅਤੇ ਹਮਲਿਆਂ ਦੀ ਵੀਡੀਓ ਬਣਾਉਣ ਵਾਲੇ ਇਕ ਵਿਅਕਤੀ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦੇ ਕੇ ਲੰਬੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਦੋਸ਼ੀ ਨੇ ਤਿੰਨ ਬਜ਼ੁਰਗ ਮਹਿਲਾਵਾਂ ਨਾਲ ਜਬਰਜਨਾਹ ਕੀਤਾ ਅਤੇ ਚੌਥੀ ਮਹਿਲਾ ਨੂੰ ਵੀ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਉਸਨੇ ਆਪਣੇ ਅਪਰਾਧਾਂ ਦੀ ਵੀਡੀਓ ਰਿਕਾਰਡਿੰਗ ਕੀਤੀ ਸੀ, ਜਿਸ ਕਾਰਨ ਮਾਮਲੇ ਨੂੰ ਬਹੁਤ ਗੰਭੀਰ ਮੰਨਿਆ ਗਿਆ।


ਪੁਲਿਸ ਮੁਤਾਬਕ ਇਹ ਘਟਨਾਵਾਂ ਉਸ ਸਮੇਂ ਸਾਹਮਣੇ ਆਈਆਂ ਜਦੋਂ ਕੇਅਰ ਹੋਮ ਪ੍ਰਬੰਧਨ ਨੂੰ ਸ਼ੱਕ ਹੋਇਆ ਅਤੇ ਮਾਮਲੇ ਦੀ ਸੂਚਨਾ ਤੁਰੰਤ ਅਧਿਕਾਰੀਆਂ ਨੂੰ ਦਿੱਤੀ ਗਈ। ਜਾਂਚ ਤੋਂ ਬਾਅਦ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੇ ਪੱਕੇ ਸਬੂਤਾਂ ਦੇ ਆਧਾਰ 'ਤੇ ਉਸਨੂੰ ਕਸੂਰਵਾਰ ਠਹਿਰਾਇਆ ਗਿਆ।

ਸੁਣਵਾਈ ਦੌਰਾਨ ਜੱਜ ਨੇ ਕਿਹਾ ਕਿ ਦੋਸ਼ੀ ਨੇ ਸਮਾਜ ਦੇ ਸਭ ਤੋਂ ਨਾਜ਼ੁਕ ਅਤੇ ਸੁਰੱਖਿਆ ਦੀ ਲੋੜ ਵਾਲੇ ਲੋਕਾਂ ਨਾਲ ਭਿਆਨਕ ਧੋਖਾ ਕੀਤਾ ਹੈ ਅਤੇ ਉਸਦੇ ਕਰਤੂਤ ਬਹੁਤ ਹੀ ਘਿਨੌਣੇ ਅਤੇ ਅਮਾਨਵੀ ਹਨ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਅਪਰਾਧਾਂ ਲਈ ਸਖ਼ਤ ਸਜ਼ਾ ਲਾਜ਼ਮੀ ਹੈ ਤਾਂ ਜੋ ਸਮਾਜ ਵਿੱਚ ਸਪੱਸ਼ਟ ਸੰਦੇਸ਼ ਜਾਵੇ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਮਾਮਲੇ ਨੇ ਕੇਅਰ ਹੋਮਾਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਰੋਕਣ ਲਈ ਨਿਗਰਾਨੀ ਪ੍ਰਣਾਲੀ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਪੀੜਤ ਮਹਿਲਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹਿੰਮਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਦਦ ਨਾਲ ਹੀ ਦੋਸ਼ੀ ਨੂੰ ਕਾਨੂੰਨ ਦੇ ਕਟਘਰੇ ਵਿੱਚ ਲਿਆਂਦਾ ਜਾ ਸਕਿਆ। ਸਮਾਜਿਕ ਸੰਸਥਾਵਾਂ ਨੇ ਇਸ ਘਟਨਾ ਨੂੰ ਬਹੁਤ ਚਿੰਤਾਜਨਕ ਦੱਸਦਿਆਂ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲੀਆਂ ਸੰਸਥਾਵਾਂ ਵਿੱਚ ਸਖ਼ਤ ਜਾਂਚ ਅਤੇ ਸੁਰੱਖਿਆ ਪ੍ਰੋਟੋਕੋਲ ਲਾਗੂ ਕਰਨ ਦੀ ਮੰਗ ਕੀਤੀ ਹੈ।

# ਕੈਂਸਰ ਦੇ ਇਲਾਜ਼ ਲਈ ਮਹਿੰਗੀਆਂ ਦਵਾਈਆਂ ਅਤੇ ਟੈਸਟਾਂ ਦੇ ਖਰਚੇ ਝੱਲਣੇ ਸੌਖੇ ਨਹੀਂ

ਮੇਜਰ ਸਿੰਘ ਨਾਭਾ (ਪਟਿਆਲਾ)
ਮੋ : 9463553962



ਸਿਹਤ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਹਸਪਤਾਲਾਂ, ਡਾਕਟਰਾਂ ਦੇ ਕਲੀਨਿਕਾਂ ਆਦਿ ਵਿੱਚ ਬਹੁਤਾਤ ਵਿੱਚ ਦਿਖਾਈ ਦੇਂਦੇ ਹਨ। ਜਿਆਦਾਤਰ ਮਰੀਜ਼ ਐਲੋਪੈਥੀ ਦਵਾਈਆਂ ਨਾਲ ਜਲਦੀ ਠੀਕ ਹੋਣ ਲਈ ਇਲਾਜ ਕਰਵਾ ਰਹੇ ਹਨ। ਪਰ ਹੋਮਿਉਪੈਥੀ, ਆਯੁਰਵੈਦਿਕ ਅਤੇ ਹੋਰ ਪੈਥੀਆਂ ਵੱਲ ਵੀ ਲੋਕਾਂ ਦਾ ਰੁਝਾਣ ਵੱਧ ਰਿਹਾ ਹੈ। ਕੁਦਰਤੀ ਜੜ੍ਹੀਆਂ ਬੂਟੀਆਂ ਦੀ ਵਰਤੋਂ ਵੀ ਹੋਣ ਲੱਗੀ ਹੈ। ਭਾਰਤ ਅੰਦਰ ਬਹੁਤੇ ਲੋਕ ਐਲੋਪੈਥੀ ਇਲਾਜ਼ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ ਕਿਉਂਕਿ ਪਹਿਲਾਂ ਤਾਂ ਡਾਕਟਰ ਮਹਿੰਗੇ ਟੈਸਟ ਲਿਖ ਦਿੰਦੇ ਹਨ ਦੂਸਰਾ ਦਵਾਈਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ।

ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਸਦੇ ਟੈਸਟ, ਦਵਾਈਆਂ, ਇੰਜੈਕਸ਼ਨ, ਥਰੈਪੀਆਂ ਆਦਿ ਮਹਿੰਗੀਆਂ ਹਨ। ਡਾਕਟਰ ਸਾਬ੍ਹ ਨੇ ਇੱਕ ਇੰਜੈਕਸ਼ਨ ਨੈੱਟ ਉੱਪਰ ਦੇਖ ਕੇ ਮੈਨੂੰ ਪੁਛਿਆ ਕਿ ਇਹ ਮਹਿੰਗਾ ਹੈ ਕੋਈ ਦਿੱਕਤ ਤਾਂ ਨਹੀਂ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕੋਈ ਗੱਲ ਨਹੀਂ। ਡਾਕਟਰ ਸਾਬ੍ਹ ਦਾ ਮਰੀਜ਼ਾਂ ਪ੍ਰਤੀ ਹਮੇਸ਼ਾਂ ਹਮਦਰਦੀ ਭਰਿਆ ਵਤੀਰਾ ਹੁੰਦਾ ਹੈ ਕਿ ਘੱਟੋ ਘੱਟ ਖਰਚੇ ਨਾਲ ਵਧੀਆ ਇਲਾਜ਼ ਹੋ ਸਕੇ। ਮੈਂ ਇੰਜੈਕਸ਼ਨ ਲੈ ਆਇਆ ਜਦ ਬਿਲ ਦੇਖਿਆ ਤਾਂ ਉਹ ਕੋਈ ਛੇ ਗੁਣਾਂ ਵੱਧ ਐਮ.ਆਰ.ਪੀ. ਪ੍ਰਿੰਟ ਵਾਲਾ ਸੀ ਜਿਸ ਨੂੰ ਦੇਖ ਕੇ ਮੈਨੂੰ ਵੀ ਸ਼ਕ ਹੋਇਆ ਕਿ ਕਿਤੇ ਹੋਰ ਕੰਪਨੀ ਦਾ ਨਾ ਹੋਵੇ ਪਰ ਤਸੱਲੀ ਹੋਣ ਤੇ ਮੈਂ ਆ ਗਿਆ ਜੋ ਕਿ ਠੀਕ ਹੀ ਸੀ। ਡਾਕਟਰ ਸਾਬ੍ਹ ਨੇ ਜਦੋਂ ਰੇਟ ਪੁੱਛਿਆ ਤਾਂ ਮੇਰੇ ਦੱਸਣ ਤੇ ਡਾਕਟਰ ਸਾਬ੍ਹ ਹੈਰਾਨ ਹੋ ਗਏ। ਉਹ ਆਪਣੇ ਜੂਨੀਅਰ ਡਾਕਟਰ ਨੂੰ ਕਹਿ ਰਹੇ ਸੀ ਕਿ ਉਹ ਤਾਂ ਇਹ ਇੰਜੈਕਸ਼ਨ ਮਹਿੰਗਾ ਹੋਣ ਕਾਰਨ ਸਾਰੇ ਮਰੀਜ਼ਾਂ ਨੂੰ ਨਹੀਂ ਲਿਖ ਰਹੇ ਹੁਣ ਅੱਗੇ ਤੋਂ ਇਹ ਇਸ ਸਮੱਸਿਆ ਵਾਲੇ ਨੂੰ ਜਰੂਰ ਲਿਖ ਦਿਆ ਕਰੋ। ਭਲੀਮਾਣਸੀ ਹੈ ਇਹੋ ਜਿਹੇ ਕੈਮਿਸਟਾਂ ਦੀ ਜਿਹੜੇ ਫਿਰ ਵੀ ਆਪਣਾ ਬਣਦਾ ਕਮਿਸ਼ਨ ਲੈ ਕੇ ਮਰੀਜ਼ਾਂ ਉੱਪਰ ਤਰਸ ਕਰਦੇ ਹਨ। ਮੇਰੇ ਮਹੀਨਾ ਵਾਰ ਲਗਣ ਵਾਲੇ ਇੰਜੈਕਸ਼ਨ ਨੂੰ ਜੋ ਕਿ ਹਫਤੇ ਬਾਅਦ ਆਉਣਾ ਬਣਦਾ ਸੀ ਡਾਕਟਰ ਸਾਬ੍ਹ ਨੇ ਮੇਰੇ ਪਹਿਲਾਂ ਹੀ ਦੋ ਗੇੜ੍ਹੇ ਪੀ.ਜੀ.ਆਈ. ਦੇ ਲੱਗਣ ਕਾਰਨ ਉਨ੍ਹਾਂ ਐਤਕੀਂ ਲੋਕਲ ਹਸਪਤਾਲ ਤੋਂ ਹੀ ਟੀਕਾ ਲਗਵਾਉਣ ਲਈ ਕਹਿ ਦਿੱਤਾ ਪਰ ਇਹ ਟੀਕਾ ਨਾਭੇ ਤਾਂ ਮਿਲਣਾ ਨਹੀਂ ਸੀ ਮੈਂ ਪਟਿਆਲਾ ਹਸਪਤਾਲ ਰੈਫਰ ਕਰਵਾ ਲਿਆ। ਪਟਿਆਲੇ ਇਹ ਟੀਕਾ ਉਂਞ ਨਾ ਮਿਲਿਆ ਆਰਡਰ ਉੱਪਰ ਇੱਕ ਕੈਮਿਸਟ ਨਾਲ ਮੰਗਵਾਉਣ ਦੀ ਮੇਰੇ




ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਗੱਲ ਕਰ ਲਈ। ਟੀਕਾ ਆਉਣ ਦਾ ਕਨਫਰਮ ਕਰਕੇ ਮੈਂ ਪਟਿਆਲੇ ਚਲਾ ਗਿਆ। ਜਦੋਂ ਟੀਕੇ ਦੀ ਪੇਮੈਂਟ ਕੀਤੀ ਤਾਂ ਕੈਮਿਸਟ ਨੇ 17000 ਰੁਪਏ ਦਾ ਜੋ ਚੰਡੀਗੜ੍ਹੋਂ ਮਿਲਦਾ ਸੀ ਉਸ ਦਾ 19500 ਰੁਪਏ ਦਾ ਬਿਲ ਦੇ ਦਿੱਤਾ, ਜਿਸ ਦੀ ਕੰਪਨੀ ਉਹੀ ਸੀ। ਮੈਂ ਮਜਬੂਰ ਸੀ ਪੇਮੈਂਟ ਕਰ ਦਿੱਤੀ। ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ਼ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਰੇਟ ਵਿਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਲੈਣੇ ਇਨ੍ਹਾਂ ਲੋਕਾਂ ਦੇ ਦਿਨਾਂ ਵਿਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜਰੂਰ ਫਿਟਲਾਨ੍ਹਤਾਂ ਦੇਵੇਗੀ ਜਦੋਂ ਇਹ ਸਾਰਾ ਪੈਸਾ ਛੱਡ ਕੇ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ। ਪ੍ਰਾਈਵੇਟ ਹਸਪਤਾਲਾਂ ਵਿਚ ਤਾਂ ਆਮ ਮਰੀਜ਼ਾਂ ਲਈ ਇਲਾਜ਼ ਕਰਾਉਣਾ ਹੋਰ ਵੀ ਔਖਾ ਹੈ। ਮੈਂ ਆਪ ਪੀ.ਜੀ.ਆਈ. ਦਾ ਪੰਜ ਹਜ਼ਾਰ ਦਾ ਟੈਸਟ ਬਾਹਰੋਂ ਪ੍ਰਾਈਵੇਟ ਲੈਬਾਂ ਵਿਚ ਚਾਰ ਗੁਣਾ ਤੋਂ ਵੱਧ ਰੇਟ ਉੱਪਰ ਸ਼ੁਰੂ ਵਿਚ ਕਰਵਾਏ ਜੋ ਕਿ ਇੱਕ ਪ੍ਰਾਈਵੇਟ ਹਸਪਤਾਲ ਦੇ ਡਾਕਟਰ ਵਲੋਂ ਲਿਖੇ ਗਏ ਸੀ। ਪਰ ਹੁਣ ਪਿਛਲੇ ਸਾਲ 2025 ਵਿੱਚ ਇਹੀ ਟੈਸਟ ਪੀ.ਜੀ.ਆਈ. ਦਵਾਈ ਨਾ ਹੋ ਕਾਰਨ ਮੈਨੂੰ ਬਾਹਰੋਂ ਫਿਰ ਕਰਵਾਉਣੇ ਪੈ ਰਹੇ ਹਨ । ਇਸੇ ਤਰ੍ਹਾਂ ਹੀ ਪੀ.ਜੀ.ਆਈ. ਵਿਚ ਪਹਿਲਾਂ ਥਰੈਪੀ ਦੀ ਦਵਾਈ ਆ ਜਾਂਦੀ ਸੀ ਜੋ ਪੱਚੀ ਕੁ ਹਜ਼ਾਰ ਦੀ ਮਿਲਦੀ ਪਰ ਪਿਛਲੇ ਸਾਲਾਂ ਤੋਂ ਦਵਾਈ ਨਾ ਆਉਣ ਕਾਰਨ ਤਿੰਨ ਵਾਰ ਵਿਦੇਸ਼ੋਂ ਸਵਾ ਦੋ ਲੱਖ ਕੀਮਤ ਤੋਂ ਉੱਪਰ ਮੰਗਵਾਉਣੀ ਪਈ। ਹੁਣ ਮਹੀਨਾਵਾਰ ਇੰਜੈਕਸ਼ਨ ਲੱਗ ਰਿਹਾ ਜੋ ਮਾਰਕੀਟ 'ਚ ਸਤਾਰਾਂ- ਅਠਾਰਾਂ ਹਜ਼ਾਰ ਦੇ ਵਿੱਚ ਰੇਟ ਸੀ ਪਰ ਇਸ ਵਾਰ ਉਸੇ ਕੰਪਨੀ ਦਾ ਬਾਈ ਹਜ਼ਾਰ ਰੇਟ ਦੱਸਿਆਂ ਗਿਆ। ਮੈਂ ਅਗਲੀ ਦੁਕਾਨ ਤੇ ਪੁੱਛਿਆ ਤਾਂ ਉਸ ਨੇ ਹੋਰ ਕੰਪਨੀ ਦਾ ਉਹੀ ਇੰਜੈਕਸ਼ਨ ਜਿਸ ਉੱਪਰ ਰੇਟ ਚੌਤਾਲੀ ਹਜ਼ਾਰ ਤੋਂ ਉੱਪਰ ਪ੍ਰਿੰਟ ਸੀ ਪਰ ਦਿੱਤਾ 9500 ਰੁਪਏ ਦਾ। ਡਾਕਟਰ ਨੂੰ ਦਿਖਾ ਲਗਵਾ ਲਿਆ । ਮੈਂ ਰੇਟ ਵਿਚ ਐਨੇ ਵੱਡੇ ਫਰਕ ਹੋਣ ਕਾਰਨ ਦੁਵਿਧਾ ਵਿੱਚ ਰਿਹਾ ਕਿ ਐਨੀ ਘੱਟ ਕੀਮਤ ਤੇ ਪਿਛਲੇ ਛੇ ਸਾਲਾਂ ਤੋਂ ਇਹ ਇੰਜੈਕਸ਼ਨ ਨਹੀਂ ਮਿਲਿਆ। ਦੂਸਰੇ ਮਹੀਨੇ ਇਹੀ ਟੀਕਾ ਸਨਫਰਮਾ ਕੰਪਨੀ ਦਾ 18500 ਦਾ ਲਿਆ ਜੋ ਕਿ ਹੋਰ ਦੁਕਾਨ ਤੋਂ ਇਹੀ ਕੰਪਨੀ ਦਾ ਬਾਈ ਹਜ਼ਾਰ ਦਾ ਦਿੰਦੇ ਸੀ। ਇਨ੍ਹਾ ਸਾਰੀਆਂ ਗੱਲ੍ਹਾਂ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਦਵਾਈ ਖਰੀਦਦੇ ਸਮੇਂ ਪੂਰੀ ਪਰਖ ਕਰ ਕੇ ਲਵੋ। ਪ੍ਰਧਾਨ ਮੰਤਰੀ ਦਾ ਇਨ੍ਹਾਂ ਦੁਰਲੱਭ ਮਹਿੰਗੀਆਂ ਦਵਾਈਆਂ ਦੇ ਮੰਗ ਅਨੁਸਾਰ ਉਤਪਾਦਨ ਵਧਾਉਣ ਵੱਲ ਕੋਈ ਧਿਆਨ ਨਹੀਂ, ਉਂਞ ਅਸੀਂ ਮੂਹਰਲੇ ਦੇਸ਼ਾਂ ਵਿਚ ਆਉਣ ਦੀ ਗੱਲ ਕਰਦੇ ਹਾਂ ਪਰ ਸਾਥੋਂ ਛੋਟੇ ਦੇਸ਼ ਇਹ ਦਵਾਈਆਂ ਤਿਆਰ ਕਰਨ ਵਿਚ ਸਾਡੇ ਨਾਲੋਂ ਮੋਹਰੀ ਹਨ। ਕੇਂਦਰ ਸਰਕਾਰ ਨੇ ਕਈ ਹੋਰ ਵੱਡੇ-ਵੱਡੇ ਫੈਸਲੇ ਲਏ ਹਨ, ਪਰ ਦਵਾਈਆਂ ਦੀ ਘਾਟ ਦੇਸ਼ ਦੀ ਸਿਹਤਯਾਬੀ ਲਈ ਰੜਕਦੀ ਹੈ। ਸਰਕਾਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ ਜਦੋਂ ਕਿ ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ। ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ।

ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨਾ ਤਹਿ ਕਰਨ ਲਈ ਦਿਸ਼ਾ ਨਿਰਦੇਸ਼ ਦੇਣੇ ਚਾਹੀਦੇ ਹਨ ਜੇ ਕੋਈ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸਦੀ ਮਾਨਤਾ/ਲਾਇਸੰਸ ਕੈਂਸ਼ਲ ਕਰ ਦੇਣਾ ਚਾਹੀਦਾ ਹੈ। ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ ਅਤੇ ਹੋਰ ਡਾਕਟਰੀ ਸ਼ਾਜੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ ਜਿਸ ਉੱਪਰ ਕੋਈ ਖਰਚ ਨਹੀਂ ਆਉਂਦਾ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ।

# ਸੰਸਾਰ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੀ ਲਿਖੀ ਫ਼ਿਲਮ "ਬੇਗੋ" ਚਰਚਾ ਵਿੱਚ




ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)- ਸ਼ਿਵਚਰਨ ਜੱਗੀ ਕੁੱਸਾ ਦੀ ਨਾਵਲ ਖੇਤਰ ਵਿੱਚ 'ਸਰਦਾਰੀ ਹੈ। ਇਸ ਗੱਲ ਦੀ ਸ਼ਾਹਦੀ ਖੁਦ ਪਬਲਿਸ਼ਰ ਵੀ ਭਰਦੇ ਹਨ ਕਿ ਨਾਵਲਕਾਰਾਂ ਵਿੱਚੋਂ ਸਭ ਤੋਂ ਵੱਧ ਪੈਸਾ ਜੱਗੀ ਕੁੱਸਾ ਨੂੰ ਮਿਲਦਾ ਹੈ। ਉਹ ਆਪਣੇ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਨਾਲ ਤੂਫ਼ਾਨ ਬਣ ਕੇ ਆਇਆ ਅਤੇ ਅੱਜ ਤੱਕ ਝੱਖੜ ਵਾਂਗ ਝੁੱਲ ਰਿਹਾ ਹੈ। ਉਸ ਦੇ ਕੁਝ ਚਰਚਿਤ ਨਾਵਲ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਅਨੁਵਾਦ ਹੋ ਚੁੱਕੇ ਹਨ ਅਤੇ ਐਮਾਜ਼ੋਨ ਵਰਗੀਆਂ ਸਾਈਟਾਂ ਉੱਪਰ ਵੀ ਉੱਪਲੱਭਦ ਹਨ।

ਬਹੁ-ਚਰਚਿਤ ਫ਼ਿਲਮਾਂ "ਸਾਡਾ ਹੱਕ" ਅਤੇ "ਤੂਫ਼ਾਨ ਸਿੰਘ" ਤੋਂ ਸ਼ੁਰੂ ਹੋ ਕੇ 2010 ਵਿੱਚ ਜੱਗੀ ਕੁੱਸਾ ਨੇ ਫ਼ਿਲਮੀ ਖੇਤਰ ਵਿੱਚ ਪੈਰ ਰੱਖਿਆ ਅਤੇ ਮੁੜ ਪਿੱਛੇ ਨਹੀਂ ਦੇਖਿਆ। 26 ਨਾਵਲਾਂ ਸਮੇਤ 50 ਕਿਤਾਬਾਂ ਦੇ ਲੇਖਕ ਜੱਗੀ ਕੁੱਸਾ ਦੀ 'ਮਹੰਤ-ਜਨਾਂ ਉੱਪਰ ਲਿਖੀ ਉਸ ਦੀ ਆਉਣ ਵਾਲੀ ਸਿਨੇਮਾਂ ਫ਼ਿਲਮ "ਬੇਗੋ" ਅੱਜ-ਕੱਲ੍ਹ ਬੜੀ ਚਰਚਾ ਵਿੱਚ ਹੈ, ਜਿਸ ਨੂੰ "ਯੁੱਗ ਫ਼ਿਲਮ ਸਟੂਡੀਓ" ਦੇ ਐੱਮ.ਪੀ. ਨਿਹਾਲੇ ਵਾਲੀਆ, ਸ਼ੇਰਾ ਧੂੜਕੋਟ ਅਤੇ ਦਿਲਵੀਰ ਸਿੰਘ ਹੋਰਾਂ ਨੇ ਪ੍ਰੋਡਿਊਸ ਕੀਤਾ ਹੈ। ਇਸ ਦੇ ਡਾਇਰੈਕਟਰ ਲਵਲੀ ਸ਼ਰਮਾ ਜੀ ਅਤੇ ਪ੍ਰਾਜੈਕਟ ਹੈੱਡ ਕਾਬਲ ਗਿੱਲ ਹਨ। ਇਸ ਵਿੱਚ ਗਿਰਜਾ ਸ਼ੰਕਰ, ਕੁਲ ਸਿੱਧੂ, ਮੈਡਮ ਕੁਲਵੰਤ ਖੁਰਮੀ, ਡੇਵੀ ਸਿੰਘ, ਨਰਿੰਦਰ ਗੱਖੜ, ਪਾਲੀ ਸੰਧੂ, ਰੂਪ ਸੰਧੂ, ਮਨਪ੍ਰੀਤ ਸਿੱਧੂ, ਰਮਣੀਕ ਸ਼ਰਮਾ, ਹੈਪੀ ਪ੍ਰਿੰਸ, ਗੁਰਪ੍ਰੀਤ ਤੋਤੀ ਅਤੇ ਐਂਜਲੀਨਾ ਰਾਜਪੂਤ ਵਰਗੇ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਸ ਦੇ ਗੀਤ ਕਮਲ ਖ਼ਾਨ, ਫ਼ਿਰੋਜ਼ ਖ਼ਾਨ, ਨਛੱਤਰ ਗਿੱਲ, ਜੋਤੀ ਨੂਰਾਂ ਅਤੇ ਸਿਮਰਨ ਭਾਰਦਵਾਜ ਨੇ ਗਾਏ ਹਨ। ਇਸ ਫਿਲਮ ਦੇ ਗੀਤ ਗੱਗੂ ਧੌੜਕੋਟ ਨੇ ਲਿਖੇ ਹਨ ਅਤੇ ਇਸ ਦਾ ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਇਹ ਫ਼ਿਲਮ ਜਲਦੀ ਹੀ ਸਿਨੇਮਾਂ ਘਰਾਂ ਦਾ ਸ਼ਿੰਗਾਰ ਬਣੇਗੀ। ਜਾਂਦੇ-ਜਾਂਦੇ ਦੱਸਦੇ ਜਾਈਏ ਕਿ ਸ਼ਿਵਚਰਨ ਜੱਗੀ ਕੁੱਸਾ ਦਾ ਲਿਖਿਆ ਅਗਲਾ ਵੱਡਾ ਪ੍ਰਾਜੈਕਟ "ਇੱਕ ਸੀ ਲਾਲੀ" ਦਾ ਐਲਾਨ ਵੀ ਹੋ ਚੁੱਕਾ ਹੈ, ਜਿਸ ਦੀ 80 ਪ੍ਰਤੀਸ਼ਤ ਸ਼ੂਟਿੰਗ ਮਈ-ਜੂਨ ਮਹੀਨੇ ਇੰਗਲੈਂਡ ਵਿੱਚ ਕੀਤੀ ਜਾਵੇਗੀ।


# • ਪੰਜਾਬੀ ਫ਼ਿਲਮ ਦਰਪਣ •

## ਫ਼ਿਲਮ ਲਾਈਨ ਵਿੱਚ ਚੰਗੇ ਮੰਦੇ ਸਭ ਤੇਰੇ ਬੰਦੇ ਵਾਲੀ ਗੱਲ ਹੈ ਸਤਨਾਮ ਟਾਟਲਾ



ਸਤਨਾਮ ਸਿੰਘ ਟਾਟਲਾ ਯੂ ਐਸ ਏ ਦੇ ਸੱਭਿਆਚਾਰਕ, ਸੰਗੀਤਕ ਤੇ ਫ਼ਿਲਮੀ ਹਲਕਿਆਂ ਵਿੱਚ ਜਾਣੇ ਪਹਿਚਾਣੇ ਸਕਸ਼ ਹਨ ਤੇ ਅਮਰੀਕਨ ਪੰਜਾਬੀ ਮੇਲਾ ਓਹ ਆਪਣੇ ਡਾਕਟਰ ਸਾਥੀਆਂ ਨਾਲ ਮਿਲ ਹਰ ਸਾਲ ਮਨਾਉਂਦੇ ਹਨ। ਇਸ ਦੇ ਇਲਾਵਾ ਓਹਨਾਂ ਨੇ ਤਿੰਨ ਟੈਲੀ ਫ਼ਿਲਮਾਂ ਅਮਰੀਕਾ ਵਿੱਚ ਬਣਾਉਣ ਦੇ ਬਾਅਦ "ਚੰਨ ਤਾਰਾ" ਵੱਡੀ ਫ਼ਿਲਮ ਨਵ ਬਾਜਵਾ ਤੇ ਜਸ਼ਨ ਅਗਨੀਹੋਤਰੀ ਨੂੰ ਲੈ ਕਿ ਬਣਾਈ ਤੇ ਵਿਨੀਤ ਅਟਵਾਲ ਦੀ ਨੇਕੀ ਤੇ ਦੋਸਤੀ ਦਾ ਮੁੱਲ ਪਾਇਆ ਤੇ ਵਿਨੀਤ ਅਟਵਾਲ ਨੂੰ ਇਸ ਦਾ ਡਾਇਰੈਕਟਰ ਲਿਆ ਸੀ। ਸਤਨਾਮ ਸਿੰਘ ਦੱਸਦੇ ਨੇ ਕਿ ਇਹ ਇੰਡਸਟਰੀ ਇਥੇ ਜਿਹਨਾਂ ਤੇ ਭਰੋਸਾ ਹੁੰਦਾ ਓਹ ਬੁਰੇ ਧੋਖੇ ਦੇ ਜਾਂਦੇ ਹਨ। ਆਪਣੇ ਪੈਸੇ ਲਾ ਕਿ ਬਣਾਈ ਫ਼ਿਲਮ ਨੂੰ ਓਹਨਾਂ ਦੇ ਧੋਖਿਆਂ ਕਾਰਨ ਤੁਸੀਂ ਓਸ ਨੂੰ ਆਪਣੀ ਫ਼ਿਲਮ ਨਹੀਂ ਕਹਿ ਸਕਦੇ। ਦੂਜੇ ਪਾਸੇ ਵਿਨੀਤ ਅਟਵਾਲ ਤੇ ਅਮਰੀਕਾ ਵੱਸਦੇ ਡਾਕਟਰ ਭਰਾ ਨੇ ਜਿਹਨਾਂ ਔਖੇ ਵੇਲੇ ਪੂਰਾ ਸਹਿਯੋਗ ਦੇ ਕਿ ਤੁਹਾਨੂੰ ਪੰਜਾਬੀ ਫ਼ਿਲਮਾਂ ਦਾ ਨਿਰਮਾਤਾ ਬਣਾ ਦਿਖਾ ਦਿੱਤਾ। ਸਤਨਾਮ ਸਿੰਘ ਜਲਦੀ ਹੀ ਵਿਨੀਤ ਅਟਵਾਲ ਨੂੰ ਡਾਇਰੈਕਟਰ ਲੈ ਕਿ ਨਵੀਂ ਫ਼ਿਲਮ "ਕਰਜ਼ਾ" ਸੈੱਟ ਤੇ ਲਿਜਾ ਸਕਦੇ ਹਨ। ਇਸ ਦੌਰਾਨ ਓਹਨਾਂ ਵੈੱਬ ਫ਼ਿਲਮ "ਉਡੀਕ" ਵਿੱਚ ਅਦਾਕਾਰੀ ਵੀ ਕੀਤੀ ਹੈ। ਸਤਨਾਮ ਸਿੰਘ ਟਾਟਲਾ ਦੇ ਸੁਨਹਿਰੀ ਫ਼ਿਲਮ ਭਵਿੱਖ ਲਈ ਸ਼ੁੱਭ ਕਾਮਨਾਵਾਂ।

## ਪਾਲੀਵੁੱਡ ਦੀ ਰਸ਼ਮਿਕਾ ਮੰਦਾਨਾ ਹੈ ਬਰਨਾਲੇ ਵਾਲੀ ਜਸਮੀਨ ਕੌਰ



ਗੁਲਾਬੀ ਚਿਹਰਾ ਤੇ ਗੋਰੀਆਂ ਗੱਲ੍ਹਾਂ ਉੱਪਰ ਮੂੰਗੇ ਜਿਹੇ ਲਾਲ ਹੋਂਠ ਨਿਰੀ ਰਸ਼ਮਿਕਾ ਮੰਦਾਨਾਂ ਹੀ ਜਸਮੀਨ ਕੌਰ ਬਰਨਾਲਾ ਲੱਗਦੀ ਹੈ। ਇਹ ਤੁਸਾਂ ਨੂੰ ਪਤਾ ਹੈ ਕਿ ਸਾਊਥ ਦੀ ਸੁਪਰ ਸਟਾਰ ਪੁਸ਼ਪਾ ਉਰਫ ਰਸ਼ਮਿਕਾ ਪਿੱਛੇ ਬਾਲੀਵੁੱਡ ਦੀਵਾਨਾ ਹੈ ਤੇ ਜਸਮੀਨ ਕੌਰ ਦੀ ਲੁੱਕ ਤੇ ਅਭਿਨੈ ਸਭ ਕੁੱਝ ਓਸ ਜਿਹਾ ਹੈ। ਜਸਮੀਨ ਕੌਰ ਨੇ ਬਹੁਤ ਮਿਹਨਤ ਕੀਤੀ ਹੈ ਕਰ ਰਹੀ ਹੈ ਤੇ ਅੱਜ ਕਲ ਯੂਟਿਊਬ ਤੇ ਭਗਵੰਤ ਸਿੰਘ ਕੰਗ ਨਿਰਦੇਸ਼ਤ ਓਸ ਦੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਚਲ ਰਹੀ ਹੈ। ਸੁਰਿੰਦਰ ਸਿੰਘ ਦੀ ਫ਼ਿਲਮ "ਮਿੱਠੀਏ" ਵਿੱਚ ਵੀ ਓਹ ਆ ਚੁੱਕੀ ਹੈ ਤੇ ਕਾਫ਼ੀ ਫ਼ਿਲਮਾਂ ਓਸ ਕੋਲ ਹਨ। ਜਸਮੀਨ ਕੌਰ ਮਾਡਲ ਬਣ ਵੀ ਨ੍ਹੇਰੀ ਲਿਆ ਦਿੰਦੀ ਹੈ ਤੇ ਓਹ ਹੁਣ ਗਾ ਕਿ ਵੀ ਆਪਣਾ ਕੈਰੀਅਰ ਸ਼ੁਰੂ ਕਰ ਚੁੱਕੀ ਹੈ। ਜਸਮੀਨ ਕੌਰ ਨੂੰ ਰਸ਼ ਦੀ ਤਰਾਂ ਪੰਜਾਬੀ ਫ਼ਿਲਮਾਂ ਵਾਲੇ ਲੈਣ ਤੇ ਓਹ ਅਮਰਿੰਦਰ ਗਿੱਲ, ਗਿੱਪੀ ਗਰੇਵਾਲ, ਐਮੀ ਵਿਰਕ ਨਾਲ ਕੰਮ ਕਰ ਕਿ ਅੱਗੇ ਜਾ ਸਕਦੀ ਹੈ। ਜਿਸ ਦਿਨ ਸਾਊਥ ਦੀ ਨਜ਼ਰ ਜਸਮੀਨ ਕੌਰ ਤੇ ਪਈ ਸਮਝੋ ਇਹ ਜਸਮੀਨ ਬਰਨਾਲਾ ਦੂਜੀ ਰਸ਼ਮਿਕਾ ਬਣ ਰਾਜ ਕਰੇਗੀ। ਪਿਆਰੀ ਦਿੱਖ, ਮਸੂਮ ਚਿਹਰਾ ਨਜ਼ਰ ਨਾ ਹਟੇ ਵਾਲੀ ਗੱਲ ਹੈ ਤੇ ਫ਼ਿਰ ਦੁਆਵਾਂ ਦੇਣੀਆਂ ਤਾਂ ਬਣਦੀਆਂ ਹਨ।

## ਹੁੰਦੇ ਪੰਜਾਬ ਤਾਂ ਅੱਜ ਫ਼ਿਲਮ ਤੇ ਫ਼ਿਲਮ ਕਰ ਰਹੇ ਹੁੰਦੇ ਗੋਗੀ ਘੁਮਾਣ



ਗਾਇਕ ਗੋਗੀ ਘੁਮਾਣ ਆਖਦੇ ਨੇ ਕਿ ਕਈ ਵਾਰ ਘਰੇਲੂ ਭਵਿੱਖ ਸੁਨਹਿਰੀ ਬਣ ਜਾਂਦਾ ਹੈ ਪਰ ਇਸ ਨੂੰ ਸੁਨਹਿਰੀ ਬਣਾਉਣ ਪਿੱਛੇ ਕਈ ਕੁੱਝ ਕੁਰਬਾਨ ਕਰਨਾ ਪੈਂਦਾ ਹੈ। ਗੁਰਲੇਜ਼ ਅਖ਼ਤਰ ਨਾਲ ਦੋਗਾਣਾ "ਅੱਧਾ ਪਿੰਡ" ਆਇਆ ਹੈ ਤੇ ਇਸ ਦੇ ਬਾਅਦ "ਰਾਤ ਨੂੰ" ਗੀਤ ਨੇ ਗੋਗੀ ਘੁਮਾਣ ਦੀ ਪਹਿਚਾਣ ਪੱਕੀ ਕਰ ਦਿੱਤੀ ਹੈ। ਗੋਗੀ ਘੁਮਾਣ ਅਮਰੀਕਾ ਰਹਿੰਦੇ ਨੇ ਤੇ ਗਾਇਕੀ ਮੁੱਢ ਤੋਂ ਰਗਾਂ ਵਿੱਚ ਵੱਸੀ ਹੋਈ ਹੈ। ਗੋਗੀ ਘੁਮਾਣ ਨੇ ਸਵਰਗੀ ਗਾਇਕ ਕੁਲਦੀਪ ਪਾਰਸ ਨਾਲ ਲੰਬਾ ਸਮਾਂ ਰਹਿ ਕਿ ਕਲਾਕਾਰੀ ਸਿੱਖੀ ਤੇ ਆਵਾਜ਼ ਕੁਦਰਤ ਦੀ ਦੇਣ। ਗੱਲ ਫਿਰ ਓਹੀ ਕਿ ਚੰਗੇ ਭਵਿੱਖ ਲਈ ਅਮਰੀਕਾ ਗਏ ਗੋਗੀ ਘੁਮਾਣ ਨੂੰ ਮਸ਼ੀਨ ਬਣ ਕੰਮ ਕਰਨਾ ਪਿਆ ਕਰ ਰਿਹਾ ਹੈ ਤੇ ਜੇਕਰ ਪੰਜਾਬ ਰਹਿੰਦਾ ਤਾਂ ਓਸ ਨੂੰ ਫ਼ਿਲਮਜ਼ ਮਿਲਣੀਆਂ ਸ਼ੁਰੂ ਸਨ ਤੇ ਸਟਾਰ ਫ਼ਿਲਮ ਹੀਰੋ ਬਣ ਕੰਮ ਕਰ ਰਿਹਾ ਹੁੰਦਾ ਪਰ ਜਦ ਪ੍ਰਵਾਸ ਤੇ ਓਹ ਵੀ ਅਮਰੀਕਾ ਦਾ ਮੌਕਾ ਮਿਲੇ ਕੌਣ ਛੱਡ ਦੇਵੇ ਤੇ ਗੋਗੀ ਘੁਮਾਣ ਨੇ ਸ਼ੌਂਕ ਦਬਾ ਲਏ ਜਿਹੜੇ ਹੁਣ ਬਾਹਰ ਆਏ ਹਨ। ਸਮਾਂ ਕੱਢ ਗੀਤ ਓਹ ਰਲੀਜ਼ ਕਰਦਾ ਹੈ। ਇਥੇ ਇਹ ਗੱਲ ਓਸ ਆਖੀ ਕਿ ਇਹ ਤੇ ਸ਼ੌਕ ਪੂਰੇ ਕਰਨ ਵਾਲੀ ਗੱਲ ਹੈ ਅਸਲੀ ਮਜ਼ਾ ਪੰਜਾਬ ਰਹਿ ਕਿ ਮੇਲੇ ਲਾ ਕਿ ਜਗਰਾਤੇ ਕਰ ਕਿ ਵਿਆਹਾਂ ਦੇ ਸ਼ੋ ਕਰ ਕਿ ਫ਼ਿਲਮਜ਼ ਕਰ ਕਿ ਆਉਂਦਾ ਹੈ। ਹਾਂ ਹੁਣ ਥੋੜ੍ਹਾ ਸੈੱਟ ਹੋਣ ਵੱਲ ਹੈ ਤੇ ਦੋ ਚਾਰ ਗਾਣੇ ਕਲਿੱਕ ਕਰ ਗਏ ਤਾਂ ਸੁਖਸ਼ਿੰਦਰ ਸ਼ਿੰਦਾ, ਜ਼ੇਜ਼ੀ ਬੀ, ਗਿੱਪੀ ਗਰੇਵਾਲ, ਹਰਭਜਨ ਮਾਨ ਤੇ ਸਰਬਜੀਤ ਚੀਮਾ ਦੀ ਤਰਾਂ ਓਹ ਫ਼ਿਲਮਾਂ ਵੀ ਕਰੇਗਾ ਤੇ ਪੰਜਾਬ ਆ ਕਿ ਸ਼ੋ ਵੀ ਤੇ ਫਿਰ ਜਦ ਦਿਨ ਫਿਲਮੀ ਵੀ ਚੰਗੇ ਆ ਗਏ ਤਦ ਸਭ ਦੁੱਖ ਭੁੱਲ ਜਾਂਦੇ ਹਨ। ਚਲੋ ਆਪਾਂ ਸ਼ੁੱਭ ਕਾਮਨਾਵਾਂ ਦਿੰਦੇ ਹਾਂ ਕਿ ਇੰਝ ਹੋਏ ਗੋਗੀ ਘੁਮਾਣ ਨਾਲ।

## ਕੇ ਆਰ ਕੇ ਕਮਲ ਫ਼ਿਲਮੀ ਜੋਤਸ਼ੀ ਬਾਲੀਵੁੱਡ ਆਏ ਸਾਡੇ ਕੋਲ ਧੰਨਭਾਗ ਬੰਨੀ ਸ਼ਰਮਾ



ਮੰਨ ਗਏ ਉਸਤਾਦ ਵਾਲੀ ਗੱਲ ਬੰਨੀ ਸ਼ਰਮਾ ਤੇ ਢੁੱਕਦੀ ਹੈ ਤੇ ਕਿਹੜਾ ਸਾਡਾ ਨਾਮ ਨਹੀਂ ਜਾਣਦਾ ਵਾਲੀ ਸਥਿਤੀ।ਇਧਰ ਗਾਇਕੀ ਵਿੱਚ ਭੱਟੀ ਭੜੀਵਾਲਾ ਤੋਂ ਕੁਮਾਰ ਤੱਕ, ਜਰਨੈਲ ਘੁਮਾਣ ਤੋਂ ਇੰਦਰਜੀਤ ਸਿੰਘ ਬੈਂਸ ਤੱਕ ਮੰਗੀ ਮਾਹਲ ਤੋਂ ਮਲਕੀਤ ਸਿੰਘ ਤੱਕ ਤੇ ਡੋਲਿਸ਼ਾ ਤੋਂ ਗੁਰਦਾਸ ਮਾਨ ਤੱਕ। ਓਸ ਬੰਨੀ ਸ਼ਰਮਾ ਨੇ ਟੀ ਸੀਰੀਜ਼ ਤੋਂ ਟਿਪਸ ਤੱਕ ਤੇ ਉਸਤਾਦ ਹੰਸ ਰਾਜ ਹੰਸ ਜੀ ਤੋਂ ਸਚਿਨ ਅਹੂਜਾ ਸਾਰੇ ਬੰਨੀ ਸ਼ਰਮਾ ਨੂੰ ਮਨੋਰੰਜਨ ਸੰਸਾਰ ਦਾ ਧੁਰਾ ਮੰਨਦੇ ਹਨ। ਇਧਰ ਬਾਲੀਵੁੱਡ ਦੇ ਮਸ਼ਹੂਰ ਜੋਤਸ਼ੀ ਕੇ ਆਰ ਕੇ ਕਮਲ ਨੇ ਫਿਲਮੀ ਜੋਤਸ਼ੀ ਜਿਹਨਾਂ ਨੂੰ ਪਿੱਛੇ ਬਿਨ ਨਿਰਮਾਤਾ ਨਹੀਂ ਚਲਦੇ ਤੇ ਕਲਾਕਾਰ ਗ੍ਰਹਿ ਚਾਲ ਪੁੱਛ ਚਲਦੇ ਨੇ ਦਾ ਬੰਨੀ ਸ਼ਰਮਾ ਨਾਲ ਐਪਰ ਅਪਾਰ ਪ੍ਰੇਮ ਹੈ। ਕਮਲ ਵਿਆਹ ਸਮਾਗਮ ਲਈ ਜਲੰਧਰ ਪੰਜਾਬ ਆਏ ਤਾਂ ਬੰਨੀ ਸ਼ਰਮਾ ਨੇ ਹੱਥੀਂ ਛਾਂ ਕੀਤੀ। ਸੰਗੀਤ ਤੇ ਆਪਣੇ ਸਟਾਰ ਤੇ ਇੰਡਸਟਰੀ ਦੇ ਸਟਾਰ ਬਾਰੇ ਗੱਲਾਂ ਹੋਈਆਂ। ਕੇ ਆਰ ਕੇ ਕਮਲ ਨੇ ਕਿਹਾ ਬੰਨੀ ਸ਼ਰਮਾ ਨਾਲ ਮਿਲ ਦਿਲ ਨੂੰ ਨਵੀਂ ਊਰਜਾ ਮਿਲੀ ਜਦ ਕਿ ਬੰਨੀ ਸ਼ਰਮਾ ਨੇ ਕਿਹਾ ਓਹੀ ਮਹਾਨ ਨੇ ਕਮਲ ਜੀ ਜਿਹੜੇ ਆਪਣੇ ਲਈ ਕਦੇ ਕੋਈ ਕ੍ਰੈਡਿਟ ਨਹੀਂ ਲੈਂਦੇ। ਬੰਨੀ ਸ਼ਰਮਾ ਨੇ ਪੰਜਾਬ, ਪੰਜਾਬੀ ਪੰਜਾਬੀਅਤ ਸੰਬੰਧੀ ਕਮਲ ਹੋਰਾਂ ਨੂੰ ਜਾਣਕਾਰੀ ਦਿੱਤੀ ਤੇ ਇੰਡਸਟਰੀ ਲਈ ਓਹਨਾਂ ਦੇ ਜੋਤਿਸ਼ ਦੀਆਂ ਗੱਲਾਂ ਸੁਣੀਆਂ। ਇਹ ਇੱਕ ਯਾਦਗਾਰ ਮੁਲਕਾਤ ਦੋਵਾਂ ਲਈ ਬਣੀ।

## ਨਿਰਮਾਤਾ ਬਣ ਖੁਸ਼ ਕਰਨਗੇ ਨਿਰਦੇਸ਼ਨ ਦਾ ਸਫ਼ਰ ਠਹਿਰ ਕਿ ਰੇਸ਼ਮ ਛੀਨਾ



ਗਾਇਕ ਤੇ ਨਾਇਕ ਰੇਸ਼ਮ ਛੀਨਾ ਤੇ ਰੇਸ਼ਮ ਓਹ ਅਦਾਕਾਰ ਦਿਲ ਦਰਿਆ ਸਮੁੰਦਰੋਂ ਡੂੰਘੇ। ਲੋੜ ਪਈ ਅੱਧੀ ਰਾਤ ਵੀ ਸੱਜਣਾਂ ਲਈ ਹਾਜ਼ਿਰ। ਖੁਸ਼ ਰੱਬ ਸੋਹਣਾ ਵੀ ਸੁੰਦਰ ਪਤਨੀ ਦਿੱਤੀ ਹੈ ਤੇ ਆਗਿਆਕਾਰ ਔਲਾਦ ਤੇ ਆਪ ਅੱਜ ਵੀ ਹੀਰੋ ਆਏ ਹਿੱਟ ਹੈ ਫਿੱਟ ਹੈ। ਰੇਸ਼ਮ ਛੀਨਾ ਨੇ ਗਾਇਕੀ ਤੋਂ ਬਾਅਦ ਆਪਣੇ ਭਰਾਵਾਂ ਰਿਸ਼ਤੇਦਾਰਾਂ ਨਾਲ ਰਾਜਨੀਤੀ ਵਿੱਚ ਓਹਨਾਂ ਦਾ ਸਰਗਰਮੀ ਨਾਲ ਸਾਥ ਦਿੱਤਾ ਹੈ। ਰੇਸ਼ਮ ਛੀਨਾ ਅੱਜ ਕੋਈ ਟਰੈਕ ਦੇਣ ਹਿੱਟ ਰਹੂ। ਬਹੁਤ ਸਾਰੇ ਲੋਕ ਆਖਦੇ ਨੇ ਕਿ ਹੋਲੀ ਤੇ ਕੋਈ ਧਾਰਮਿਕ ਟਰੈਕ ਰੇਸ਼ਮ ਛੀਨਾ ਨੂੰ ਕਰਨਾ ਚਾਹੀਦਾ ਹੈ, ਚਾਹੇ ਆਪਣੀ ਆਵਾਜ਼ ਵਿੱਚ ਤੇ ਚਾਹੇ ਓਹ ਸ਼ਾਈਨ ਮੋਸ਼ਨ ਪਿਕਚਰਜ਼ ਤੋਂ ਰਲੀਜ਼ ਕਰਨ। ਰੇਸ਼ਮ ਛੀਨਾ ਫ਼ਿਲਮ ਨਿਰਮਾਤਾ ਬਣ ਸ਼ੋਰਟ ਫ਼ਿਲਮਾਂ ਵਿੱਚ ਕਾਮਯਾਬ ਹਨ। ਹੁਣੇ ਜਿਹੇ "ਦੱਸ ਲੱਖ" "ਦਿਹਾੜੀਦਾਰ" ਓਹਨਾਂ ਦੀਆਂ ਬਣਾਈਆਂ ਹਿੱਟ ਸ਼ੋਰਟ ਫ਼ਿਲਮਾਂ ਹਨ। ਬਾਕੀ ਬਹੁਤ ਸਾਰੀਆਂ ਮਾਡਲ ਚਾਹੁੰਦੀਆਂ ਨੇ ਕਿ ਰੇਸ਼ਮ ਛੀਨਾ ਕਦੇ ਕਦੇ ਹੀ ਸਹੀ ਇੱਕ ਦੋ ਟਰੈਕ ਕਰਿਆ ਕਰਨ ਮਤਲਬ ਸਾਫ਼ ਕਿ ਰੇਸ਼ਮ ਛੀਨਾ ਦਾ ਆਕਰਸ਼ਣ ਹੈ ਤੇ ਇਹ ਵਧੇਗਾ। ਰੇਸ਼ਮ ਛੀਨਾ ਬਾਬਤ ਸ਼ਗਨ ਨੇ ਕਿਹਾ ਸੀ ਕਿ ਰੇਸ਼ਮ ਛੀਨਾ ਨੂੰ ਡਾਇਰੈਕਟਰ ਤੇਜ਼ ਤਰਾਰ ਸ਼ੁਰੂ ਵਿੱਚ ਮਿਲਦਾ ਤਾਂ ਅੱਜ ਓਹ ਐਕਟਿੰਗ ਖੇਤਰ ਵਿਚ ਬਹੁਤ ਦੂਰ ਜਾਂਦੇ ਪਰ ਰੇਸ਼ਮ ਛੀਨਾ ਆਖਦੇ ਨੇ ਸ਼ੁਕਰੀਆ ਸ਼ਗਨ ਦਾ ਓਹ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹਨ।ਬਾਕੀ ਓਹਨਾਂ ਦੇ ਫੈਨ ਹੋਲੀ ਤੇ ਓਹਨਾਂ ਦਾ ਧਾਰਮਿਕ ਟਰੈਕ ਤੀਬਰਤਾ ਨਾਲ ਉਡੀਕ ਕਰਨਗੇ ਅੱਗੇ ਰੱਬ ਰਾਖਾ। ਰੇਸ਼ਮ ਛੀਨਾ ਨੇ ਇਹ ਇਸ਼ਾਰਾ ਦਿੱਤਾ ਹੈ ਕਿ ਓਹ ਸ਼ੋਰਟ ਫ਼ਿਲਮ ਡਾਇਰੈਕਟ ਕਰ ਕਿ ਇਸ ਪਾਸੇ ਆ ਸਕਦੇ ਹਨ ਪਰ ਫਿਲਹਾਲ ਨਿਰਮਾਣ ਵੱਲ ਹੈ ਧਿਆਨ।

## ਹਰਬੀਰ ਸਿੰਘ ਢੀਂਡਸਾ ਨੇ ਖੁਸ਼ ਕਰ ਦਿੱਤੇ ਨੌਜਵਾਨ ਹਿੱਟ ਹੋਈ ਪ੍ਰੀ ਵੈਡਿੰਗ




ਮੁੰਡੇ ਖੁੰਡਿਆਂ ਤੇ ਕੁੜੀਆਂ ਦੇ ਮਨੋਰੰਜਨ ਦਾ ਖਿਆਲ ਆਪਣੇ ਹਰਬੀਰ ਸਿੰਘ ਢੀਂਡਸਾ ਅੱਜ ਕਲ ਰੱਖਦੇ ਹੋਏ ਅਜਿਹੀਆਂ ਸ਼ੋਰਟ ਫ਼ਿਲਮਾਂ ਕਰਦੇ ਪਏ ਨੇ ਜਿਹਨਾਂ ਨੂੰ ਇਹ ਨੌਜਵਾਨ ਵਰਗ ਪਸੰਦ ਕਰਦਾ ਹੈ ਤੇ ਇਸ ਤਰਾਂ ਅੱਜ ਕਲ ਵਿਆਹ ਤੋਂ ਪਹਿਲਾਂ ਓਹ ਫਿਲਮੀ ਮਾਹੌਲ ਉਂਜ ਹੀ ਕੈਮਰੇ ਵਾਲੇ ਨਾਲ ਰੋਮਾਂਸ ਵਾਲੀ ਥਾਂ ਤੇ ਜਾ ਕਿ ਫੋਟੋਆਂ ਤੇ ਵੀਡੀਓ ਤੇ ਨਾਮ ਹੁੰਦਾ ਹੈ "ਪ੍ਰੀ ਵੈਡਿੰਗ" ਤੇ ਇਸ ਨਾਮ ਤੇ ਹੀ ਮਿਊਜ਼ਿਕ ਹੱਟ ਟੀਵੀ ਵੱਲੋਂ ਓਹਨਾਂ ਫ਼ਿਲਮ ਬਣਾਈ ਹੈ। ਬਈ ਫ਼ਿਲਮ ਵੱਟ ਕੱਢੀ ਜਾ ਰਹੀ ਹੈ। ਖ਼ੂਬ ਚਲ ਰਹੀ ਹੈ ਕਿਉਂ ਕਿ ਕਹਾਣੀ ਮੁੰਡਿਆਂ ਕੁੜੀਆਂ ਦੇ ਪਸੰਦ ਵਾਲੇ ਵਾਤਾਵਰਨ ਤੇ ਹੈ ਤੇ ਨਿਰਦੇਸ਼ਨ ਦਿੰਦੇ ਓਹਨਾਂ ਚੀਜ਼ ਵੋਹਟੀ ਜਿਹੀ ਇਹ ਮੂਵੀ ਬਣਾਈ ਹੈ। ਇਸ ਵਾਰ ਫ਼ਿਲਮ ਵਿੱਚ ਪਿੰਕੀ ਨਾਭੇ ਵਾਲੀ ਅਰਥਾਤ ਰਵਿੰਦਰ ਕੌਰ ਪਿੰਕੀ ਨੂੰ ਲਿਆ ਹੈ ਤੇ ਤਜਿੰਦਰ ਮਾਨ ਵੀ ਹਨ। ਸੁਮਨ ਬਾਠ ਦਾ ਰੂਪ ਮਾਸ਼ਾ ਅੱਲਾਹ ਫ਼ਿਲਮ ਵਿੱਚ ਜਚਾ ਦਿੱਤਾ ਹੈ ਢੀਂਡਸਾ ਬਾਈ ਨੇ ਤੇ ਜਗਨਾਰ ਜੀ ਵੀ ਫ਼ਿਲਮ ਵਿੱਚ ਹਨ। ਇਸ ਵਾਰ ਅਵਤਾਰ ਪਨੇਸਰ ਵੀ ਹਨ ਤੇ ਸ਼ਮਸ਼ੇਰ ਮੱਲ੍ਹੀ ਵੀ ਹਨ। "ਪ੍ਰੀ ਵੈਡਿੰਗ" ਵਿੱਚ ਰਮਨ ਗਿੱਲ ਵੀ ਹੈ। ਪਰਮਜੀਤ ਕੌਰ ਢੀਂਡਸਾ ਤੇ ਹਰਪ੍ਰੀਤ ਆਸਟ੍ਰੇਲੀਆ ਦੇ ਕੈਂਪ ਦੀ ਇਹ ਲਘੂ ਫ਼ਿਲਮ ਬਹੁਤ ਚਲ ਰਹੀ ਹੈ ਤੇ ਹਰਬੀਰ ਸਿੰਘ ਢੀਂਡਸਾ ਇਸ ਸਾਲ ਏਕ ਸੇ ਬੜ੍ਹ ਕਰ ਏਕ ਫ਼ਿਲਮਾਂ ਦੇ ਰਹੇ ਹਨ। ਕਨੇਡਾ ਵਾਲੀ ਪ੍ਰੀਤ ਗਰੇਵਾਲ ਨੂੰ ਵੀ ਪਤਾ ਚਲਾ ਦਿੱਤਾ ਹਰਬੀਰ ਸਿੰਘ ਢੀਂਡਸਾ ਨੇ ਕਿ ਇਹ ਹੁੰਦੀ ਹੈ ਸੁੱਖ ਨਾਲ "ਪ੍ਰੀ ਵੈਡਿੰਗ" ਤੇ ਫ਼ਿਲਮ ਨੂੰ ਯੁਵਾ ਪੀੜ੍ਹੀ ਪਸੰਦ ਦੀ ਫ਼ਿਲਮ ਵੱਜੋਂ ਅੰਕਿਤ ਕਰ ਰਹੀ ਹੈ।

-ਅੰਮ੍ਰਿਤ ਪਵਾਰ

# ਆਪਣੀ ਕਿਰਤ ਕਮਾਈ ਕਰਕੇ ਪੈਸਾ ਜੋੜੋ, ਜਾਤਾਂ ਧਰਮਾਂ ਆਦਿ ਦੇ ਝਗੜਿਆਂ ਤੋਂ ਬਚੋ

**ਹਰਲਾਜ ਸਿੰਘ ਬਹਾਦਰਪੁਰ**
ਪਿੰਡ ਤੇ ਡਾਕ : ਬਹਾਦਰਪੁਰ
ਤਹਿ: ਬੁਢਲਾਡਾ, ਜਿਲ੍ਹਾ ਮਾਨਸਾ (ਪੰਜਾਬ)
ਮੋਬਾਇਲ-94170-23911



ਸਾਡੇ ਪਿੰਡ ਦੇ ਡੇਰੇ ਤੇ 2001 ਵਿੱਚ ਹੋਏ ਪਾਠ ਦੇ ਭੋਗ ਤੋਂ ਬਾਅਦ ਡੇਰੇ ਵਿੱਚ ਲੱਗੇ ਨਕਲੀਆਂ (ਭੰਡਾਂ) ਦੇ ਅਖਾੜੇ ਤੋਂ ਦੁੱਖੀ ਹੋਏ ਮੈਂ ਅਤੇ ਬਾਬਾ ਧਰਮ ਸਿੰਘ ਗ੍ਰੰਥੀ ਨੇ 18 ਸਤੰਬਰ 2001 ਨੂੰ ਅਕਾਲ ਤਖਤ ਦੇ ਜੱਥੇਦਾਰ ਨੂੰ ਚਿੱਠੀ ਲਿਖੀ, ਇਹ ਚਿੱਠੀ ਮੈਂ ਧਰਮ ਸਿੰਘ ਦੇ ਨਾਮ ਤੇ ਲਿਖੀ ਸੀ ।

ਸਤਿਕਾਰ ਯੋਗ ਸਿੰਘ ਸਾਹਿਬ ਜੋਗਿੰਦਰ ਸਿੰਘ ਜੀ ਜਥੇਦਾਰ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ,

ਬੇਨਤੀ ਹੈ ਕਿ ਅਸੀਂ ਗੁਰੂ ਘਰਾਂ ਦੇ ਗ੍ਰੰਥੀ ਕੀ ਕਰੀਏ ਕੀ ਨਾ ਕਰੀਏ, ਜੋ ਪਿੰਡਾਂ ਸ਼ਹਿਰਾਂ ਦੇ ਗੁਰੂ ਘਰਾਂ ਦੀਆਂ ਲੋਕਲ ਕਮੇਟੀਆਂ ਹਨ ਜਿੰਨਾ ਦੇ ਮੈਂਬਰ ਬੇਅੰਮ੍ਰਿਤੀਏ ਜਾਂ ਗੁਰਮਤਿ ਤੋਂ ਅਣਜਾਣ ਹੀ ਹੁੰਦੇ ਹਨ, ਜਿਸ ਕਾਰਨ ਅੱਜ ਡੇਰੇ, ਕਬਰਾਂ, ਮੜੀਆਂ ਆਦਿ ਥਾਵਾਂ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪ੍ਰਕਾਸ਼ ਹੁੰਦੇ ਹਨ। ਜਿੱਥੇ ਸੱਭ ਕੁੱਝ ਗੁਰਮਤਿ ਦੇ ਉਲਟ ਹੁੰਦਾ ਹੈ, ਗੁਰੂ ਘਰਾਂ ਦੀਆਂ ਕਮੇਟੀਆਂ ਦੇ ਮੈਂਬਰ ਹੀ ਡੇਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਹੁੰਦੇ ਹਨ। ਜਿਸ ਦੇ ਕਾਰਨ ਗ੍ਰੰਥੀਆਂ ਨੂੰ ਵੀ ਡੇਰਿਆਂ ਮੜੀਆਂ ਆਦਿ ਥਾਵਾਂ ਤੇ ਮਜਬੂਰਨ ਜਾਣਾ ਪੈਂਦਾ ਹੈ, ਜੇ ਕੋਈ ਗ੍ਰੰਥੀ ਸਿੰਘ ਮਨਮਤਿ ਦਾ ਵਿਰੋਧ ਕਰਦਾ ਹੈ ਤਾਂ ਉਸ ਦੀ ਛੁੱਟੀ ਕਰ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ ਭਾਈ ਮਾਨ ਸਿੰਘ (ਹੈੱਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ) ਦੀ ਕੀਤੀ ਗਈ ਹੈ। ਅੱਜ ਕੱਲ੍ਹ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰੂ ਘਰਾਂ ਵਿੱਚ ਵੀ ਪੰਥਕ ਮਰਯਾਦਾ ਲਾਗੂ ਨਹੀਂ ਹੈ। ਹਰ ਡੇਰੇਦਾਰ ਸੰਤ ਦੀ ਵੱਖੋ ਵੱਖਰੀ ਮਰਯਾਦਾ ਹੈ ਜਿਸ ਕਰਕੇ ਗ੍ਰੰਥੀ ਸਿੰਘਾਂ ਨੂੰ ਪਿੰਡਾਂ ਵਿੱਚ ਵੱਖ ਵੱਖ ਘਰਾਂ ਵਿੱਚ ਵੱਖਰੀ ਵੱਖਰੀ ਮਰਯਾਦਾ ਅਨੁਸਾਰ ਪਾਠ ਕਰਨੇ ਪੈਂਦੇ ਹਨ। ਇਸ ਲਈ ਜਥੇਦਾਰ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਸਿੱਖ ਪੰਥ ਨੂੰ ਹੁਕਮਨਾਮਾਂ ਜਾਰੀ ਕਰੇ ਕਿ ਡੇਰੇ, ਕਬਰਾਂ,ਮੜੀਆਂ ਆਦਿ ਥਾਵਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਪ੍ਰਕਾਸ਼ ਨਾ ਕੀਤਾ ਜਾਵੇ। ਹਰੇਕ ਗੁਰੂ ਘਰ ਵਿੱਚ ਇੱਕੋ ਪੰਥਕ ਮਰਯਾਦਾ ਲਾਗੂ ਹੋਵੇ, ਇਸ ਕਾਰਜ ਨੂੰ ਨੂੰ ਨੇਪਰੇ ਚਾੜਨ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਗੁਰਮਤਿ ਨਿਗਰਾਨ ਕਮੇਟੀਆਂ ਦਾ ਗੰਠਨ ਕੀਤਾ ਜਾਵੇ ਜੋ ਪਿੰਡਾਂ ਸਹਿਰਾਂ ਦੇ ਗੁਰੂ ਘਰਾਂ ਵਿੱਚ ਜਾ ਕੇ ਆਪ ਜਾਇਜਾ ਲੈਣ, ਜਿਹੜੇ ਗੁਰੂ ਘਰ ਵਿੱਚ ਪੰਥਕ ਮਰਯਾਦਾ ਤੋਂ ਉਲਟ ਕੋਈ ਮਨਮਤਿ ਹੁੰਦੀ ਹੋਵੇ, ਉਸ ਗੁਰੂ ਘਰ ਦੇ ਗ੍ਰੰਥੀ ਅਤੇ ਸਬੰਧਤ ਕਮੇਟੀ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ, ਇਸ ਲਈ ਲੋੜ ਹੈ ਠੋਸ ਕਦਮ ਚੁੱਕਣ ਦੀ, ਆਸ ਹੈ ਕਿ ਦਾਸ ਦੀ ਬੇਨਤੀ ਵੱਲ ਜਰੂਰ ਧਿਆਨ ਦੇਉਂਗੇ।

ਗੁਰੂ ਪੰਥ ਦਾ ਦਾਸ ਧਰਮ ਸਿੰਘ ਗ੍ਰੰਥੀ ਗੁਰਦੁਆਰਾ ਜੰਡਸਰ ਸਾਹਿਬ, ਪਿੰਡ ਬਹਾਦਰਪੁਰ ਡਾਕਖਾਨਾ ਖਾਸ, ਤਹਿਸੀਲ ਬੁਢਲਾਡਾ, ਜਿਲਾ ਮਾਨਸਾ, ਪਿੰਨ ਕੋਡ 151501
ਮਿਤੀ 18-9 2001

16 ਨਵੰਬਰ 2001 ਵਿੱਚ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ, 17 ਨਵੰਬਰ ਨੂੰ ਇਹ ਖਬਰ ਅਖਬਾਰਾਂ ਵਿੱਚ ਆ ਗਈ, ਕਿ ਜਥੇਦਾਰ ਵੇਦਾਂਤੀ ਵੱਲੋਂ ਪਾਵਨ ਸਰੂਪ ਕਬਰਾਂ, ਮਜਾਰਾਂ, ਖਾਨਗਾਹਾਂ ਆਦਿ ਤੇ ਲਿਜਾ ਕੇ ਅਖੰਡਪਾਠ ਰੱਖਣ ਦੀ ਮਨਾਹੀ। ਜਦੋਂ ਮੈਂ ਤੇ ਬਾਬਾ ਧਰਮ ਸਿੰਘ ਗ੍ਰੰਥੀ ਨੇ ਲਾਇਬ੍ਰੇਰੀ ਵਿੱਚ ਬੈਠਿਆਂ ਇਹ ਖਬਰ ਵੇਖੀ ਤਾਂ ਸਾਨੂੰ ਬਹੁਤ ਖੁਸ਼ੀ ਹੋਈ ਕਿ ਆਪਣੀ ਭੇਜੀ ਚਿੱਠੀ ਤੇ ਜਥੇਦਾਰ ਨੇ ਆਪਣੇ ਲਿਖੇ ਅਨੁਸਾਰ ਹੀ ਹੁਕਮਨਾਮਾ ਜਾਰੀ ਕਰ ਦਿੱਤਾ ਹੈ। ਫਿਰ ਪਿੰਡ ਵਿੱਚ ਬਸੰਤ ਮੁਨੀ ਦੇ ਡੇਰੇ ਤੇ ਰਹਿੰਦੇ ਸਾਧ ਬੋਹੜ ਦਾਸ ਨੇ ਡੇਰੇ ਵਿੱਚ ਪਾਠ ਪ੍ਰਕਾਸ਼ ਕਰਵਾਉਣਾ ਸੀ, ਇਸ ਡੇਰੇ ਵਿੱਚ ਮੂਰਤੀਆਂ ਵੀ ਸਨ, ਜਿੰਨਾ ਵਿੱਚ ਸ੍ਰੀ ਚੰਦ ਦੀ ਵੱਡੀ ਮੂਰਤੀ ਅਤੇ ਸ਼ਿਵਜੀ, ਪਾਰਵਤੀ, ਗਣੇਸ਼ ਆਦਿ ਦੀਆਂ ਛੋਟੀਆਂ ਛੋਟੀਆਂ ਮੂਰਤੀਆਂ ਸਨ, ਇਹਨਾਂ ਛੋਟੀਆਂ ਮੂਰਤੀਆਂ ਬਾਰੇ ਸਾਨੂੰ ਕੋਈ ਜਾਣਕਾਰੀ ਵੀ ਨਹੀਂ ਸੀ, ਸਾਨੂੰ ਤਾਂ ਸਿਰਫ ਸ੍ਰੀ ਚੰਦ ਦੀ ਵੱਡੀ ਮੂਰਤੀ ਦਾ ਹੀ ਪਤਾ ਸੀ, ਉਹ ਅਸੀਂ ਪਹਿਲਾਂ ਹੀ ਡੇਰੇ ਵਿੱਚ ਵੇਖੀ ਹੋਈ ਸੀ। ਮੈਂ ਅਤੇ ਬਾਬਾ ਧਰਮ ਸਿੰਘ ਨੇ ਅਕਾਲ ਤਖਤ ਸਾਹਿਬ ਦੇ ਹੁਕਮ ਨਾਮੇ ਅਨੁਸਾਰ ਇਸ ਡੇਰੇ ਵਿੱਚ ਕਰਵਾਏ ਜਾ ਰਹੇ ਪਾਠ ਦਾ ਵਿਰੋਧ ਕੀਤਾ ਅਤੇ ਇਸ ਸਬੰਧ ਵਿੱਚ ਅਕਾਲ ਤਖਤ, ਧਰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਖਾਲਸਾ ਪੰਚਾਇਤ, ਅਖਬਾਰਾਂ, ਸਪੋਕਸਮੈਨ ਮਾਸਿਕ ਨੂੰ ਆਦਿ ਨੂੰ ਚਿੱਠੀ ਪੱਤਰ, ਫੈਕਸ ਆਦਿ ਭੇਜਦੇ ਰਹੇ, ਧਰਮ ਪਰਚਾਰ ਕਮੇਟੀ ਅੰਮ੍ਰਿਤਸਰ ਵੱਲੋਂ ਜਗਤਾਰ ਸਿੰਘ ਜੰਗੀਆਣਾ, ਨਿੱਕਾ ਸਿੰਘ, ਗੁਰਨਾਮ ਸਿੰਘ ਖਿਉਵਾਲਾ ਆਦਿ ਪ੍ਰਚਾਰਕ ਡੇਰੇ ਵਿੱਚ ਭੇਜੇ ਗਏ, ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਵੀ ਪ੍ਰਚਾਰਕ ਸਿੰਘ ਆਉਂਦੇ ਰਹੇ ਜੋ ਵਿੱਚਕਾਰਲਾ ਜਿਹਾ ਰਸਤਾ ਅਪਣਾ ਕੇ ਗੱਲ ਨੂੰ ਅੱਧ ਵਿੱਚਕਾਰ ਹੀ ਛੱਡ ਕੇ ਜਾਂਦੇ ਰਹੇ, ਕਿਉਂਕਿ ਅਕਾਲ ਤਖਤ ਦੇ ਹੁਕਮਨਾਮੇ ਅਨੁਸਾਰ ਤਾਂ ਅਸੀਂ ਸਹੀ ਹੁੰਦੇ ਸੀ, ਪਰ ਇਸ ਪਾਸੇ ਅਸੀਂ ਦੋ ਜਣੇ ਹੀ ਹੁੰਦੇ ਸੀ, ਦੂਜੇ ਪਾਸੇ ਸਾਡੇ ਵਿਰੁੱਧ ਡੇਰੇ ਵਾਲਿਆਂ ਦੇ ਪੱਖ ਵਿੱਚ ਲੋਕ ਜਿਆਦਾ ਹੁੰਦੇ ਸਨ, ਹੁਕਮਨਾਮਾਂ ਲਾਗੂ ਕਰਵਾਉਣ ਆਉਂਦੇ ਪ੍ਰਚਾਰਕ ਡੇਰਾ ਪੱਖੀਆਂ ਦੀ ਬਹੁ ਗਿਣਤੀ ਦੇ ਵਿਰੁੱਧ ਸਹੀ ਫੈਸਲਾ ਲੈਣ ਦੀ ਥਾਂ ਗੱਲ ਨੂੰ ਗੋਲਮੋਲ ਕਰ ਜਾਂਦੇ ਸੀ। ਪਿੰਡ ਵਿੱਚ ਸਾਡਾ ਵਿਰੋਧ ਵੀ ਬਹੁਤ ਹੋਇਆ, ਪਿੰਡ ਦੇ ਆਗੂ ਕਹਾਉਂਦੇ ਸਿੱਖ ਵੀ ਸਾਡੇ ਵਿਰੋਧ ਵਿੱਚ ਅਕਾਲ ਤਖਤ ਦੇ ਜੱਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਕੋਲੋਂ ਡੇਰੇ ਵਿੱਚ ਪਾਠ ਕਰਨ ਦੀ ਆਗਿਆ ਲੈ ਕੇ ਆਉਂਦੇ ਰਹੇ ਸਨ, ਇਹ ਕਲੇਸ਼ ਬਹੁਤ ਸਮਾਂ ਚਲਦਾ ਰਿਹਾ, ਸਾਡਾ ਪਿੰਡ ਚਰਚਾ ਵਿੱਚ ਵੀ ਰਿਹਾ, ਫਿਰ ਹੋਰ ਪਿੰਡਾਂ ਦੇ ਲੋਕ ਵੀ ਸਾਡੇ ਕੋਲ ਆਉਣ ਲੱਗ ਗਏ ਕਿ ਸਾਡੇ ਪਿੰਡ ਦੇ ਡੇਰੇ ਵਿੱਚੋਂ ਵੀ ਪਾਠ ਰੁਕਵਾਓ, ਅਸੀਂ ਉਹਨਾ ਦਾ ਚਿੱਠੀ ਪੱਤਰ ਵੀ ਇਸੇ ਤਰਾਂ ਭੇਜਦੇ ਰਹੇ, ਹੌਲੀ ਹੌਲੀ ਕੁੱਝ ਡੇਰਿਆਂ ਵਿੱਚ ਪਾਠ ਹੋਣੇ ਬੰਦ ਹੋ ਗਏ। ਸਪੋਕਸਮੈਨ ਮਾਸਿਕ ਨਾਲ ਤਾਂ ਮੈਂ ਪਹਿਲਾਂ ਹੀ ਜੁੜਿਆ ਹੋਇਆ ਸੀ, 2003 ਵਿੱਚ ਸਪੋਕਸਮੈਨ ਵੱਲੋਂ ਸੱਦੇ ਗਏ ਵਿਸ਼ਵ ਸਿੱਖ ਸਮੇਲਨ ਵਿੱਚ ਵੀ ਮੈਂ ਆਪਣੇ ਪਿੰਡੋਂ ਦੋ ਗੱਡੀਆਂ ਰਾਹੀਂ ਬੰਦੇ ਬੁੜੀਆਂ (ਪੁਰਸ਼ ਇਸਤਰੀਆਂ) ਲੈ ਕੇ ਗਿਆ ਸੀ। ਫਿਰ 2005 ਤੋਂ ਸਪੋਕਸਮੈਨ ਦੇ ਪ੍ਰੈਸ ਰਿਪੋਰਟਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਡੇਰਾਬਾਦ ਦੇ ਪਖੰਡ ਦਾ ਵਿਰੋਧ ਤਾਂ ਦਿਮਾਗ ਵਿੱਚ ਪਹਿਲਾਂ ਹੀ ਸੀ, ਪੱਤਰਕਾਰ ਬਣ ਕੇ ਵੀ ਇਹ ਵਿਰੋਧ ਉਸੇ ਤਰ੍ਹਾਂ ਜਾਰੀ ਰਿਹਾ, ਪਿੰਡ ਕਾਹਨਗੜ੍ਹ ਦੇ ਡੇਰੇ ਦਾ ਸਾਧ ਗੌਤਮ ਦਾਸ ਡੇਰੇ ਵਿੱਚ ਦਲਿਤਾਂ ਨਾਲ ਵਿਤਕਰਾ ਕਰਦਾ ਸੀ, ਇੱਕ ਬਾਰ ਮੂਰਤੀ ਦੀ ਸੋਭਾ ਯਾਤਰਾ ਕੱਢਦੇ ਸਮੇਂ ਉਸ ਨੇ ਇੱਕ ਦਲਿਤ ਔਰਤ ਨੂੰ ਲੱਤ ਮਾਰ ਦਿੱਤੀ ਸੀ, 3 ਫਰਵਰੀ 2006 ਨੂੰ ਮੈਂ ਇਹ ਖਬਰ ਰੋਜਾਨਾ ਸਪੋਕਸਮੈਨ ਵਿੱਚ ਲਾ ਦਿੱਤੀ ਕਿ ਸਾਧ ਨੇ ਦਲਿਤ ਔਰਤ ਨੂੰ ਲੱਤ ਮਾਰ ਦਿੱਤੀ, ਇਸ ਖਬਰ ਦੇ ਵਿਰੁੱਧ ਸਾਧ ਨੇ ਮੇਰੇ ਉੱਤੇ ਅਦਾਲਤ ਵਿੱਚ ਕੇਸ ਕਰ ਦਿੱਤਾ ਸੀ, ਇਸ ਕੇਸ ਵਿੱਚ 12 ਦਸੰਬਰ 2009 ਨੂੰ ਮੇਰੀ ਪਹਿਲੀ ਪੇਸ਼ੀ ਸੀ, 10 ਸਤੰਬਰ 2012 ਨੂੰ ਇਹ ਕੇਸ ਰੱਦ ਹੋ ਗਿਆ ਸੀ। ਅਫਸੋਸ ਪਿੰਡ ਦੇ ਹੋਰ ਦਲਿਤਾਂ ਨੇ ਤਾਂ ਮੇਰਾ ਕੀ ਸਾਥ ਦੇਣਾ ਸੀ, ਜਿਹੜੀ ਇਸਤਰੀ ਦੇ ਲੱਤ ਮਾਰੀ ਸੀ ਉਸ ਨੇ ਵੀ ਮੇਰਾ ਸਾਥ ਨਹੀਂ ਦਿੱਤਾ। ਇਸੇ ਸਾਧ ਨੇ ਫਿਰ ਪਿੰਡ ਖੁਡਾਲ ਕਲਾਂ ਦੇ ਡੇਰੇ ਵਿੱਚ ਦਲਿਤਾਂ ਨੂੰ ਸੇਵਾ ਕਰਨ ਤੋਂ ਰੋਕ ਕੇ ਉਹਨਾ ਨੂੰ ਜਾਤੀ ਤੌਰ ਤੇ ਅਪਮਾਨਿਤ ਕੀਤਾ, 1 ਸਤੰਬਰ 2009 ਨੂੰ ਮੈਂ ਇਹ ਖਬਰ ਵੀ ਰੋਜਾਨਾ ਸਪੋਕਸਮੈਨ ਵਿੱਚ ਲਾ ਦਿੱਤੀ ਕਿ ਸਾਧ ਨੇ ਇਸ ਤਰ੍ਹਾਂ ਦਲਿਤਾਂ ਦਾ ਅਪਮਾਨ ਕੀਤਾ ਹੈ, ਇਸ ਬਾਰ ਵੀ ਸਾਧ ਨੇ ਮੇਰੇ ਉੱਤੇ ਅਦਾਲਤ ਵਿੱਚ ਫਿਰ ਕੇਸ ਕਰ ਦਿੱਤਾ। ਇਸ ਕੇਸ ਦੀ ਪਹਿਲੀ ਪੇਸ਼ੀ 2 ਅਗਸਤ 2014 ਦੀ ਸੀ, 7 ਸਤੰਬਰ 2015 ਨੂੰ ਇਹ ਕੇਸ ਵੀ ਰੱਦ ਹੋ ਗਿਆ ਸੀ। ਇਸ ਕੇਸ ਵਿੱਚ 8-10 ਬੰਦਿਆਂ ਨੇ ਅੱਗੇ ਹੋ ਕੇ ਖਬਰ ਦਿੱਤੀ ਸੀ, ਪਰ ਅਖੀਰ ਦੋ ਬੰਦੇ ਹੀ ਮੇਰੇ ਨਾਲ ਰਹਿ ਗਏ ਸਨ ਬਾਕੀ ਸੱਭ ਪਿੱਛੇ ਹਟ ਗਏ ਸਨ। ਇੱਕ ਬਾਰ 13 ਮਾਰਚ 2009 ਨੂੰ ਪਿੰਡ ਭਖੜਿਆਲ ਦੇ ਸਾਧ ਗੁਰਮੇਲ ਦਾਸ ਨੇ ਉੱਥੋਂ ਦੇ ਐੱਸ ਸੀ ਸਰਪੰਚ ਮਹਿੰਦਰ ਸਿੰਘ ਸਮੇਤ ਪਿੰਡ ਦੇ ਸਮੂੰਹ ਦਲਿਤਾਂ ਨੂੰ ਇੱਕ ਭੰਡਾਰੇ ਸਮੇਂ ਡੇਰੇ ਦੇ ਅੰਦਰਲੇ ਗੇਟ ਤੋਂ ਅਗਲੇ ਪਾਸੇ ਬਹਿ ਕੇ ਲੰਗਰ ਛਕਣ ਤੋਂ ਰੋਕ ਦਿੱਤਾ ਸੀ, ਉਹਨਾ ਨੇ ਖੁਦ ਪ੍ਰੈਸਨੋਟ ਟਾਇਪ ਕਰਵਾ ਕੇ ਸਰਪੰਚ ਦੀ ਮੋਹਰ ਅਤੇ ਦਸਤਖਤ ਕਰਵਾ ਕੇ ਦਿੱਤਾ ਸੀ, ਅਸੀਂ (ਮੈਂ ਅਤੇ ਅਜੀਤ ਅਖਬਾਰ ਦਾ ਪੱਤਰਕਾਰ) ਖੁਦ ਵੀ ਸਰਪੰਚ ਦੇ ਘਰ ਜਾ ਕੇ ਗੱਲਬਾਤ ਕੀਤੀ, ਫਿਰ ਡੇਰੇ ਦੇ ਸਾਧ ਨੂੰ ਵੀ ਮਿਲੇ, ਸਾਧ ਨੇ ਵੀ ਸਰਪੰਚ ਵੱਲੋਂ ਦੱਸੀਆਂ ਗੱਲਾਂ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਡੇਰੇ ਵਿੱਚ ਵਿਤਕਰਾ ਤਾਂ ਕੋਈ ਨਹੀਂ ਹੈ ਪਰ ਦਲਿਤਾਂ ਦੀ ਪੰਗਤ ਇਸ ਚਾਰਦਿਵਾਰੀ ਤੋਂ ਬਾਹਰ ਹੁੰਦੀ ਹੈ, ਉਹ ਅੰਦਰਲੇ ਪਾਸੇ ਬਹਿ ਕੇ ਲੰਗਰ ਨਹੀਂ ਛੱਕ ਸਕਦੇ, ਸਮਾਧ ਨੂੰ ਮੱਥਾ ਤਾਂ ਟੇਕ ਸਕਦੇ ਹਨ, ਪਰ ਚਾਰਦਿਵਾਰੀ ਤੋਂ ਬਾਹਰ ਖੜ੍ਹ ਕੇ ਹੀ ਟੇਕ ਸਕਦੇ ਹਨ ਅੰਦਰ ਨਹੀਂ ਆ ਸਕਦੇ, ਉਸ ਸਮੇਂ 13 ਮਾਰਚ 2009 ਨੂੰ ਵੀ ਇਹ ਖਬਰ ਸਿਰਫ ਮੈਂ ਹੀ ਲਾਈ ਸੀ, ਇਸ ਖਬਰ ਤੇ ਪੜਤਾਲ ਵੀ ਹੋਈ ਸੀ, ਇਸ ਖਬਰ ਦੇ ਅਧਾਰ ਤੇ ਹੀ ਕਿਸੇ ਸਮੇਂ ਬਹੁਜਨ ਸਮਾਜ ਪਾਰਟੀ ਦੇ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਰਹੇ ਮੇਜਰ ਪ੍ਰਿਤਪਾਲ ਸਿੰਘ ਵੀ ਲੁਧਿਆਣੇ ਤੋਂ ਪਿੰਡ ਭਖੜਿਆਲ ਸਰਪੰਚ ਨੂੰ ਮਿਲ ਕੇ ਗਏ ਸੀ, ਪਰ ਕਿਸੇ ਹੋਰ ਨੇ ਧੰਨਵਾਦ ਤਾਂ ਕੀ ਕਰਨਾ ਸੀ, ਉਲਟਾ ਉਸ ਸਮੇਂ ਐੱਸ ਸੀ ਕਮਿਸ਼ਨ ਦੇ ਚੇਅਰਮੈਨ ਦਲੀਪ ਸਿੰਘ ਪਾਂਧੀ ਦਾ ਫੋਨ ਆਇਆ ਸੀ ਕਿ ਅਜਿਹੀਆਂ ਖਬਰਾਂ ਨਾ ਲਾਇਆ ਕਰੋ। ਬੇਸ਼ੱਕ ਕੁੱਝ ਡੇਰਿਆਂ ਵਿੱਚ ਹੁੰਦੇ ਪਾਠ ਵੀ ਬੰਦ ਹੋ ਗਏ, ਦੋਹੇਂ ਬਾਰ ਕੇਸ ਵੀ ਮੈਂ ਜਿੱਤ ਗਿਆ ਸੀ, ਪਰ ਸਿੱਖਣ ਨੂੰ ਕਾਫੀ ਕੁੱਝ ਮਿਲਿਆ, ਕਿ ਜਿਸ ਅਕਾਲ ਤਖਤ ਨੂੰ ਉਚਾ ਤੇ ਸੱਚਾ ਸਮਝਦੇ ਸੀ, ਜਿਸ ਦੇ ਹੁਕਮ ਨੂੰ ਮੰਨਦਿਆਂ ਪੂਰੇ ਪਿੰਡ ਦੇ ਵਰੁੱਧ ਅਸੀਂ ਦੋ ਜਣੇ ਡੱਟ ਕੇ ਖੜ੍ਹ ਗਏ ਸੀ, ਉਸ ਅਕਾਲ ਤਖਤ ਨੇ ਆਪਣੇ ਹੁਕਮ ਨੂੰ ਲਾਗੂ ਕਰਵਾਉਣ ਲਈ ਵੀ ਸਾਡਾ ਸਾਥ ਦੇਣ ਦੀ ਥਾਂ ਸਾਡੇ ਪੱਲੇ ਨਿਰਾਸ਼ਾ ਹੀ ਪਾਈ ਸੀ, ਜਿੰਨਾ ਦਲਿਤਾਂ ਦੇ ਅਪਮਾਨ ਦੇ ਵਿਰੁੱਧ ਸਾਧਾਂ ਦਾ ਅਤੇ ਸਾਧਾਂ ਦੇ ਅਮੀਰ ਸਾਥੀਆਂ ਦੇ ਵਿਰੋਧ ਦਾ ਸਾਹਮਣਾ ਕਰਦਿਆਂ, ਸਮਾਂ ਅਤੇ ਪੈਸਾ ਬਰਬਾਦ ਕਰਨ ਦੇ ਨਾਲ ਨਾਲ ਚਾਰ ਸਾਲ ਅਦਾਲਤਾਂ ਵਿੱਚ ਧੱਕੇ ਖਾਧੇ, ਉਹ ਨਿਮਾਣੇ ਸਮਝੇ ਜਾਂਦੇ ਦਲਿਤ ਵੀ ਨਾਲ ਨਾ ਖੜ੍ਹੇ, ਦਲਿਤਾਂ ਦਾ ਸਨਮਾਨ ਬਹਾਲ ਕਰਵਾਉਣ ਦੇ ਨਾਮ ਤੇ ਮਿਲੀ ਕੁਰਸੀ ਤੇ ਬੈਠਾ ਅਨੰਦ ਮਾਣ ਰਿਹਾ ਐੱਸ ਸੀ ਕਮਿਸ਼ਨ ਦਾ ਚੇਅਰਮੈਨ ਪਾਂਧੀ ਵੀ ਦਲਿਤਾਂ ਦੀ ਥਾਂ ਦਲਿਤਾਂ ਦਾ ਅਪਮਾਨ ਕਰਨ ਵਾਲੇ ਸਾਧ ਦੇ ਪੈਰਾਂ ਵਿੱਚ ਬੈਠਾ ਵਿਖਾਈ ਦਿੱਤਾ। ਜਿਸ ਸਪੋਕਸਮੈਨ ਨੂੰ ਸਿੱਖ ਕੌਮ ਦੀ ਅਵਾਜ ਸਮਝ ਕੇ ਉਸ ਦੀ ਨਿਸ਼ਕਾਮ ਸੇਵਾ ਕਰਦੇ ਰਹੇ, ਉਸ ਸਪੋਕਸਮੈਨ ਨੇ ਪੈਸੇ ਦੀ ਕਾਮਨਾ ਕਰਦਿਆਂ ਜੇ ਕਿਸੇ ਦੇ ਵਿਰੁੱਧ ਕੋਈ ਖਬਰ ਹੁੰਦੀ ਤਾਂ ਉਸ ਨਾਲ ਸੌਦੇਵਾਜੀ ਕਰਕੇ ਮੇਰੀਆਂ ਖਬਰਾਂ ਮਿਸ ਕਰਨੀਆਂ ਸ਼ੁਰੂ ਕਰਕੇ ਮੇਰੀ ਅਵਾਜ ਬੰਦ ਕਰਨੀ ਸ਼ੁਰੂ ਕਰ ਦਿੱਤੀ ਸੀ, ਕਦੇ ਕਿਸੇ ਕੇਸ ਸਮੇਂ ਹਾਲ ਤੱਕ ਨਹੀਂ ਸੀ ਪੁੱਛਿਆ। 16 ਨਵੰਬਰ 2001 ਵਿੱਚ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਤੋਂ ਲੈ ਕੇ ਸਾਧ ਦੇ ਕੇਸ ਵਾਲੀ 7 ਸਤੰਬਰ 2015 ਦੀ ਆਖਰੀ ਪੇਸ਼ੀ ਤੱਕ 12 ਸਾਲ 10 ਮਹੀਨੇ ਆਪਣੇ ਘਰ ਦੇ ਕੰਮ ਛੱਡਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਇਲਾਵਾ ਕੁੱਝ ਵੀ ਨਹੀਂ ਖੱਟਿਆ, ਅਕਾਲ ਤਖਤ ਦੇ ਹੁਕਮਨਾਮਿਆਂ ਦਾ ਪੱਖ, ਡੇਰਾਬਾਦ ਦਾ ਵਿਰੋਧ, ਦਲਿਤਾਂ ਦੇ ਮਾਨ ਸਨਮਾਨ ਲਈ, ਸਿੱਖ ਕੌਮ ਦੀ ਅਵਾਜ ਸਮਝਦਿਆਂ ਸਪੋਕਸਮੈਨ ਦੀ ਸੇਵਾ ਕਰਦਿਆਂ ਜਿੰਦਗੀ ਦੇ 13 ਸਾਲ ਬਰਬਾਦ ਕਰ ਲਏ। ਬੇਸ਼ੱਕ ਮੈਨੂੰ ਇਹ ਸੱਭ ਕੁੱਝ ਕਰਨ ਤੇ ਕੋਈ ਅਫਸੋਸ ਨਹੀਂ ਹੈ, ਮੈਨੂੰ ਤਾਂ ਮਾਣ ਹੈ ਕਿ ਮੈਂ ਕੁੱਝ ਵੀ ਗਲਤ ਨਹੀਂ ਸੀ ਕੀਤਾ, ਕੋਈ ਮਾੜਾ ਕੰਮ ਨਹੀਂ ਕੀਤਾ, ਕੋਈ ਹੇਰਾ ਫੇਰੀ ਠੱਗੀ ਚੋਰੀ ਨਹੀਂ ਸੀ ਕੀਤੀ, ਜੋ ਵੀ ਕੀਤਾ, ਤਨੋ ਮਨੋ ਕੀਤਾ, ਸੇਵਾ ਸਮਝ ਕੇ ਕੀਤਾ ਸੀ। ਪਰ ਇਹ ਸੱਭ ਕੁੱਝ ਕਰਨ ਤੋਂ ਬਾਅਦ ਪਤਾ ਚੱਲਿਆ ਕਿ ਇੱਥੇ ਹਰ ਕੋਈ ਕਮਾਈ ਕਰ ਰਿਹਾ, ਕੋਈ ਧਰਮ ਦੇ ਨਾਮ ਤੇ, ਕੋਈ ਦਲਿਤਾਂ ਦੇ ਨਾਮ ਤੇ, ਕੋਈ ਡੇਰੇ ਦੇ ਨਾਮ ਤੇ, ਕੋਈ ਪ੍ਰੈਸ ਦੇ ਨਾਮ ਤੇ, ਕੋਈ ਸਿੱਖ ਜਾਂ ਹੋਰ ਆਪਣੀ ਕੌਮ ਦੀ ਅਵਾਜ ਦੇ ਨਾਮ ਤੇ।

ਬਾਕੀ ਹਿਸਾ ਸਫਾ 59 ਤੇ ਪੜ੍ਹੋ

58 ਸਫ਼ੇ ਦੀ ਬਾਕੀ

ਜਿਸ ਤਰ੍ਹਾਂ ਮੈਂ ਬਿਨਾ ਕੁੱਝ ਕਮਾਈ ਕੀਤਿਆਂ ਇਹ ਸੱਭ ਕੁੱਝ ਸਮਰਪਿਤ ਹੋ ਕੇ ਸੇਵਾ ਭਾਵਨਾ ਨਾਲ ਪੱਲਿਉਂ ਖਰਚਾ ਕਰਕੇ ਕਰਦਾ ਰਿਹਾ, ਉਹਨਾ ਹਾਲਾਤਾਂ ਅਨੁਸਾਰ ਤਾਂ ਮੈਂ ਅੱਜ ਰੋਟੀ ਤੋਂ ਵੀ ਭੁੱਖਾ ਮਰਨਾ ਸੀ, ਇਹ ਤਾਂ ਧੰਨਵਾਦ ਮੇਰੇ ਬਾਪੂ ਜੱਗਰ ਸਿੰਘ ਜੀ ਦਾ ਜਿਸ ਨੇ ਦਿਨ ਰਾਤ ਮਿਹਨਤ ਨਾਲ ਖੇਤੀ ਕਰਕੇ ਜਾਇਦਾਦ ਬਣਾ ਕੇ ਜਮੀਨ ਦੇ ਸਾਨੂੰ ਦੋਹਾਂ ਭਰਾਵਾਂ ਨੂੰ 19 ਕਿੱਲੇ ਦਿੱਤੇ ਸਨ, ਜਿੰਨਾ ਕਰਕੇ ਮੇਰੇ ਘਰ ਪ੍ਰੀਵਾਰ ਦਾ ਖਰਚਾ ਚਲਦਾ ਰਿਹਾ।

ਮੈਂ ਇਹ ਅਜਿਹੀ ਲੋਕ ਸੇਵਾ ਕਰਦਾ ਰਿਹਾ, ਛੋਟਾ ਭਰਾ ਰਾਮਲਾਜ ਸਿੰਘ ਲੀਡਰੀ ਵਿੱਚ ਪੈ ਗਿਆ ਸੀ, ਜਿਸ ਕਾਰਨ ਸਾਡੇ ਪੰਜ ਕਿੱਲੇ ਜਮੀਨ ਦੇ ਵਿਕ ਗਏ ਸਨ, 19 ਦੀ ਥਾਂ 14 ਰਹਿ ਗਏ ਕਿੱਲਿਆਂ ਵਿੱਚੋਂ ਹੁਣ ਸਾਡੇ ਦੋਹਾਂ ਭਰਾਵਾਂ ਕੋਲ ਸੱਤ ਸੱਤ ਕਿੱਲੇ ਜਮੀਨ ਦੇ ਹਨ। ਮੇਰੇ 13 ਸਾਲ ਦੇ ਉਸ ਸਮੇਂ ਦੇ ਤੁਜਰਬੇ ਵਿੱਚੋਂ ਮੈਂ ਇਹੀ ਸਿੱਖਿਆ ਹੈ ਕਿ ਇੱਥੇ ਹਰ ਕੋਈ ਕਮਾਈ ਕਰਦਾ ਹੈ, ਇਹ ਧਰਮ, ਪ੍ਰੈਸ, ਦਲਿਤ ਆਦਿ ਚਲਾਕ ਲੋਕਾਂ ਵੱਲੋਂ ਬਣਾਏ ਗਏ ਕਮਾਈ ਕਰਨ ਦੇ ਸੰਦ ਹਨ, ਜੋ ਲੋਕਾਂ ਨੂੰ ਜਾਤਾਂ ਧਰਮਾਂ ਵਿੱਚ ਵੰਡ ਕੇ ਉਹਨਾ ਨੂੰ ਆਪਸ ਵਿੱਚ ਲੜਾ ਕੇ ਰਾਜ ਕਰਦੇ ਹਨ, ਇੱਥੇ ਕਿਸੇ ਧਰਮ ਜਾਂ ਜਾਤ ਨੂੰ ਕੋਈ ਖਤਰਾ ਨਹੀਂ ਹੈ, ਜੇ ਕੋਈ ਖਤਰਾ ਹੈ ਤਾਂ ਉਸ ਦਾ ਹੱਲ ਵੀ ਕੋਈ ਨਹੀਂ ਕਰਦਾ, ਕਿਸੇ ਵੀ ਕਿਸਮ ਦੇ ਖਤਰੇ ਦਾ ਰੌਲਾ ਪਾਉਣ ਵਾਲੇ ਚਲਾਕ ਲੋਕ ਤੁਹਾਨੂੰ ਗੁਮਰਾਹ ਕਰਕੇ ਉਸਕਾਅ ਕੇ, ਲੜਾ ਕੇ ਆਪਣਾ ਕੰਮ ਕੱਢ ਜਾਂਦੇ ਹਨ, ਇਸ ਲਈ ਐਵੇਂ ਭਾਵੁਕ ਹੋ ਕੇ ਕਿਸੇ ਲਈ ਕਮਾਈ ਦਾ ਸੰਦ ਬਣਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਾ ਕਰੋ, ਇਹਨਾ ਜਾਤਾਂ ਧਰਮਾਂ ਦੀਆਂ ਵੰਡੀਆਂ ਦੇ ਝਗੜਿਆਂ ਵਿੱਚ ਇਹੀ ਚੱਲਦਾ ਹੈ ਕਿ ਜਾਂ ਤਾਂ ਤੁਸੀਂ ਕਿਸੇ ਨੂੰ ਵਰਤ ਜਾਓ, ਜਾਂ ਕੋਈ ਤੁਹਾਨੂੰ ਵਰਤ ਜਾਵੇਗਾ, ਇਸ ਲਈ ਇਹਨਾ ਦੇ ਚੱਕਰਾਂ ਵਿੱਚੋਂ ਨਿਕਲ ਕੇ ਆਪਣੇ ਲਈ ਕੰਮ ਕਰੋ, ਪੈਸਾ ਕਮਾਓ, ਬੇਸ਼ੱਕ ਪੈਸਾ ਸੱਭ ਕੁੱਝ ਨਹੀਂ ਹੁੰਦਾ ਪਰ ਬਹੁਤ ਕੁੱਝ ਹੁੰਦਾ, ਜੇ ਤੁਹਾਡੇ ਕੋਲ ਪੈਸਾ ਨਹੀਂ ਹੈ ਤਾਂ ਤੁਹਾਨੂੰ ਕੋਈ ਨਹੀਂ ਪਹਿਚਾਣੇਗਾ, ਲੋਕ ਤੁਹਾਨੂੰ ਬੁਲਾਉਣਾ ਵੀ ਪਸੰਦ ਨਹੀਂ ਕਰਨਗੇ, ਜੇ ਤੁਹਾਡੇ ਕੋਲ ਪੈਸਾ ਹੈ ਤਾਂ ਆਪਣੀ ਜਿੰਦਗੀ ਚੰਗੀ ਤਰਾਂ ਜੀਅ ਸਕੋਂਗੇ, ਤੁਹਾਨੂੰ ਪੈਸੇ ਦੀ ਮੋਹ ਮਮਤਾ ਤੂੰ ਦੂਰ ਰਹਿਣ ਦਾ ਉਪਦੇਸ ਦੇਣ ਵਾਲਿਆਂ ਦੇ ਧਾਰਮਿਕ ਅਸਥਾਨ ਵੀ ਪੈਸੇ ਤੋਂ ਵਗੈਰ ਨਹੀਂ ਚੱਲਦੇ, ਸੋਚ ਕੇ ਵੇਖਿਓ ਤੁਹਾਨੂੰ ਪੈਸੇ ਦਾ ਤਿਆਗ ਕਰਨ ਦਾ ਪ੍ਰਚਾਰ ਕਰਨ ਵਾਲੇ ਅਖੌਤੀ ਤਿਆਗੀ ਧਰਮੀ ਤੁਹਾਡੇ ਤੋਂ ਦਾਨ ਦੇ ਨਾਮ ਤੇ ਪੈਸਾ ਲੈਣ ਲਈ ਕਿਵੇਂ ਲੇਹਲੜੀਆਂ ਕੱਢ ਰਹੇ ਹੁੰਦੇ ਹਨ, ਕਿਉਂਕਿ ਇਹ ਨਾਮ ਧਰੀਕ ਵਿਖਾਵੇ ਵਾਲੇ ਭੇਖੀ ਧਰਮ ਕਿਸੇ ਦੀ ਲੋੜ ਨਹੀਂ ਹਨ, ਪਰ ਪੈਸਾ ਹਰ ਇੱਕ ਦੀ ਲੋੜ ਹੈ, ਹਾਂ ਪੈਸਾ ਕਮਾਉਣ ਲਈ ਕਿਸੇ ਤੇ ਜੁਰਮ ਨਾ ਕਰੋ, ਕਿਸੇ ਦਾ ਹੱਕ ਨਾ ਮਾਰੋ, ਠੱਗੀ, ਚੋਰੀ ਨਾ ਕਰੋ ਪਰ ਆਪਣੀ ਕਿਰਤ ਕਮਾਈ ਕਰਕੇ ਪੈਸਾ ਜਰੂਰ ਜੋੜੋ, ਜਾਤਾਂ, ਧਰਮਾਂ, ਡੇਰਿਆਂ, ਪਾਰਟੀਆਂ ਆਦਿ ਦੇ ਝਗੜਿਆਂ ਤੋਂ ਬਚੋ।

*ਮੇਰੀ ਲਿਖੀ ਜਾ ਰਹੀ ਪੁਸਤਕ :- ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ ਵਿੱਚੋਂ।*

# Tail Piece

**Dalip Singh Wasan, Advocate**
Email: dalipsinghwassan@yahoo.co.in

## DAILY WAGERS ARE LIVING LIFE WORST THAN SLAVES

Most of the poor are those who earn less than their maintenanceallowance and most of the poor are those who are just daily wagers.They colledt at selected places early in the morning jut to be engagedfor daily work and till time prescribed, some are engaged and some toleave the place because after prescribed time, none engages dailywager.

The employers come and they select workers and they are paidwages often prescribed by the State and some could get better becauseof their training and physical fitness. The time prescribe is eight hours a day with one hour break andoften they are given tea at about twelve and at about four in theevening. The time prescdribed is eight hours, but most of theemployers allow them to go home at about seven evening or let us saynight. And none knows when they shall reach home, when they shallprepare their own food, where they shall take rest, what is theirintertainment , when they shall have morning preparations and whenthey are not feeling well, they are just suffering and going on workwithout prescdribed rest. What they prpare and what they eat noneknows.

So many workers are sleeping in one room sometime there is noarrangement for cold season and for hot season. Tragedy is that most of the daily wagers are coming from faroff states and cannot go back home for months together. How they arearranging their own expences and expenditure of their family left athome. The political people know all about these people and whenthere are elections, they call all their voters and that is theoccasion when the daily wagers come home and go back like governmentservants paid travelling allowances by the political parties or thecandidates. An dthe worst tragwedy is that none update could raise theirquestion in legislative houses calling for arrangement of work nearthe house from where they could reach home and take rest.. Even inLabour Laws, these items which are not normal, are not given specialprovisions. Even during elections campaigns, political groups remainsilent for reforming the condition of these daily wagers.

## IN NEXT ELECTIONS ONLY TWO GROUPS SHALL BE IN THE FIELD

As per indidqations, next general elctions for the Parliament are near andnow it has become clear that only two groups shall be in field, Congress andBJP and let us go ahead that the fight shallbe betweento PMs Desogmates Maremdra ,pdo kee amdRajui; Gamdjo kee/ Tjere os mp cjamce tp cjamge ma,epf Raji; Gamdjo necaise pme ptjer os avao;an;e wotj Cpmgress fpr facomg<pdo kee amdevem NKI wpi;d mpt tale rosl amd cjamg34e the {< desogmate/

And both the groups very much know that people are now not interested intakingprt in elections andvoting percentqge had gonedown last time andtherefore, both the groups shall try to ensure bertter percentage of votes. Last time none of the groups could get absolute majority and all the times, it is not easy to increase numbers to get converted government with absolute majority.

No efforts had been made by these groups to increase vote percentage because people could not be persuaded to vote even when crores of people had been gienfree ration. Both the groups know that vote banks systems had failedand now they shall have to place before the people their programmes in shape of bills, Projects, Schemes and Policies in detail and people shall consider those items and there arechances that votes percentage could increase. It does not look nie that a big democracy goes down with number of votes. We had been practicing on the system for so many decaes and now we should have achieved ninety percent voting percentage and in spite of so much decrease, political groups are still coming forware with comments against each other and none talks about its own merits and programmes.

People want all written shape dly filed in Election Commission Office much before the elections and the programmes must be implemented in five years the period of tenue. And both the groups must make it clear that they would not waste time in Parliament in mere oppositions, but shall work together jointly becqus43e the parliament is not 6the house to fight, but is house where members are representatives of the people and they are here jut to work for the welfae of the people and not as just supporters and followers of the onteting groups. The fight is over after formation of the government.


* * * * * * *

# ਲੈਸਟਰ ਟਰੇਡ ਯੂਨੀਅਨ ਬੈਠਕ 'ਚ ਇੰਡੀਆਨ ਵਰਕਰਜ਼ ਐਸੋਸੀਏਸ਼ਨ ਵੱਲੋਂ ਏਕਤਾ ਦਾ ਪ੍ਰਗਟਾਵਾ


ਇਕੱਤਰਤਾ ਮੌਕੇ ਹਾਜ਼ਿਰ ਸ਼ੀਤਲ ਸਿੰਘ ਗਿੱਲ ਅਤੇ ਹੋਰ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਲੈਸਟਰਸ਼ਾਇਰ ਦੇ ਮੈਂਬਰਾਂ ਨੇ ਲੈਸਟਰ ਐਂਡ ਡਿਸਟ੍ਰਿਕਟ ਟਰੇਡ ਯੂਨੀਅਨ ਕੌਂਸਲ ਵੱਲੋਂ ਹੈਨਸਨ ਹਾਲ, ਲੈਸਟਰ ਵਿਖੇ ਕਰਵਾਈ ਗਈ ਜਨਤਕ ਬੈਠਕ ਵਿੱਚ ਹਿੱਸਾ ਲੈ ਕੇ ਮਜ਼ਦੂਰਾਂ ਨਾਲ ਏਕਤਾ ਪ੍ਰਗਟਾਈ। ਬੈਠਕ ਵਿੱਚ ਟਰੇਡ ਯੂਨੀਅਨ ਪ੍ਰਤੀਨਿਧੀਆਂ, ਸਮਾਜਿਕ ਆਗੂਆਂ ਅਤੇ ਕਮਿਊਨਿਟੀ ਕਾਰਕੁਨਾਂ ਨੇ ਭਾਗ ਲਿਆ ਅਤੇ ਟਰੇਡ ਯੂਨੀਅਨ ਪ੍ਰਤੀਨਿਧੀ ਟੌਮ ਬਾਰਕਰ ਨਾਲ ਕਥਿਤ ਉਤਪੀੜਨ ਮਾਮਲੇ 'ਤੇ ਚਿੰਤਾ ਜਤਾਈ ਗਈ। ਐਸੋਸੀਏਸ਼ਨ ਵੱਲੋਂ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਟਰੇਡ ਯੂਨੀਅਨ ਆਗੂਆਂ ਅਤੇ ਕਮਿਊਨਿਟੀ ਨੁਮਾਇੰਦਿਆਂ ਨਾਲ ਮਿਲ ਕੇ ਮਜ਼ਦੂਰ ਹੱਕਾਂ, ਟਰੇਡ ਯੂਨੀਅਨ ਆਜ਼ਾਦੀ ਅਤੇ ਸਾਂਝੀ ਕਾਰਵਾਈ ਦੇ ਸਮਰਥਨ ਨੂੰ ਦੁਹਰਾਇਆ। ਉਨ੍ਹਾਂ ਸਪਸ਼ਟ ਕੀਤਾ ਕਿ ਐਸੋਸੀਏਸ਼ਨ ਟਰੇਡ ਯੂਨੀਅਨ ਪ੍ਰਤੀਨਿਧੀਆਂ ਨਾਲ ਕਿਸੇ ਵੀ ਕਿਸਮ ਦੇ ਉਤਪੀੜਨ ਦੇ ਵਿਰੁੱਧ ਡੱਟ ਕੇ ਖੜੀ ਰਹੇਗੀ ਅਤੇ ਨਿਆਂਪੂਰਨ ਕੰਮਕਾਜੀ ਹਾਲਾਤਾਂ ਲਈ ਆਪਣਾ ਸਮਰਥਨ ਜਾਰੀ ਰੱਖੇਗੀ। ਇਸ ਮੌਕੇ ਸੀਤਲ ਸਿੰਘ ਗਿੱਲ ਨੇ ਸੰਸਦ ਮੈਂਬਰ ਜ਼ਾਰਾ ਸੁਲਤਾਨਾ, ਟਰੇਡ ਯੂਨੀਅਨ ਆਗੂਆਂ ਅਤੇ ਕਮਿਊਨਿਟੀ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ। ਚਰਚਾ ਦੌਰਾਨ ਬ੍ਰਿਟੇਨ ਵਿੱਚ ਇੰਡੀਆਨ ਵਰਕਰਜ਼ ਐਸੋਸੀਏਸ਼ਨ ਦੀ ਇਤਿਹਾਸਕ ਭੂਮਿਕਾ, ਖ਼ਾਸ ਕਰਕੇ ਮਜ਼ਦੂਰ ਅੰਦੋਲਨਾਂ, ਨਸਲਵਾਦ ਵਿਰੋਧੀ ਸੰਘਰਸ਼ਾਂ ਅਤੇ ਕਮਿਊਨਿਟੀ ਏਕਤਾ ਵਿੱਚ ਇਸ ਦੇ ਯੋਗਦਾਨ 'ਤੇ ਵਿਚਾਰ ਕੀਤਾ ਗਿਆ। ਜ਼ਾਰਾ ਸੁਲਤਾਨਾ ਨੇ ਮਜ਼ਦੂਰ ਹੱਕ ਮੁਹਿੰਮਾਂ ਵਿੱਚ ਐਸੋਸੀਏਸ਼ਨ ਦੀ ਲਗਾਤਾਰ ਭੂਮਿਕਾ ਦੀ ਸਰਾਹਨਾ ਕਰਦਿਆਂ ਭਵਿੱਖ ਵਿੱਚ ਵੀ ਟਰੇਡ ਯੂਨੀਅਨਾਂ ਅਤੇ ਕਮਿਊਨਿਟੀ ਏਕਤਾ ਨੂੰ ਮਜ਼ਬੂਤ ਕਰਨ ਲਈ ਸਹਿਯੋਗ ਦਾ ਭਰੋਸਾ ਦਿੱਤਾ। ਐਸੋਸੀਏਸ਼ਨ ਨੇ ਸਮਾਨਤਾ, ਸਮਾਜਿਕ ਨਿਆਂ ਅਤੇ ਮਜ਼ਦੂਰ ਅਧਿਕਾਰਾਂ ਦੇ ਸਮਰਥਨ ਵਿੱਚ ਸੰਸਦ ਮੈਂਬਰ ਦੀ ਮਜ਼ਬੂਤ ਆਵਾਜ਼ ਦੀ ਪ੍ਰਸ਼ੰਸਾ ਕਰਦਿਆਂ ਚੁਣੇ ਹੋਏ ਨੁਮਾਇੰਦਿਆਂ, ਟਰੇਡ ਯੂਨੀਅਨਾਂ ਅਤੇ ਕਮਿਊਨਿਟੀ ਸੰਸਥਾਵਾਂ ਵਿਚਕਾਰ ਸਹਿਯੋਗ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਇੰਡੀਆਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਕਿਹਾ ਕਿ ਵੱਖ-ਵੱਖ ਪਿਛੋਕੜਾਂ ਨਾਲ ਸਬੰਧਤ ਮਜ਼ਦੂਰਾਂ, ਟਰੇਡ ਯੂਨੀਅਨਾਂ ਅਤੇ ਕਮਿਊਨਿਟੀ ਸੰਸਥਾਵਾਂ ਦਰਮਿਆਨ ਏਕਤਾ ਹੀ ਨਿਆਂ, ਹੱਕਾਂ ਦੀ ਰੱਖਿਆ ਅਤੇ ਇੱਕ ਹੋਰ ਸਮਾਨਤਾਪੂਰਨ ਸਮਾਜ ਦੀ ਨਿਰਮਾਣ ਲਈ ਅਤਿ ਜ਼ਰੂਰੀ ਹੈ।

# ਭਾਰਤੀ ਕਮਿਊਨਿਸਟ ਪਾਰਟੀ (ਮਾਰਕਸੀ-ਲੈਨਿਨੀ) ਨਿਊ ਡੈਮੋਕ੍ਰੇਸੀ ਵੱਲੋਂ ਕਿਸਾਨਾਂ ਉੱਪਰ ਅੰਨ੍ਹੇ ਜਬਰ ਦੀ ਨਿਖੇਧੀ



ਚੰਡੀਗੜ੍ਹ (ਦਲਜੀਤ ਕੌਰ)-ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਬੀਕੇਯੂ ਏਕਤਾ (ਉਗਰਾਹਾਂ) ਦੀ ਅਗਵਾਈ ਹੇਠ ਝੂਠੇ ਕੇਸ ਵਿੱਚ ਜੇਲ੍ਹ ਡੱਕੇ ਕਿਸਾਨ ਆਗੂਆਂ ਦੀ ਰਿਹਾਈ ਲਈ ਸ਼ਾਂਤਮਈ ਤੌਰ 'ਤੇ ਬਠਿੰਡਾ ਜਾ ਰਹੇ ਕਿਸਾਨਾਂ ਉੱਪਰ ਰਾਜ ਭਰ ਚ ਪੁਲਿਸ ਵੱਲੋਂ ਅੰਨ੍ਹਾ ਜਬਰ ਢਾਹੁਣ ਦੀ ਨਿਖੇਧੀ ਕੀਤੀ ਹੈ। ਪਾਰਟੀ ਦੇ ਬੁਲਾਰੇ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਦੇ ਨਾਂ ਹੇਠ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਆਰ.ਐਸ.ਐਸ.-ਭਾਜਪਾ ਦੀਆਂ ਪੈੜਾਂ 'ਤੇ ਚੱਲਦੀ ਹੋਈ ਪੰਜਾਬ ਦੇ ਲੋਕਾਂ ਨਾਲ ਦਗਾ ਕਮਾ ਰਹੀ ਹੈ। ਭਗਵੰਤ ਮਾਨ ਸਰਕਾਰ ਲੋਕਾਂ ਦੀ ਕੋਈ ਵੀ ਹੱਕੀ ਗੱਲ ਸੁਣਨ ਨੂੰ ਤਿਆਰ ਨਹੀਂ ਤੇ ਡੰਡੇ ਦਾ ਰਾਜ ਲਾਗੂ ਕਰਨ ਦੇ ਰਾਹ ਪੈ ਚੁੱਕੀ ਹੈ। ਉਹ ਪੰਜਾਬ ਨੂੰ ਪੂਰਨ ਰੂਪ ਵਿੱਚ ਪੁਲਿਸ ਰਾਜ ਵਿੱਚ ਤਬਦੀਲ ਕਰਨਾ ਚਾਹੁੰਦੀ ਹੈ ਤੇ ਹਰ ਤਰ੍ਹਾਂ ਦੀ ਵਿਰੋਧੀ ਆਵਾਜ਼ ਨੂੰ ਕੁਚਲਨਾ ਚਾਹੁੰਦੀ ਹੈ। ਘਰਾਂ ਵਿੱਚ ਛਾਪੇਮਾਰੀਆਂ, ਨਿਹੱਥੇ ਕਿਸਾਨਾਂ ਉੱਪਰ ਲਾਠੀਚਾਰਜ, ਅੱਥਰੂ ਗੈਸ ਦੇ ਅੰਨ੍ਹੇ ਜਬਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਗਵੰਤ ਮਾਨ ਸਰਕਾਰ ਦੇ ਇਸ ਮਨਸੂਬੇ ਨੂੰ ਪੂਰਾ ਨਹੀਂ ਹੋਣ ਦੇਣਗੇ। ਪਾਰਟੀ ਨੇ ਸਮੂਹ ਇਨਸਾਫਪਸੰਦ ਤੇ ਸੰਘਰਸ਼ਸ਼ੀਲ ਲੋਕਾਂ ਨੂੰ ਅਪੀਲ ਕੀਤੀ ਉਹ ਇਸ ਜਾਬਰ ਸਰਕਾਰ ਖਿਲਾਫ਼ ਅੱਗੇ ਆਉਣ।

# ਟਰੰਪ ਨੂੰ ਵੱਡਾ ਝਟਕਾ, ਸੁਪਰੀਮ ਕੋਰਟ ਵੱਲੋਂ ਲਾਏ ਟੈਰਿਫ ਰੱਦ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਆਪਕ ਆਲਮੀ ਟੈਰਿਫ ਨੂੰ ਰੱਦ ਕਰ ਦਿੱਤਾ ਹੈ ਜਿਸ ਨਾਲ ਉਨਾਂ ਦੀਆਂ ਆਰਥਿਕ ਯੋਜਨਾਵਾਂ ਨਾਲ ਜੁੜੇ ਅਹਿਮ ਮੁੱਦੇ 'ਤੇ ਉਨਾਂ ਨੂੰ ਕਰਾਰੀ ਹਾਰ ਮਿਲੀ ਹੈ। 6-3 ਦੇ ਬਹੁਮਤ ਨਾਲ ਸੁਣਾਏ ਇਸ ਫ਼ੈਸਲੇ ਦਾ ਮੁੱਖ ਕੇਂਦਰ ਉਹ ਟੈਰਿਫ ਹਨ, ਜੋ ਐਮਰਜੈਂਸੀ ਸ਼ਕਤੀਆਂ ਦੇ ਕਾਨੂੰਨ ਤਹਿਤ ਲਗਾਏ ਗਏ ਸਨ, ਜਿਨਾਂ ਵਿੱਚ ਤਕਰੀਬਨ ਹਰ ਦੂਜੇ ਦੇਸ਼ 'ਤੇ ਲਗਾਏ ਗਏ ਵਿਆਪਕ 'ਜਵਾਬੀ' ਟੈਰਿਫ ਵੀ ਸ਼ਾਮਲ ਹਨ। ਦੂਜੇ ਪਾਸੇ ਟਰੰਪ ਨੇ ਫ਼ੈਸਲੇ ਨੂੰ ਦੇਸ਼ ਲਈ ਵੱਡਾ ਆਰਥਿਕ ਝਟਕਾ ਦੱਸਿਆ ਹੈ। ਟਰੰਪ ਦੇ ਵਿਆਪਕ ਏਜੰਡੇ ਦਾ ਇਹ ਪਹਿਲਾ ਵੱਡਾ ਹਿੱਸਾ ਹੈ, ਜੋ ਦੇਸ਼ ਦੀ ਸਰਵਉੱਚ ਅਦਾਲਤ ਸਾਹਮਣੇ ਸਿੱਧੇ ਤੌਰ 'ਤੇ ਆਇਆ ਹੈ। ਬਹੁਮਤ ਜੱਜਾਂ ਨੇ ਪਾਇਆ ਕਿ ਸੰਵਿਧਾਨ 'ਬਹੁਤ ਸਪੱਸ਼ਟ ਤੌਰ 'ਤੇ' ਕਾਂਗਰਸ (ਅਮਰੀਕੀ ਸੰਸਦ) ਨੂੰ ਟੈਕਸ ਲਗਾਉਣ ਦੀ ਸ਼ਕਤੀ ਦਿੰਦਾ ਹੈ, ਜਿਸ ਵਿੱਚ ਟੈਰਿਫ ਵੀ ਸ਼ਾਮਲ ਹਨ। ਚੀਫ ਜਸਟਿਸ ਜੌਨ ਰੌਬਰਟਸ ਨੇ ਲਿਖਿਆ, "ਸੰਵਿਧਾਨ ਨਿਰਮਾਤਾਵਾਂ ਨੇ ਟੈਕਸ ਲਗਾਉਣ ਦੀ ਸ਼ਕਤੀ ਦਾ ਕੋਈ ਵੀ ਹਿੱਸਾ ਕਾਰਜਪਾਲਿਕਾ ਨੂੰ ਨਹੀਂ ਸੌਂਪਿਆ।" ਜਸਟਿਸ ਸੈਮੂਅਲ ਅਲੀਟੋ, ਕਲੇਰੈਂਸ ਥੌਮਸ ਅਤੇ ਬ੍ਰੈਟ ਕਵਾਨੌ ਨੇ ਇਸ ਫ਼ੈਸਲੇ ਨਾਲ ਅਸਹਿਮਤੀ ਜਤਾਈ ਹੈ। ਟੈਰਿਫਾਂ ਬਾਰੇ ਇਹ ਫ਼ੈਸਲਾ ਟਰੰਪ ਨੂੰ ਹੋਰਨਾਂ ਕਾਨੂੰਨਾਂ ਤਹਿਤ ਡਿਊਟੀਆਂ ਲਗਾਉਣ ਤੋਂ ਨਹੀਂ ਰੋਕਦਾ। ਦੂਜੇ ਪਾਸੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਨੂੰ ਅਮਰੀਕੀ ਇਤਿਹਾਸ ਦੇ ਸਭ ਤੋਂ ਅਹਿਮ ਕੇਸਾਂ ਵਿੱਚੋਂ ਇੱਕ ਦੱਸਿਆ ਹੈ ਅਤੇ ਕਿਹਾ ਹੈ ਕਿ ਉਨਾਂ ਖ਼ਿਲਾਫ਼ ਆਇਆ ਫ਼ੈਸਲਾ ਦੇਸ਼ ਲਈ ਵੱਡਾ ਆਰਥਿਕ ਝਟਕਾ ਸਾਬਤ ਹੋਵੇਗਾ।

# ਟਰੰਪ ਵੱਲੋਂ ਤਾਈਵਾਨ ਨੂੰ ਹਥਿਆਰਾਂ ਦੀ ਵਿਕਰੀ ਬਾਰੇ ਚੀਨ ਨਾਲ ਵਿਚਾਰ ਕਰਨੀ ਖਤਰਨਾਕ-ਖੰਨਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕਾਂਗਰਸ ਮੈਂਬਰ ਆਰ ਓ ਖੰਨਾ ਜੋ ਅਮਰੀਕਾ ਤੇ ਚੀਨ ਦੀ ਕਮਿਊਨਿਸਟ ਪਾਰਟੀ ਵਿਚਾਲੇ ਰਣਨੀਤਿਕ ਮੁਕਾਬਲੇਬਾਜ਼ੀ ਸਬੰਧੀ ਸਦਨ ਦੀ ਸਿਲੈਕਟ ਕਮੇਟੀ ਦੇ ਮੈਂਬਰ ਹਨ, ਨੇ ਟਰੰਪ ਦੇ ਉਸ ਬਿਆਨ ਦੀ ਅਲੋਚਨਾ ਕੀਤੀ ਹੈ ਜਿਸ ਵਿੱਚ ਕਿਹਾ ਹੈ ਕਿ ਭਵਿੱਖ ਵਿੱਚ ਤਾਈਵਾਨ ਨੂੰ ਹਥਿਆਰਾਂ ਦੀ ਵਿਕਰੀ ਸਬੰਧੀ ਉਸ ਨੇ ਚੀਨ ਦੇ ਰਾਸ਼ਟਰਪਤੀ ਸੀ ਜਿਨਪਿੰਗ ਨਾਲ ਵਿਚਾਰ ਵਟਾਂਦਰਾ ਕੀਤਾ ਹੈ। ਖੰਨਾ ਨੇ ਕਿਹਾ ਹੈ ਕਿ ਟਰੰਪ ਨੇ ਅਜਿਹਾ ਕਰਕੇ ਅਮਰੀਕਾ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਦੀ ਉਲੰਘਣਾ ਕੀਤੀ ਹੈ। ਉਨਾਂ ਕਿਹਾ ਕਿ ਟਰੰਪ ਦੁਆਰਾ ਸੀ ਜਿਨਪਿੰਗ ਨਾਲ ਵਿਚਾਰ ਵਟਾਂਦਰਾ ਕਰਨਾ ਖਤਰਨਾਕ ਹੈ ਤੇ ਇਹ ਸਿੱਧੇ ਤੌਰ 'ਤੇ ਅਮਰੀਕੀ ਨੀਤੀ ਤੇ ਤਾਈਵਾਨ ਨੂੰ ਦਿੱਤੇ ਭਰੋਸੇ ਦੀ ਉਲੰਘਣਾ ਹੈ। ਖੰਨਾ ਨੇ ਕਿਹਾ ਕਿ ਟਰੰਪ ਚੀਨ ਨਾਲ ਵਪਾਰ ਸਬੰਧੀ ਗੱਲਬਾਤ ਵਿੱਚ ਤਾਈਵਾਨ ਨੂੰ 'ਸੌਦੇਬਾਜੀ ਚਿੱਪ' ਵਜੋਂ ਵਰਤ ਰਹੇ ਹਨ। ਖੰਨਾ ਨੇ ਵਾਈਟ ਹਾਊਸ ਨੂੰ ਬੇਨਤੀ ਕੀਤੀ ਹੈ ਕਿ ਉਹ ਤਾਈਵਾਨ ਪ੍ਰਤੀ ਨੀਤੀ ਸਪਸ਼ਟ ਕਰੇ ਤੇ ਅਮਰੀਕੀ ਨੀਤੀ ਨੂੰ ਜਾਰੀ ਰੱਖਣ ਦੀ ਪੁਸ਼ਟੀ ਕਰੇ।

# ਗੈਰਕਾਨੂੰਨੀ ਕਿਸ਼ਤੀਆਂ 'ਤੇ ਨਿਗਰਾਨੀ ਲਈ ਸਰਕਾਰ ਵੱਲੋਂ ਹੋਰ 3 ਕਰੋੜ 50 ਲੱਖ ਪੌਂਡ ਖਰਚਣ ਦੀ ਤਿਆਰੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਸਰਕਾਰ ਵੱਲੋਂ ਸਮੁੰਦਰ ਰਾਹੀਂ ਆ ਰਹੇ ਗੈਰਕਾਨੂੰਨੀ ਪਰਵਾਸੀਆਂ 'ਤੇ ਨਿਗਰਾਨੀ ਮਜ਼ਬੂਤ ਕਰਨ ਲਈ ਇਕ ਵਾਰ ਫਿਰ ਵੱਡੀ ਰਕਮ ਖਰਚਣ ਦੀ ਯੋਜਨਾ ਬਣਾਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਕਾਰ ਹੁਣ ਹੋਰ 3 ਕਰੋੜ 50 ਲੱਖ ਪੌਂਡ ਖਰਚ ਕਰਕੇ ਨਿਗਰਾਨੀ ਲਈ ਬਿਨਾਂ ਚਾਲਕ ਵਾਲੇ ਉੱਡਣ ਵਾਲੇ ਯੰਤਰਾਂ ਦੀ ਗਿਣਤੀ ਵਧਾਏਗੀ।

ਦੱਸਿਆ ਜਾ ਰਿਹਾ ਹੈ ਕਿ ਇਸ ਤੋਂ ਪਹਿਲਾਂ ਵੀ ਲਗਭਗ 10 ਕਰੋੜ ਪੌਂਡ ਇਸ ਤਰ੍ਹਾਂ ਦੀ ਨਿਗਰਾਨੀ ਪ੍ਰਣਾਲੀ 'ਤੇ ਖਰਚ ਕੀਤੇ ਜਾ ਚੁੱਕੇ ਹਨ, ਪਰ ਵਿਰੋਧੀ ਧਿਰਾਂ ਅਤੇ ਕੁਝ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਗੈਰਕਾਨੂੰਨੀ ਦਾਖਲਿਆਂ ਨੂੰ ਰੋਕਣ ਵਿੱਚ ਵੱਡੀ ਸਫਲਤਾ ਨਹੀਂ ਮਿਲੀ।

ਸਰਕਾਰੀ ਯੋਜਨਾ ਅਨੁਸਾਰ ਇਹ ਉੱਡਣ ਵਾਲੇ ਯੰਤਰ ਹਰ ਸਾਲ ਕਰੀਬ ਪੰਜ ਹਜ਼ਾਰ ਘੰਟੇ ਸਮੁੰਦਰੀ ਖੇਤਰ ਉੱਤੇ ਨਿਗਰਾਨੀ ਕਰਨਗੇ, ਜੋ ਲਗਾਤਾਰ 200 ਤੋਂ ਵੱਧ ਦਿਨਾਂ ਦੀ ਕਾਰਵਾਈ ਦੇ ਬਰਾਬਰ ਮੰਨੀ ਜਾ ਰਹੀ ਹੈ। ਇਨ੍ਹਾਂ ਰਾਹੀਂ ਉੱਚ ਗੁਣਵੱਤਾ ਵਾਲੀਆਂ ਤਸਵੀਰਾਂ ਅਤੇ ਵੀਡੀਓ ਇਕੱਠੀਆਂ ਕਰਕੇ ਮਨੁੱਖੀ ਤਸਕਰੀ ਨਾਲ ਜੁੜੇ ਗਿਰੋਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਵਿੱਚ ਮਦਦ ਮਿਲਣ ਦੀ ਉਮੀਦ ਜਤਾਈ ਗਈ ਹੈ।

ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਿਗਰਾਨੀ ਨਾਲ ਕਿਸ਼ਤੀਆਂ ਚਲਾਉਣ ਵਾਲੇ ਦਲਾਲਾਂ ਦੀ ਪਹਿਚਾਣ ਕਰਨ ਵਿੱਚ ਸਹਾਇਤਾ ਮਿਲਦੀ ਹੈ ਅਤੇ ਅਦਾਲਤੀ ਮਾਮਲਿਆਂ ਲਈ ਸਬੂਤ ਵੀ ਇਕੱਠੇ ਹੁੰਦੇ ਹਨ। ਹਾਲਾਂਕਿ ਪਿਛਲੇ ਅੰਕੜੇ ਦਰਸਾਉਂਦੇ ਹਨ ਕਿ ਹਰ ਸੈਂਕੜਿਆਂ ਗੈਰਕਾਨੂੰਨੀ ਤੌਰ 'ਤੇ ਪਹੁੰਚਣ ਵਾਲਿਆਂ ਵਿਚੋਂ ਬਹੁਤ ਘੱਟ ਲੋਕਾਂ ਖ਼ਿਲਾਫ਼ ਕਾਰਵਾਈ ਹੋ ਸਕੀ ਹੈ।

ਸਰਕਾਰ ਦਾ ਦਾਅਵਾ ਹੈ ਕਿ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਖ਼ਿਲਾਫ਼ ਕਾਰਵਾਈਆਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਨਿਗਰਾਨੀ ਤਕਨੀਕ ਇਸ ਮੁਹਿੰਮ ਦਾ ਅਹਿਮ ਹਿੱਸਾ ਬਣ ਚੁੱਕੀ ਹੈ। ਦੂਜੇ ਪਾਸੇ ਵਿਰੋਧੀ ਆਵਾਜ਼ਾਂ ਦਾ ਕਹਿਣਾ ਹੈ ਕਿ ਵੱਡੀ ਰਕਮ ਖਰਚ ਕਰਨ ਦੇ ਬਾਵਜੂਦ ਸਮੱਸਿਆ ਦਾ ਪੱਕਾ ਹੱਲ ਅਜੇ ਤੱਕ ਸਾਹਮਣੇ ਨਹੀਂ ਆਇਆ।

ਸਰਕਾਰ ਵੱਲੋਂ ਦਿੱਤਾ ਜਾਣ ਵਾਲਾ ਇਹ ਠੇਕਾ ਚਾਰ ਸਾਲਾਂ ਤੱਕ ਚੱਲਣ ਦੀ ਸੰਭਾਵਨਾ ਹੈ ਅਤੇ ਇਸ ਦੌਰਾਨ ਸਮੁੰਦਰੀ ਸਰਹੱਦਾਂ 'ਤੇ ਲਗਾਤਾਰ ਨਿਗਰਾਨੀ ਜਾਰੀ ਰਹੇਗੀ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਰਵਾਸ ਨੀਤੀ ਅਤੇ ਸਰਹੱਦੀ ਸੁਰੱਖਿਆ ਬਰਤਾਨੀਆ ਦੀ ਰਾਜਨੀਤੀ ਦਾ ਕੇਂਦਰੀ ਮੁੱਦਾ ਬਣੀ ਰਹੇਗੀ।

# ਸਮੈਥਵਿਕ ਮਸਜਿਦ ਬਾਹਰ ਛੁਰੇਬਾਜ਼ੀ

## ✪ 18 ਸਾਲਾ ਨੌਜਵਾਨ ਦੀ ਮੌਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਵੈਸਟ ਮਿਡਲੈਂਡਜ਼ ਦੇ ਸਮੈਥਵਿਕ ਇਲਾਕੇ ਵਿੱਚ ਮਸਜਿਦ ਦੇ ਬਾਹਰ ਹੋਈ ਛੁਰੇਬਾਜ਼ੀ ਦੀ ਘਟਨਾ ਵਿੱਚ 18 ਸਾਲਾ ਨੌਜਵਾਨ ਦੀ ਮੌਤ ਹੋਣ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।



ਪੁਲਿਸ ਮੁਤਾਬਕ ਇਹ ਘਟਨਾ ਸ਼ੁੱਕਰਵਾਰ ਰਾਤ ਕਰੀਬ 9 ਵਜੇ ਤੋਂ ਥੋੜ੍ਹਾ ਪਹਿਲਾਂ ਓਲਡਬਰੀ ਰੋਡ ਸਥਿਤ ਮਸਜਿਦ ਦੇ ਬਾਹਰ ਵਾਪਰੀ ਜਿੱਥੇ ਹਿੰਸਕ ਝਗੜੇ ਦੀ ਸੂਚਨਾ ਮਿਲਣ ਉਪਰੰਤ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ। ਵੈਸਟ ਮਿਡਲੈਂਡਜ਼ ਪੁਲਿਸ ਨੇ ਮ੍ਰਿਤਕ ਦੀ ਪਛਾਣ ਸਮੈਥਵਿਕ ਨਿਵਾਸੀ ਜ਼ੇਸ਼ਾਨ ਅਫ਼ਜ਼ਲ ਵਜੋਂ ਕੀਤੀ ਹੈ ਅਤੇ ਮਾਮਲੇ ਦੀ ਕਤਲ ਵਜੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਿਸ ਨੇ ਦੱਸਿਆ ਕਿ ਘਟਨਾ ਦੌਰਾਨ 19 ਅਤੇ 20 ਸਾਲਾ ਦੋ ਹੋਰ ਨੌਜਵਾਨ ਵੀ ਜ਼ਖ਼ਮੀ ਹੋਏ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ ਉਨ੍ਹਾਂ ਦੀਆਂ ਚੋਟਾਂ ਜਾਨ ਲਈ ਖ਼ਤਰਨਾਕ ਨਹੀਂ ਹਨ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਜਾਂਚ ਦੇ ਆਧਾਰ 'ਤੇ ਇਸ ਘਟਨਾ ਨੂੰ ਧਾਰਮਿਕ ਜਾਂ ਨਸਲੀ ਨਫ਼ਰਤ ਨਾਲ ਜੁੜਿਆ ਮਾਮਲਾ ਨਹੀਂ ਮੰਨਿਆ ਜਾ ਰਿਹਾ।

ਜਾਂਚ ਅਧਿਕਾਰੀ ਘਟਨਾ ਦੇ ਕਾਰਨਾਂ ਅਤੇ ਸੰਬੰਧਤ ਵਿਅਕਤੀਆਂ ਦੀ ਪਛਾਣ ਲਈ ਇਲਾਕੇ ਦੇ ਸੀਸੀਟੀਵੀ ਫੁਟੇਜ ਅਤੇ ਗਵਾਹਾਂ ਦੇ ਬਿਆਨਾਂ ਦੀ ਜਾਂਚ ਕਰ ਰਹੇ ਹਨ। ਪੁਲਿਸ ਵੱਲੋਂ ਲੋਕਾਂ ਵਿੱਚ ਭਰੋਸਾ ਬਣਾਈ ਰੱਖਣ ਲਈ ਇਲਾਕੇ ਵਿੱਚ ਵਾਧੂ ਪੁਲਿਸ ਤਾਇਨਾਤ ਕੀਤੀ ਗਈ ਹੈ। ਅਧਿਕਾਰੀਆਂ ਨੇ ਸਥਾਨਕ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਸ ਕਿਸੇ ਕੋਲ ਵੀ ਘਟਨਾ ਬਾਰੇ ਜਾਣਕਾਰੀ ਹੋਵੇ ਉਹ ਪੁਲਿਸ ਨਾਲ ਸੰਪਰਕ ਕਰੇ। ਇਸ ਦੁਖਦਾਈ ਘਟਨਾ ਤੋਂ ਬਾਅਦ ਸਥਾਨਕ ਭਾਈਚਾਰੇ ਵੱਲੋਂ ਮ੍ਰਿਤਕ ਨੌਜਵਾਨ ਦੇ ਪਰਿਵਾਰ ਨਾਲ ਹਮਦਰਦੀ ਜਤਾਈ ਜਾ ਰਹੀ ਹੈ ਜਦਕਿ ਪੁਲਿਸ ਵੱਲੋਂ ਕਤਲ ਦੀ ਜਾਂਚ ਤੇਜ਼ੀ ਨਾਲ ਜਾਰੀ ਹੈ।